Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763



Hardeep S.Rai
ਇੰਮੀਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

Ad space available
Please call
Ph: 847-359-0746



Eighteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 21, May 27, 2017 20451 N Plum Grove Rd., Palatine, IL 60074 Ph:847-359-0746, Fax:847-705-9388


# ਕੈਪਟਨ ਲਈ ਅਮਨ-ਕਾਨੂੰਨ ਬਣਿਆ ਵੰਗਾਰ

## ਰੁਕ ਨਹੀਂ ਰਹੀਆਂ ਬਦਅਮਨੀ ਵਾਲੀਆਂ ਘਟਨਾਵਾਂ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਅਮਨ-ਕਾਨੂੰਨ ਦੀ ਬਹਾਲੀ ਵੱਡਾ ਮਸਲਾ ਬਣ ਰਿਹਾ ਹੈ। ਗੈਂਗਸਟਰ ਤੇ ਲੁੱਟ ਖੋਹ ਦੀਆਂ ਵਾਰਦਾਤਾਂ ਪਿੱਛੋਂ ਗਰਮਖਿਆਲੀਆਂ ਦੀਆਂ ਸਰਗਰਮੀਆਂ ਨੇ ਵੀ ਦੋ ਮਹੀਨੇ ਪਹਿਲਾਂ ਬਣੀ ਕਾਂਗਰਸ ਸਰਕਾਰ ਲਈ ਵੱਡੀ ਸਿਰਦਰਦੀ ਖੜ੍ਹੀ ਕਰ ਦਿੱਤੀ ਹੈ। ਪੰਜਾਬ ਪੁਲਿਸ ਅਤੇ ਬੀ.ਐਸ.ਐਫ. ਵੱਲੋਂ ਭਾਰਤ ਪਾਕਿਸਤਾਨ ਸਰਹੱਦ ਨੇੜਿਉਂ ਗ੍ਰਿਫਤਾਰ ਦੋ ਨੌਜਵਾਨਾਂ ਵੱਲੋਂ ਕੀਤੇ ਖੁਲਾਸਿਆਂ ਨੇ ਪੰਜਾਬ ਪੁਲਿਸ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ।

ਦੋਵਾਂ ਨੌਜਵਾਨਾਂ ਨੇ ਮੰਨਿਆ ਹੈ ਕਿ ਉਹ ਕੈਨੇਡਾ ਵਿਚ ਬੈਠੇ ਖਾਲਿਸਤਾਨੀ ਗੁਰਜੀਵਨ ਸਿੰਘ ਦੇ ਸੰਪਰਕ ਵਿਚ ਸਨ ਤੇ ਉਨ੍ਹਾਂ ਦਾ ਨਿਸ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲਿਆਂ ਨਾਲ ਜੁੜੇ ਲੋਕ ਸਨ। ਉਹ ਸਰਹੱਦੀ ਇਲਾਕੇ ਵਿਚੋਂ ਹਥਿਆਰਾਂ ਦੀ ਖੇਪ ਲੈਣ ਲਈ ਆਏ ਸਨ, ਪਰ ਰਸਤਾ ਭਟਕ ਜਾਣ ਕਰ ਕੇ ਪੁਲਿਸ ਦੇ ਅੜਿੱਕੇ ਆ ਗਏ। ਪੁਲਿਸ ਨੇ ਮਾਨ ਸਿੰਘ ਅਤੇ ਸ਼ੇਰ ਸਿੰਘ ਦੀ ਗ੍ਰਿਫਤਾਰੀ ਪਿੱਛੋਂ ਨਿਸ਼ਾਨਦੇਹੀ 'ਤੇ ਹਥਿਆਰਾਂ ਦਾ ਜ਼ਖੀਰਾ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ।

ਇਨ੍ਹਾਂ ਨੌਜਵਾਨਾਂ ਦੀ ਗ੍ਰਿਫਤਾਰੀ ਤੋਂ ਬਾਅਦ ਪੁਲਿਸ ਦਾ ਦਾਅਵਾ ਹੈ ਕਿ ਪੰਜਾਬ ਵਿਚ ਖਾਲਿਸਤਾਨੀਆਂ ਨੇ ਨੈੱਟਵਰਕ ਬਣਾ ਲਿਆ ਹੈ। ਇਸ ਨੈੱਟਵਰਕ ਨੂੰ ਵਿਦੇਸ਼ਾਂ ਤੋਂ ਚਲਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਵੀ ਆਰ.ਐਸ.ਐਸ. ਆਗੂ ਜਗਦੀਸ਼ ਗਗਨੇਜਾ ਸਮੇਤ ਅੱਧੀ ਦਰਜਨ

(ਬਾਕੀ ਸਫਾ 6 'ਤੇ)



## ਪੁਲਿਸ ਉਤੇ ਕੈਪਟਨ ਸਰਕਾਰ ਦੀ ਢਿੱਲੀ ਪਕੜ

**ਚੰਡੀਗੜ੍ਹ:** ਪੰਜਾਬ ਵਿਚ ਇਕ ਦਹਾਕੇ ਉਪਰੰਤ ਹੋਏ ਸੱਤਾ ਪਰਿਵਰਤਨ ਤੋਂ ਬਾਅਦ ਕੈਪਟਨ ਸਰਕਾਰ ਵੱਲੋਂ ਕੀਤੇ ਗਏ ਸਿਵਲ ਤੇ ਪੁਲਿਸ ਅਧਿਕਾਰੀਆਂ ਦੇ ਤਬਾਦਲੇ ਹਰ ਵਾਰੀ ਵਾਦ-ਵਿਵਾਦ ਦਾ ਮੁੱਦਾ ਬਣ ਰਹੇ ਹਨ। ਨਵੀਂ ਸਰਕਾਰ ਦੇ ਗਠਨ ਤੋਂ ਦੋ ਮਹੀਨੇ ਬਾਅਦ ਵੀ ਸੀਨੀਅਰ ਅਤੇ ਜੂਨੀਅਰ ਅਫਸਰਾਂ ਦੇ ਤਬਾਦਲਿਆਂ ਦਾ ਦੌਰ ਖਤਮ ਨਹੀਂ ਹੋਇਆ। ਇਸ ਤੋਂ ਸੰਕੇਤ ਹੈ ਕਿ ਕਾਂਗਰਸ ਸਰਕਾਰ ਦੀ ਪ੍ਰਸ਼ਾਸਨ 'ਤੇ ਅਜੇ ਪੂਰੀ ਪਕੜ ਨਹੀਂ ਬਣੀ। ਜ਼ਿਲ੍ਹਾ ਪੁਲਿਸ ਮੁਖੀ, ਐਸ.ਪੀ. ਅਤੇ ਡੀ.ਐਸ.ਪੀ. ਪੱਧਰ ਦੇ ਅਫਸਰਾਂ ਦੀਆਂ ਨਿਯੁਕਤੀਆਂ ਦੇ ਮਾਮਲੇ 'ਤੇ ਮੰਤਰੀਆਂ ਅਤੇ ਵਿਧਾਇਕਾਂ ਦੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਕਈ ਅਧਿਕਾਰੀਆਂ ਦੇ ਇਕ ਤੋਂ ਵੱਧ ਵਾਰ ਤਬਾਦਲੇ ਵੀ ਕਰਨੇ ਪਏ। ਇਕ-ਅੱਧ ਵਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਖੁਦ ਵੀ ਦਖਲ ਦੇਣਾ ਪਿਆ। ਇਹ ਪ੍ਰਭਾਵ ਬਣ ਰਿਹਾ ਹੈ ਕਿ ਸੀਨੀਅਰ ਅਧਿਕਾਰੀਆਂ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਮੰਨੇ ਜਾਂਦੇ ਪੁਲਿਸ ਅਫਸਰਾਂ ਦੀ ਵੀ ਅਣਦੇਖੀ ਕੀਤੀ ਜਾਂਦੀ। ਕਾਂਗਰਸੀ ਵਿਧਾਇਕਾਂ ਵੱਲੋਂ ਵੀ ਧੜਾ-ਧੜਾ ਸ਼ਿਕਾਇਤਾਂ ਕੀਤੀਆਂ ਜਾ ਰਹੀਆਂ ਹਨ ਕਿ ਅਫਸਰਸ਼ਾਹੀ ਉਨ੍ਹਾਂ ਦੀ ਨਹੀਂ ਮੰਨਦੀ ਤੇ ਅਜੇ ਵੀ ਥਾਣਿਆਂ ਵਿਚ ਅਕਾਲੀ ਆਗੂਆਂ ਦੀ ਚਲਦੀ ਹੈ।

## ਕਰਜ਼ ਮੁਆਫੀ ਦੇ ਵਾਅਦੇ ਤੋਂ ਭੱਜਣ ਲੱਗੀ ਸਰਕਾਰ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਸਰਕਾਰ ਕਿਸਾਨਾਂ ਦੀ ਕਰਜ ਮੁਆਫੀ ਤੋਂ ਪਿੱਛੇ ਹਟਦੀ ਨਜ਼ਰ ਆ ਰਹੀ ਹੈ। ਚੋਣ ਵਾਅਦਿਆਂ ਵਿਚ ਕਿਸਾਨਾਂ ਦੇ ਪੂਰੇ ਕਰਜ਼ੇ 'ਤੇ ਲੀਕ ਮਾਰਨ ਦੇ ਦਾਅਵਾ ਕਰਨ ਵਾਲੀ ਕਾਂਗਰਸ ਸਰਕਾਰ ਹੁਣ ਕਰਜ਼ੇ ਦਾ ਬੋਝ ਘੱਟ ਕਰਨ ਦੀਆਂ ਗੱਲਾਂ ਕਰਨ ਲੱਗੀ ਹੈ।



ਸਰਕਾਰ ਵੱਲੋਂ ਤਕਰੀਬਨ 30 ਲੱਖ ਕਿਸਾਨਾਂ ਦੀ ਕਰਜ਼ ਮੁਆਫੀ ਦਾ ਵਾਅਦਾ ਕੁਝ ਕਿਸਾਨਾਂ ਲਈ ਹੀ ਰਾਹਤ ਲੈ ਕੇ ਆ ਸਕਦਾ ਹੈ। ਪੰਜਾਬ ਦੀ ਮਾੜੀ ਆਰਥਿਕ ਦਸ਼ਾ ਕਰ ਕੇ ਵੱਡੀਆਂ ਜ਼ਮੀਨਾਂ ਵਾਲੇ ਕਿਸਾਨਾਂ ਨੂੰ ਕਰਜ਼ ਰਾਹਤ ਯੋਜਨਾ ਰਾਹੀਂ ਮਾਮੂਲੀ ਰਾਹਤ ਮਿਲ ਸਕਦੀ ਹੈ। ਪੰਜਾਬ ਸਰਕਾਰ ਵੱਲੋਂ ਬਣਾਈ ਗਈ ਮਾਹਿਰਾਂ ਦੀ ਕਮੇਟੀ ਢਾਈ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਦੀ ਕਰਜ਼ ਮੁਆਫੀ ਬਾਰੇ ਵਿਚਾਰ ਕਰ ਰਹੀ ਹੈ ਤੇ ਬਾਕੀ ਕਿਸਾਨਾਂ ਨੂੰ ਕਰਜ਼ ਰਾਹਤ ਯੋਜਨਾ ਹੇਠ ਲਿਆਉਣ ਦੀ ਤਿਆਰੀ ਹੈ।

ਇਸ ਨੀਤੀ ਤਹਿਤ ਢਾਈ ਏਕੜ ਤੋਂ ਘੱਟ ਜ਼ਮੀਨਾਂ ਵਾਲੇ ਸਾਰੇ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਜਾ ਸਕਦਾ ਹੈ ਜਦਕਿ ਢਾਈ ਤੋਂ ਪੰਜ ਏਕੜ ਅਤੇ ਪੰਜ ਏਕੜ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਲਈ ਕਰਜ਼ਾ ਮੁਆਫੀ ਦੀਆਂ ਵੱਖ-ਵੱਖ ਦਰਾਂ ਰੱਖੀਆਂ ਜਾ ਸਕਦੀਆਂ ਹਨ। ਸੂਬਾ ਪੱਧਰੀ ਬੈਂਕਰਜ਼ ਕਮੇਟੀ ਵੱਲੋਂ ਇਕੱਠੇ ਕੀਤੇ ਗਏ ਅੰਕੜਿਆਂ ਮੁਤਾਬਕ 1719038 ਛੋਟੇ ਅਤੇ ਦਰਮਿਆਨੇ ਕਿਸਾਨ ਹਨ ਜਿਨ੍ਹਾਂ ਨੇ 36600.37 ਕਰੋੜ ਰੁਪਏ ਦਾ ਕਰਜ਼ਾ ਲਿਆ ਹੋਇਆ ਹੈ। ਕੁੱਲ 31.29 ਲੱਖ ਕਿਸਾਨਾਂ ਨੇ ਬੈਂਕਾਂ ਤੋਂ ਕਰਜ਼ੇ ਲਏ ਹੋਏ ਹਨ। ਫਸਲੀ ਕਰਜ਼ਾ 21.51 ਲੱਖ ਕਿਸਾਨਾਂ ਨੇ ਲਿਆ ਹੈ ਜੋ 63180.13 ਕਰੋੜ ਰੁਪਏ ਬਣਦਾ ਹੈ।

(ਬਾਕੀ ਸਫਾ 6 'ਤੇ)


We Do Real Estate in
Bay Area & Central Valley
We do loans anywhere
in California



Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ



Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com


21ST ANNUAL

# ਸੈਨਹੋਜ਼ੇ ਵਿਸਾਖੀ ਮੇਲਾ

# SAN JOSE VAISAKHI MELA

FREE ENTRY

## EVERGREEN VALLEY HIGH SCHOOL
## 3300 QUIMBY ROAD SAN JOSE, CA 95148
## NEAR SAN JOSE GURDWARA



## SUNDAY MAY 28TH 2017 FROM 10:00 AM TO 6:00 PM




## Thanks to our Community & Sponsors 2017

| GOLD SPONSEORS | SILVER SPONSEORS | BRONZE SPONSEORS | BRONZE SPONSEORS | BRONZE SPONSEORS |
|---|---|---|---|---|
| BHUPHINDAR (BOB) S. DHILLON | MANGAL S. BHANDAL | JASVINDER S. SOHAL | DR. H.S. MANGAT | RAMKAMAL S. BHANDAL |
| GENERAL SECRETARY SAN JOSE GURDWARA | MANNY S. BHANDAL | SATWINDER S. SARAN | DR. KHERA | GURLAL S. BHANDAL |
| PRITAM S. GREWAL, DEV S. GREWAL | HARDEV S. TAKHAR | HARPREET S. SIDHU | DR. SHOKER | BHINDI S. DHILLON |
| STAGE SECRETARY SAN JOSE GURDWARA | SUKHDEV S. BANIWAL | GURSEWAK S. BHANGU | SARBJIT S. SANDHU | GURPREET S. SETHI |
| SURJIT S. BAINS SR. VP (SJGPC) | CHARAN S. BHANDAL | NEW INDIA BAZAR | PAUL S. SIDHU | SARABJIT S. MULTANI |
| SRI RAJ BHANOT JI | BUTA & PRITAL GREWAL | GURSHARAN SEKHON | DR. SATBIR K. KAHLON | KULWANT S. KHERA |
| SUNNYVALE HINDHU TEMPLE | HARPARMINDER S. POWAR | KAMAL S. MANN | KAMAL S. SANDHU | ONKAR S. SANGHA |
| | *Kirpal S. Atwal* | GURJEET S. GILL | RAVINDER S. BANIWAL | AVTAR SINGH TARI |


**IN KIND SPONSEORS:** *Kulwinder S. Bains, Yellow Cab San Jose, Gurbaksh S. Dhillon, Parminder S. Kalhon, Nettu S.Kalhon, Sarbjot S. Sawaddi, Dr. Balbir S. Bains, Ashok Kumar Of Central Express USA, Jarnail Singh, Jasbir Singh, Megha S. Sandhu, Manjit S. Sandhu, Avtar S. Tari, Kulwant S. Nijjar Jatinder S. Bhangu, Hardeep S. Tatla, Jas Bhangu, Gursewak S. Bhangu, Amandeep S. Sidhu (It Wing Akali Dal), Surjit S. Sohal, Ruby Lamba, Ragbir (Kala) Singh Gakhal. Rajinder Singh, Satinder S. Manghar, Arun Singh & Pritpal Kaur Mountain Mikes Pizza, Sam Sandhu. Bay Transport, Lakshmi Bazar, Avtar S.Bola, A P E X Marble Ink, Meharu Family Milpitas, Balbir S. Johal, Bikramjeet Singh, Dharam Singh,*

| CULTURAL & GENERAL INFO | KABADDI & WRESTLING | BOOTH & VOLLEY BALL | POLITICIAN & BUREAUCRAT |
|---|---|---|---|
| JASVIR S. POWAR 408-416-7200 | JASVINDER S. SOHAL 408-391-7013 | RAMA S. BHANDAL 408-677-1234 | BOB S. DHILLON 408-568-0034 |
| SATVINDER S. SARAN 408-624-7857 | BHINDI S. DHILLON 408-726-3507 | CHARAN S. BHANDAL 408-482-1372 | SURJIT S. BAINS 408-394-3595 |
| SARBJIT S. SANDHU 408-504-9365 | MANNY S. BHANDAL 831-588-0725 | SARBJIT S. MULTANI 408-834-9548 | INDERJIT S. THIND 408-806-7122 |
| | | | PREMJEET S. TAKHAR 408-561-9528 |

Anything Subject to change without notice.

# 21 ਜੁਲਾਈ ਨੂੰ ਰਿਲੀਜ਼ ਹੋਵੇਗੀ ਫਿਲਮ 'ਦਿ ਬਲੈਕ ਪ੍ਰਿੰਸ'

**ਨਵੀਂ ਦਿੱਲੀ (ਬਿਊਰੋ):** ਇਸ ਵਰ੍ਹੇ ਦੇ 70ਵੇਂ ਕਾਨ ਫਿਲਮ ਉਤਸਵ ਦੌਰਾਨ ਭਾਵੇਂ ਕੋਈ ਵੀ ਭਾਰਤੀ ਫੀਚਰ ਫਿਲਮ ਨਹੀਂ ਦਿਖਾਈ ਜਾ ਰਹੀ ਪਰ ਵਿਸ਼ਵ ਦੇ ਸਭ ਤੋਂ ਵੱਡੇ ਅਤੇ ਮਸ਼ਹੂਰ ਫਿਲਮ




ਮੇਲੇ ਦੇ ਰੈਡ ਕਾਰਪੇਟ ਉਤੇ ਪਹਿਲੇ ਦਸਤਾਰਧਾਰੀ ਸਿੱਖ ਵਜੋਂ ਤੁਰਨ ਦਾ ਸਨਮਾਨ ਉਘੇ ਗਇਕ, ਅਦਾਕਾਰ ਅਤੇ 'ਦਿ ਬਲੈਕ ਪ੍ਰਿੰਸ' ਫਿਲਮ 'ਚ ਆਖਰੀ ਸਿੱਖ ਮਹਾਰਾਜਾ ਦਲੀਪ ਸਿੰਘ ਦਾ ਕਿਰਦਾਰ ਨਿਭਾਉਣ ਵਾਲੇ ਸਤਿੰਦਰ ਸਰਤਾਜ ਨੂੰ ਹਾਸਲ ਹੋਇਆ ਹੈ। ਸਤਿੰਦਰ ਸਰਤਾਜ ਦੀ ਐਕਟਰ ਵਜੋਂ ਇਹ ਪਹਿਲੀ ਫਿਲਮ ਹੈ। ਕਈ ਕੌਮਾਂਤਰੀ ਐਵਾਰਡ ਜੇਤੂ ਫਿਲਮ 'ਦਿ ਬਲੈਕ ਪ੍ਰਿੰਸ' ਦਾ ਟਰੇਲਰ ਇਸ ਮੇਲੇ 'ਚ 20 ਮਈ ਨੂੰ ਰਿਲੀਜ਼ ਕੀਤਾ ਗਿਆ।

'ਦਿ ਬਲੈਕ ਪ੍ਰਿੰਸ' ਸਿੱਖ ਇਤਿਹਾਸ ਦੇ ਅਹਿਮ ਘਟਨਾਕ੍ਰਮ ਸਬੰਧੀ ਹਾਲੀਵੁੱਡ ਵਿਚ ਬਣਨ ਵਾਲੀ ਪਹਿਲੀ ਅੰਗਰੇਜ਼ੀ ਫਿਲਮ ਹੈ। ਇਹ ਇਤਿਹਾਸਕ ਡਰਾਮਾ ਪੰਜਾਬ ਰਿਆਸਤ ਦੇ ਆਖਰੀ ਵਾਰਿਸ ਮਹਾਰਾਜਾ ਦਲੀਪ ਸਿੰਘ, ਜਿਨ੍ਹਾਂ ਨੂੰ 'ਦੀ ਬਲੈਕ ਪ੍ਰਿੰਸ' ਵਜੋਂ ਵੀ ਜਾਣਿਆ ਜਾਂਦਾ ਹੈ, ਦੀ ਅਸਲ ਜ਼ਿੰਦਗੀ 'ਤੇ ਆਧਾਰਤ ਹੈ। ਇਹ ਫਿਲਮ ਵਿਸ਼ਵ ਭਰ ਦੇ ਸਿਨੇਮਾ ਘਰਾਂ ਵਿਚ 21 ਜੁਲਾਈ ਨੂੰ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਵਿਚ ਰਿਲੀਜ਼ ਹੋਵੇਗੀ।

'ਦਿ ਬਲੈਕ ਪ੍ਰਿੰਸ' ਸਿੱਖ ਰਾਜ ਬਾਰੇ ਪਹਿਲੀ ਫਿਲਮ ਹੈ। ਬਿਹਤਰੀਨ ਕਲਾਕਾਰ ਵਜੋਂ ਬਾਲੀਵੁੱਡ ਤੋਂ ਇਲਾਵਾ ਅੰਗਰੇਜ਼ੀ ਫਿਲਮਾਂ ਵਿਚ ਬੜਾ ਨਾਂ ਕਮਾ ਚੁਕੀ ਅਤੇ ਕਈ ਨੈਸ਼ਨਲ ਫਿਲਮ ਐਵਾਰਡ ਜੇਤੂ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਪਹਿਲੀ ਵਾਰ ਕਿਸੇ ਫਿਲਮ 'ਚ ਸਿੱਖ ਕਿਰਦਾਰ (ਮਹਾਰਾਣੀ ਜਿੰਦਾਂ) ਨਿਭਾਉਂਦਿਆਂ ਪੰਜਾਬੀ ਬੋਲੀ ਹੈ।

# ਆਸਟਰੇਲਿਆਈ ਏਅਰ ਫੋਰਸ 'ਚ ਪਹਿਲਾ ਦਸਤਾਰਧਾਰੀ ਸਿੱਖ

**ਮੈਲਬਰਨ:** ਦਸਤਾਰਧਾਰੀ ਸਿੱਖ ਅਫਸਰ ਵਿਕਰਮ ਸਿੰਘ ਗਰੇਵਾਲ ਰਾਇਲ ਆਸਟਰੇਲੀਅਨ ਏਅਰ ਫੋਰਸ 'ਚ ਸ਼ਾਮਲ ਹੋਣ ਵਾਲੇ ਪਹਿਲੇ ਦਸਤਾਰਧਾਰੀ ਸਿੱਖ ਬਣ ਗਏ ਹਨ। ਸਕੁਐਡਰਨ ਲੀਡਰ ਵਿਕਰਮ ਸਿੰਘ ਗਰੇਵਾਲ ਨੂੰ ਏਅਰ ਫੋਰਸ ਦੀ 96ਵੀਂ ਵਰ੍ਹੇਗੰਢ ਮੌਕੇ ਵਿਸ਼ੇਸ਼ ਕੈਪੇਬਿਲਟੀ ਅਫਸਰ ਵਜੋਂ ਤਾਇਨਾਤ ਕੀਤਾ ਗਿਆ ਹੈ। ਵਰ੍ਹੇਗੰਢ ਮੌਕੇ ਕੈਨਬਰਾ ਵਿਚ ਹੋਏ ਸਮਾਰੋਹ ਮੌਕੇ ਵਿਕਰਮ ਸਿੰਘ ਨੂੰ ਸਿੱਖ ਅਰਦਾਸ ਕਰਨ ਲਈ ਵੀ ਕਿਹਾ ਗਿਆ। ਵਿਕਰਮ ਸਿੰਘ ਨੇ ਦੱਸਿਆ ਕਿ ਏਅਰਫੋਰਸ ਵਿਚ ਏ.ਡੀ.ਐਫ. ਦਾ ਇਹ ਅਹੁਦਾ ਮਿਲਣਾ ਉਸ ਲਈ ਮਾਣ ਵਾਲੀ ਗੱਲ ਹੈ। ਏ.ਡੀ.ਐਫ. ਬਹੁ-ਸਭਿਆਚਾਰਕ ਪਿਛੋਕੜ ਦੇ ਅਫਸਰਾਂ ਦਾ ਸਵਾਗਤ ਕਰਨ ਵਾਲਾ ਹੈ।

# ਸਿੱਖ ਨੌਜਵਾਨਾਂ ਨੂੰ ਮਾਰਨ ਬਾਰੇ ਖੁਲਾਸਾ ਕਰ ਕੇ ਘਿਰੇ ਕੈਪਟਨ

**ਅੰਮ੍ਰਿਤਸਰ:** ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਦੇ ਕਾਰਜਕਾਲ ਵਿਚ ਪੁਲਿਸ ਸਾਹਮਣੇ ਪੇਸ਼ ਕੀਤੇ ਗਏ 21 ਸਿੱਖ ਨੌਜਵਾਨਾਂ ਨੂੰ ਮਗਰੋਂ ਮਾਰ ਦੇਣ ਦਾ ਮਾਮਲਾ ਭਖ ਗਿਆ ਹੈ। ਇਸ ਖੁਲਾਸੇ ਪਿਛੋਂ ਸ਼੍ਰੋਮਣੀ ਕਮੇਟੀ ਨੇ ਮਾਮਲੇ ਦੀ ਉਚ ਪੱਧਰੀ ਜਾਂਚ ਮੰਗੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਅਤੇ ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪਿਛਲੇ ਦਿਨੀਂ ਕੀਤੇ ਉਸ ਖੁਲਾਸੇ ਦਾ ਗੰਭੀਰ ਨੋਟਿਸ ਲਿਆ ਹੈ, ਜਿਸ ਵਿਚ ਉਨ੍ਹਾਂ ਨੇ ਆਖਿਆ ਸੀ ਕਿ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਦੇ ਸਮੇਂ ਪੁਲਿਸ ਸਾਹਮਣੇ ਉਨ੍ਹਾਂ ਨੇ 21 ਸਿੱਖਾਂ ਨੂੰ ਪੇਸ਼ ਕਰਵਾਇਆ ਸੀ, ਜਿਨ੍ਹਾਂ ਨੂੰ ਬਾਅਦ 'ਚ ਮਾਰ ਦਿੱਤਾ ਗਿਆ। ਸਿੱਖ ਆਗੂਆਂ ਨੇ ਕਿਹਾ ਕਿਉਂਕਿ ਇਹ ਮਾਮਲਾ ਮਨੁੱਖੀ ਅਧਿਕਾਰਾਂ ਦੇ ਹਨਨ ਤੇ ਸਿੱਖ ਨੌਜਵਾਨਾਂ ਨੂੰ ਝੂਠੇ ਮੁਕਾਬਲੇ ਵਿਚ ਮਾਰਨ ਦਾ ਹੈ, ਇਸ ਲਈ ਇਸ ਦੀ ਡੂੰਘਾਈ ਨਾਲ ਪੜਤਾਲ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਇਹ ਖੁਲਾਸਾ ਕਰ ਕੇ ਸਿੱਧ ਕੀਤਾ ਹੈ ਕਿ ਉਸ ਸਮੇਂ ਸਿੱਖਾਂ ਨੂੰ ਜਾਨੋਂ ਮਾਰਨ ਸਮੇਂ ਕਾਨੂੰਨ ਦੀਆਂ ਕਿਵੇਂ ਧੱਜੀਆਂ ਉਡਾਈਆਂ ਜਾਂਦੀਆਂ ਸਨ। ਇਹ ਖੁਲਾਸਾ ਕਰਨ ਵਾਲੇ ਖੁਦ ਮੁੱਖ ਮੰਤਰੀ ਹਨ, ਇਸ ਲਈ ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ ਕਿ ਮਾਮਲੇ ਦੀ ਤਹਿ ਤੱਕ ਜਾ ਕੇ ਸੱਚ ਸਾਹਮਣੇ ਲਿਆਂਦਾ ਜਾਵੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਇਹ ਦੱਸਣ ਦੀ ਖੇਚਲ ਕਰਨ ਕਿ ਉਨ੍ਹਾਂ ਨੇ 21 ਸਿੱਖਾਂ ਨੂੰ ਬਚਾਉਣ ਲਈ ਇਹ ਕਦਮ ਚੁੱਕਿਆ ਸੀ ਜਾਂ ਖਤਮ ਕਰਵਾਉਣ ਲਈ? ਉਨ੍ਹਾਂ ਕਿਹਾ ਕਿ ਮੁਕੱਦਮਾ ਦਰਜ ਕਰ ਕੇ ਦੋਸ਼ੀਆਂ ਨੂੰ ਨਾਮਜ਼ਦ ਕਰਨਾ ਚਾਹੀਦਾ ਹੈ।

# ਟਾਈਟਲਰ ਖਿਲਾਫ ਕਾਰਵਾਈ ਦਾ ਹੁਕਮ

**ਨਵੀਂ ਦਿੱਲੀ:** ਵਿਸ਼ੇਸ਼ ਅਦਾਲਤ ਨੇ ਸੀ.ਬੀ.ਆਈ. ਨੂੰ ਹੁਕਮ ਦਿੱਤਾ ਕਿ ਉਹ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖਿਲਾਫ਼ ਪਾਸਪੋਰਟ ਨਵਿਆਉਣ ਲਈ ਅਰਜ਼ੀ ਦੇਣ ਸਮੇਂ ਝੂਠੀ ਸੂਚਨਾ ਦੇਣ ਦੇ ਦੋਸ਼ ਹੇਠ ਕਾਰਵਾਈ ਕਰੇ।

ਵਿਸ਼ੇਸ਼ ਜੱਜ ਭਾਰਤ ਪ੍ਰਾਸ਼ਰ ਨੇ ਕਿਹਾ ਕਿ ਇਸ ਮਾਮਲੇ ਵਿਚ ਐਫ.ਆਈ.ਆਰ. ਦਰਜ ਕੀਤੀ ਜਾਣੀ ਚਾਹੀਦੀ ਹੈ ਪਰ ਉਹ ਇਹ ਮਾਮਲਾ ਕਾਰਵਾਈ ਲਈ ਸੀ.ਬੀ.ਆਈ. 'ਤੇ ਛੱਡਦੇ ਹਨ ਤੇ ਉਹ ਇਸ ਸਬੰਧੀ ਲੋੜੀਂਦੀ ਕਾਰਵਾਈ ਕਰੇ। ਅਦਾਲਤ ਨੇ ਟਾਈਟਲਰ ਦਾ ਪਾਸਪੋਰਟ ਵੀ ਸੀ.ਬੀ.ਆਈ. ਨੂੰ ਸੌਂਪ ਦਿੱਤਾ ਹੈ। ਇਹ ਮਾਮਲਾ ਉਦੋਂ ਧਿਆਨ ਵਿਚ ਆਇਆ ਸੀ ਜਦੋਂ ਟਾਈਟਲਰ ਨੇ ਅਦਾਲਤ ਵਿਚੋਂ ਪਾਸਪੋਰਟ ਨਵਿਆਉਣ ਲਈ ਐਨ.ਓ.ਸੀ. ਜਾਰੀ ਕਰਨ ਸਬੰਧੀ ਆਪਣੀ ਅਰਜ਼ੀ ਵਾਪਸ ਲੈ ਲਈ ਸੀ।

ਇਸੇ ਦੌਰਾਨ ਅਦਾਲਤ ਦੇ ਧਿਆਨ ਵਿਚ ਆਇਆ ਕਿ ਉਸ ਨੂੰ ਨਵਿਆਇਆ ਹੋਇਆ ਪਾਸਪੋਰਟ ਹਾਸਲ ਹੋ ਗਿਆ ਹੈ ਜਿਸ ਤੋਂ ਬਾਅਦ ਅਦਾਲਤ ਨੇ ਸੀ.ਬੀ.ਆਈ. ਨੂੰ ਕਿਹਾ ਕਿ ਉਹ ਇਹ ਜਾਂਚ ਕਰੇ ਕਿ ਬਿਨਾਂ ਐਨ ਓਸੀ ਦੇ ਉਸ ਨੇ ਪਾਸਪੋਰਟ ਕਿਵੇਂ ਨਵਿਆਇਆ ਹੈ। ਇਸ ਤੋਂ ਬਾਅਦ ਸੀ.ਬੀ.ਆਈ. ਨੇ ਅਦਾਲਤ ਨੂੰ ਦੱਸਿਆ ਕਿ ਟਾਈਟਲਰ ਨੇ ਪਾਸਪੋਰਟ ਦਫਤਰ ਨੂੰ ਝੂਠ ਦੱਸਿਆ ਸੀ ਕਿ ਉਸ ਖਿਲਾਫ਼ ਕੋਈ ਅਪਰਾਧਕ ਮਾਮਲਾ ਪੈਂਡਿੰਗ ਨਹੀਂ ਹੈ।


ਰਵੀ ਬਾਠ

ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ



ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।

*I may help you in securing loans at good rates as well.*

ਫੋਨ: 925-323-8626

rvbaat@gmail.com

*Ravi Batth*
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741
5887A Lone Tree Way
Antioch, CA 94531

Better Homes and Gardens Real Estate MASON-McDUFFIE



ਸੰਜਨਾ ਪ੍ਰਭਾਕਰ

ਸੀਨੀਅਰ ਮੌਰਟਗੇਜ ਕੰਸਲਟੈਂਟ

ਕੀ ਤੁਸੀਂ ਆਪਣਾ ਪਹਿਲਾ ਘਰ ਖਰੀਦਣਾ ਚਾਹੁੰਦੇ ਹੋ ਜਾਂ ਹੁਣ ਵਾਲੇ ਘਰ ਨੂੰ ਰੀਫਿਨਾਂਸ ਕਰਾਉਣਾ ਚਾਹੁੰਦੇ ਹੋ?

- ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਘਰ ਲਈ ਕਿੰਨਾ ਲੋਨ ਮਿਲ ਸਕਦਾ ਹੈ?
- 1% ਡਾਊਨ ਪੇਮੈਂਟ 'ਤੇ ਲੋਨ

(ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ)

- ਤੁਸੀਂ ਪ੍ਰੀ-ਅਪਰੂਵਲ ਲੈਟਰ ਲੈਣਾ ਚਾਹੁੰਦੇ ਹੋ ਜਾਂ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੈ?

ਅੱਜ ਹੀ ਪੰਜਾਬੀ ਵਿਚ ਗੱਲ ਕਰਨ ਲਈ ਸੰਜਨਾ ਨੂੰ ਫੋਨ ਕਰੋ

408-905-9849

*email: sanjana4loans@gmail.com*



Arcus LENDING America's Premier Mortgage Experts

*Arcus NMLS # 1035734*

ਸੰਜਨਾ ਪ੍ਰਭਾਕਰ
ਸੀਨੀਅਰ ਮੌਰਟਗੇਜ ਕੰਸਲਟੈਂਟ
NMLS # 378390

ਸੰਜਨਾ ਦੇ ਦੱਸੇ ਰਿਐਲਟਰ ਰਾਹੀਂ ਘਰ ਲਓ ਅਤੇ ਰੀਅਲ ਅਸਟੇਟ ਦਾ ਕਲੋਜ਼ਿੰਗ ਖਰਚਾ ਬਚਾਓ



PERSONAL INJURY ATTORNEYS

LAW OFFICES OF MANPREET S. BAINS
LAW OFFICES OF WILLIAM E. WEISS

AN ASSOCIATION OF LAW FIRMS



Offering Joint Representation at No Additional Cost

No Fees Unless Recovery for Your Injuries is Made

Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!

For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City

# ਸੱਠ ਦਿਨਾਂ ਦਾ ਲੇਖਾ: ਕਹਿਣੀ ਤੇ ਕਰਨੀ ਉਤੇ ਖਰੀ ਨਾ ਉਤਰੀ ਸਰਕਾਰ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਆਪਣੇ ਦੋ ਮਹੀਨੇ ਪੂਰੇ ਕਰ ਚੁੱਕੀ ਹੈ, 'ਹਰ ਘਰ ਵਿਚ ਇਕ ਨੌਕਰੀ' ਅਤੇ 'ਕਿਸਾਨਾਂ ਲਈ ਕਰਜ਼ਾ ਕੁਰਕੀ ਖਤਮ ਫਸਲ ਦੀ ਪੂਰੀ ਰਕਮ' ਵਰਗੇ ਵਾਅਦਿਆਂ ਵੱਲ ਕੋਈ ਖਾਸ ਕਦਮ ਨਹੀਂ ਪੁੱਟ ਸਕੀ। ਅਜਿਹੇ ਵਾਅਦਿਆਂ ਦੀ ਸੂਚੀ ਕਾਫੀ ਲੰਮੀ ਹੈ।

ਸਰਕਾਰ ਨੇ ਤੈਅ ਸਮੇਂ ਵਿਚ ਪੰਜਾਬ ਵਿਚੋਂ ਨਸ਼ੇ ਖਤਮ ਕਰਨ ਦਾ ਵਾਅਦਾ ਵੀ ਕੀਤਾ ਸੀ, ਪਰ ਦੋ ਮਹੀਨਿਆਂ ਬਾਅਦ ਵੀ ਹਾਲਾਤ ਜਿਉਂ ਦੇ ਤਿਉਂ ਹੀ ਹਨ। ਸਰਕਾਰ ਨੇ ਨਸ਼ੇ ਰੋਕਣ ਲਈ ਏ.ਡੀ.ਜੀ.ਪੀ. ਪੱਧਰ ਦੇ ਅਧਿਕਾਰੀ ਦੀ ਅਗਵਾਈ ਵਿਚ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਬਣਾ ਦਿੱਤੀ ਹੈ, ਪਰ ਨਸ਼ੇ ਦੇ ਖਾਤਮੇ ਦੇ ਮਾਮਲੇ ਉਤੇ ਕੋਈ ਸਪਸ਼ਟ ਖਾਕਾ ਅਜੇ ਤਕ ਸਾਹਮਣੇ ਨਹੀਂ ਆਇਆ ਹੈ।

ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਸਬੰਧੀ ਖੇਤੀ ਲਾਗਤ ਤੇ ਕੀਮਤ ਕਮਿਸ਼ਨ ਦੇ ਸਾਬਕਾ ਚੇਅਰਮੈਨ ਟੀ.ਹੱਕ ਦੀ ਅਗਵਾਈ ਵਿਚ ਮਾਹਿਰਾਂ ਦੀ ਕਮੇਟੀ ਕਾਇਮ ਕਰ ਕੇ ਬਜਟ ਸੈਸ਼ਨ ਵਿਚ ਕੋਈ ਐਲਾਨ ਕਰਨ ਦਾ ਸੰਕੇਤ ਦਿੱਤਾ ਗਿਆ ਹੈ। ਦੋ ਮਹੀਨਿਆਂ ਤੋਂ ਪ੍ਰਸ਼ਾਸਨਿਕ ਅਤੇ ਪੁਲਿਸ ਤਬਾਦਲਿਆਂ ਦਾ ਦੌਰ ਰੁਕਣ ਦਾ ਨਾਮ ਨਹੀਂ ਲੈ ਰਿਹਾ। ਕਾਂਗਰਸੀ ਕਾਰਕੁਨ ਖੁਦ ਕਹਿੰਦੇ ਸੁਣਾਈ ਦੇ ਰਹੇ ਹਨ ਕਿ ਲੋਕ, ਇਸ ਸਰਕਾਰ ਨੂੰ ਅਕਾਲੀ-ਭਾਜਪਾ ਹਕੂਮਤ ਦੇ ਤੀਜੇ ਕਾਰਜਕਾਲ ਦੇ ਰੂਪ ਵਿਚ ਹੀ ਦੇਖ ਰਹੇ ਹਨ। ਪੰਜਾਬ ਕਾਂਗਰਸ ਦੇ ਨਵ ਨਿਯੁਕਤ ਪ੍ਰਧਾਨ ਸੁਨੀਲ ਜਾਖੜ ਆਪਣੇ ਤਾਜਪੋਸ਼ੀ ਸਮਾਗਮ ਵਿਚ ਇਹ ਸੰਕੇਤ ਦੇ ਚੁੱਕੇ ਹਨ ਕਿ ਅਫਸਰਾਂ ਨੂੰ ਇਹ ਪਛਾਣਨ ਦੀ ਲੋੜ ਹੈ ਕਿ ਸਰਕਾਰ ਤਬਦੀਲ ਹੋ ਗਈ ਹੈ, ਪਰ ਅਫਸਰਾਂ ਨੇ ਤਾਂ ਹਾਕਮ ਪਾਰਟੀ ਦੇ ਹੀ ਹੁਕਮ ਵਜਾਉਣੇ ਹੁੰਦੇ ਹਨ। ਪਿਛਲੇ ਦਸ ਸਾਲਾਂ ਦੌਰਾਨ ਪਨਪੇ ਤੇ ਫਲੇ-ਫੁਲੇ ਹਰ ਤਰ੍ਹਾਂ ਦੇ ਮਾਫੀਆ ਤੋਂ ਲੋਕ ਛੁਟਕਾਰਾ ਚਾਹੁੰਦੇ ਹਨ, ਪਰ ਮਾਫੀਆ ਦੇ ਖਾਤਮੇ ਦੀ ਰਣਨੀਤੀ ਅਜੇ ਨਜ਼ਰ ਨਹੀਂ ਆ ਰਹੀ ਬਲਕਿ ਮਾਫੀਆ ਹੁਣ ਕਾਂਗਰਸੀ ਗੱਡੀਆਂ 'ਤੇ ਚੜ੍ਹਿਆ ਫਿਰਦਾ ਹੈ।

ਇੰਜ ਹੀ, ਲਾਲ ਬੱਤੀ ਤਾਂ ਹਟਾ ਦਿੱਤੀ, ਪਰ ਮੰਤਰੀਆਂ ਤੋਂ ਕਿਤੇ ਜ਼ਿਆਦਾ ਮੰਤਰੀਆਂ ਦੇ ਰੁਤਬੇ ਵਾਲੇ ਸਲਾਹਕਾਰਾਂ ਦੀ ਫੌਜ ਲਾਲ ਬੱਤੀ ਕਲਚਰ ਦੀ ਪਿਛਲੇ ਦਰਵਾਜ਼ੇ ਰਾਹੀਂ ਵਾਪਸੀ ਦੀ ਹੀ ਸੂਚਕ ਹੈ। ਪਿਛਲੀ ਸਰਕਾਰ ਵੱਲੋਂ ਕੀਤੇ ਗਏ ਖਰਚ ਦੀ ਵਾਸਤਵਿਕ ਤਸਵੀਰ ਪੇਸ਼ ਕਰਨ ਲਈ ਵਿੱਤ ਮੰਤਰੀ ਵੱਲੋਂ ਇਕ ਵਾਈਟ ਪੇਪਰ ਜਾਰੀ ਕਰਨ ਦੀ ਸੰਭਾਵਨਾ ਹੈ।

ਇਸ ਦੇ ਸੀਨੀਅਰ ਮੰਤਰੀਆਂ ਵੱਲੋਂ ਇਹ ਵੀ ਬਿਆਨ ਦਿੱਤੇ ਜਾ ਰਹੇ ਹਨ ਕਿ ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਯੋਜਨਾਵਾਂ ਲਈ ਦਿੱਤੀਆਂ ਗਈਆਂ ਵੱਡੀਆਂ ਰਕਮਾਂ ਨੂੰ ਉਨ੍ਹਾਂ 'ਤੇ ਖਰਚ ਨਹੀਂ ਕੀਤਾ ਗਿਆ, ਸਗੋਂ ਇਨ੍ਹਾਂ ਰਕਮਾਂ ਦੀ ਵਰਤੋਂ ਹੋਰਾਂ ਕੰਮਾਂ ਲਈ ਕਰ ਲਈ ਗਈ ਹੈ।



## ਕੈਪਟਨ ਵੱਲੋਂ ਕੇਂਦਰ ਸਰਕਾਰ ਨੂੰ ਭਰੋਸਾ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਸਰਕਾਰ ਰੀਅਲ ਅਸਟੇਟ ਰੈਗੂਲੇਟਰੀ ਅਥਾਰਟੀ (ਰੇਰਾ) ਸਮੇਤ ਹੋਰ ਪ੍ਰੋਜੈਕਟਾਂ ਨੂੰ ਸੂਬੇ ਵਿਚ ਇਨ-ਬਿਨ ਲਾਗੂ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸੂਬੇ 'ਚ ਗਰੀਬੀ ਹਟਾਉਣ ਅਤੇ ਮਕਾਨ ਉਸਾਰੀ ਦੇ ਸ਼ੁਰੂ ਹੋਏ ਪ੍ਰੋਜੈਕਟਾਂ ਨੂੰ ਲੀਹ ਉਤੇ ਲਿਆ ਕੇ ਛੇਤੀ ਕੰਮ ਸ਼ੁਰੂ ਕਰਵਾਇਆ ਜਾਏਗਾ। ਕੈਪਟਨ ਵੱਲੋਂ ਮਕਾਨ ਉਸਾਰੀ ਤੇ ਸ਼ਹਿਰੀ ਗਰੀਬੀ ਹਟਾਉਣ ਬਾਰੇ ਕੇਂਦਰੀ ਮੰਤਰੀ ਵੈਂਕਈਆ ਨਾਇਡੂ ਨਾਲ ਮੀਟਿੰਗ ਕੀਤੀ।

ਮੁੱਖ ਮੰਤਰੀ ਨੇ ਕੇਂਦਰੀ ਮੰਤਰੀ ਨੂੰ ਉਨ੍ਹਾਂ ਦੇ ਦੋ ਮਹੀਨਿਆਂ ਦੇ ਕਾਰਜਕਾਲ ਦੀ ਪ੍ਰਗਤੀ ਬਾਰੇ ਦੱਸਿਆ ਅਤੇ ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਕੇਂਦਰੀ ਸਕੀਮਾਂ ਅਤੇ ਪ੍ਰੋਜੈਕਟਾਂ ਨੂੰ ਅਮਲ ਵਿਚ ਲਿਆਉਣ ਲਈ ਬੀਤੇ ਸਮੇਂ ਵਿਚ ਜਾਰੀ ਹੋਏ ਫੰਡ ਯੋਗ ਲਾਭਪਾਤਰੀਆਂ ਤੱਕ ਨਾ ਪਹੁੰਚਣ ਦੀ ਜਾਣਕਾਰੀ ਵੀ ਦਿੱਤੀ। ਸ੍ਰੀ ਨਾਇਡੂ ਵੱਲੋਂ ਜੁਲਾਈ ਵਿਚ ਪੰਜਾਬ ਆ ਕੇ ਕੇਂਦਰੀ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਦੀ ਯੋਜਨਾ ਬਣਾਈ ਜਾ ਰਹੀ ਹੈ।

## ਡਾ. ਗਾਂਧੀ ਵੱਲੋਂ ਸਰਕਾਰ ਦੇ ਕੰਮਕਾਜ 'ਤੇ ਸਵਾਲ



**ਪਟਿਆਲਾ:** ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਦੋ ਮਹੀਨਿਆਂ ਦੇ ਕੰਮਕਾਜ ਉਤੇ ਪਟਿਆਲਾ ਤੋਂ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਸਵਾਲ ਚੁੱਕੇ ਹਨ। ਉਨ੍ਹਾਂ ਆਖਿਆ ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਤੋਂ ਪਹਿਲਾਂ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਪੂਰਾ ਕਰਨ ਵਿਚ ਪੂਰੀ ਤਰ੍ਹਾਂ ਅਸਫਲ ਰਹੇ ਹਨ। ਸਰਕਾਰ ਪੰਜਾਬ ਵਿਚੋਂ ਨਸ਼ਾ ਖਤਮ ਕਰਨ ਵਿਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਸਰਕਾਰ ਦੀ ਮਾੜੀ ਨੀਤੀਆਂ ਕਾਰਨ ਅਫੀਮ ਤੇ ਭੁੱਕੀ ਦੇ ਭਾਅ ਅਸਮਾਨ ਨੂੰ ਛੂਹਣ ਲੱਗੇ ਹਨ। ਇਸ ਕਾਰਨ ਇਨ੍ਹਾਂ ਨਸ਼ਿਆਂ ਦੇ ਆਦੀ ਨੌਜਵਾਨ ਸਮੈਕ ਤੇ ਮੈਡੀਕਲ ਨਸ਼ੇ ਵੱਲ ਤੁਰ ਪਏ ਹਨ।

## ਸਸਤੇ ਰੇਤ ਵਾਲੇ ਦਾਅਵੇ ਹਵਾ ਹੋਣ ਲੱਗੇ

**ਚੰਡੀਗੜ੍ਹ:** ਰੇਤਾ ਤੇ ਬਜਰੀ ਦੀਆਂ 89 ਖੱਡਾਂ ਦੀ ਬੋਲੀ ਤੋਂ ਪੰਜਾਬ ਸਰਕਾਰ ਨੇ ਰਿਕਾਰਡ 1026 ਕਰੋੜ ਰੁਪਏ ਕਮਾਏ ਹਨ। ਭਾਵੇਂ ਕੈਪਟਨ ਸਰਕਾਰ ਰੇਤਾ ਬਜਰੀ ਦੇ ਅਸਮਾਨੀ ਚੜ੍ਹੇ ਭਾਅ ਹੇਠਾਂ ਲਿਆਉਣ ਦੇ ਰੌਂਅ 'ਚ ਹੈ ਪਰ ਖੱਡਾਂ ਦੀ ਤਾਜ਼ਾ ਹੋਈ ਰਿਕਾਰਡ ਬੋਲੀ ਤੋਂ ਅਜਿਹਾ ਅਮਲ 'ਚ ਲਿਆਉਣਾ ਔਖਾ ਜਾਪ ਰਿਹਾ ਹੈ। ਪਿਛਲੇ ਵਰ੍ਹੇ ਨਾਲੋਂ ਇਸ ਸਾਲ ਖੱਡਾਂ ਦੀ ਬੋਲੀ 20 ਗੁਣਾ ਵਧ ਚੜ੍ਹੀ ਹੈ। ਸਰਕਾਰ ਵੱਲੋਂ 102 ਖੱਡਾਂ ਦੀ ਕਰਾਈ ਈ-ਨਿਲਾਮੀ ਵਿਚ 1000 ਬੋਲੀਕਾਰਾਂ ਨੇ ਹਿੱਸਾ ਲਿਆ। ਕੁੱਲ 102 ਖੱਡਾਂ ਦੀ ਬੋਲੀ ਦੌਰਾਨ 94 ਖੱਡਾਂ ਲਈ ਪੇਸ਼ਗੀ ਰਕਮ ਹਾਸਲ ਹੋਈ ਤੇ ਇਨ੍ਹਾਂ ਵਿਚੋਂ 89 ਖੱਡਾਂ ਦੀ ਨਿਲਾਮੀ ਦਾ ਕੰਮ ਸਿਰੇ ਚੜ੍ਹ ਗਿਆ ਹੈ। ਇਕ ਅੰਦਾਜ਼ੇ ਅਨੁਸਾਰ ਜਿਹੜੀਆਂ ਨਵੀਆਂ ਖੱਡਾਂ ਦੀ ਬੋਲੀ ਹੋਈ ਹੈ, ਉਨ੍ਹਾਂ ਦੀ ਸਮਰੱਥਾ 1.30 ਕਰੋੜ ਟਨ ਹੈ।

# ਕੈਪਟਨ ਨੇ ਕਰ ਲਈ ਸੀ ਨਵੀਂ ਪਾਰਟੀ ਦੀ ਤਿਆਰੀ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨਵੀਂ ਪਾਰਟੀ ਬਣਾਉਣ ਦੀ ਤਿਆਰੀ ਵਿਚ ਸਨ। ਉਨ੍ਹਾਂ ਨਵੀਂ ਦਿੱਲੀ ਵਿਚ ਇਹ ਰਾਜ਼ ਖੋਲ੍ਹਦਿਆਂ ਕਿਹਾ ਕਿ ਕਾਂਗਰਸ ਲੀਡਰਸ਼ਿਪ ਨਾਲ ਮੱਤਭੇਦ ਕਾਰਨ ਉਹ ਆਪਣੀ ਨਵੀਂ ਪਾਰਟੀ ਬਣਾਉਣ ਬਾਰੇ ਸੋਚ ਰਹੇ ਸਨ।

ਇਹ ਰਿਪੋਰਟ ਮੀਡੀਆ ਵਿਚ ਆਉਣ ਮਗਰੋਂ ਕਾਂਗਰਸ ਹਾਈਕਮਾਨ ਨੇ ਪ੍ਰਤਾਪ ਸਿੰਘ ਬਾਜਵਾ ਨੂੰ ਹਟਾ ਕੇ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ ਸੀ। ਇਸ ਦੇ ਨਾਲ ਹੀ ਕੈਪਟਨ ਨੇ ਸਪਸ਼ਟ ਕੀਤਾ ਕਿ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਣ ਦਾ ਵਿਚਾਰ ਉਨ੍ਹਾਂ ਦੇ ਮਨ ਵਿਚ ਕਦੇ ਨਹੀਂ ਆਇਆ। ਉਨ੍ਹਾਂ ਇਸ ਸਬੰਧੀ ਮੀਡੀਆ ਰਿਪੋਰਟਾਂ ਨੂੰ ਰੱਦ ਕਰਦਿਆਂ ਕਿਹਾ ਕਿ ਭਾਵੇਂ ਉਨ੍ਹਾਂ ਨੇ ਕਾਂਗਰਸ ਲੀਡਰਸ਼ਿਪ ਨਾਲ ਮੱਤਭੇਦਾਂ ਕਾਰਨ ਨਵੀਂ ਪਾਰਟੀ ਬਣਾਉਣ ਬਾਰੇ ਸੋਚਿਆ ਸੀ ਪਰ ਭਾਜਪਾ ਵਿਚ ਸ਼ਾਮਲ ਹੋਣ ਬਾਰੇ ਉਨ੍ਹਾਂ ਨੇ ਕਦੇ ਨਹੀਂ ਸੋਚਿਆ।



ਸਾਰਾਗੜ੍ਹੀ ਦੀ ਜੰਗ ਬਾਰੇ ਆਪਣੀ ਕਿਤਾਬ ਤੇ ਅਧਿਕਾਰਤ ਜੀਵਨੀ 'ਦੀ ਪੀਪਲਜ਼ ਮਹਾਰਾਜਾ' ਦੀ ਦਿੱਲੀ ਵਿਚ ਘੁੰਡ ਚੁਕਾਈ ਵੇਲੇ ਮੁੱਖ ਮੰਤਰੀ ਨੇ ਕੈਨੇਡਾ ਦੇ ਰੱਖਿਆ ਮੰਤਰੀ ਦੇ ਖਾਲਿਸਤਾਨੀਆਂ ਵੱਲ ਝੁਕਾਅ ਤੇ ਕਸ਼ਮੀਰ ਵਿਚ ਭਾਰਤੀ ਫੌਜੀ ਅਫਸਰ ਵੱਲੋਂ 'ਮਾਨਵੀ ਢਾਲ' ਬਣਾਏ ਜਾਣ ਵਰਗੇ ਵਿਵਾਦਪੂਰਨ ਵਿਸ਼ਿਆਂ 'ਤੇ ਵੀ ਵਿਚਾਰ ਪ੍ਰਗਟਾਉਣ ਤੋਂ ਟਾਲਾ ਨਹੀਂ ਵੱਟਿਆ। ਕੈਨੇਡਾ ਦੀ ਸਰਕਾਰ ਵਿਚ ਖਾਲਿਸਤਾਨੀ ਸਮਰਥਕ ਬਾਰੇ ਆਪਣੇ ਰੁਖ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਜਸਟਿਨ ਟਰੂਡੋ ਦੀ ਸਰਕਾਰ ਵਿਚ ਬਹੁਤ ਸਾਰੇ ਮੈਂਬਰ ਖਾਲਿਸਤਾਨੀ ਹਮਾਇਤੀ ਹਨ।

ਕੈਪਟਨ ਨੇ ਮੇਜਰ ਨਿਤਿਨ ਗੋਗੋਈ ਨੂੰ ਆਪਣਾ ਸਮਰਥਨ ਦੁਹਰਾਉਂਦੇ ਹੋਏ ਕਿਹਾ ਕਿ ਉਸ ਨੇ ਆਪਣੇ ਆਦਮੀਆਂ ਦੀ ਰੱਖਿਆ ਲਈ ਇਹ ਸਹੀ ਫੈਸਲਾ ਲਿਆ ਸੀ। ਮੁੱਖ ਮੰਤਰੀ ਨੇ ਕਿਹਾ ਕਿ ਉਸ ਅਧਿਕਾਰੀ ਨੇ ਵਧੀਆ ਕਾਰਜ ਕੀਤਾ। ਸਮੁੱਚੀ ਭਾਰਤੀ ਫੌਜ ਨੂੰ ਉਸ ਦਾ ਸਮਰਥਨ ਕਰਨਾ ਚਾਹੀਦਾ ਹੈ। ਉਸ ਨੂੰ ਸ਼ਾਨਦਾਰ ਸੇਵਾਵਾਂ ਲਈ ਮੈਡਲ ਦਿੱਤਾ ਜਾਣਾ ਚਾਹੀਦਾ ਹੈ।

# ਫਿਲਹਾਲ ਕਾਇਮ ਰਹੇਗਾ ਅਕਾਲੀ ਦਲ ਤੇ ਭਾਜਪਾ ਦਾ ਗਠਜੋੜ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ ਹੈ ਕਿ ਪੰਜਾਬ ਵਿਚ ਗਠਬੰਧਨ ਦੀ ਹਾਰ 'ਤੇ ਮੰਥਨ ਤਾਂ ਕੀਤਾ ਜਾ ਰਿਹਾ ਹੈ, ਪਰ ਪੰਜਾਬ ਵਿਚ ਅਕਾਲੀ ਅਤੇ ਭਾਜਪਾ ਦਾ ਗਠਬੰਧਨ ਜਾਰੀ ਹੈ ਤੇ ਰਹੇਗਾ। ਉਨ੍ਹਾਂ ਇਹ ਵੀ ਸੰਕੇਤ ਦਿੱਤੇ ਕਿ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਵੀ ਪੰਜਾਬ ਵਿਚ ਭਾਜਪਾ-ਅਕਾਲੀ ਦਲ ਦੇ ਨਾਲ ਹੀ ਇਕੱਠੇ ਰੂਪ ਵਿਚ ਚੋਣਾਂ ਲੜਨਗੇ। ਅਮਿਤ ਸ਼ਾਹ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਕੋਈ ਵੀ ਵਿਧਾਇਕ ਭਾਜਪਾ ਦੇ ਸੰਪਰਕ ਵਿਚ ਨਹੀਂ ਹੈ।




ਅਮਿਤ ਸ਼ਾਹ ਨੇ ਜੰਮੂ ਕਸ਼ਮੀਰ ਮੁੱਦੇ 'ਤੇ ਗੱਲ ਕਰਦਿਆਂ ਕਿਹਾ ਕਿ ਦੇਸ਼ ਵਿਚ ਕਸ਼ਮੀਰ ਦੀ ਸਮੱਸਿਆ ਕਾਂਗਰਸ ਦੀ ਹੀ ਦੇਣ ਹੈ। ਉਨ੍ਹਾਂ ਨੂੰ ਭਰੋਸਾ ਹੈ ਕਿ ਇਸ ਸਮੱਸਿਆ ਨੂੰ ਛੇਤੀ ਹੱਲ ਕਰ ਲਿਆ ਜਾਵੇਗਾ। ਐਸ.ਵਾਈ.ਐਲ. ਨਹਿਰ ਦੇ ਮੁੱਦੇ 'ਤੇ ਅਮਿਤ ਸ਼ਾਹ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਵਿਚਕਾਰ ਦੋਵਾਂ ਰਾਜਾਂ ਦੇ ਪ੍ਰਤੀਨਿਧੀਆਂ ਦੀ ਗੱਲ ਹੋਈ ਹੈ ਤੇ ਉਨ੍ਹਾਂ ਨੂੰ ਆਸ ਹੈ ਕਿ ਇਸ ਮਸਲੇ ਦਾ ਹੱਲ ਦੋਵਾਂ ਰਾਜਾਂ ਦਰਮਿਆਨ ਕੋਈ ਸਾਂਝੇ ਹੱਲ ਰਾਹੀਂ ਕੱਢ ਲਿਆ ਜਾਵੇਗਾ। ਅਮਿਤ ਸ਼ਾਹ ਨੇ ਜੀ.ਐਸ.ਟੀ ਨੂੰ ਕਾਨੂੰਨ ਦੇ ਰੂਪ ਵਿਚ ਲਾਗੂ ਕਰਨਾ ਵੀ ਮੋਦੀ ਸਰਕਾਰ ਦੀ ਵੱਡੀ ਉਪਲਬਧੀ ਕਹਿ ਕੇ ਵੀ ਬਿਆਨਿਆਂ।

ਅਮਿਤ ਸ਼ਾਹ ਨੇ ਕਿਹਾ ਕਿ ਤਿੰਨ ਸਾਲਾਂ ਵਿਚ ਭਾਜਪਾ ਦਾ ਗਰਾਫ ਦੇਸ਼ ਭਰ ਵਿਚ ਵਧਿਆ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਭਾਜਪਾ 10 ਮੈਂਬਰਾਂ ਤੋਂ ਸ਼ੁਰੂ ਹੋਈ ਸੀ ਅਤੇ ਅੱਜ 11 ਕਰੋੜ ਤੋਂ ਜ਼ਿਆਦਾ ਮੈਂਬਰਾਂ ਵਾਲੀ ਦੁਨੀਆਂ ਦੀ ਸਭ ਤੋਂ ਵੱਡੀ ਰਾਜਨੀਤਕ ਪਾਰਟੀ ਦੇ ਰੂਪ ਵਿਚ ਸਾਹਮਣੇ ਆਈ ਹੈ।

# ਜੀ.ਕੇ. ਦੀ ਆਰ.ਐਸ.ਐਸ. ਬੀਬੀ ਉਤੇ ਮਿਹਰਬਾਨੀ ਬਾਰੇ ਵਿਵਾਦ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਕਮੇਟੀ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਆਈ.ਟੀ.ਆਈ., ਤਿਲਕ ਨਗਰ ਵਿਚ ਚੇਅਰਮੈਨ ਦਾ ਅਹੁਦਾ ਗੈਰ-ਸਿੱਖ ਬੀਬੀ ਰਿਤੂ ਵੋਹਰਾ (ਸਾਬਕਾ ਭਾਜਪਾ ਕੌਂਸਲਰ) ਨੂੰ ਦੇਣ ਦਾ ਮੁੱਦਾ ਗਰਮਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਇਸ ਕਦਮ ਨੂੰ ਵਿਦਿਅਕ ਅਦਾਰਿਆਂ ਵਿਚ 'ਕੱਟੜਵਾਦ ਤੇ ਭਗਵਾਂਕਰਨ' ਨੂੰ ਹੁਲਾਰਾ ਦੇਣ ਵਾਲਾ ਦੱਸਿਆ ਹੈ।

ਉਨ੍ਹਾਂ ਇਲਜ਼ਾਮ ਲਾਇਆ ਕਿ ਗੈਰ-ਸਿੱਖ ਬੀਬੀ ਨੂੰ ਇਹ ਅਹਿਮ ਜ਼ਿੰਮੇਵਾਰੀ ਭਾਜਪਾ ਵੱਲੋਂ ਬਾਦਲ ਧੜੇ ਨੂੰ ਦਿੱਲੀ ਨਗਰ ਨਿਗਮ ਦੀਆਂ ਚੋਣਾਂ ਵਿਚ ਪੰਜ ਸੀਟਾਂ ਦੇ ਬਦਲੇ ਵਜੋਂ ਇਕ ਲੁਕਵੇਂ ਕਰਾਰ ਤਹਿਤ ਦਿੱਤੀ ਗਈ ਹੈ। ਸਰਨਾ ਨੇ ਕਿਹਾ ਕਿ ਦਿੱਲੀ ਕਮੇਟੀ ਦੇ ਇਤਿਹਾਸ 'ਚ ਪਹਿਲੀ ਵਾਰ ਹੋਵੇਗਾ ਕਿ ਕਿਸੇ ਗੈਰ-ਸਿੱਖ ਨੂੰ ਕਮੇਟੀ ਦੇ ਕਿਸੇ ਅਦਾਰੇ 'ਚ ਕੋਈ ਅਹੁਦਾ ਦਿੱਤਾ ਗਿਆ ਹੋਵੇ ਕਿਉਂਕਿ ਗੁਰਦੁਆਰਾ ਨਿਯਮਾਂ ਮੁਤਾਬਕ ਸਿਰਫ ਸਿੱਖ ਮੈਂਬਰ ਹੀ ਗਵਰਨਿੰਗ ਬਾਡੀ ਦਾ ਚੇਅਰਮੈਨ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਦਿੱਲੀ ਕਮੇਟੀ ਦੇ ਇਕ ਅਦਾਰੇ ਵਿਚ ਗੈਰ ਸਿੱਖ ਨੂੰ ਮੈਂਬਰ ਬਣਾਉਣ ਦਾ ਮਾਮਲਾ ਇੰਨਾ ਭਖਿਆ ਸੀ ਕਿ ਨਿਯੁਕਤੀ ਰੱਦ ਕਰਨੀ ਪਈ ਸੀ। ਉਨ੍ਹਾਂ ਦਿੱਲੀ ਗੁਰਦੁਆਰਾ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੂੰ ਤੁਰਤ ਇਹ ਨਿਯੁਕਤੀ ਰੱਦ ਕਰਨ ਲਈ ਕਿਹਾ। ਸਰਨਾ ਤੋਂ ਇਲਾਵਾ ਦਿੱਲੀ ਵਿਚ ਕਮੇਟੀ ਚੋਣ ਵੇਲੇ ਆਜ਼ਾਦ ਉਮੀਦਵਾਰਾਂ ਵਜੋਂ ਲੜਨ ਵਾਲਿਆਂ ਵਿਚੋਂ ਇਕ ਅਜਮੇਰ ਸਿੰਘ ਨੇ ਸ. ਜੀ.ਕੇ. ਨੂੰ ਪੁੱਛਿਆ ਹੈ ਕਿ ਕੀ ਦਿੱਲੀ ਕਮੇਟੀ

# ਆਪਣੇ ਹਲਕੇ 'ਚ ਹੀ ਲੋਕ ਰੋਹ ਦਾ ਸ਼ਿਕਾਰ ਹੋਇਆ ਮਜੀਠੀਆ

**ਅੰਮ੍ਰਿਤਸਰ:** ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਆਪਣੇ ਹਲਕੇ ਦੇ ਮੁੱਖ ਕਸਬੇ ਮਜੀਠਾ ਵਿਚ ਉਸ ਵੇਲੇ ਲੋਕ ਰੋਹ ਦਾ ਸਾਹਮਣਾ ਕਰਨਾ ਪਿਆ, ਜਦੋਂ ਉਹ ਵਧੀਕ ਡਾਇਰੈਕਟਰ ਜਨਰਲ ਪੁਲਿਸ ਰੋਹਿਤ ਚੌਧਰੀ ਦੀ ਅਗਵਾਈ ਹੇਠ ਹੋਈ ਪੁਲਿਸ-ਪਬਲਿਕ ਮੀਟਿੰਗ ਵਿਚ ਪੁੱਜੇ। ਲੋਕਾਂ ਨੇ ਉਸ ਖਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਵਾਹਨ 'ਤੇ ਹਮਲਾ ਕੀਤਾ।

ਪੁਲਿਸ ਦੇ ਰੋਕਣ ਦੇ ਬਾਵਜੂਦ ਵਧੇਰੇ ਲੋਕ ਹਾਲ ਵਿਚੋਂ ਉੱਠ ਕੇ ਚਲੇ ਗਏ। ਇਸ ਦੌਰਾਨ ਸ੍ਰੀ ਮਜੀਠੀਆ ਨੇ ਏ.ਡੀ.ਜੀ.ਪੀ. ਨੂੰ ਅਕਾਲੀ ਵਰਕਰਾਂ 'ਤੇ ਹੋ ਰਹੀਆਂ ਵਧੀਕੀਆਂ ਬਾਰੇ ਦੱਸਿਆ। ਉਨ੍ਹਾਂ ਪਿੰਡ ਬੱਗਾ ਦੇ ਦਲਿਤ ਪਰਿਵਾਰ ਨਾਲ ਹੋਈ ਵਧੀਕੀ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ 17 ਅਪਰੈਲ ਨੂੰ ਦਲਿਤ ਬੀਬੀ ਸਵਿੰਦਰ ਕੌਰ ਦੇ ਪਤੀ ਕਸ਼ਮੀਰ ਸਿੰਘ ਤੇ ਬੇਟੇ ਜਗਰੂਪ ਸਿੰਘ ਨੂੰ ਪਿੰਡ ਛੱਡਣ ਦੀ ਧਮਕੀ ਦਿੱਤੀ ਸੀ, ਜਿਸ ਬਾਰੇ ਉਨ੍ਹਾਂ 181 ਨੰਬਰ 'ਤੇ ਸ਼ਿਕਾਇਤ ਵੀ ਦਰਜ ਕਰਾਈ ਪਰ ਪੁਲਿਸ ਨੇ ਧਮਕੀ ਦੇਣ ਵਾਲਿਆਂ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਇਸ ਦੌਰਾਨ 29 ਅਪਰੈਲ ਨੂੰ ਪੀੜਤ ਪਰਿਵਾਰ 'ਤੇ ਹਮਲਾ ਹੋਇਆ। ਪਰਿਵਾਰਕ ਮੈਂਬਰਾਂ ਦੀ ਕੁੱਟਮਾਰ ਕੀਤੀ ਗਈ ਅਤੇ ਔਰਤਾਂ ਦੇ ਕੱਪੜੇ ਪਾੜ ਦਿੱਤੇ ਗਏ। ਇਸ ਸਬੰਧੀ ਉਲਟਾ ਉਸ ਦੇ ਪੁੱਤਰ ਖਿਲਾਫ਼ ਹੀ ਕਾਰਵਾਈ ਕੀਤੀ ਗਈ।



15 ਮਈ ਨੂੰ ਮੁੜ ਦਲਿਤ ਔਰਤ ਦੇ ਪਤੀ ਨੂੰ ਖੇਤਾਂ ਵਿਚ ਕੰਮ ਕਰਦੇ ਸਮੇਂ ਨੰਗਾ ਕਰ ਕੇ ਕੁੱਟਮਾਰ ਕੀਤੀ ਗਈ। ਇਸ ਦੀ ਵੀਡੀਓ ਵੀ ਬਣਾਈ ਗਈ। ਏ.ਡੀ.ਜੀ.ਪੀ. ਨਾਲ ਗੱਲਬਾਤ ਮਗਰੋਂ ਜਦੋਂ ਸ੍ਰੀ ਮਜੀਠੀਆ ਹਾਲ ਤੋਂ ਬਾਹਰ ਨਿਕਲੇ ਤਾਂ ਬਾਹਰ ਖੜ੍ਹੇ ਲੋਕਾਂ ਨੇ ਉਨ੍ਹਾਂ ਦੇ ਵਾਹਨ 'ਤੇ ਚਪਲਾਂ ਅਤੇ ਪੱਥਰ ਸੁੱਟੇ। ਲੋਕਾਂ ਨੇ ਮੁੜ ਨਾਅਰੇਬਾਜ਼ੀ ਕੀਤੀ। ਮਜੀਠੀਆ ਦੇ ਜਾਣ ਤੋਂ ਬਾਅਦ ਵੀ ਇਹ ਮੀਟਿੰਗ ਜਾਰੀ ਰਹੀ।

# ਸ਼੍ਰੋਮਣੀ ਕਮੇਟੀ ਵੀ ਖੜਕਾਏਗੀ ਕੌਮਾਂਤਰੀ ਅਦਾਲਤ ਦਾ ਦਰਵਾਜਾ

**ਚੰਡੀਗੜ੍ਹ:** ਵਿਸ਼ਵ ਭਰ ਵਿਚ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਨੂੰ ਕਾਨੂੰਨੀ ਮਾਨਤਾ ਦਿਵਾਉਣ ਲਈ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਐਸ.ਜੀ.ਪੀ.ਸੀ. ਕੌਮਾਂਤਰੀ ਨਿਆਂ ਅਦਾਲਤ ਵਿਚ ਅਪੀਲ ਕਰੇਗੀ। ਇਟਲੀ ਵਿਚ ਵਸਦੇ ਸਿੱਖਾਂ 'ਤੇ ਸੁਪਰੀਮ ਕੋਰਟ ਵੱਲੋਂ ਕਿਰਪਾਨ ਪਹਿਨਣ ਦੀ ਪਾਬੰਦੀ ਤੋਂ ਬਾਅਦ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਇਹ ਐਲਾਨ ਕੀਤਾ ਹੈ।

ਸ. ਬਡੂੰਗਰ ਨੇ ਦੱਸਿਆ ਕਿ ਇਟਲੀ 'ਚ ਸਿੱਖਾਂ ਵਿਰੁੱਧ ਹੋਏ ਐਲਾਨ ਸਬੰਧੀ ਐਸ.ਜੀ.ਪੀ.ਸੀ. ਵੱਲੋਂ ਪ੍ਰਧਾਨ ਮੰਤਰੀ ਤੇ ਵਿਦੇਸ਼ ਮੰਤਰਾਲੇ ਨੂੰ ਸੂਚਿਤ ਕਰ ਕੇ ਇਟਲੀ ਦੀ ਸਰਕਾਰ ਕੋਲ ਇਹ ਮੁੱਦਾ ਚੁੱਕਣ ਦੀ ਅਪੀਲ ਵੀ ਕੀਤੀ ਗਈ ਹੈ। ਹੁਣ ਕਮੇਟੀ ਵੱਲੋਂ ਕੌਮਾਂਤਰੀ ਨਿਆਂ ਅਦਾਲਤ ਵਿਚ ਅਪੀਲ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ ਤੇ ਛੇਤੀ ਹੀ ਕਮੇਟੀ ਕੌਮਾਂਤਰੀ ਨਿਆਂ ਅਦਾਲਤ ਪਹੁੰਚ ਕਰੇਗੀ। 2004 ਵਿਚ ਫਰਾਂਸ ਦੀ ਸਰਕਾਰ ਨੇ ਸਕੂਲਾਂ ਵਿਚ ਧਾਰਮਿਕ ਚਿੰਨ੍ਹ ਪਹਿਨਣ 'ਤੇ ਪਾਬੰਦੀ ਲਾ ਦਿੱਤੀ ਸੀ। ਉਸ ਸਮੇਂ ਪਾਸਪੋਰਟ ਲਈ ਤਸਵੀਰ ਖਿਚਵਾਉਣ ਲਈ ਵੀ ਦਸਤਾਰ ਉਤਾਰਨ ਨੂੰ ਕਿਹਾ ਜਾਂਦਾ ਸੀ ਜਿਸ ਦਾ ਸ਼ਿਕਾਰ ਸਿੱਖ ਤੇ ਮੁਸਲਮਾਨ ਦੋਵੇਂ ਹੁੰਦੇ ਸਨ। ਬੀਤੇ ਦਿਨੀਂ ਇਟਲੀ ਦੀ ਸਰਬ ਉਚ ਅਦਾਲਤ ਨੇ ਸਿੱਖਾਂ ਦੇ ਉਪਰ ਦੀ ਕਿਰਪਾਨ ਧਾਰਨ ਕਰਨ 'ਤੇ ਪੂਰਨ ਪਾਬੰਦੀ ਲਾ ਦਿੱਤੀ ਹੈ।

## ਇਟਲੀ ਸਰਕਾਰ ਫੈਸਲੇ 'ਤੇ ਮੁੜ ਵਿਚਾਰ ਕਰੇ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਟਲੀ ਦੀ ਸੁਪਰੀਮ ਕੋਰਟ ਵੱਲੋਂ ਸਿੱਖਾਂ ਦੇ ਧਾਰਮਿਕ ਚਿੰਨ੍ਹ ਕਿਰਪਾਨ 'ਤੇ ਲਗਾਈ ਪਾਬੰਦੀ ਬਾਰੇ ਕਿਹਾ ਹੈ ਕਿ ਇਟਲੀ ਸਰਕਾਰ ਇਸ ਫੈਸਲੇ ਉਪਰ ਮੁੜ ਵਿਚਾਰ ਕਰੇ।



ਉਨ੍ਹਾਂ ਕਿਹਾ ਕਿ ਸਿੱਖਾਂ ਨੇ ਇਟਲੀ ਦੇ ਰਾਜਨੀਤਕ, ਆਰਥਿਕ ਅਤੇ ਸਮਾਜਿਕ ਖੇਤਰ 'ਚ ਅਹਿਮ ਯੋਗਦਾਨ ਪਾਇਆ ਹੈ, ਇਸ ਲਈ ਸਰਕਾਰ ਸਿੱਖਾਂ ਦੇ ਅਕੀਦੇ ਅਤੇ ਇਟਲੀ ਦੇ ਵਿਕਾਸ ਵਿਚ ਪਾਏ ਯੋਗਦਾਨ ਨੂੰ ਮੁੱਖ ਰੱਖਦਿਆਂ ਕਿਰਪਾਨ ਉਪਰ ਲਗਾਈ ਗਈ ਪਾਬੰਦੀ ਨੂੰ ਤੁਰਤ ਹਟਾਏ, ਜਿਸ ਨਾਲ ਸਿੱਖ ਇਟਲੀ 'ਚ ਆਪਣੀ ਧਾਰਮਿਕ ਆਜ਼ਾਦੀ ਦਾ ਨਿੱਘ ਮਾਣ ਸਕਣ।

## ਗੁਰੂ ਅਮਰਦਾਸ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਓਲੀਵਰਹਸਟ, ਕੈਲੀਫੋਰਨੀਆ (ਬਿਊਰੋ):** ਸਥਾਨਕ ਗੁਰਦੁਆਰਾ ਬਾਬਾ ਬੁਢਾ ਜੀ ਸਿੱਖ ਟੈਂਪਲ ਦੀਆਂ ਸੰਗਤਾਂ ਵਲੋਂ ਬੀਤੇ ਐਤਵਾਰ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।

ਅਖੰਡਪਾਠ ਦੇ ਭੋਗ ਉਪਰੰਤ ਸਜੇ ਦੀਵਾਨ ਵਿਚ ਭਾਈ ਬਲਵੀਰ ਸਿੰਘ ਨੇ ਕਥਾ ਵਿਆਖਿਆ ਰਾਹੀਂ ਗੁਰਮਤਿ ਗਿਆਨ ਦੀ ਸੰਗਤਾਂ ਨਾਲ ਸਾਂਝ ਪਾਈ। ਭਾਈ ਜੋਗਿੰਦਰ ਸਿੰਘ ਯੂਬਾ ਸਿਟੀ ਅਤੇ ਭਾਈ ਤਾਰਾ ਸਿੰਘ ਦੇ ਕੀਰਤਨੀ ਜਥਿਆਂ ਤੋਂ ਇਲਾਵਾ ਮੀਰੀ-ਪੀਰੀ ਅਕੈਡਮੀ ਦੇ ਬੱਚਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜਥੇ ਨੇ ਬੀਰ ਰਸੀ ਵਾਰਾਂ ਪੇਸ਼ ਕਰਕੇ ਸੰਗਤਾਂ ਨੂੰ ਸਿੱਖ ਇਤਿਹਾਸ ਸਰਵਣ ਕਰਾਇਆ।

ਇਸ ਮੌਕੇ ਸੰਗਤਾਂ ਵਲੋਂ ਬੇਘਰੇ ਲੋਕਾਂ ਲਈ ਵਿਸ਼ੇਸ਼ ਲੰਗਰ ਲਾਇਆ ਗਿਆ, ਜਿਸ ਦੌਰਾਨ ਲੰਗਰ-ਪਾਣੀ ਤੋਂ ਇਲਾਵਾ ਸੋਡਾ ਤੇ ਫਰੂਟੀਆਂ ਵਰਤਾਈਆਂ ਗਈਆਂ।

# ਮੋਦੀ ਦੇ ਰਾਜ ਵਿਚ 40 ਹਜ਼ਾਰ ਕਿਸਾਨਾਂ ਨੇ ਮੌਤ ਗਲੇ ਲਾਈ

**ਜਲੰਧਰ:** ਕੇਂਦਰ ਸਰਕਾਰ ਦੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਰਿਪੋਰਟ ਲੈ ਕੇ ਕਾਂਗਰਸ ਦੇਸ਼ 'ਚ ਨਿਕਲੀ ਹੈ। ਕਾਂਗਰਸ ਨੇ ਮੋਦੀ ਸਰਕਾਰ ਨੂੰ ਕਿਸਾਨ ਖੁਦਕੁਸ਼ੀਆਂ ਤੇ ਕਰਜ਼ਾ ਮੁਆਫੀ ਦੇ ਮੁੱਦਿਆਂ 'ਤੇ ਘੇਰਿਆ ਹੈ। ਕਾਂਗਰਸ ਦੇ ਰਾਜ ਸਭਾ ਮੈਂਬਰ ਅਤੇ ਕੌਮੀ ਬੁਲਾਰੇ ਅਭਿਸ਼ੇਕ ਮਨੂੰ ਸਿੰਘਵੀ ਨੇ ਭਾਜਪਾ ਨੂੰ ਮਹਾ ਜੁਮਲਿਆਂ ਦੀ ਸਰਕਾਰ ਦੱਸਿਆ।

ਸ੍ਰੀ ਸਿੰਘਵੀ ਨੇ ਕਿਹਾ ਕਿ ਮੋਦੀ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ ਤੱਕ ਸਮੁੱਚੇ ਦੇਸ਼ ਵਿਚ 40 ਹਜ਼ਾਰ ਤੋਂ ਵੱਧ ਕਿਸਾਨ ਤੇ ਖੇਤ ਮਜ਼ਦੂਰ ਖੁਦਕੁਸ਼ੀ ਕਰ ਚੁੱਕੇ ਹਨ। 2016 'ਚ 14 ਹਜ਼ਾਰ ਦੇ ਕਰੀਬ ਕਿਸਾਨਾਂ ਤੇ ਮਜ਼ਦੂਰਾਂ ਨੇ ਕਰਜ਼ਿਆਂ ਤੋਂ ਤੰਗ ਆ ਕੇ ਆਪਣੀਆਂ ਜਾਨਾਂ ਗਵਾਈਆਂ ਹਨ। ਸਾਲ 2015 'ਚ 12602 ਅਤੇ ਸਾਲ 2014 ਵਿਚ 12360 ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ। ਇਹ ਅੰਕੜਾ ਦੱਸਦਾ ਹੈ ਕਿ ਕਰਜ਼ਾ ਮੁਆਫੀ ਦੀਆਂ ਗੱਲਾਂ ਕਰ ਕੇ ਭਾਜਪਾ ਨੇ ਦੇਸ਼ ਦੇ ਕਿਸਾਨਾਂ ਤੇ ਮਜ਼ਦੂਰਾਂ ਨਾਲ ਕੋਝਾ ਮਜ਼ਾਕ ਕੀਤਾ ਹੈ। ਭਾਜਪਾ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੇ ਵਾਅਦੇ ਕਰ ਕੇ ਸੱਤਾ 'ਚ ਆਈ ਸੀ ਪਰ ਮੋਦੀ ਸਰਕਾਰ ਕੁਝ ਨਿੱਜੀ ਕੰਪਨੀਆਂ ਦੀ ਸਰਕਾਰ ਬਣ ਕੇ ਰਹਿ ਗਈ ਹੈ। ਪੰਜਾਬ 'ਚ ਕਾਂਗਰਸ ਦੇ ਦੋ ਮਹੀਨਿਆਂ ਦੇ ਰਾਜ 'ਚ 50 ਤੋਂ ਵੱਧ ਕਿਸਾਨਾਂ ਦੇ ਖੁਦਕੁਸ਼ੀ ਕਰਨ ਤੇ ਕਰਜ਼ਾ ਮੁਆਫੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨੂੰ ਮਿਲ ਚੁੱਕੇ ਹਨ ਪਰ ਕੇਂਦਰ ਵੱਲੋਂ ਕਰਜ਼ਾ ਮੁਆਫੀ ਲਈ ਪੰਜਾਬ ਸਰਕਾਰ ਨੂੰ ਸਹਿਯੋਗ ਨਹੀਂ ਦਿੱਤਾ ਜਾ ਰਿਹਾ ਹੈ।

## ਪੰਜਾਬ ਵਿਚ 11 ਜੂਨ ਨੂੰ ਪੰਚਾਇਤੀ ਜ਼ਿਮਨੀ ਚੋਣਾਂ

**ਮੁਹਾਲੀ:** ਪੰਜਾਬ ਵਿਚ ਸਰਪੰਚਾਂ ਤੇ ਪੰਚਾਂ ਦੀਆਂ ਖਾਲੀ ਪਈਆਂ ਸੀਟਾਂ ਲਈ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਨ੍ਹਾਂ ਖਾਲੀ ਸੀਟਾਂ ਲਈ 11 ਜੂਨ ਨੂੰ ਜ਼ਿਮਨੀ ਚੋਣਾਂ ਹੋਣਗੀਆਂ। ਖਾਲੀ ਸੀਟਾਂ ਲਈ ਨਾਮਜ਼ਦਗੀਆਂ ਭਰਨ ਦਾ ਅਮਲ 25 ਤੋਂ 30 ਮਈ ਤੱਕ ਚੱਲੇਗਾ।

ਉਮੀਦਵਾਰਾਂ ਦੇ ਕਾਗਜ਼ਾਂ ਦੀ ਪੜਤਾਲ 31 ਮਈ ਨੂੰ ਹੋਵੇਗੀ ਅਤੇ ਪਹਿਲੀ ਜੂਨ ਨੂੰ ਨਾਮਜ਼ਦਗੀਆਂ ਵਾਪਸ ਲਈਆਂ ਜਾ ਸਕਣਗੀਆਂ। ਇਸੇ ਦਿਨ ਨਤੀਜਾ ਐਲਾਨਿਆ ਜਾਵੇਗਾ।

## ਅਮਰੀਕੀ ਪੁਲਿਸ ਹਿਰਾਸਤ 'ਚ ਭਾਰਤੀ ਦੀ ਮੌਤ

**ਨਿਊ ਯਾਰਕ:** ਅਮਰੀਕਾ ਵਿਚ ਗੈਰਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਵਾਲੇ ਅਤੁਲ ਕੁਮਾਰ ਬਾਬੂਭਾਈ ਪਟੇਲ ਦੀ ਅਮਰੀਕੀ ਇਮੀਗਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਦੀ ਹਿਰਾਸਤ 'ਚ ਮੌਤ ਹੋ ਗਈ। ਉਸ ਨੂੰ ਦੋ ਦਿਨਾਂ ਤੱਕ ਅਟਲਾਂਟਾ ਸਿਟੀ ਦੇ ਹਿਰਾਸਤੀ ਕੇਂਦਰ 'ਚ ਰੱਖਿਆ ਗਿਆ ਸੀ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਤਕਲੀਫ ਹੋਣ 'ਤੇ ਅਤੁਲ ਨੂੰ ਅਟਲਾਂਟਾ ਦੇ ਗਰੇਡੀ ਮੈਮੋਰੀਅਲ ਹਸਪਤਾਲ 'ਚ ਦਾਖਲ ਕਰਾਇਆ ਗਿਆ ਸੀ ਜਿਥੇ ਮੁੱਢਲੀ ਜਾਂਚ ਮੁਤਾਬਕ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ।


ਤੰਦੂਰੀਏ, ਕਿਚਨ ਹੈਲਪਰ ਅਤੇ ਵੇਟਰਾਂ ਦੀ ਲੋੜ ਹੈ

ਪਾਲੋ ਆਲਟੋ (ਬੇਏਰੀਏ) ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕਿਚਨ ਹੈਲਪਰ ਅਤੇ ਵੇਟਰਾਂ ਦੀ ਲੋੜ ਹੈ।

ਚੰਗੀ ਤਨਖਾਹ, ਰਿਹਾਇਸ਼ ਮੁਫਤ

ਸੰਪਰਕ ਕਰੋ

ਫੋਨ: 408-836-8757

20-23



Satwant Singh Insurance Services

We serve all over California

Auto, Home, Life, Business, Workers Comp.

See how much you can save. Get free quote for Auto, Home, Life and Business.

Compare Auto, Home quotes online at our website: www.satwantins.com

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.



Satwant Singh, CLCS, MBA
(CA Lic # 0H11256)

Now we have 3 locations:

San Jose: 2774 Aborn Road
San Jose, CA 95121

Sunnyvale: 830 Stewart Dr Ste #126
Sunnyvale, CA 94085

Fremont: 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

Call today for your FREE, no-obligation quote:

1-408-771-2438

satwant@satwantins.com

Allied Insurance
a Nationwide Insurance® company

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਲੰਡਨ ਵਿਚ ਫਿਦਾਈਨ ਹਮਲਾ; 22 ਜਾਨਾਂ ਗਈਆਂ

**ਲੰਡਨ:** ਮਾਨਚੈਸਟਰ ਸ਼ਹਿਰ ਵਿਚ ਅਮਰੀਕੀ ਪੌਪ ਗਾਇਕਾ ਏਰੀਐਨਾ ਗਰੈਂਡ ਦੇ ਸੰਗੀਤਕ ਪ੍ਰੋਗਰਾਮ (ਕਨਸਰਟ) 'ਚ ਫਿਦਾਈਨ ਵੱਲੋਂ ਕੀਤੇ ਸ਼ਕਤੀਸ਼ਾਲੀ ਦੇਸੀ ਬੰਬ ਧਮਾਕੇ ਵਿਚ 22 ਵਿਅਕਤੀ ਮਾਰੇ ਗਏ ਅਤੇ 59 ਹੋਰ ਜ਼ਖ਼ਮੀ ਹੋ ਗਏ। ਲੰਡਨ 'ਚ 2005 ਦੇ ਧਮਾਕਿਆਂ ਮਗਰੋਂ ਬਰਤਾਨੀਆ 'ਚ ਇਹ ਸਭ ਤੋਂ ਖਤਰਨਾਕ ਹਮਲਾ ਹੈ। ਜਹਾਦੀ ਧੜੇ ਇਸਲਾਮਿਕ ਸਟੇਟ ਨੇ ਧਮਾਕੇ ਦੀ ਜ਼ਿੰਮੇਵਾਰੀ ਲੈਂਦਿਆਂ ਹੋਰ ਹਮਲੇ ਕਰਨ ਦੀ ਚਿਤਾਵਨੀ ਦਿੱਤੀ ਹੈ।

ਧਮਾਕੇ ਤੋਂ ਬਾਅਦ ਸਾਰੀਆਂ ਪਾਰਟੀਆਂ ਨੇ 8 ਜੂਨ ਨੂੰ ਹੋਣ ਵਾਲੀਆਂ ਚੋਣਾਂ ਦਾ ਪ੍ਰਚਾਰ ਮੁਲਤਵੀ ਕਰ ਦਿੱਤਾ ਹੈ। ਧਮਾਕੇ 'ਚ ਜ਼ਿਆਦਾਤਰ ਬੱਚੇ ਅਤੇ ਨਾਬਾਲਗ ਹਲਾਕ ਹੋਏ ਹਨ। ਪੁਲਿਸ ਨੇ ਦੱਖਣੀ ਮਾਨਚੈਸਟਰ ਦੇ ਚਾਰਲਟਨ ਤੋਂ 23 ਵਰ੍ਹਿਆਂ ਦੇ ਇਕ ਨੌਜਵਾਨ ਨੂੰ ਧਮਾਕੇ ਸਬੰਧੀ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਤਸਦੀਕ ਕੀਤੀ ਹੈ ਕਿ ਹਮਲਾਵਰ ਐਰਿਨਾ 'ਚ ਹੀ ਮਾਰਿਆ ਗਿਆ। ਹਮਲੇ ਵਿਚ ਕਿਸੇ ਭਾਰਤੀ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ ਪਰ ਇਹਤਿਆਤ ਵਜੋਂ ਭਾਰਤੀ ਹਾਈ ਕਮਿਸ਼ਨ ਨੇ ਫੋਨ ਨੰਬਰ ਜਾਰੀ ਕੀਤੇ ਹਨ। ਪੌਪ ਗਾਇਕਾ ਸੁਰੱਖਿਅਤ ਹੈ ਅਤੇ ਉਸ ਨੇ ਹਮਲੇ ਦੀ ਨਿਖੇਧੀ ਕਰਦਿਆਂ ਆਪਣੇ ਟੂਰ ਦੇ ਸਾਰੇ ਪ੍ਰੋਗਰਾਮ ਰੱਦ ਕਰ ਦਿੱਤੇ ਹਨ।



ਪ੍ਰਤੱਖਦਰਸ਼ੀਆਂ ਮੁਤਾਬਕ 21 ਹਜ਼ਾਰ ਸਮਰੱਥਾ ਵਾਲੇ ਐਰਿਨਾ 'ਚ ਇਕ ਧਮਾਕਾ ਉਸ ਸਮੇਂ ਸੁਣਿਆ ਗਿਆ ਜਦੋਂ ਪੌਪ ਗਾਇਕਾ ਦਾ ਸ਼ੋਅ ਖਤਮ ਹੋ ਗਿਆ ਸੀ।

ਪੁਲਿਸ ਦਾ ਕਹਿਣਾ ਹੈ ਕਿ ਧਮਾਕਾ ਇਕੋ ਆਤਮਘਾਤੀ ਬੰਬਾਰ ਨੇ ਕੀਤਾ ਜਿਸ ਦੀ ਸ਼ਨਾਖਤ ਨਹੀਂ ਹੋ ਸਕੀ। ਹਾਲਾਂਕਿ ਦਹਿਸ਼ਤੀ ਸੰਗਠਨ ਇਸਲਾਮਿਕ ਸਟੇਟ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਬ੍ਰਿਟੇਨ ਵਿਚ ਇਸ ਤੋਂ ਪਹਿਲਾਂ ਵੱਡਾ ਦਹਿਸ਼ਤੀ ਹਮਲਾ ਜੁਲਾਈ 2005 ਵਿਚ ਹੋਇਆ ਸੀ। ਉਦੋਂ ਚਾਰ ਆਤਮਘਾਤੀ ਬੰਬਾਰਾਂ ਨੇ ਤਿੰਨ ਸਬਵੇਅ ਗੱਡੀਆਂ ਤੇ ਇਕ ਬੱਸ ਨੂੰ ਧਮਾਕਿਆਂ ਦਾ ਨਿਸ਼ਾਨਾ ਬਣਾਉਂਦਿਆਂ 52 ਵਿਅਕਤੀਆਂ ਦੀਆਂ ਜਾਨਾਂ ਲੈ ਲਈਆਂ ਸਨ। ਉਸ ਤੋਂ ਬਾਅਦ ਇਸ ਮੁਲਕ ਉਤੇ ਹੋਰ ਕੋਈ ਵੱਡਾ ਹਮਲਾ ਨਹੀਂ ਹੋਇਆ। 2009 ਵਿਚ 2005 ਵਰਗੇ ਹਮਲੇ ਦੀ ਇਕ ਸਾਜ਼ਿਸ਼ ਨੂੰ ਲੰਡਨ ਪੁਲਿਸ ਨੇ ਐਨ ਆਖਰੀ ਮੌਕੇ ਨਾਕਾਮ ਕਰ ਦਿੱਤਾ ਸੀ। ਬ੍ਰਿਟਿਸ਼ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੇ ਹਮਲੇ ਲਈ ਜ਼ਿੰਮੇਵਾਰ ਸਾਜ਼ਿਸ਼ੀਆਂ ਦਾ ਖੁਰਾ ਨੱਪਣ ਤੇ ਉਨ੍ਹਾਂ ਨੂੰ ਕਾਨੂੰਨ ਦੀ ਗ੍ਰਿਫਤ ਵਿਚ ਲਿਆਉਣ ਦਾ ਵਾਅਦਾ ਕੀਤਾ ਹੈ।

## ਸਿੱਖ ਭਾਈਚਾਰਾ ਮਦਦ ਲਈ ਆਇਆ ਅੱਗੇ

**ਮਾਨਚੈਸਟਰ:** ਸਿੱਖ ਟੈਕਸੀ ਡਰਾਈਵਰ ਏ.ਜੇ. ਸਿੰਘ ਨੇ ਇਸ ਮੌਕੇ ਬਹਾਦਰੀ ਵਿਖਾਉਂਦਿਆਂ ਜ਼ਖ਼ਮੀਆਂ ਤੇ ਲੋੜਵੰਦਾਂ ਨੂੰ ਸੁਰੱਖਿਅਤ ਥਾਂ 'ਤੇ ਪਹੁੰਚਾਉਣ ਦੇ ਯਤਨ ਕੀਤੇ। ਏ.ਜੇ. ਸਿੰਘ ਨੇ ਆਪਣੀ ਟੈਕਸੀ 'ਤੇ 'ਮੁਫਤ ਟੈਕਸੀ' ਲਿਖ ਕੇ ਲੋੜਵੰਦਾਂ ਦੀ ਸੇਵਾ ਕੀਤੀ। ਚੈਨਲ 4 ਨਾਲ ਗੱਲਬਾਤ ਕਰਦਿਆਂ ਏ.ਜੇ. ਸਿੰਘ ਨੇ ਕਿਹਾ ਕਿ ਖੂਨ ਨਾਲ ਲਥਪਥ ਲੋਕਾਂ ਦਾ ਹਾਲ ਵੇਖ ਕੇ ਉਸ ਤੋਂ ਰਿਹਾ ਨਾ ਗਿਆ। ਇਸ ਦੇ ਨਾਲ ਹੀ ਸਥਾਨਕ ਗੁਰੂ ਘਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਐਜੂਕੇਸ਼ਨ ਐਂਡ ਕਲਚਰਲ ਸੈਂਟਰ, ਗੁਰਦੁਆਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ, ਦਸਮੇਸ਼ ਸਿੱਖ ਗੁਰਦੁਆਰਾ ਤੇ ਸੈਂਟਰਲ ਗੁਰਦੁਆਰਾ ਮਾਨਚੈਸਟਰ ਵੱਲੋਂ ਪੀੜਤਾਂ ਲਈ ਲੰਗਰ ਤੇ ਰਿਹਾਇਸ਼ ਲਈ ਦਰਵਾਜ਼ੇ ਖੋਲ੍ਹ ਦਿੱਤੇ ਗਏ। ਲੋੜਵੰਦਾਂ ਦੇ ਖਾਣ-ਪੀਣ ਲਈ ਤੁਰਤ ਪ੍ਰਬੰਧ ਕੀਤੇ ਗਏ।

# ਸੀ.ਆਰ.ਪੀ.ਐਫ. ਦੇ ਸਾਬਕਾ ਅਫਸਰ ਨੂੰ ਕੈਨੇਡਾ ਵਿਚ ਦਾਖਲ ਹੋਣ ਤੋਂ ਰੋਕਿਆ

**ਨਵੀਂ ਦਿੱਲੀ:** ਸੀ.ਆਰ.ਪੀ.ਐਫ. ਦੇ ਸਾਬਕਾ ਆਈ.ਜੀ. ਨੂੰ ਕੈਨੇਡਾ ਦੇ ਹਵਾਈ ਅੱਡੇ 'ਤੇ ਦੇਸ਼ ਵਿਚ ਦਾਖਲੇ ਤੋਂ ਰੋਕ ਦਿੱਤਾ ਗਿਆ। ਅਧਿਕਾਰੀਆਂ ਨੇ ਤਰਕ ਦਿੱਤਾ ਕਿ ਜਿਸ ਫੋਰਸ 'ਚ ਉਹ ਕੰਮ ਕਰਦਾ ਸੀ, ਉਹ ਵੱਡੇ ਪੱਧਰ ਉਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦੀ ਹੈ ਅਤੇ ਅਤਿਵਾਦ ਵਿਚ ਫਸੀ ਹੋਈ ਹੈ।

ਕੈਨੇਡਾ ਦੀ ਇਸ ਕਾਰਵਾਈ ਦਾ ਭਾਰਤ ਨੇ ਸਖਤ ਵਿਰੋਧ ਪ੍ਰਗਟਾਇਆ ਹੈ। ਸੇਵਾ ਮੁਕਤ ਆਈ.ਜੀ. ਤੇਜਿੰਦਰ ਸਿੰਘ ਢਿੱਲੋਂ ਦਾ ਕਹਿਣਾ ਹੈ ਕਿ ਉਹ ਪਰਿਵਾਰਕ ਸਮਾਗਮ 'ਚ ਹਿੱਸਾ ਲੈਣ ਪਤਨੀ ਨਾਲ ਕੈਨੇਡਾ ਦੇ ਵੈਨਕੂਵਰ ਹਵਾਈ ਅੱਡੇ 'ਤੇ ਪੁੱਜਾ ਸੀ, ਪਰ ਕੈਨੇਡਾ ਦੀ ਸਰਹੱਦੀ ਏਜੰਸੀ ਨੇ ਉਨ੍ਹਾਂ ਨੂੰ ਹਵਾਈ ਅੱਡੇ 'ਤੇ ਰੋਕ ਲਿਆ ਅਤੇ ਅੱਗੇ ਜਾਣ ਦੀ ਆਗਿਆ ਨਾ ਦਿੱਤੀ। ਉਸ ਨੇ ਸਾਬਕਾ ਸੀ.ਆਰ.ਪੀ. ਐਫ. ਅਫਸਰ



ਹੋਣ ਬਾਰੇ ਵੀ ਦੱਸਿਆ, ਪਰ ਇਸ ਵੱਲ ਕੋਈ ਧਿਆਨ ਨਾ ਦਿੱਤਾ। ਉਨ੍ਹਾਂ ਦੀ ਪਤਨੀ ਨੂੰ ਤਾਂ ਅੱਗੇ ਜਾਣ ਦੀ ਆਗਿਆ ਦੇ ਦਿੱਤੀ, ਪਰ ਉਨ੍ਹਾਂ ਨੂੰ 20 ਮਈ ਨੂੰ ਵਾਪਸ ਭਾਰਤ ਭੇਜ ਦਿੱਤਾ ਗਿਆ।

ਭਾਰਤ ਸਰਕਾਰ ਨੇ ਇਸ ਮਾਮਲੇ ਨੂੰ ਕੈਨੇਡਾ ਸਰਕਾਰ ਸਾਹਮਣੇ ਸਖਤੀ ਨਾਲ ਉਠਾਇਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੋਪਾਲ ਬਾਗਲੇ ਕਿਹਾ ਕਿ ਸਾਡੇ ਸੁਰੱਖਿਆ ਅਧਿਕਾਰੀ ਲਈ ਅਜਿਹੀ ਸ਼ਬਦਾਵਲੀ ਸਾਨੂੰ ਮਨਜ਼ੂਰ ਨਹੀਂ ਹੈ। ਇਸ ਤੋਂ ਬਾਅਦ ਭਾਰਤ 'ਚ ਕੈਨੇਡਾ ਦੇ ਹਾਈ ਕਮਿਸ਼ਨਰ ਨਾਦਿਰ ਪਟੇਲ ਨੇ ਕਿਹਾ ਕਿ ਮੀਡੀਆ ਰਿਪੋਰਟਾਂ ਤੋਂ ਇਸ ਸਬੰਧੀ ਜਾਣਕਾਰੀ ਮਿਲੀ ਹੈ ਤੇ ਉਨ੍ਹਾਂ ਨੂੰ ਇਸ ਗੱਲ ਦਾ ਅਫਸੋਸ ਹੈ।

## ਕਰਜ਼ ਮੁਆਫੀ ਦੇ ਵਾਅਦੇ ਤੋਂ ਭੱਜਣ ਲੱਗੀ ਸਰਕਾਰ

*(ਸਫਾ ਇਕ ਦੀ ਬਾਕੀ)*

ਸਰਕਾਰ ਨੇ ਦਰਮਿਆਨੇ, ਛੋਟੇ ਅਤੇ ਵੱਡੇ ਕਿਸਾਨਾਂ ਵੱਲੋਂ ਲਏ ਗਏ ਫਸਲੀ ਅਤੇ ਮਿਆਦੀ ਕਰਜ਼ਿਆਂ ਬਾਰੇ ਅੰਕੜੇ ਮੰਗੇ ਹਨ। ਉਨ੍ਹਾਂ ਨੂੰ 50 ਹਜ਼ਾਰ ਰੁਪਏ ਤੋਂ ਘੱਟ, 50 ਹਜ਼ਾਰ ਤੋਂ ਇਕ ਲੱਖ, ਇਕ ਲੱਖ ਤੋਂ 2 ਲੱਖ, ਦੋ ਲੱਖ ਤੋਂ 5 ਲੱਖ ਅਤੇ ਪੰਜ ਲੱਖ ਤੋਂ ਵੱਧ ਦਾ ਕਰਜ਼ਾ ਲੈਣ ਵਾਲੇ ਕਿਸਾਨਾਂ ਦੇ ਵੇਰਵੇ ਦੇਣ ਲਈ ਕਿਹਾ ਹੈ। ਸੂਤਰਾਂ ਨੇ ਕਿਹਾ ਕਿ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਵੱਲੋਂ ਐਲਾਨੇ ਕਰਜ਼ਾ ਰਾਹਤ ਮਾਡਲ ਬਾਰੇ ਵੀ ਅਧਿਐਨ ਕੀਤਾ ਜਾ ਰਿਹਾ ਹੈ।

## ਹੇਮਕੁੰਟ ਸਾਹਿਬ ਯਾਤਰਾ ਸ਼ੁਰੂ

**ਅੰਮ੍ਰਿਤਸਰ:** ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਗੁਰਦੁਆਰਾ ਗੋਬਿੰਦ ਘਾਟ ਤੋਂ 24 ਮਈ ਤੋਂ ਸ਼ੁਰੂ ਹੋ ਗਈ ਹੈ। ਉਤਰਾਖੰਡ ਦੇ ਸੈਰ ਸਪਾਟਾ ਮੰਤਰੀ ਨੇ ਹਰੀ ਝੰਡੀ ਦਿਖਾ ਕੇ ਯਾਤਰੂਆਂ ਨੂੰ ਅਗਲੇ ਪੜਾਅ ਲਈ ਰਵਾਨਾ ਕੀਤਾ। ਗੁਰਦੁਆਰਾ ਰਿਸ਼ੀਕੇਸ਼ ਸਾਹਿਬ ਦੇ ਮੈਨੇਜਰ ਦਰਸ਼ਨ ਸਿੰਘ ਨੇ ਦੱਸਿਆ ਕਿ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਵੱਲੋਂ ਯਾਤਰਾ ਲਈ ਢੁਕਵੇਂ ਪ੍ਰਬੰਧ ਕਰ ਲਏ ਗਏ ਹਨ।

## 'ਆਪ' ਵਿਧਾਇਕ ਉਤੇ ਦੰਗੇ ਫੈਲਾਉਣ ਦਾ ਕੇਸ

**ਨਵੀਂ ਦਿੱਲੀ:** ਅਦਾਲਤ ਨੇ 'ਆਪ' ਵਿਧਾਇਕ ਸੋਮਦੱਤ ਖਿਲਾਫ਼ ਮੁਕੱਦਮਾ ਸ਼ੁਰੂ ਕਰ ਦਿੱਤਾ ਹੈ। ਸੋਮਦੱਤ 'ਤੇ ਸਾਲ 2015 ਦੀਆਂ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਦੰਗਾ ਫੈਲਾਉਣ, ਇਕ ਵਿਅਕਤੀ ਨਾਲ ਕੁੱਟਮਾਰ ਕਰਨ ਦੇ ਇਲਜ਼ਾਮ ਹਨ। ਦਿੱਲੀ ਦੇ ਸਦਰ ਬਾਜ਼ਾਰ ਇਲਾਕੇ ਤੋਂ 'ਆਪ' ਵਿਧਾਇਕ ਸੋਮਦੱਤ ਖਿਲਾਫ਼ ਮੈਟਰੋਪੋਲੀਟਨ ਮੈਜਿਸਟ੍ਰੇਟ ਰੂਬੀ ਨੀਜ ਕੁਮਾਰ ਨੇ ਦੋਸ਼ ਤੈਅ ਕਰ ਦਿੱਤੇ ਗਏ ਹਨ, ਇਸ ਸਮੇਂ ਜ਼ਮਾਨਤ 'ਤੇ ਚੱਲ ਰਹੇ ਵਿਧਾਇਕ ਨੇ ਆਪਣੇ ਆਪ ਨੂੰ ਬੇਕਸੂਰ ਦੱਸਦਿਆਂ ਮੁਕੱਦਮੇ ਦਾ ਸਾਹਮਣਾ ਕਰਨ ਦਾ ਫੈਸਲਾ ਲਿਆ ਸੀ।

# ਕੈਪਟਨ ਲਈ ਅਮਨ-ਕਾਨੂੰਨ ਬਣਿਆ ਵੰਗਾਰ

*(ਸਫਾ ਇਕ ਦੀ ਬਾਕੀ)*

ਵਾਰਦਾਤਾਂ ਦੇ ਤਾਰ ਵਿਦੇਸ਼ਾਂ ਨਾਲ ਹੀ ਜੁੜਦੇ ਰਹੇ ਹਨ। ਉਂਜ ਇਨ੍ਹਾਂ ਵਾਰਦਾਤਾਂ ਬਾਰੇ ਪੁਲਿਸ ਦੇ ਹੱਥ ਅਜੇ ਕੁਝ ਵੀ ਨਹੀਂ ਲੱਗਾ ਹੈ। ਯਾਦ ਰਹੇ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਰਤ ਫੇਰੀ 'ਤੇ ਆਏ ਕੈਨੇਡਾ ਦੇ ਰੱਖਿਆ ਮੰਤਰੀ ਸੱਜਣ ਸਿੰਘ ਨੂੰ ਇਹ ਕਹਿ ਕੇ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਉਸ ਦੇ ਸਬੰਧ ਗਰਮਖਿਆਲੀਆਂ ਨਾਲ ਹਨ।

ਭਾਰਤ ਸਰਕਾਰ ਵੱਲੋਂ ਵੀ ਵਾਰ-ਵਾਰ ਦੋਸ਼ ਲਾਏ ਜਾ ਰਹੇ ਹਨ ਕਿ ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਸਿੱਖਾਂ ਨੂੰ ਗੁੰਮਰਾਹ ਕਰ ਰਹੀ ਹੈ। ਹੁਣ ਪੰਜਾਬ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਨੌਜਵਾਨਾਂ ਨੇ ਮੁੱਢਲੀ ਪੁੱਛ-ਪੜਤਾਲ ਦੌਰਾਨ ਖੁਲਾਸਾ ਕੀਤਾ ਹੈ ਕਿ ਕੈਨੇਡਾ ਦੇ ਓਂਟਾਰੀਓ ਆਧਾਰਤ ਗਰਮਖਿਆਲੀ ਸਿੱਖ ਗੁਰਜੀਵਨ ਸਿੰਘ ਦੀ ਯੋਜਨਾ ਤਹਿਤ ਗਿਰੋਹ ਬਣਾਇਆ ਗਿਆ ਹੈ। ਗੁਰਜੀਵਨ ਸਿੰਘ ਪਿਛਲੇ ਛੇ ਮਹੀਨਿਆਂ ਦੌਰਾਨ ਦੋ ਵਾਰ ਪੰਜਾਬ ਆਇਆ ਅਤੇ ਉਸ ਨੇ ਪਾਕਿਸਤਾਨ ਵਿਚ ਆਪਣੇ ਸੰਪਰਕਾਂ ਰਾਹੀਂ ਇਸ ਕਾਰਵਾਈ ਲਈ ਹਥਿਆਰਾਂ ਦਾ ਬੰਦੋਬਸਤ ਕੀਤਾ। ਗੁਰਜੀਵਨ ਸਿੰਘ ਨੇ ਪੰਜਾਬ ਦੇ ਪਿਛਲੇ ਦੋ ਦੌਰਿਆਂ ਦੌਰਾਨ ਉਨ੍ਹਾਂ ਨੂੰ ਏ.ਕੇ.-47 ਰਾਈਫਲਾਂ ਸਮੇਤ ਹੋਰ ਹਥਿਆਰ ਚਲਾਉਣ ਬਾਰੇ ਸਿਖਲਾਈ ਦਿੱਤੀ। ਯਾਦ ਰਹੇ ਕਿ ਦੋਵਾਂ ਨੌਜਵਾਨ ਨੂੰ ਹਥਿਆਰ ਦੱਬੇ ਹੋਣ ਵਾਲੀ ਥਾਂ ਲੱਭਣ ਦੀ ਕੋਸ਼ਿਸ਼ ਕਰਦਿਆਂ ਬੀ.ਐਸ.ਐਫ. ਜਵਾਨਾਂ ਨੇ ਕਾਬੂ ਕੀਤਾ ਸੀ। ਇਨ੍ਹਾਂ ਦੀ ਨਿਸ਼ਾਨਦੇਹੀ ਉਤੇ ਬੀ.ਐਸ.ਐਫ. ਤੇ ਪੁਲਿਸ ਨੇ ਇਕ ਥਾਂ ਲੁਕਾਏ 13 ਪਿਸਤੌਲ, 13 ਮੈਗਜ਼ੀਨ, 282 ਰੌਂਦ, ਇਕ ਬੰਦੂਕ, ਇਕ ਏ.ਕੇ. 47 ਰਾਈਫਲ, 5 ਹਥ ਗੋਲੇ ਤੇ ਮੋਬਾਈਲ ਸਿਮ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ।

ਦੱਸਣਯੋਗ ਹੈ ਕਿ ਮਾੜੀ ਕਾਨੂੰਨ ਵਿਵਸਥਾ ਕੈਪਟਨ ਸਰਕਾਰ ਲਈ ਵੱਡੀ ਵੰਗਾਰ ਬਣੀ ਹੋਈ ਹੈ। ਇਸੇ ਹਫਤੇ ਅਜਨਾਲਾ ਵਿਚ ਇਕ ਡਾਕਟਰ ਨੂੰ ਅਗਵਾ ਕਰਨ ਅਤੇ ਫਿਰ ਫਿਰੌਤੀ ਲੈ ਕੇ ਛੱਡ ਦੇਣ ਦੀ ਘਟਨਾ ਤੋਂ ਵੀ ਸੂਬੇ ਦੇ ਹਾਲਾਤ ਦਾ ਸਹਿਜੇ ਅਨੁਮਾਨ ਲਗਾਇਆ ਜਾ ਸਕਦਾ ਹੈ। ਪੰਜਾਬ ਵਿਚ ਪਿਛਲੇ ਕੁਝ ਸਾਲਾਂ ਵਿਚ ਨਵੀਂ-ਨਵੀਂ ਕਿਸਮ ਦੇ ਅਪਰਾਧਾਂ ਅਤੇ ਉਨ੍ਹਾਂ ਨਾਲ ਜੁੜੇ ਗੈਂਗਸਟਰਾਂ ਦੀਆਂ ਵਧਦੀਆਂ ਸਰਗਰਮੀਆਂ ਨੇ ਹੈਰਾਨ ਕੀਤਾ ਹੋਇਆ ਹੈ। ਪੁਲਿਸ ਦੀ ਹਿਰਾਸਤ ਵਿਚ ਅਪਰਾਧੀਆਂ ਵੱਲੋਂ ਵਿਰੋਧੀ ਧਿਰ ਦੇ ਕੈਦੀ ਦੀ ਹੱਤਿਆ, ਗੈਂਗਸਟਰਾਂ ਦੀ ਆਪਸੀ ਖਹਿਬਾਜ਼ੀ, ਗੈਂਗਸਟਰਾਂ ਅਤੇ ਮਾਫੀਆ ਵੱਲੋਂ ਪੁਲਿਸ ਅਧਿਕਾਰੀਆਂ ਦੀ ਹੱਤਿਆ, ਪੁਲਿਸ ਕਰਮਚਾਰੀਆਂ 'ਤੇ ਹਮਲੇ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਆਮ ਗੱਲ ਹੋ ਗਈ ਹੈ। ਪੰਜਾਬ ਦੀ ਮੌਜੂਦਾ ਸਰਕਾਰ ਨੇ ਇਹ ਗੱਲ ਮੰਨੀ ਹੈ ਕਿ ਸੂਬੇ ਵਿਚ ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਤੋਂ ਬਾਅਦ ਗੈਂਗਸਟਰਾਂ ਅਤੇ ਮਾਫੀਆ ਦੀਆਂ ਸਰਗਰਮੀਆਂ ਚਿੰਤਾ ਦਾ ਕਾਰਨ ਬਣੀਆਂ ਹੋਈਆਂ ਹਨ। ਪੁਲਿਸ ਦੀਆਂ ਖੁਫੀਆ ਸੂਚਨਾਵਾਂ ਅਨੁਸਾਰ ਰਾਜ ਵਿਚ ਇਸ ਸਮੇਂ ਲਗਭਗ 35 ਛੋਟੇ-ਵੱਡੇ ਗੈਂਗਸਟਰ ਗਰੋਹ ਸਰਗਰਮ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਪੰਜਾਬ ਵਿਜੀਲੈਂਸ ਨੂੰ ਕਿਉਂ ਨਹੀਂ ਲੱਭਦੇ ਜ਼ੋਰਾਵਰਾਂ ਖਿਲਾਫ ਸਬੂਤ?

## ਡੀ.ਜੀ.ਪੀ. ਵਿਰੁਧ ਕੇਸ ਖਤਮ ਕਰਨ 'ਤੇ ਉਠੇ ਸਵਾਲ

**ਮੁਹਾਲੀ:** ਅਦਾਲਤ ਨੇ ਸਾਬਕਾ ਡੀ.ਜੀ.ਪੀ. ਸਰਬਦੀਪ ਸਿੰਘ ਵਿਰਕ ਵਿਰੁਧ ਭ੍ਰਿਸ਼ਟਾਚਾਰ ਦਾ ਕੇਸ ਖਤਮ ਕਰ ਦਿੱਤਾ ਹੈ। ਵਿਜੀਲੈਂਸ ਨੇ ਵਿਰਕ ਵਿਰੁਧ ਕੇਸ ਖਤਮ ਕਰਨ ਦੀ ਸਿਫਾਰਸ਼ ਕੀਤੀ ਸੀ। ਇਸ ਤੋਂ ਪਹਿਲਾਂ ਖੁਦ ਵਿਜੀਲੈਂਸ ਵੱਲੋਂ ਸ੍ਰੀ ਵਿਰਕ ਨੂੰ ਗ੍ਰਿਫਤਾਰ ਕਰ ਕੇ ਉਸ ਖਿਲਾਫ਼ ਭ੍ਰਿਸ਼ਟਾਚਾਰ ਰੋਕੂ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ।

ਇਸ ਮਾਮਲੇ ਵਿਚ ਵਿਜੀਲੈਂਸ ਪਹਿਲਾਂ ਕਈ ਸਪਲੀਮੈਂਟਰੀ ਚਲਾਨ ਵੀ ਪੇਸ਼ ਕਰ ਚੁੱਕੀ ਹੈ ਪਰ ਹੁਣ ਤੱਕ ਦੀ ਜਾਂਚ ਪੜਤਾਲ ਦੌਰਾਨ ਵਿਜੀਲੈਂਸ ਸਾਬਕਾ ਪੁਲਿਸ ਮੁਖੀ ਖਿਲਾਫ਼ ਕੋਈ ਠੋਸ ਸਬੂਤ ਇਕੱਠੇ ਨਹੀਂ ਕਰ ਸਕੀ। ਵਿਜੀਲੈਂਸ ਦੀ ਨਾਕਾਮੀ 'ਤੇ ਵੱਡੇ ਸਵਾਲ ਉਠ ਰਹੇ ਹਨ।

ਜ਼ਿਲ੍ਹਾ ਅਦਾਲਤ ਵੱਲੋਂ ਇਸ ਤੋਂ ਪਹਿਲਾਂ ਅਕਾਲੀ-ਭਾਜਪਾ ਕਾਰਜਕਾਲ ਦੌਰਾਨ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਹੋਰਨਾਂ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਵਿਜੀਲੈਂਸ ਦੀ ਮਿਹਰਬਾਨੀ ਸਦਕਾ ਦੋਸ਼ ਮੁਕਤ ਕਰਾਰ ਦਿੱਤਾ ਗਿਆ ਸੀ। ਵਿਜੀਲੈਂਸ ਬਾਦਲ ਪਰਿਵਾਰ ਖਿਲਾਫ਼ ਅਦਾਲਤ ਵਿਚ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੀ ਸੀ। ਹਾਲ ਹੀ ਵਿਚ ਵਿਜੀਲੈਂਸ ਨੇ ਸਾਬਕਾ ਸਿੱਖਿਆ ਮੰਤਰੀ ਜਥੇਦਾਰ ਤੋਤਾ ਸਿੰਘ ਵਿਰੁੱਧ ਕੇਸ ਖਤਮ ਕਰਨ ਦੀ ਅਰਜ਼ੀ ਦਿੱਤੀ ਸੀ ਪਰ ਮੁਹਾਲੀ ਅਦਾਲਤ ਨੇ ਇਹ ਅਰਜ਼ੀ ਰੱਦ ਕਰ ਦਿੱਤੀ। ਤੋਤਾ ਸਿੰਘ ਖਿਲਾਫ਼ ਸਿੱਖਿਆ ਬੋਰਡ ਵਿਚ 164 ਕਲਰਕ ਅਤੇ ਹੈਲਪਰ ਭਰਤੀ ਘੁਟਾਲੇ ਦਾ ਕੇਸ ਚਲ ਰਿਹਾ ਹੈ। ਇਸ ਮਾਮਲੇ ਵਿਚ ਬੋਰਡ ਦੇ ਸਾਬਕਾ ਚੇਅਰਮੈਨ ਅਤੇ ਸਕੱਤਰ ਸਮੇਤ ਕਈ ਸੀਨੀਅਰ ਅਧਿਕਾਰੀਆਂ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਇਨ੍ਹਾਂ 'ਚੋਂ ਕਈ ਅਧਿਕਾਰੀ ਹੁਣ ਸੇਵਾ ਮੁਕਤ ਹੋ ਚੁੱਕੇ ਹਨ।

## ਕੈਪਟਨ ਦੀ ਨੌਕਰੀ ਵਾਲੀ ਮੁਹਿੰਮ ਰਸੂਖਵਾਨਾਂ ਦੇ ਘਰੋਂ ਸ਼ੁਰੂ

**ਚੰਡੀਗੜ੍ਹ:** ਕਾਂਗਰਸ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨੌਜਵਾਨਾਂ ਨੂੰ ਭਰਮਾਉਣ ਲਈ 'ਹਰ ਘਰ ਇਕ ਨੌਕਰੀ' ਦਾ ਨਾਅਰਾ ਦਿੱਤਾ ਸੀ। ਇਸ ਨਾਅਰੇ ਉਤੇ ਭਾਵੇਂ ਰਾਜਸੀ ਤੌਰ 'ਤੇ ਅਮਲ ਅਜੇ ਸ਼ੁਰੂ ਨਹੀਂ ਹੋਇਆ, ਪਰ ਪ੍ਰਸ਼ਾਸਕੀ ਹਲਕਿਆਂ ਵਿਚ ਚਰਚਾ ਹੈ ਕਿ ਇਸ ਵਾਅਦੇ ਨੂੰ ਨਿਭਾਉਣ ਦਾ ਮੁੱਢ ਰਸੂਖਵਾਨ ਪਰਿਵਾਰਾਂ ਤੋਂ ਬੰਨ੍ਹਿਆ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੇ ਪਰਿਵਾਰ ਨੂੰ ਵੱਡਾ ਤੋਹਫਾ ਦੇਣ ਦੀ ਤਿਆਰੀ ਕੱਸ ਲਈ ਹੈ। ਮਰਹੂਮ ਮੁੱਖ ਮੰਤਰੀ ਦੇ ਪੋਤਰੇ ਗੁਰਇਕਬਾਲ ਸਿੰਘ, ਜੋ ਕਿ ਸੁਖਵੰਤ ਸਿੰਘ ਕੋਟਲੀ ਦਾ ਪੁੱਤਰ ਤੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਦਾ ਛੋਟਾ ਭਰਾ ਹੈ, ਨੂੰ ਪੰਜਾਬ ਪੁਲਿਸ ਵਿਚ ਡੀ.ਐਸ.ਪੀ. ਦੀ ਨੌਕਰੀ ਮਿਲੇਗੀ।

ਗ੍ਰਹਿ ਵਿਭਾਗ ਦੇ ਸੂਤਰਾਂ ਮੁਤਾਬਕ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਹਦਾਇਤਾਂ 'ਤੇ ਡੀ.ਜੀ.ਪੀ. ਵੱਲੋਂ ਨਿਯੁਕਤੀ ਸਬੰਧੀ ਤਜਵੀਜ਼ ਭੇਜ ਦਿੱਤੀ ਗਈ ਹੈ। ਗ੍ਰਹਿ ਵਿਭਾਗ ਦੇ ਇਕ ਅਧਿਕਾਰੀ ਦਾ ਦੱਸਣਾ ਹੈ ਕਿ ਮਰਹੂਮ ਮੁੱਖ ਮੰਤਰੀ ਦੇ ਪੋਤਰੇ ਨੂੰ ਬਿਨਾਂ ਪ੍ਰੀਖਿਆ ਤੇ ਹੋਰ ਸ਼ਰਤਾਂ ਦੀ ਛੋਟ ਦੇ ਕੇ ਹੀ ਡੀ.ਐਸ.ਪੀ. ਦੀਆਂ ਫੀਤੀਆਂ ਨਹੀਂ ਲਾਈਆਂ ਜਾ ਰਹੀਆਂ, ਸਗੋਂ ਉਮਰ ਵਿਚ ਵੀ ਛੋਟ ਦਿੱਤੀ ਜਾਵੇਗੀ। ਨੌਕਰੀ ਪ੍ਰਕਿਰਿਆ ਨੇਪਰੇ ਚਾੜ੍ਹਨ ਲਈ ਇਹ ਮਾਮਲਾ ਜਲਦੀ ਹੀ ਮੰਤਰੀ ਮੰਡਲ ਨੂੰ ਭੇਜਿਆ ਜਾਵੇਗਾ।

# ਕੈਪਟਨ ਤੇ ਬਾਦਲਾਂ ਦੀ 'ਯਾਰੀ' ਵਿਰੁਧ ਮੁਹਿੰਮ

**ਚੰਡੀਗੜ੍ਹ:** ਯੂਨਾਈਟਿਡ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਬਾਦਲਾਂ ਨਾਲ ਸਾਂਝ ਨੂੰ ਉਜਾਗਰ ਕਰਨ ਲਈ 13 ਜੂਨ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਰੋਸ ਮਾਰਚ ਕਰਨ ਦਾ ਫੈਸਲਾ ਕੀਤਾ ਗਿਆ। ਇਸ ਤੋਂ ਇਲਾਵਾ 'ਸਰਬੱਤ ਖਾਲਸਾ' ਵੱਲੋਂ ਥਾਪੇ ਜਥੇਦਾਰਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਸਬੰਧੀ ਦੋ ਸਾਲ ਪੂਰੇ ਹੋਣ ਪਹਿਲੀ ਜੂਨ ਨੂੰ ਬਰਗਾੜੀ ਵਿਚ ਵੱਡੇ ਪੱਧਰ 'ਤੇ ਸਮਾਗਮ ਕਰਵਾਉਣ ਦਾ ਵੀ ਫੈਸਲਾ ਕੀਤਾ ਗਿਆ ਹੈ।

ਪਾਰਟੀ ਦੇ ਸਕੱਤਰ ਜਨਰਲ ਭਾਈ ਗੁਰਦੀਪ ਸਿੰਘ ਬਠਿੰਡਾ, ਡਾ. ਭਗਵਾਨ ਸਿੰਘ, ਗੁਰਨਾਮ ਸਿੰਘ ਸਿੱਧੂ ਤੇ ਜਸਵਿੰਦਰ ਸਿੰਘ ਬਰਾੜ ਨੇ ਕਿਹਾ ਕਿ ਕੈਪਟਨ ਨੇ ਬਾਣੀ ਦਾ ਗੁਟਕਾ ਹੱਥ ਵਿਚ ਫੜ ਕੇ ਪੰਜਾਬ ਵਿਚੋਂ ਨਸ਼ੇ ਬੰਦ ਕਰਨ ਦੀ ਸਹੁੰ ਖਾਧੀ ਸੀ ਪਰ ਉਹ ਅਜਿਹਾ ਕਰ ਨਾ ਸਕੇ। ਕੈਪਟਨ ਸਰਕਾਰ ਡਰੱਗ ਮਾਫੀਆ, ਰਾਜਸੀ ਆਗੂਆਂ ਤੇ ਪੁਲਿਸ ਅਫਸਰਾਂ ਦੇ ਕਥਿਤ ਗੱਠਜੋੜ ਵੱਲ ਗੌਰ ਨਹੀਂ ਕਰ ਰਹੀ। ਨਸ਼ੇ ਰੋਕਣ ਦੇ ਨਾਂ 'ਤੇ ਸਿਰਫ ਨਸ਼ੇੜੀਆਂ ਨੂੰ ਹੀ ਫੜਿਆ ਜਾ ਰਿਹਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਸਰਕਾਰ ਪਿਛਲੀ ਬਾਦਲ ਸਰਕਾਰ ਦੇ ਰਾਹ ਪੈਂਦਿਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਅਤੇ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਖਾਮੋਸ਼ ਹੈ। ਪੰਜਾਬ ਵਿਚ ਨਕਲੀ ਬੀਜ ਤੇ ਕੀੜੇਮਾਰ ਦਵਾਈਆਂ ਦਾ ਮਾੜਾ ਪ੍ਰਭਾਵ ਅਤੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਬੇਰੋਕ ਜਾਰੀ ਹਨ। ਕੈਪਟਨ ਸਰਕਾਰ ਆਪਣੇ ਵਾਅਦੇ ਪੂਰੇ ਕਰਨ ਦੀ ਥਾਂ ਬਾਦਲ ਸਰਕਾਰ ਦੇ ਮੰਤਰੀਆਂ ਅਤੇ ਅਫਸਰਾਂ ਦੀ 'ਪੁਸ਼ਤਪਨਾਹੀ' ਕਰ ਰਹੀ ਹੈ। ਬਾਦਲਾਂ ਦੇ ਰਾਜ ਵਾਂਗ ਹੀ ਸੂਬੇ ਵਿਚ ਗੁੰਡਾਗਰਦੀ ਅਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਦੇ ਪਹਿਲੇ ਦੋ ਮਹੀਨਿਆਂ ਦੀ ਕਾਰਗੁਜ਼ਾਰੀ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਸਰਕਾਰ ਬਾਦਲਾਂ ਨਾਲ ਆਪਣੀਆਂ 'ਯਾਰੀਆਂ' ਨਿਭਾਉਣ ਤੱਕ ਸੀਮਤ ਹੈ। ਉਨ੍ਹਾਂ ਮੰਗ ਕੀਤੀ ਕਿ ਕੈਪਟਨ, ਕੈਨੇਡਾ ਦੇ ਸੂਬਿਆਂ ਵੱਲੋਂ ਪਾਸ ਕੀਤੇ ਮਤਿਆਂ ਵਾਂਗ ਪੰਜਾਬ ਵਿਧਾਨ ਸਭਾ ਵਿਚ ਜੂਨ 1984 ਦੌਰਾਨ ਦਰਬਾਰ ਸਾਹਿਬ, ਅੰਮ੍ਰਿਤਸਰ ਸਮੇਤ 40 ਤੋਂ ਵੱਧ ਗੁਰਦੁਆਰਿਆਂ ਉਤੇ ਹੋਏ ਹਮਲਿਆਂ ਦੀ ਨਿਖੇਧੀ ਦਾ ਮਤਾ ਪਾਸ ਕਰਵਾਉਣ। ਉਨ੍ਹਾਂ ਮੰਗ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਛੇਤੀ ਕਰਵਾਈਆਂ ਜਾਣ ਤੇ ਪੰਥਕ ਧਿਰਾਂ ਬਾਦਲ ਪਰਿਵਾਰ ਦੇ ਕਬਜ਼ੇ ਹੇਠੋਂ ਸਿੱਖਾਂ ਦੀ ਇਸ ਅਹਿਮ ਸੰਸਥਾ ਨੂੰ ਆਜ਼ਾਦ ਕਰਵਾਉਣਗੀਆਂ।

## ਮਾਲਿਆ ਦਾ 100 ਕਰੋੜ ਦਾ ਫਾਰਮ ਹਾਊਸ ਜ਼ਬਤ

**ਨਵੀਂ ਦਿੱਲੀ:** ਈ.ਡੀ. ਨੇ ਮਨੀ ਲਾਂਡਰਿੰਗ ਦੇ ਮਾਮਲੇ 'ਚ ਸ਼ਰਾਬ ਵਪਾਰੀ ਵਿਜੇ ਮਾਲਿਆ ਦੇ ਮਹਾਰਾਸ਼ਟਰ 'ਚ ਅਲੀਬਾਗ ਵਿਚ ਸੌ ਕਰੋੜ ਰੁਪਏ ਮੁੱਲ ਵਾਲੇ ਸਮੁੰਦਰੀ ਕੰਢੇ ਬਣੇ ਫਾਰਮ ਹਾਊਸ ਨੂੰ ਕੁਰਕ ਕਰ ਲਿਆ ਹੈ। 17 ਏਕੜ 'ਚ ਫੈਲੀ ਇਹ ਜਾਇਦਾਦ ਬੀਤੇ ਸਾਲ ਸਤੰਬਰ ਮਹੀਨੇ 'ਚ ਦਰਜ ਕੀਤੇ ਇਕ ਮਾਮਲੇ ਨਾਲ ਜੋੜੀ ਗਈ ਸੀ।

# ਇਰਾਨ ਦੀ ਸੱਤਾ ਮੁੜ ਰੂਹਾਨੀ ਹੱਥ

**ਤਹਿਰਾਨ:** ਇਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ (68) ਨੇ ਮੁੜ ਜ਼ਬਰਦਸਤ ਜਿੱਤ ਹਾਸਲ ਕੀਤੀ। ਉਨ੍ਹਾਂ ਵੱਲੋਂ ਹੋਰ ਮੁਲਕਾਂ ਨਾਲ ਰਿਸ਼ਤੇ ਸੁਧਾਰਨ ਅਤੇ ਡਾਵਾਂਡੋਲ ਅਰਥਚਾਰੇ ਨੂੰ ਲੀਹ 'ਤੇ ਲਿਆਉਣ ਦੀਆਂ ਕੋਸ਼ਿਸ਼ਾਂ ਨੂੰ ਵੋਟਰਾਂ ਨੇ ਥਾਪੜਾ ਦਿੱਤਾ ਹੈ।



ਅੰਦਰੂਨੀ ਮਾਮਲਿਆਂ ਬਾਰੇ ਮੰਤਰੀ ਅਬਦੁੱਲ ਰੇਜ਼ਾ ਰਹਿਮਾਨੀ ਫਾਜ਼ਲੀ ਨੇ ਸਰਕਾਰੀ ਟੈਲੀਵਿਜ਼ਨ 'ਤੇ ਨਤੀਜਿਆਂ ਦੀ ਤਸਦੀਕ ਕਰਦਿਆਂ ਕਿਹਾ ਕਿ ਰੂਹਾਨੀ ਨੇ 2 ਕਰੋੜ 30 ਲੱਖ ਤੋਂ ਵੱਧ ਵੋਟਾਂ ਨਾਲ ਜਿੱਤ ਹਾਸਲ ਕੀਤੀ ਜੋ ਕੁੱਲ ਪੋਲ ਹੋਈਆਂ ਵੋਟਾਂ ਦਾ 57 ਫੀਸਦੀ ਬਣਦਾ ਹੈ। ਇਸ ਦੇ ਮੁਕਾਬਲੇ ਕੱਟੜਵਾਦੀ ਵਿਰੋਧੀ ਇਬਰਾਹਿਮ ਰਾਇਸੀ ਨੂੰ ਡੇਢ ਕਰੋੜ ਤੋਂ ਵੱਧ ਵੋਟਾਂ (38.3 ਫੀਸਦੀ) ਮਿਲੀਆਂ।

ਉਪ ਰਾਸ਼ਟਰਪਤੀ ਇਸਹਾਕ ਜਹਾਂਗੀਰੀ ਨੇ ਟਵੀਟ ਕਰ ਕੇ ਵੱਡੀ ਜਿੱਤ ਲਈ ਇਰਾਨ ਦੇ ਲੋਕਾਂ ਨੂੰ ਵਧਾਈ ਦਿੱਤੀ। ਰੂਹਾਨੀ ਨੇ 2015 'ਚ ਆਲਮੀ ਤਾਕਤਾਂ ਨਾਲ ਪਰਮਾਣੂ ਸੰਧੀ ਕਰਾਉਣ ਵਿਚ ਅਹਿਮ ਯੋਗਦਾਨ ਪਾਇਆ ਸੀ ਅਤੇ ਉਨ੍ਹਾਂ ਚੋਣਾਂ ਨੂੰ ਆਮ ਨਾਗਰਿਕਾਂ ਦੀ ਆਜ਼ਾਦੀ ਅਤੇ ਵੱਖਵਾਦ ਦਾ ਮੁੱਦਾ ਬਣਾ ਦਿੱਤਾ ਸੀ।


ਹਲਵਾਈ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ
ਮਿਠਾਈਆਂ ਬਣਾਉਣ ਵਾਲੇ ਹਲਵਾਈ ਤੇ ਡੋਸਾ ਮੇਕਰ ਅਤੇ
ਤਿੰਨ ਕਿਚਨ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
11-



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse

ਮਾਉਂਟਨਹਾਊਸ, ਟਰੇਸੀ, ਮਨਟੀਕਾ, ਲੈਥਰੂਪ
ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ
ਹੋਵੇ ਤਾਂ ਜ਼ਰੂਰ ਸੰਪਰਕ ਕਰੋ
ਲੋਨ ਦਾ ਪ੍ਰਬੰਧ ਕਰਨ ਵਿਚ ਵੀ ਤੁਹਾਡੀ ਮਦਦ
ਕਰ ਸਕਦੇ ਹਾਂ

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ



Gurbans Singh Gill
Realtor
BRE#01227109

COLDWELL BANKER VALLEY CENTRAL
EQUAL HOUSING OPPORTUNITY
REALTOR®

Gurbans Gill
Office 209-835-4545
Direct 209-815-1869

18 Years Experiance
in Real Estate
e-mail: gurbans@gotracy.com
Fax: 209-836-0706
www.gotracy.com

1486 W 11th Street, Tracy, CA 95376



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ
ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899



Gurdip Singh Sandhu

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

7021 Village Park Way, Dublin, CA 94568

Email:
Homeomedicine@yahoo.com

# ਸੱਤਾ ਦੇ ਆਖਰੀ ਵਰ੍ਹੇ ਖਜ਼ਾਨਾ ਨਿਚੋੜ ਗਈ ਸੀ ਅਕਾਲੀ ਸਰਕਾਰ

## ਚੋਣ ਵਰ੍ਹੇ ਵਿਚ ਖੁੱਲ੍ਹ ਕੇ ਕੀਤਾ ਖਰਚਾ





**ਚੰਡੀਗੜ੍ਹ:** ਪਿਛਲੇ 10 ਸਾਲ ਪੰਜਾਬ ਦੀ ਸੱਤਾ ਉਤੇ ਕਾਬਜ਼ ਰਹੀ ਅਕਾਲੀ-ਭਾਜਪਾ ਸਰਕਾਰ ਨੇ ਆਪਣੇ ਆਖਰੀ ਵਰ੍ਹੇ ਪੰਜਾਬ ਨੂੰ ਪੂਰੀ ਤਰ੍ਹਾਂ ਚੂਸ ਲਿਆ। ਚੋਣ ਵਰ੍ਹਾ ਹੋਣ ਕਰ ਕੇ ਸਰਕਾਰ ਨੇ ਖਰਚ ਤਾਂ ਖੁੱਲ੍ਹ ਕੇ ਕੀਤਾ ਪਰ ਰਿਆਇਤਾਂ ਦੀ ਝੜੀ ਲਾ ਕੇ ਮਾਲੀਆ ਬਿਲਕੁਲ ਘਟਾ ਦਿੱਤਾ।

ਅੰਕੜਿਆਂ ਮੁਤਾਬਕ 2016-17 ਵਿਚ ਕੁੱਲ ਮਾਲੀਆ 4770 ਕਰੋੜ ਰੁਪਏ ਤੱਕ ਡਿੱਗ ਗਿਆ। ਪਿਛਲੇ ਕੁਝ ਸਾਲਾਂ ਦੌਰਾਨ ਕਰਜ਼ਾ ਚੜ੍ਹ ਕੇ 1.81 ਲੱਖ ਕਰੋੜ ਰੁਪਏ ਹੋ ਗਿਆ ਜਦਕਿ ਕਰਜ਼ਿਆਂ ਤੇ ਪੇਸ਼ਗੀਆਂ ਦੀ ਵਸੂਲੀ ਬਹੁਤ ਘੱਟ ਰਹੀ ਤੇ ਕਰਜ਼ਿਆਂ ਦੀ ਪੰਡ ਹੋਰ ਭਾਰੀ ਹੋ ਗਈ। ਚੋਣ ਵਰ੍ਹੇ ਦੌਰਾਨ ਪੰਜਾਬ 'ਚ ਕਰਜ਼ਿਆਂ ਤੇ ਪੇਸ਼ਗੀਆਂ ਵਜੋਂ ਵਸੂਲੀ ਸਿਰਫ 99.57 ਕਰੋੜ ਰੁਪਏ ਦਰਜ ਕੀਤੀ ਗਈ ਜਦਕਿ 2015-16 ਦੇ ਵਕਫੇ ਵਿਚ ਇਹ 5728.06 ਕਰੋੜ ਰੁਪਏ ਸੀ। ਉਧਰ, 7181.49 ਕਰੋੜ ਰੁਪਏ ਦੇ ਕਰਜ਼ੇ ਤੇ ਪੇਸ਼ਗੀਆਂ ਵੰਡੀਆਂ ਗਈਆਂ ਜਦਕਿ ਬਜਟ ਤਜਵੀਜ਼ਾਂ 'ਚ ਸਿਰਫ 399.70 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਸੀ।

ਸਾਲ 2016-17 ਦੇ ਵਕਫੇ ਦੌਰਾਨ ਕੇਂਦਰ ਸਰਕਾਰ ਤੋਂ ਮਿਲੀਆਂ ਗ੍ਰਾਂਟਾਂ ਵਿਚ 1224.63 ਕਰੋੜ ਰੁਪਏ ਦਾ ਵਾਧਾ ਹੋ ਗਿਆ। ਇੰਜ ਜਾਪਦਾ ਹੈ ਕਿ ਪੰਜਾਬ ਦਾ ਆਪਣਾ ਟੈਕਸ ਮਾਲੀਆ ਅਕਾਲੀ-ਭਾਜਪਾ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਦਿੱਤੇ ਗਏ ਗੱਫਿਆਂ ਦਾ ਸ਼ਿਕਾਰ ਹੋ ਗਿਆ। ਉਕਤ ਖੁਲਾਸਾ ਪੰਜਾਬ ਸਰਕਾਰ ਵੱਲੋਂ ਇਕੱਠੇ ਕੀਤੇ ਗਏ ਅੰਕੜਿਆਂ ਵਿਚ ਹੋਇਆ ਹੈ।

ਕੁੱਲ ਮਾਲੀਆ ਘਾਟਾ 6610.71 ਕਰੋੜ ਰੁਪਏ ਨਿਕਲਿਆ ਜੋ ਬਜਟ ਅਨੁਮਾਨਾਂ ਮੁਤਾਬਕ 7982.84 ਕਰੋੜ ਰੁਪਏ ਰਹਿਣ ਦਾ ਖਦਸ਼ਾ ਪ੍ਰਗਟਾਇਆ ਗਿਆ ਸੀ। ਇਸ ਨਾਲ ਕਾਂਗਰਸ ਦੇ ਖਜ਼ਾਨਾ ਖਾਲੀ ਮਿਲਣ ਦੇ ਖਦਸ਼ੇ ਸੱਚ ਸਾਬਤ ਹੋਏ ਹਨ। ਮਾਲੀਏ 'ਚ ਕਮੀ ਕਰ ਕੇ ਸੂਬੇ ਦਾ ਕੁੱਲ ਖਰਚਾ 56430.81 ਕਰੋੜ ਰੁਪਏ ਹੋਇਆ ਜਦਕਿ 62967.81 ਕਰੋੜ ਦਾ ਅਨੁਮਾਨ ਲਾਇਆ ਗਿਆ ਸੀ। ਇਸ ਬਾਰੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ 2016-17 ਦੇ ਜਾਰੀ ਹੋਏ ਵਿੱਤੀ ਅੰਕੜਿਆਂ ਤੋਂ ਉਨ੍ਹਾਂ ਦੇ ਖਦਸ਼ਿਆਂ ਦੀ ਤਸਦੀਕ ਹੋ ਗਈ ਹੈ।

ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਹੋਣ ਕਰ ਕੇ ਮੇਰੇ ਕੋਲ ਕੋਈ ਰਾਹ ਨਹੀਂ ਬਚਦਾ ਤੇ ਮੈਨੂੰ ਸੂਬੇ ਦੀ ਭਲਾਈ ਲਈ ਤੁਰਤ ਇਹਤਿਆਤੀ ਕਦਮ ਚੁੱਕ ਕੇ ਸਾਰੇ ਫਾਲਤੂ ਦੇ ਖਰਚੇ ਘਟਾਉਣੇ ਪੈਣਗੇ। ਉਨ੍ਹਾਂ ਕਿਹਾ ਕਿ ਬਜਟ ਇਜਲਾਸ 'ਚ ਉਹ ਵ੍ਹਾਈਟ ਪੇਪਰ ਜਾਰੀ ਕਰ ਕੇ ਪੰਜਾਬ ਸਰਕਾਰ ਵੱਲੋਂ ਲਏ ਗਏ ਕਰਜ਼ਿਆਂ ਨੂੰ ਉਜਾਗਰ ਕਰਨਗੇ।

## ਸੂਬੇ ਦੀ ਤਰਸਯੋਗ ਹਾਲਤ ਨਾਲ ਨਜਿੱਠਣ ਵਿਚ ਜੁਟੀ ਸਰਕਾਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਸਰਕਾਰ ਦੇ ਦੋ ਮਹੀਨੇ ਦੇ ਕਾਰਜਕਾਲ ਦੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਕੀਤੀ ਜਾ ਰਹੀ ਆਲੋਚਨਾ ਨੂੰ ਅਸਲ ਤੱਥਾਂ ਅਤੇ ਜ਼ਮੀਨੀ ਹਕੀਕਤਾਂ ਤੋਂ ਪੂਰੀ ਤਰ੍ਹਾਂ ਉਲਟ ਦੱਸਿਆ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਵਿਰਾਸਤ ਵਿਚ ਮਿਲੀ ਸੂਬੇ ਦੀ ਤਰਸਯੋਗ ਹਾਲਤ ਦੇ ਬਾਵਜੂਦ ਉਨ੍ਹਾਂ ਦੀ ਸਰਕਾਰ ਸੂਬੇ ਨੂੰ ਵਿਨਾਸ਼ ਦੀ ਇਸ ਪੀੜਾ 'ਚੋਂ ਬਾਹਰ ਕੱਢਣ ਅਤੇ ਇਸ ਨੂੰ ਪ੍ਰਗਤੀ ਦੀ ਲੀਹ 'ਤੇ ਲਿਆਉਣ ਦੇ ਯਤਨਾਂ ਵਿਚ ਲੱਗੀ ਹੋਈ ਹੈ। ਨਸ਼ਿਆਂ ਦੇ ਖਾਤਮੇ, ਉਦਯੋਗ ਦੀ ਮੁੜ ਸੁਰਜੀਤੀ, ਵੀ.ਆਈ.ਪੀ. ਸੱਭਿਆਚਾਰ ਦਾ ਖਾਤਮਾ, ਸਿੱਖਿਆ ਅਤੇ ਟਰਾਂਸਪੋਰਟ ਸੁਧਾਰਾਂ ਅਤੇ ਕਿਸਾਨਾਂ ਦੇ ਕਰਜ਼ੇ ਖਤਮ ਕਰਨ ਵੱਲ ਨੂੰ ਕਦਮ ਚੁੱਕਣ ਸਣੇ ਵੱਖ-ਵੱਖ ਪ੍ਰਮੁੱਖ ਮੋਰਚਿਆਂ ਉਤੇ ਉਨ੍ਹਾਂ ਨੇ ਸਫਲਤਾ ਪ੍ਰਾਪਤ ਕੀਤੀ ਹੈ।

### 'ਤਬਾਹ ਕੀਤੇ ਪੰਜਾਬ ਨੂੰ ਲੀਹੇ ਪਾਉਣ 'ਚ ਸਮਾਂ ਲੱਗੇਗਾ'

**ਚੰਡੀਗੜ੍ਹ:** ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਹਾਰੇ ਤੇ ਬੌਖਲਾਏ ਆਗੂਆਂ ਨੂੰ ਸਬਰ ਰੱਖਣ ਅਤੇ ਅੰਦਰਝਾਤ ਮਾਰਨ ਦੀ ਸਲਾਹ ਦਿੰਦਿਆਂ ਪੰਜਾਬ ਦੇ ਸਿੰਜਾਈ ਅਤੇ ਊਰਜਾ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਅਕਾਲੀ-ਭਾਜਪਾ ਵੱਲੋਂ ਤਬਾਹ ਕੀਤੇ ਪੰਜਾਬ ਨੂੰ ਮੁੜ ਲੀਹ 'ਤੇ ਲਿਆਉਣ ਵਿਚ ਵਕਤ ਲੱਗੇਗਾ। ਅਕਾਲੀ-ਭਾਜਪਾ ਗਠਜੋੜ ਦੇ ਆਗੂਆਂ ਵੱਲੋਂ ਸਰਕਾਰ ਦੀ ਕੀਤੀ ਜਾ ਰਹੀ ਆਲੋਚਨਾ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ 120 ਮਹੀਨਿਆਂ ਵਿਚ ਕੀਤੀ ਗਈ ਗੜਬੜ ਸਿਰਫ ਦੋ ਮਹੀਨਿਆਂ ਅੰਦਰ ਠੀਕ ਨਹੀਂ ਕੀਤੀ ਜਾ ਸਕਦੀ।

# ਭਾਰਤ ਵਿਚ ਹਰ ਦੂਜਾ ਬੱਚਾ ਜਿਨਸੀ ਸ਼ੋਸ਼ਣ ਦਾ ਸ਼ਿਕਾਰ



**ਚੰਡੀਗੜ੍ਹ:** ਦੇਸ਼ ਵਿਚ 12 ਤੋਂ 18 ਸਾਲ ਦੀ ਉਮਰ ਦਾ ਹਰ ਦੂਜਾ ਬੱਚਾ ਜਿਨਸੀ ਸ਼ੋਸ਼ਣ ਝੱਲਦਾ ਹੈ। ਇਹ ਤਕਰੀਬਨ 45,000 ਬੱਚਿਆਂ ਉਤੇ ਹੋਏ ਸਰਵੇ ਦਾ ਖੁਲਾਸਾ ਹੈ। ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੀ ਸੰਸਥਾ 'ਵਰਲਡ ਵਿਜ਼ਨ ਇੰਡੀਆ' ਨੇ ਇਹ ਸਰਵੇ ਕੀਤਾ ਹੈ। ਇਸ ਸੰਸਥਾ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਦੇ 45,844 ਬੱਚਿਆਂ ਦੀ ਪ੍ਰਤੀਕ੍ਰਿਆ ਵੀ ਲਈ। ਸਰਵੇ ਵਿਚ ਇਹ ਵੀ ਖੁਲਾਸਾ ਹੋਇਆ ਹੈ ਕਿ ਹਰ ਪੰਜ ਵਿਚੋਂ ਇਕ ਬੱਚਾ ਖੁਦ ਨੂੰ ਜਿਨਸੀ ਸ਼ੋਸ਼ਣ ਪ੍ਰਤੀ ਮਹਿਫੂਜ਼ ਨਹੀਂ ਮਹਿਸੂਸ ਕਰਦਾ। ਸਰਵੇ ਦੀ ਮੰਨੀਏ ਤਾਂ ਚਾਰ ਵਿਚੋਂ ਇਕ ਪਰਿਵਾਰ ਨੇ ਬੱਚੇ ਨਾਲ ਹੋਏ ਸ਼ੋਸ਼ਣ ਦੀ ਸ਼ਿਕਾਇਤ ਨਹੀਂ ਕੀਤੀ।

'ਵਰਲਡ ਵਿਜ਼ਨ ਇੰਡੀਆ' ਦੇ ਕੌਮੀ ਡਾਇਰੈਕਟਰ ਚੇਰੀਅਨ ਥਾਮਸ ਨੇ 2021 ਤੱਕ ਬਾਲ ਸ਼ੋਸ਼ਣ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਇਕ ਅਭਿਆਨ ਦਾ ਆਗਾਜ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਹਰ ਦੂਸਰਾ ਬੱਚਾ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ। ਇਸ ਦੇ ਬਾਵਜੂਦ ਇਸ ਬਾਰੇ ਚੁੱਪ ਪਸਰੀ ਹੋਈ ਹੈ। ਉਥੇ ਹੀ ਇਹ ਵੀ ਚੰਗੀ ਤਰ੍ਹਾਂ ਨਹੀਂ ਪਤਾ ਹੈ ਕਿ ਬੱਚੇ ਕਿਸ ਹੱਦ ਤੱਕ ਜਿਨਸੀ ਸ਼ੋਸ਼ਣ ਝੱਲ ਰਹੇ ਹਨ।

ਸੰਗਠਨ ਵੱਲੋਂ ਸ਼ੁਰੂ ਕੀਤਾ ਗਏ ਅਭਿਆਨ 'ਇੱਟ ਟੇਕਸ ਦ ਵਰਲਡ ਟੂ ਐਂਡ ਵਾਇਲੈਂਸ ਅਗੇਂਸਟ ਚਿਲਡਰਨ' ਤਹਿਤ ਦੇਸ਼ ਦੇ 25 ਰਾਜਾਂ ਤੇ ਇਕ ਕੇਂਦਰ ਸ਼ਾਸਿਤ ਖੇਤਰ ਵਿਚ ਰਹਿਣ ਵਾਲੇ ਇਕ ਕਰੋੜ ਬੱਚਿਆਂ ਨੂੰ ਜਿਨਸੀ ਸ਼ੋਸ਼ਣ ਤੋਂ ਮੁਕਤੀ ਦਿਵਾਉਣਾ ਹੈ।ਥਾਮਸ ਨੇ ਕਿਹਾ ਕਿ ਸਾਡੇ ਖੇਤਰੀ ਪ੍ਰੋਗਰਾਮ ਦੇ ਨਾਲ ਹੀ ਇਸ ਮੁਹਿੰਮ ਨੂੰ ਵੀ ਅਮਲ ਵਿਚ ਲਿਆਂਦਾ ਜਾਵੇਗਾ। ਇਸ ਮੁਹਿੰਮ ਵਿਚ ਹਰ ਵਰਗ ਦੇ ਲੋਕਾਂ ਨੂੰ ਜੋੜਿਆ ਜਾਵੇਗਾ ਤਾਂ ਕਿ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਜਿਨਸੀ ਸ਼ੋਸ਼ਣ ਸਬੰਧੀ ਬੱਚਿਆਂ ਨੂੰ ਵੱਖ-ਵੱਖ ਤਰੀਕਿਆਂ ਰਾਹੀਂ ਜਾਗਰੂਕ ਕੀਤਾ ਜਾਵੇਗਾ।

### ਪਹਿਲੇ ਬੱਚੇ ਦੇ ਜਨਮ ਉਤੇ ਮਿਲਣਗੇ ਛੇ ਹਜ਼ਾਰ ਰੁਪਏ

**ਨਵੀਂ ਦਿੱਲੀ:** ਕੇਂਦਰ ਸਰਕਾਰ ਮੈਟਰਨਿਟੀ ਲਾਭ ਪ੍ਰੋਗਰਾਮ ਤਹਿਤ ਔਰਤਾਂ ਨੂੰ ਉਨ੍ਹਾਂ ਦੇ ਪਹਿਲੇ ਬੱਚੇ ਦੇ ਜਨਮ 'ਤੇ 6,000 ਰੁਪਏ ਦੇਣ ਦੇ ਪ੍ਰੋਗਰਾਮ ਨੂੰ ਸਾਰੇ ਮੁਲਕ ਵਿਚ ਲਾਗੂ ਕਰੇਗੀ। ਇਕ ਹੋਰ ਫੈਸਲੇ ਤਹਿਤ ਦੇਸ਼ ਵਿਚ ਸਸਤੀਆਂ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਲਈ ਕਦਮ ਚੁੱਕਦੇ ਹੋਏ ਸਸਤੇ ਵੈਕਸੀਨ, ਦਵਾਈਆਂ ਅਤੇ ਮੈਡੀਕਲ ਅਤੇ ਜਾਂਚ ਉਪਕਰਣਾਂ ਦੇ ਵਿਕਾਸ ਲਈ 1,500 ਕਰੋੜ ਰੁਪਏ ਦੇ ਬਾਇਓਫਾਰਮਾ ਮਿਸ਼ਨ ਨੂੰ ਮਨਜ਼ੂਰੀ ਦੇ ਦਿੱਤੀ ਗਈ। ਕੈਬਨਿਟ ਬੈਠਕ ਦੇ ਬਾਅਦ ਕੇਂਦਰੀ ਊਰਜਾ ਮੰਤਰੀ ਪਿਊਸ਼ ਗੋਇਲ ਨੇ ਕਿਹਾ ਕਿ ਪਹਿਲੇ ਬੱਚੇ ਦੇ ਜਨਮ 'ਤੇ 6,000 ਰੁਪਏ ਦੇਣ ਦੇ ਫੈਸਲੇ ਦਾ ਮਕਸਦ ਔਰਤਾਂ ਨੂੰ ਜਣੇਪੇ ਸਮੇਂ ਹੋਣ ਵਾਲੀ ਪੌਸ਼ਕ ਤੱਤਾਂ ਦੀ ਕਮੀ ਨੂੰ ਪੂਰਾ ਕਰਨ 'ਚ ਮਦਦ ਕਰਨਾ ਹੈ। ਇਹ ਰਾਸ਼ੀ ਪਹਿਲੇ ਬੱਚੇ ਦੇ ਗਰਭ ਧਾਰਨ ਦੇ ਸਮੇਂ ਤੋਂ ਲੈ ਕੇ ਜਣੇਪੇ ਦੇ ਸਮੇਂ ਤੱਕ ਤਿੰਨ ਕਿਸ਼ਤਾਂ ਵਿਚ ਦਿੱਤੀ ਜਾਏਗੀ।

# ਕੀਤੂ ਕਤਲ ਕੇਸ 'ਚ ਛੇ ਜਣਿਆਂ ਨੂੰ ਉਮਰ ਕੈਦ



**ਮੋਗਾ:** ਅਦਾਲਤ ਨੇ ਵਿਧਾਨ ਸਭਾ ਹਲਕਾ, ਬਰਨਾਲਾ ਦੇ ਸਾਬਕਾ ਵਿਧਾਇਕ ਮਲਕੀਤ ਸਿੰਘ ਕੀਤੂ ਦੀ ਹੱਤਿਆ ਕੇਸ ਵਿਚ ਕੁੱਲ 7 ਮੁਲਜ਼ਮਾਂ ਵਿਚੋਂ 6 ਨੂੰ ਉਮਰ ਕੈਦ ਤੇ ਇਕ ਨੂੰ 3 ਸਾਲ ਦੀ ਕੈਦ ਤੇ 92 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਉਮਰ ਕੈਦ ਲਈ ਦੋਸ਼ੀ ਕਰਾਰ ਦਿੱਤੇ ਗਏ ਮੁਲਜ਼ਮਾਂ ਵਿਚੋਂ ਤਿੰਨ ਜਣੇ ਮ੍ਰਿਤਕ ਵਿਧਾਇਕ ਦੇ ਸਕੇ ਭਤੀਜੇ ਹਨ।

ਵਿਧਾਨ ਸਭਾ ਹਲਕਾ, ਬਰਨਾਲਾ ਦੇ ਸਾਬਕਾ ਅਕਾਲੀ ਵਿਧਾਇਕ ਮਲਕੀਤ ਸਿੰਘ ਕੀਤੂ ਦੀ 29 ਅਕਤੂਬਰ 2012 ਨੂੰ ਥਾਣਾ ਨਿਹਾਲ ਸਿੰਘ ਵਾਲਾ ਅਧੀਨ ਉਨ੍ਹਾਂ ਦੇ ਜੱਦੀ ਪਿੰਡ ਬਿਲਾਸਪੁਰ ਵਿਖੇ ਘਰ ਵਿਚ ਹੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਥਾਣਾ ਨਿਹਾਲ ਸਿੰਘ ਵਾਲਾ ਪੁਲਿਸ ਨੇ ਇਸ ਹੱਤਿਆ ਕੇਸ ਵਿਚ ਮ੍ਰਿਤਕ ਅਕਾਲੀ ਵਿਧਾਇਕ ਕੀਤੂ ਦੇ ਤਿੰਨ ਸਕੇ ਭਤੀਜਿਆਂ ਹਰਪ੍ਰੀਤ ਸਿੰਘ (38) ਤੇ ਗੁਰਪ੍ਰੀਤ ਸਿੰਘ (37) (ਦੋਵੇਂ ਸਕੇ ਭਰਾ) ਤੋਂ ਇਲਾਵਾ ਜਸਪ੍ਰੀਤ ਸਿੰਘ ਜੱਸਾ, (33), ਹਰਪਾਲ ਸਿੰਘ (55), ਇਕਬਾਲ ਸਿੰਘ ਉਰਫ ਰਾਜੂ, ਕੁਲਵੰਤ ਸਿੰਘ ਉਰਫ ਲਾਡੀ ਸਾਰੇ ਵਾਸੀ ਬਿਲਾਸਪੁਰ ਅਤੇ ਅੰਗਰੇਜ਼ ਸਿੰਘ ਉਰਫ ਕਾਲਾ (35) ਪਿੰਡ ਦੀਪਗੜ੍ਹ (ਬਰਨਾਲਾ) ਖਿਲਾਫ ਹੱਤਿਆ ਦਾ ਕੇਸ ਦਰਜ ਕੀਤਾ ਸੀ। ਕੇਸ ਦੇ 51 ਸਫਿਆਂ ਦੇ ਫੈਸਲੇ ਮੁਤਾਬਕ ਮੁਲਜ਼ਮਾਂ ਨੇ ਅਦਾਲਤ ਨੂੰ ਅਪੀਲ ਕੀਤੀ ਕਿ ਉਹ ਨੌਜਵਾਨ ਹਨ, ਉਨ੍ਹਾਂ ਦੇ ਬੱਚੇ ਨਿਆਣੇ ਹਨ ਅਤੇ ਪਰਿਵਾਰਕ ਮੈਂਬਰ ਉਨ੍ਹਾਂ ਉਤੇ ਹੀ ਨਿਰਭਰ ਹਨ, ਲਿਹਾਜ਼ਾ ਫੈਸਲਾ ਸੁਣਾਉਣ ਮੌਕੇ ਨਰਮੀ ਵਰਤੀ ਜਾਵੇ।

ਅਦਾਲਤ ਨੇ ਦੋਵਾਂ ਧਿਰਾਂ ਦੇ ਵਕੀਲਾਂ ਨੂੰ ਸੁਣਨ ਅਤੇ ਤੱਥਾਂ ਨੂੰ ਵਾਚਣ ਬਾਅਦ ਹਰਪ੍ਰੀਤ ਸਿੰਘ ਅਤੇ ਜਸਪ੍ਰੀਤ ਸਿੰਘ ਜੱਸਾ ਨੂੰ ਉਮਰ ਕੈਦ ਤੇ 15-15 ਹਜ਼ਾਰ ਰੁਪਏ ਜੁਰਮਾਨਾ, ਗੁਰਪ੍ਰੀਤ ਸਿੰਘ, ਇਕਬਾਲ ਸਿੰਘ ਉਰਫ ਰਾਜੂ, ਕੁਲਵੰਤ ਸਿੰਘ ਉਰਫ ਲਾਡੀ ਅਤੇ ਅੰਗਰੇਜ਼ ਸਿੰਘ ਉਰਫ ਕਾਲਾ ਨੂੰ ਉਮਰ ਕੈਦ ਤੇ 13-13 ਹਜ਼ਾਰ ਰੁਪਏ ਜੁਰਮਾਨਾ ਅਦਾ ਕਰਨ ਦਾ ਆਦੇਸ਼ ਸੁਣਾਇਆ ਹੈ। ਹੱਤਿਆ ਕੇਸ ਵਿਚ 7ਵੇਂ ਮੁਲਜ਼ਮ ਹਰਪਾਲ ਸਿੰਘ ਨੂੰ ਆਰਮਜ਼ ਐਕਟ ਤਹਿਤ 3 ਸਾਲ ਦੀ ਕੈਦ ਤੇ 10 ਹਜ਼ਾਰ ਰੁਪਏ ਜੁਰਮਾਨਾ ਅਦਾ ਕਰਨ ਲਈ ਕਿਹਾ ਗਿਆ ਹੈ।

# ਆਪ ਵੱਲੋਂ 'ਬਾਗੀਆਂ' ਨੂੰ ਵਾਪਸੀ ਦਾ ਸੱਦਾ



**ਜਲੰਧਰ:** ਪੰਜਾਬ ਵਿਚ ਆਮ ਆਦਮੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਮੀਟਿੰਗਾਂ ਕਰ ਰਹੇ ਸੂਬਾਈ ਉਪ ਪ੍ਰਧਾਨ ਅਮਨ ਅਰੋੜਾ ਨੇ ਸੁੱਚਾ ਸਿੰਘ ਛੋਟੇਪੁਰ ਸਮੇਤ ਪਾਰਟੀ ਛੱਡ ਗਏ ਸਾਰੇ ਵਾਲੰਟੀਅਰਾਂ ਅਤੇ ਆਗੂਆਂ ਨੂੰ ਵਾਪਸੀ ਦੀ ਅਪੀਲ ਕੀਤੀ ਹੈ। ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਅਤੇ ਹਰਿੰਦਰ ਸਿੰਘ ਖਾਲਸਾ ਬਾਰੇ ਅਰਵਿੰਦ ਕੇਜਰੀਵਾਲ ਨਾਲ ਗੱਲ ਚੱਲੀ ਹੈ। ਉਨ੍ਹਾਂ ਕਿਹਾ ਕਿ ਆਉਂਦੇ ਸਮੇਂ ਵਿਚ ਪਾਰਟੀ ਮੁੜ ਇਕਮੁੱਠ ਹੋਵੇਗੀ ਤੇ ਡਾ. ਗਾਂਧੀ ਤੇ ਹਰਿੰਦਰ ਸਿੰਘ ਖਾਲਸਾ ਸਰਗਰਮ ਭੂਮਿਕਾ ਨਿਭਾ ਸਕਦੇ ਹਨ, ਹਾਲਾਂਕਿ ਇਨ੍ਹਾਂ ਆਗੂਆਂ ਨੇ ਵਾਪਸੀ ਲਈ ਕੋਰੀ ਨਾਂਹ ਕਰ ਦਿੱਤੀ ਹੈ।

ਸਮਝਿਆ ਜਾਂਦਾ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ 'ਆਪ' ਦੀ ਹਾਰ ਦੇ ਕਾਰਨਾਂ ਵਿਚ ਛੋਟੇਪੁਰ ਵੀ ਵੱਡਾ ਕਾਰਨ ਸਨ। ਸ੍ਰੀ ਅਰੋੜਾ ਨੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦੇ ਕਾਰਜਕਾਲ ਨੂੰ ਵਧੀਆ ਦੱਸਦਿਆਂ ਕਿਹਾ ਕਿ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦੇ ਮਾਮਲੇ ਨੂੰ ਟਾਲਿਆ ਜਾ ਸਕਦਾ ਸੀ। ਜਿਹੜੇ ਵਾਲੰਟੀਅਰ ਪਾਰਟੀ ਛੱਡ ਗਏ ਹਨ ਜਾਂ ਕੱਢਿਆ ਗਿਆ, ਉਨ੍ਹਾਂ ਦਾ 'ਆਪ' ਵਿਚ ਸਵਾਗਤ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ 'ਆਪ' ਦਾ ਜਥੇਬੰਦਕ ਢਾਂਚਾ ਇਕ ਮਹੀਨੇ ਦੇ ਅੰਦਰ-ਅੰਦਰ ਬਣਾ ਦਿੱਤਾ ਜਾਵੇਗਾ ਤੇ ਇਸ ਵਿਚ ਦਿੱਲੀ ਹਾਈ ਕਮਾਂਡ ਦੀ ਕੋਈ ਦਖਲ-ਅੰਦਾਜ਼ੀ ਨਹੀਂ ਹੋਵੇਗੀ। ਭਗਵੰਤ ਮਾਨ ਨੂੰ ਪੰਜਾਬ ਇਕਾਈ ਦਾ ਪ੍ਰਧਾਨ ਬਣਾਏ ਜਾਣ ਸਬੰਧੀ ਪਰਵਾਸੀ ਪੰਜਾਬੀਆਂ ਵੱਲੋਂ ਕੀਤੇ ਗਏ ਵਿਰੋਧ ਬਾਰੇ ਉਨ੍ਹਾਂ ਕਿਹਾ ਕਿ ਸ੍ਰੀ ਮਾਨ ਨੂੰ ਪ੍ਰਧਾਨ ਬਣਾਏ ਜਾਣ ਤੋਂ ਬਾਅਦ ਉਨ੍ਹਾਂ ਨੇ ਪਰਵਾਸੀ ਪੰਜਾਬੀਆਂ ਨਾਲ ਵੀਡੀਓ ਕਾਨਫਰੰਸ ਰਾਹੀਂ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਪਾਰਟੀ ਵਿਚ ਰਹਿਣ ਲਈ ਮਨਾ ਲਿਆ।

### ਘੁੱਗੀ ਖੁਦ ਲਾਂਭੇ ਹੋਇਆ...

ਅਮਨ ਅਰੋੜਾ ਨੇ ਕਿਹਾ ਕਿ ਗੁਰਪ੍ਰੀਤ ਘੁੱਗੀ ਦਾ ਪੰਜਾਬੀ ਫਿਲਮਾਂ ਵੱਲ ਝੁਕਾਅ ਜ਼ਿਆਦਾ ਸੀ। ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪਾਰਟੀ ਦੇ ਘੱਟੋ ਘੱਟ 70 ਸੀਨੀਅਰ ਅਹੁਦੇਦਾਰਾਂ ਨਾਲ ਗੱਲਬਾਤ ਕਰ ਕੇ ਘੁੱਗੀ ਸਬੰਧੀ ਫੈਸਲਾ ਲਿਆ ਸੀ। ਪਾਰਟੀ ਛੱਡਣ ਤੋਂ ਪਹਿਲਾਂ ਭੁਲੱਥ ਤੋਂ ਵਿਧਾਇਕ ਸੁਖਪਾਲ ਖਹਿਰਾ ਦੇ ਘਰ ਉਨ੍ਹਾਂ ਦੀ ਗੁਰਪ੍ਰੀਤ ਘੁੱਗੀ ਨਾਲ ਢਾਈ ਘੰਟੇ ਤੱਕ ਗੱਲਬਾਤ ਹੋਈ, ਜਿਸ ਵਿਚ ਘੁੱਗੀ ਨੇ ਕਿਹਾ ਸੀ ਕਿ ਉਹ ਬਤੌਰ ਵਾਲੰਟੀਅਰ 'ਆਪ' ਦੀ ਸੇਵਾ ਕਰਨਗੇ। ਕੇਜਰੀਵਾਲ ਚਾਹੁੰਦੇ ਸਨ ਕਿ ਘੁੱਗੀ ਨੂੰ ਪਾਰਟੀ ਦੀ ਸੂਬਾਈ ਪ੍ਰਧਾਨਗੀ ਤੋਂ ਵੀ ਵੱਡਾ ਅਹੁਦਾ ਦਿੱਤਾ ਜਾਵੇ, ਪਰ ਉਹ ਖੁਦ ਹੀ ਪਾਰਟੀ ਛੱਡ ਗਏ।

### ਕੇਜਰੀਵਾਲ ਨੂੰ ਭ੍ਰਿਸ਼ਟ ਗਰਦਾਨਣ ਦੀ ਕੋਸ਼ਿਸ਼ ਨਾਕਾਮ

**ਨਵੀਂ ਦਿੱਲੀ:** ਜਿਨ੍ਹਾਂ ਕਰੋੜਾਂ ਰੁਪਏ ਦੇ ਚੈੱਕਾਂ ਕਾਰਨ ਵਿਰੋਧੀ ਧਿਰਾਂ ਅਤੇ ਸਾਬਕਾ 'ਆਪ' ਵਿਧਾਇਕ ਕਪਿਲ ਮਿਸ਼ਰਾ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਭ੍ਰਿਸ਼ਟ ਗਰਦਾਨਣ ਦੀ ਕੋਸ਼ਿਸ਼ ਕਰ ਰਹੇ ਹਨ, ਪਾਰਟੀ ਨੂੰ ਉਹ ਚੈੱਕ ਦੇਣ ਵਾਲਾ ਵਿਅਕਤੀ ਸਾਹਮਣੇ ਆ ਗਿਆ ਹੈ। ਉਤਰੀ ਪੂਰਬੀ ਦਿੱਲੀ ਦੇ ਗੰਗਾ ਵਿਹਾਰ ਦਾ ਵਸਨੀਕ ਇਹ ਵਿਅਕਤੀ ਕਾਰੋਬਾਰੀ ਮੁਕੇਸ਼ ਸ਼ਰਮਾ ਹੈ ਜਿਸ ਨੇ ਸ੍ਰੀ ਕੇਜਰੀਵਾਲ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਤੋਂ ਪ੍ਰਭਾਵਿਤ ਹੋ ਕੇ ਇਹ ਚੈੱਕ ਦਿੱਤੇ ਸਨ, ਪਰ ਉਹ ਖੁਦ ਸ੍ਰੀ ਕੇਜਰੀਵਾਲ ਨੂੰ ਕਦੇ ਨਹੀਂ ਮਿਲਿਆ। ਮੁਕੇਸ਼ ਨੇ ਸਾਫ ਕੀਤਾ ਕਿ ਸਿਆਸੀ ਝਮੇਲੇ ਵਿਚ ਫਸਣ ਤੋਂ ਬਚਣ ਲਈ ਉਹ ਦੋ ਸਾਲਾਂ ਤੋਂ ਚੁੱਪ ਹੈ। ਇਸ ਤੋਂ ਪਹਿਲਾਂ ਸਾਲ 2014 ਵਿਚ ਵੀ ਪਰਵਾਸੀ ਪੰਜਾਬੀ ਪਰਿਵਾਰ ਵੱਲੋਂ ਦਿੱਤੇ ਚੈਕਾਂ ਨੂੰ ਲੈ ਕੇ ਉਸ ਸਮੇਂ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪਈ ਸੀ ਜਦੋਂ ਉਸ ਪਰਿਵਾਰ ਨੇ ਸਥਿਤੀ ਸਪਸ਼ਟ ਕਰ ਦਿੱਤੀ ਸੀ।

# ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਮੁਫਤ ਵਾਈ-ਫਾਈ ਸਹੂਲਤ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੇ ਸਾਰੇ ਸਰਕਾਰੀ ਕਾਲਜਾਂ ਦੇ ਵਿਦਿਆਰਥੀਆਂ ਨੂੰ ਪ੍ਰਤੀ ਦਿਨ 20 ਐਮ.ਬੀ. ਮੁਫਤ ਡਾਟਾ ਦੇਣ ਦਾ ਫੈਸਲਾ ਕੀਤਾ ਹੈ। ਇਹ ਸਹੂਲਤ ਮੁਫਤ ਵਾਈ ਫਾਈ ਤਹਿਤ ਸੂਬੇ ਦੇ ਤਕਰੀਬਨ 90 ਹਜ਼ਾਰ ਵਿਦਿਆਰਥੀਆਂ ਨੂੰ ਮਿਲੇਗੀ।

ਸਰਕਾਰ ਦੇ ਇਸ ਫੈਸਲੇ ਵਿਚ ਮੁਫਤ ਵਾਈ ਫਾਈ ਦੀ ਸਹੂਲਤ ਰਿਲਾਇੰਸ ਜੀਓ ਵੱਲੋਂ ਦਿੱਤੀ ਜਾਵੇਗੀ। ਸਰਕਾਰੀ ਕਾਲਜਾਂ ਦੇ ਵਿਦਿਆਰਥੀਆਂ ਨੂੰ ਸਹੂਲਤ ਮਿਲਣ ਤੋਂ ਬਾਅਦ ਪ੍ਰਾਈਵੇਟ ਕਾਲਜਾਂ ਦੇ ਵਿਦਿਆਰਥੀ ਵੀ ਮੁਫਤ ਵਾਈ ਫਾਈ ਦੀ ਸਹੂਲਤ ਲੈਣ ਦੀ ਮੰਗ ਉਠਾ ਸਕਦੇ ਹਨ। ਜ਼ਿਕਰਯੋਗ ਹੈ ਕਿ ਕਾਂਗਰਸ ਪਾਰਟੀ ਨੇ ਚੋਣ ਮੈਨੀਫੈਸਟੋ ਵਿਚ ਵਾਅਦਾ ਕੀਤਾ ਸੀ ਕਿ ਡਿਜੀਟਲ ਤਕਨੀਕ ਦੇ ਇਸਤੇਮਾਲ ਲਈ ਨੌਜਵਾਨਾਂ ਨੂੰ ਉਤਸ਼ਾਹਤ ਕੀਤਾ ਜਾਵੇਗਾ। ਵਿਦਿਆਰਥੀਆਂ ਨੂੰ ਮੁਫਤ ਵਾਈ ਫਾਈ ਦੀ ਸਹੂਲਤ ਦਿੱਤੀ ਜਾਵੇਗੀ।

## Matrimonial

### ਵਰ ਦੀ ਲੋੜ

Wanted suitable U.S. citizen boy in SF Bay Area for Software Engineer U.S. citizen Jatt Sikh girl, 27, 5'-2". Computer Science/ Computer Engineering background preferred. Contact: bsinghs408@gmail.com 21-24

Wanted suitable US citizen, green card or H1-B visa holder handsome match for Jatt Sikh B.Sc Nursing citizen girl 27, 5'-5". Please e-mail details & photo at: gsingh9113@gmail.com or call, Ph: 224-410-5658 15-

### ਲੜਕੀ ਦੀ ਲੋੜ

Well settled Kamboj Sikh family looking for a suitable US citizen or Green Card holder match for their son 31, 5'-7", architect on work visa. Pl. E-mail details & photo: nyrbik26@gmail.com 19-22

ਇੰਡੀਆ ਰਹਿੰਦੇ ਸੋਹਣੇ ਸੁਨੱਖੇ ਜੱਟ ਸਿੱਖ ਵੈਸ਼ਨੂੰ ਬੀ.ਟੈਕ ਇਲੈਕਟ੍ਰਾਨਿਕਸ, ਉਮਰ 32 ਸਾਲ, 6' ਲੜਕੇ ਲਈ ਕੈਨੇਡੀਅਨ ਜਾਂ ਅਮਰੀਕਨ ਸਿਟੀਜ਼ਨ, ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਦਾਦਕਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਸੰਪਰਕ ਕਰੋ, ਫੋਨ: 416-898-7144 ਅਤੇ ਬਾਇਓਡਾਟਾ ਤੇ ਤਸਵੀਰ ਈਮੇਲ ਕਰੋ: hbhangu@hotmail.com 17-20


# ਸਰਪੰਚ ਨੇ ਦਾੜ੍ਹੀ ਕੱਟ ਕੇ ਡੀ.ਸੀ. ਦੇ ਕਮਰੇ ਅੱਗੇ ਟੰਗੀ

**ਮੋਗਾ:** ਪਿੰਡ ਬਹੋਨਾ ਦੇ ਸਰਪੰਚ ਨੇ ਪਿੰਡ ਦਾ ਜਲਘਰ ਚਾਲੂ ਕਰਨ ਦਾ ਭਰੋਸਾ ਪੂਰਾ ਨਾ ਹੋਣ ਦੇ ਰੋਸ ਵਿਚ ਆਪਣੀ ਦਾੜ੍ਹੀ ਕੱਟ ਕੇ ਜ਼ਿਲ੍ਹਾ ਸਕੱਤਰੇਤ ਵਿਚ ਡੀ.ਸੀ. ਦੇ ਕਮਰੇ ਅੱਗੇ ਟੰਗ ਦਿੱਤੀ। ਬਾਅਦ ਵਿਚ ਇਹ ਕੇਸਾਂ ਦੀ ਬੇਅਦਬੀ ਦਾ ਮਾਮਲਾ ਵੀ ਬਣ ਗਿਆ ਅਤੇ ਸਰਪੰਚ ਨੇ ਸਿੱਖ ਜਗਤ ਤੋਂ ਇਸ ਬਾਰੇ ਮੁਆਫੀ ਵੀ ਮੰਗੀ, ਉਂਜ ਉਸ ਦਾ ਕਹਿਣਾ ਸੀ ਕਿ ਉਸ ਨੂੰ ਇਹ ਕਦਮ ਮਜਬੂਰੀ ਵਿਚ ਚੁੱਕਣਾ ਪਿਆ।



ਇਸ ਮੌਕੇ ਸਰਪੰਚ ਹਰਭਜਨ ਸਿੰਘ ਨੇ ਕਿਹਾ ਕਿ ਜਿੰਨਾ ਚਿਰ ਪਿੰਡ ਦਾ ਜਲਘਰ ਚਾਲੂ ਨਹੀਂ ਕੀਤਾ ਜਾਂਦਾ ਅਤੇ ਬਾਕੀ ਪਿੰਡਾਂ ਵਿਚ ਚਾਲੂ ਕਰਨ ਦਾ ਭਰੋਸਾ ਨਹੀਂ ਦਿੱਤਾ ਜਾਂਦਾ, ਉਨੀ ਦੇਰ ਉਹ ਜ਼ਿਲ੍ਹਾ ਸਕੱਤਰੇਤ ਅੱਗੇ ਮਰਨ ਵਰਤ ਉਤੇ ਬੈਠਾ ਰਹੇਗਾ। ਐਸ.ਡੀ.ਐਮ. ਚਰਨਜੀਤ ਸਿੰਘ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਪਿੰਡ ਦਾ ਜਲਘਰ ਚਾਲੂ ਕਰ ਦਿੱਤਾ ਜਾਵੇਗਾ ਤਾਂ ਸਰਪੰਚ ਹਰਭਜਨ ਸਿੰਘ ਨੇ ਪ੍ਰਸ਼ਾਸਨ ਨੂੰ ਕਿਹਾ ਕਿ ਉਹ ਆਪਣੇ ਪਿੰਡ ਦਾ ਜਲਘਰ ਚਾਲੂ ਹੋਣ ਅਤੇ ਉਸ ਦਾ ਪਾਣੀ ਪੀਣ ਬਾਅਦ ਹੀ ਮਰਨ ਵਰਤ ਖਤਮ ਕਰੇਗਾ।

ਇਸ ਮੌਕੇ ਸਰਪੰਚ ਹਰਭਜਨ ਸਿੰਘ ਨੇ ਦੱਸਿਆ ਕਿ ਉਸ ਨੂੰ ਪਤਾ ਲੱਗਿਆ ਹੈ ਕਿ ਪਾਵਰਕੌਮ ਦੀ ਟੀਮ ਪਿੰਡ ਬਹੋਨਾ ਵਿਚ ਜਲਘਰ ਦਾ ਕੁਨੈਕਸ਼ਨ ਜੋੜਨ ਲਈ ਪਹੁੰਚ ਗਈ ਹੈ, ਜਦੋਂ ਜਲਘਰ ਦਾ ਪਾਣੀ ਆ ਜਾਵੇਗਾ, ਉਹ ਪਾਣੀ ਪੀਣ ਬਾਅਦ ਮਰਨ ਵਰਤ ਖਤਮ ਕਰ ਦੇਵੇਗਾ। ਉਸ ਨੇ ਲੋਕਾਂ ਨੂੰ ਪੀਣ ਦੇ ਸ਼ੁੱਧ ਪਾਣੀ ਦੀ ਬੁਨਿਆਦੀ ਸਹੂਲਤ ਲਈ ਜ਼ਿਲ੍ਹਾ ਸਕੱਤਰੇਤ ਵਿਚ ਡੀ.ਸੀ. ਦਫਤਰ ਅੱਗੇ ਮੂੰਹ ਉਤੇ ਕਾਲੀ ਪੱਟੀ ਬੰਨ੍ਹ ਕੇ ਪੂਰਾ ਦਿਨ ਪਾਣੀ ਦਾ ਤਿਆਗ ਕਰਦਿਆਂ ਰੋਸ ਧਰਨਾ ਦਿੱਤਾ। ਇਸ ਮੌਕੇ ਉਨ੍ਹਾਂ ਪਿੰਡਾਂ ਵਿਚ ਬੰਦ ਜਲ ਘਰ ਚਾਲੂ ਕਰਨ ਲਈ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਵੀ ਦਿੱਤਾ। ਦਲਿਤ ਸਰਪੰਚ ਹਰਭਜਨ ਸਿੰਘ ਨੇ ਕਿਹਾ ਕਿ ਹਕੂਮਤ ਦੀਆਂ ਮਾੜੀਆਂ ਨੀਤੀਆਂ ਖਾਸ ਕਰ ਕੇ ਲੋਕਾਂ ਨੂੰ ਸ਼ੁੱਧ ਪਾਣੀ ਨਾ ਮਿਲਣ ਖਿਲਾਫ਼ ਸੰਘਰਸ਼ ਵਿੱਢਣ ਦਾ ਫੈਸਲਾ ਕੀਤਾ ਗਿਆ ਹੈ। ਉਸ ਨੇ ਮੰਗ ਕੀਤੀ ਕਿ ਜਿਨ੍ਹਾਂ ਪਿੰਡਾਂ ਦੇ ਜਲਘਰ ਤਤਕਾਲੀ ਅਕਾਲੀ-ਭਾਜਪਾ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਬੰਦ ਹੋ ਚੁੱਕੇ, ਉਨ੍ਹਾਂ ਨੂੰ ਤੁਰਤ ਚਾਲੂ ਕੀਤਾ ਜਾਵੇ।

## ਮੋਗਾ ਕਾਂਡ ਸਰਕਾਰ 'ਤੇ ਕਲੰਕ ਕਰਾਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਨਾਅਹਿਲੀਅਤ ਕਾਰਨ ਬਹੋਨਾ ਦੇ ਸਰਪੰਚ ਵੱਲੋਂ ਦਾੜ੍ਹੀ ਕਤਲ ਕਰਨ ਦੀ ਘਟਨਾ ਕੈਪਟਨ ਸਰਕਾਰ ਦੇ ਮੱਥੇ 'ਤੇ ਕਲੰਕ ਹੈ। ਸਰਪੰਚ ਵੱਲੋਂ ਪੀਣ ਵਾਲੇ ਪਾਣੀ ਦੀ ਸਪਲਾਈ ਬਹਾਲ ਕਰਾਉਣ ਲਈ ਸਰਕਾਰੀ ਦਫਤਰਾਂ ਦੀਆਂ ਠੋਕਰਾਂ ਖਾਣੀਆਂ ਪਈਆਂ ਤੇ ਅਖੀਰ ਜਦੋਂ ਡਿਪਟੀ ਕਮਿਸ਼ਨਰ ਨੇ ਕੋਈ ਗੱਲ ਨਾ ਸੁਣੀ ਤਾਂ ਸਰਪੰਚ ਇਹ ਕਦਮ ਚੁੱਕਣ ਲਈ ਮਜਬੂਰ ਹੋ ਗਿਆ।

# ਸਾਹਨੇਵਾਲ ਹਵਾਈ ਅੱਡੇ ਤੋਂ ਉਡਾਣਾਂ ਅਗਲੇ ਮਹੀਨੇ ਤੋਂ

**ਲੁਧਿਆਣਾ:** ਕੇਂਦਰ ਸਰਕਾਰ ਦੀ 'ਉਡਾਣ ਯੋਜਨਾ' (ਉੜੇ ਦੇਸ਼ ਕਾ ਆਮ ਨਾਗਰਿਕ) ਤਹਿਤ ਸਾਹਨੇਵਾਲ ਹਵਾਈ ਅੱਡੇ ਤੋਂ ਉਡਾਣਾਂ ਜੂਨ ਤੋਂ ਸ਼ੁਰੂ ਹੋ ਜਾਣਗੀਆਂ। ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਉਨ੍ਹਾਂ ਨੇ ਇਸ ਸਬੰਧੀ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਜੈਯੰਤ ਸਿਨਹਾ ਅਤੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਇਹ ਉਡਾਣਾਂ ਜਲਦੀ ਸ਼ੁਰੂ ਕਰਨ ਬਾਰੇ ਕਿਹਾ ਹੈ। ਬਿੱਟੂ ਨੇ ਦੱਸਿਆ ਕਿ ਸੂਬਾ ਸਰਕਾਰ ਏਅਰਲਾਈਨ ਕੰਪਨੀਆਂ ਨੂੰ ਵਧੀਆ ਸੇਵਾਵਾਂ ਮੁਹੱਈਆ ਕਰਾਉਣ ਲਈ ਹਰ ਸੰਭਵ ਸਹਿਯੋਗ ਦੇਵੇਗੀ।

ਇਸ ਤੋਂ ਪਹਿਲਾਂ ਮੁਸਾਫਰਾਂ ਦੀ ਘਾਟ ਕਾਰਨ ਵਿੱਤੀ ਨੁਕਸਾਨ ਕਰ ਕੇ ਉਡਾਣਾਂ ਬੰਦ ਹੋ ਗਈਆਂ ਸਨ, ਪਰ ਹੁਣ ਇਨ੍ਹਾਂ ਕੰਪਨੀਆਂ ਨੂੰ ਹੋਣ ਵਾਲੇ ਵਿੱਤੀ ਨੁਕਸਾਨ ਦੀ ਭਰਪਾਈ ਕੇਂਦਰ ਅਤੇ ਸੂਬਾ ਸਰਕਾਰਾਂ ਕਰਨਗੀਆਂ। ਉਨ੍ਹਾਂ ਕਿਹਾ ਕਿ ਹਵਾਈ ਉਡਾਣਾਂ ਦੀ ਅਣਹੋਂਦ ਕਾਰਨ ਸਨਅਤੀ ਸ਼ਹਿਰ ਦੇ ਉਦਮੀਆਂ ਅਤੇ ਸਨਅਤਕਾਰਾਂ ਨੂੰ ਮੁਸ਼ਕਲਾਂ ਨਾਲ ਦੋ ਚਾਰ ਹੋਣਾ ਪੈ ਰਿਹਾ ਸੀ।

# ਅਦਾਲਤ ਵੱਲੋਂ ਕੁੱਤੇ ਨੂੰ ਮੌਤ ਦੀ ਸਜ਼ਾ

**ਲਾਹੌਰ:** ਪਾਕਿਸਤਾਨੀ ਪੰਜਾਬ ਵਿਚ ਇਕ ਬੱਚੇ ਨੂੰ ਵੱਢਣ ਵਾਲੇ ਕੁੱਤੇ ਨੂੰ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਹੈ। ਜੀਓ ਟੀ.ਵੀ. ਅਨੁਸਾਰ ਪੰਜਾਬ ਦੇ ਭਕੱਕਰ ਵਿਚ ਸਹਾਇਕ ਸੈਸ਼ਨ ਜੱਜ ਸਲੀਮ ਨੇ ਕੁੱਤੇ ਨੂੰ ਮੌਤ ਦੀ ਸਜ਼ਾ ਸੁਣਾਉਂਦੇ ਹੋਏ ਉਸ ਦੇ ਮਾਲਕ ਖਿਲਾਫ਼ ਵੀ ਸਖਤ ਕਾਰਵਾਈ ਦੀ ਪੈਰਵਾਈ ਕੀਤੀ ਹੈ। ਸਲੀਮ ਨੇ ਆਖਿਆ ਹੈ ਕਿ ਕੁੱਤੇ ਨੂੰ ਸਜ਼ਾ ਮਾਨਵੀ ਆਧਾਰ ਉਤੇ ਸੁਣਾਈ ਗਈ ਹੈ। ਉਨ੍ਹਾਂ ਆਖਿਆ ਕਿ ਕੁੱਤੇ ਨੇ ਬੱਚੇ ਨੂੰ ਜ਼ਖਮੀ ਕੀਤਾ, ਇਸ ਲਈ ਉਸ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਉਨ੍ਹਾਂ ਕੁੱਤੇ ਦੇ ਮਾਲਕ ਖਿਲਾਫ਼ ਦੀਵਾਨੀ ਅਦਾਲਤ ਵਿਚ ਕੇਸ ਦੀ ਪੈਰਵੀ ਕਰਨ ਦਾ ਆਦੇਸ਼ ਵੀ ਦਿੱਤਾ। ਦੂਜੇ ਪਾਸੇ ਕੁੱਤੇ ਦੇ ਮਾਲਕ ਜ਼ਮੀਲ ਨੇ ਆਖਿਆ ਹੈ ਕਿ ਪ੍ਰਭਾਵਿਤ ਬੱਚੇ ਦੇ ਪਰਿਵਾਰ ਨੇ ਮੇਰੇ ਕੁੱਤੇ ਖਿਲਾਫ਼ ਕੇਸ ਦਰਜ ਕਰਵਾਇਆ ਹੈ। ਇਸ ਤੋਂ ਬਾਅਦ ਉਸ ਨੂੰ ਹਫਤੇ ਤੱਕ ਕੈਦ ਦੀ ਸਜ਼ਾ ਹੋਈ। ਅਜਿਹੇ ਵਿਚ ਫਿਰ ਤੋਂ ਉਸੇ ਮਾਮਲੇ ਵਿਚ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ। ਜ਼ਮੀਲ ਨੇ ਆਖਿਆ ਕਿ ਕੁੱਤੇ ਨੂੰ ਇਨਸਾਫ ਦਿਵਾਉਣ ਲਈ ਉਹ ਉਪਰਲੀ ਅਦਾਲਤ ਜਾਵੇਗਾ।


## ਰੈਸਟੋਰੈਂਟ ਸਟਾਫ ਦੀ ਲੋੜ ਹੈ

ਕੈਨਸਸ ਵਿਚ ਕੱਰੀ ਕੁੱਕ, ਕੁੱਕ, ਤੰਦੂਰੀਏ, ਹੈਲਪਰ ਤੇ ਸਰਵਰ ਦੀ ਲੋੜ ਹੈ

ਫੋਨ: 316-305-1818

918-576-1899

19&21

## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605



www.princebarbershop.com

## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL MULTI SERVICES

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210

FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਪਾਕਿਸਤਾਨ ਵਿਚ ਸਰਕਾਰੇ-ਦਰਬਾਰੇ ਹੋਵੇਗਾ ਪੰਜਾਬੀ ਦਾ ਬੋਲਬਾਲਾ

**ਲਾਹੌਰ:** ਪਾਕਿਸਤਾਨ ਵਿਚ ਪੰਜਾਬੀ ਜ਼ੁਬਾਨ ਨੂੰ ਸਰਕਾਰੇ-ਦਰਬਾਰੇ ਮਾਨਤਾ ਦੇਣ ਅਤੇ ਇਸ ਦਾ ਸਨਮਾਨ ਬਹਾਲ ਕਰਨ ਦੇ ਸੰਜੀਦਾ ਯਤਨ ਸ਼ੁਰੂ ਹੋ ਗਏ ਹਨ। ਪਾਕਿਸਤਾਨ ਸੈਨੇਟ ਦੀ ਇਕ ਅਹਿਮ ਕਮੇਟੀ ਨੇ ਪੰਜਾਬੀ ਨੂੰ ਕੌਮੀ ਜ਼ੁਬਾਨ ਦਾ ਰੁਤਬਾ ਦੇਣ ਸਬੰਧੀ ਇਕ ਬਿਲ ਦੇ ਖਰੜੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਕਾਨੂੰਨ ਤੇ ਇਨਸਾਫ ਬਾਰੇ ਸੈਨੇਟ ਦੀ ਸਥਾਈ ਕਮੇਟੀ ਨੇ ਪੰਜਾਬੀ ਸਬੰਧੀ ਸੰਵਿਧਾਨਕ ਸੋਧ ਬਿੱਲ ਦੇ ਖਰੜੇ ਨੂੰ 11 ਮਈ ਨੂੰ ਮਨਜ਼ੂਰੀ ਦਿੱਤੀ। ਪੰਜਾਬੀ ਤੋਂ ਇਲਾਵਾ ਸਿੰਧੀ, ਪਸ਼ਤੋ ਤੇ ਬਲੋਚੀ ਨੂੰ ਵੀ ਕੌਮੀ ਜ਼ੁਬਾਨਾਂ ਦਾ ਦਰਜਾ ਦਿੱਤੇ ਜਾਣਾ ਇਸ ਬਿੱਲ ਦੀ ਇਕ ਅਹਿਮ ਮੱਦ ਹੈ। ਜ਼ਿਕਰਯੋਗ ਹੈ ਕਿ ਇਸ ਸਮੇਂ ਪਾਕਿਸਤਾਨ ਵਿਚ ਸਿਰਫ ਉਰਦੂ ਨੂੰ ਕੌਮੀ ਜ਼ੁਬਾਨ ਵਜੋਂ ਮਾਨਤਾ ਮਿਲੀ ਹੋਈ ਹੈ ਜਦੋਂਕਿ ਅੰਗਰੇਜ਼ੀ ਨੂੰ ਆਲਮੀ ਲਿੰਕ ਭਾਸ਼ਾ ਦਾ ਰੁਤਬਾ ਪ੍ਰਾਪਤ ਹੈ।

ਦਰਅਸਲ, ਇਕ ਸਮੇਂ ਉਰਦੂ ਤੇ ਅੰਗਰੇਜ਼ੀ- ਦੋਵਾਂ ਨੂੰ ਕੌਮੀ ਜ਼ੁਬਾਨ ਦਾ ਦਰਜਾ ਹਾਸਲ ਸੀ, ਪਰ 2015 ਵਿਚ ਅੰਗਰੇਜ਼ੀ ਤੋਂ ਇਹ ਰੁਤਬਾ ਖੋਹ ਲਿਆ ਗਿਆ। ਅਜਿਹਾ ਹੋਣ ਦੇ ਬਾਵਜੂਦ ਸਰਕਾਰੇ-ਦਰਬਾਰੇ ਅੰਗਰੇਜ਼ੀ ਦਾ ਹੀ ਦਬਦਬਾ ਹੈ। ਕੌਮੀ ਸੰਵਿਧਾਨ, ਕਾਨੂੰਨ, ਕਾਨੂੰਨੀ ਇਕਰਾਰ ਅਤੇ ਹੋਰ ਸਾਰੇ ਅਹਿਮ ਦਸਤਾਵੇਜ਼ ਅੰਗਰੇਜ਼ੀ ਵਿਚ ਹੀ ਹਨ। ਕੌਮੀ ਸਰਕਾਰ ਦਾ ਕਹਿਣਾ ਹੈ ਕਿ ਬ੍ਰਿਟਿਸ਼ ਸਾਮਰਾਜ ਨਾਲ ਜੁੜੀ ਵਿਰਾਸਤ ਦੇ ਨਿਸ਼ਾਨ ਮਿਟਾਉਣਾ ਅਜੇ ਸੰਭਵ ਨਹੀਂ।

ਪੰਜਾਬੀ ਨੂੰ ਕੌਮੀ ਜ਼ੁਬਾਨ ਦਾ ਦਰਜਾ ਦਿੱਤੇ ਜਾਣ ਦੀ ਮੰਗ ਕਈ ਦਹਾਕਿਆਂ ਤੋਂ ਚੱਲਦੀ ਆ ਰਹੀ ਹੈ, ਪਰ ਇਸ ਨੂੰ ਹੁਲਾਰਾ ਪਿਛਲੇ ਕੁਝ ਸਾਲਾਂ ਤੋਂ ਹੀ ਮਿਲਿਆ ਹੈ। ਦਰਅਸਲ, ਸੂਬਾ ਪੰਜਾਬ ਵਿਚ ਕੁਝ ਅਤਿਵਾਦੀ ਗਰੁੱਪਾਂ ਨੇ ਵੀ ਇਸ ਮੰਗ ਦੀ ਹਮਾਇਤ ਕੀਤੀ ਹੈ। ਲਸ਼ਕਰ-ਏ-ਤੋਇਬਾ ਦੇ ਮੁਖੀ ਹਾਫਿਜ਼ ਸਈਦ ਨੇ 2015 ਵਿਚ ਧਮਕੀ ਦਿੱਤੀ ਸੀ ਕਿ ਜੇਕਰ ਪੰਜਾਬੀ ਨੂੰ ਕੌਮੀ ਜ਼ੁਬਾਨ ਦਾ ਦਰਜਾ ਨਾ ਦਿੱਤਾ ਗਿਆ ਤਾਂ ਉਹ ਸੂਬਾਈ ਪੱਧਰ 'ਤੇ ਜੱਦੋ-ਜਹਿਦ ਸ਼ੁਰੂ ਕਰੇਗਾ। ਹੁਣ ਤਾਂ ਅੰਗਰੇਜ਼ੀ ਭਾਸ਼ਾਈ ਮੀਡੀਆ ਨੇ ਵੀ ਇਸ ਮੁਹਿੰਮ ਵਿਚ ਸਾਥ ਦੇਣਾ ਸ਼ੁਰੂ ਕਰ ਦਿੱਤਾ ਹੈ।

**54 ਫੀਸਦੀ ਪਾਕਿਸਤਾਨੀ ਬੋਲਦੇ ਨੇ ਪੰਜਾਬੀ:** 2011 ਦੀ ਰਾਇਸ਼ੁਮਾਰੀ ਦਾ ਹਵਾਲਾ ਦਿੰਦਿਆਂ ਅੰਗਰੇਜ਼ੀ ਰੋਜ਼ਨਾਮੇ 'ਡਾਅਨ' ਨੇ ਇਕ ਸੰਪਾਦਕੀ ਵਿਚ ਲਿਖਿਆ ਕਿ ਜਦੋਂ 54 ਫੀਸਦੀ ਪਾਕਿਸਤਾਨੀ ਪੰਜਾਬੀ ਬੋਲਦੇ ਹਨ ਤਾਂ 7.6 ਫੀਸਦੀ ਉਰਦੂ ਭਾਸ਼ਾਈਆਂ ਦੀ ਇੰਨੀ ਚੜ੍ਹਤ ਕਿਉਂ? ਉਂਜ, ਸੈਨੇਟ ਦੀ ਸਥਾਈ ਕਮੇਟੀ ਦੀਆਂ ਸਿਫਾਰਸ਼ਾਂ ਤੋਂ ਹਰ ਕੋਈ ਖੁਸ਼ ਨਹੀਂ।

ਪੰਜਾਬ ਤੋਂ ਹੀ ਪਾਕਿਸਤਾਨ ਮੁਸਲਿਮ ਲੀਗ (ਐਨ) ਦੇ ਸੈਨੇਟਰ ਰਜ਼ਾ ਬਖਸ਼ ਖ਼ੁਦਾਦਾਦ ਨੇ ਸੰਵਿਧਾਨ ਸੋਧ ਬਿੱਲ ਦੇ ਵਿਰੋਧ ਦਾ ਇਰਾਦਾ ਜ਼ਾਹਿਰ ਕੀਤਾ ਹੈ।

## ਮਾਂ ਬੋਲੀ ਦੀ ਸੇਵਾ ਲਈ ਪੰਜਾਬੀ ਯੂਨੀਵਰਸਿਟੀ ਦੀ ਪਹਿਲ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਵੱਲੋਂ ਪੰਜਾਬੀ ਨੂੰ ਅੰਗਰੇਜ਼ੀ ਸਮੇਤ ਭਾਰਤ ਦੀ ਹਰ ਭਾਸ਼ਾ ਨਾਲ ਸਿਖਾਉਣ ਲਈ ਪ੍ਰਾਜੈਕਟ ਸ਼ੁਰੂ ਕੀਤਾ ਹੋਇਆ ਹੈ ਤੇ ਡਾ. ਸਤਨਾਮ ਸਿੰਘ ਸੰਧੂ ਨੇ ਪੰਜਾਬੀ ਪਾਠ ਪੁਸਤਕਾਂ ਦੀ ਸ਼ੁਰੂ ਕੀਤੀ ਲੜੀ ਤਹਿਤ ਹਿੰਦੀ ਤੇ ਅੰਗਰੇਜ਼ੀ ਭਾਸ਼ਾ ਵਿਚ ਪੰਜਾਬੀ ਸਿੱਖਣ ਦਾ ਕੰਮ ਮੁਕੰਮਲ ਕਰ ਲਿਆ ਹੈ। ਉਨ੍ਹਾਂ ਨੇ ਪੰਜਾਬੀ ਲਈ ਕੰਮ ਕਰਨ ਦੀ ਰਾਇਲਟੀ ਲੈਣ ਤੋਂ ਵੀ ਇਨਕਾਰ ਕੀਤਾ ਹੈ ਅਤੇ ਉਨ੍ਹਾਂ ਪ੍ਰਾਜੈਕਟ ਲਈ ਯੂਨੀਵਰਸਿਟੀ ਵੱਲੋਂ ਮਿਲੀ ਰਕਮ ਵੀ ਨਹੀਂ ਖਰਚੀ। ਡਾ. ਸਤਨਾਮ ਸਿੰਘ ਸੰਧੂ ਪੰਜਾਬੀ ਯੂਨੀਵਰਸਿਟੀ ਦੇ ਡਿਸਟੈਂਸ ਐਜੂਕੇਸ਼ਨ ਵਿਭਾਗ ਦੇ ਪ੍ਰੋਫੈਸਰ ਹਨ, ਜਿਨ੍ਹਾਂ ਚਾਰ ਸਾਲਾਂ ਤੋਂ ਪੰਜਾਬੀ ਨੂੰ ਹੋਰ ਭਾਸ਼ਾ ਜਾਣਨ ਵਾਲੇ ਲੋਕਾਂ ਨੂੰ ਸਿਖਾਉਣ ਲਈ ਪ੍ਰਾਜੈਕਟ ਸ਼ੁਰੂ ਕੀਤਾ ਸੀ। ਇਨ੍ਹਾਂ ਪਾਠ ਪੁਸਤਕਾਂ ਵਿਚ ਵਰਨ ਗਿਆਨ, ਭੁਲਾਵੇਂ ਅੱਖਰ, ਗੁਰਮੁਖੀ ਮਾਤਰਾ ਪਛਾਣ, ਲਗਾਂ ਅੱਖਰ, ਪੈਰ ਅੱਖਰ, ਮੁਹਾਰਨੀ, ਮਾਤਰਾਵਾਂ ਦੀ ਵਰਤੋਂ, ਲਗਾਂ ਅੱਖਰ ਦੀ ਵਰਤੋਂ, ਗਿਣਤੀ ਗਿਆਨ ਆਦਿ ਹਿੰਦੀ ਅਤੇ ਅੰਗਰੇਜ਼ੀ ਜਾਣਕਾਰਾਂ ਲਈ ਦਰਸਾਏ ਗਏ ਹਨ। ਇਸ ਦੇ ਨਾਲ ਹੀ ਤਸਵੀਰਾਂ ਦੇ ਕੇ ਅੱਖਰ ਲਿਖਣ ਦਾ ਤਰੀਕਾ ਵੀ ਦੱਸਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਉਹ ਉਰਦੂ, ਬੰਗਾਲੀ, ਗੁਜਰਾਤੀ ਭਾਸ਼ਾ ਦੇ ਜਾਣਕਾਰਾਂ ਲਈ ਵੀ ਪੰਜਾਬੀ ਸਿੱਖਣ ਦੀਆਂ ਪਾਠ ਪੁਸਤਕਾਂ ਦਾ ਕੰਮ ਵੀ ਸ਼ੁਰੂ ਕਰਨਗੇ।

# ਮਾਨ ਸਿੰਘ ਖਾਲਸਾ 'ਤੇ ਹਮਲਾ ਕਰਨ ਵਾਲਿਆਂ ਨੂੰ ਤਿੰਨ ਸਾਲ ਦੀ ਸਜ਼ਾ

**ਸੈਨ ਫਰਾਂਸਿਸਕੋ (ਬਿਊਰੋ):** ਪਿਛਲੇ ਸਾਲ ਸਤੰਬਰ ਮਹੀਨੇ ਰਿਚਮੰਡ ਵਿਖੇ ਮਾਨ ਸਿੰਘ ਖਾਲਸਾ ਉਤੇ ਹਮਲਾ ਕਰਨ ਵਾਲੇ ਦੋ



*ਮਾਨ ਸਿੰਘ ਖਾਲਸਾ ਦੀ ਇਕ ਪੁਰਾਣੀ ਤਸਵੀਰ*

ਮੁਲਜ਼ਮਾਂ ਨੂੰ ਤਿੰਨ-ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਨ੍ਹਾਂ ਦੋਹਾਂ ਨੇ ਅਦਾਲਤ ਵਿਚ ਆਪਣੇ ਕਸੂਰ ਦਾ ਇਕਬਾਲ ਕਰ ਲਿਆ ਸੀ। ਕੌਂਟਰਾ ਕੋਸਟਾ ਕਾਊਂਟੀ ਦੇ ਸੁਪੀਰੀਅਰ ਕੋਰਟ ਜੱਜ ਪੈਟਰੀਸ਼ੀਆ ਸਕੈਨਲੋਨ ਨੇ ਇਹ ਫੈਸਲਾ ਸੁਣਾਇਆ।

ਜ਼ਿਕਰਯੋਗ ਹੈ ਕਿ ਟੈਕਸਸ ਰਹਿੰਦੇ ਮਾਨ ਸਿੰਘ ਖਾਲਸਾ ਉਤੇ ਲਿਟਲ ਅਤੇ ਲਿਬਲਾਂਸ ਨੇ ਮਾਮੂਲੀ ਜਿਹੇ ਤਕਰਾਰ ਤੋਂ ਬਾਅਦ ਹਮਲਾ ਕਰ ਦਿੱਤਾ ਸੀ। ਇਸ ਹਮਲੇ ਵਿਚ ਉਸ ਦੀ ਦਸਤਾਰ ਵੀ ਲਹਿ ਗਈ ਸੀ ਅਤੇ ਕੇਸਾਂ ਦੀ ਬੇਅਦਬੀ ਵੀ ਹੋਈ ਸੀ। ਉਸ ਦੀ ਅੱਖ ਬੁਰੀ ਤਰ੍ਹਾਂ ਫੱਟੜ ਹੋ ਗਈ ਸੀ। ਇਸ ਤੋਂ ਇਲਾਵਾ ਦੰਦਾਂ ਅਤੇ ਸਿਰ ਉਤੇ ਵੀ ਸੱਟਾਂ ਲੱਗੀਆਂ ਸਨ। ਜ਼ਿਆਦਾ ਜ਼ਖ਼ਮੀ ਹੋਣ ਕਾਰਨ ਉਸ ਦੀ ਉਂਗਲ ਵੀ ਕੱਟਣੀ ਪਈ ਸੀ। ਅਦਾਲਤ ਨੇ ਕੇਸਾਂ ਦੀ ਬੇਅਦਬੀ ਦੇ ਮਾਮਲੇ ਵਿਚ ਇਨ੍ਹਾਂ ਦੋਵਾਂ ਨੂੰ ਨਫਰਤੀ ਅਪਰਾਧ ਦਾ ਦੋਸ਼ੀ ਠਹਿਰਾਇਆ ਹੈ। ਉਨ੍ਹਾਂ ਨੇ ਅਦਾਲਤ ਵਿਚ ਮਾਨ ਸਿੰਘ ਖਾਲਸਾ ਵੱਲੋਂ ਦਿੱਤੇ ਬਿਆਨ ਦਾ ਕੋਈ ਵਿਰੋਧ ਨਹੀਂ ਕੀਤਾ, ਸਿੱਟੇ ਵਜੋਂ ਅਦਾਲਤ ਨੇ ਇਨ੍ਹਾਂ ਨੂੰ ਸਜ਼ਾ ਸੁਣਾ ਦਿੱਤੀ। ਇਸ ਕੇਸ ਦੀ ਨੁਕਸਾਨ ਪੂਰਤੀ ਬਾਰੇ ਅਗਲੀ ਸੁਣਵਾਈ 7 ਜੁਲਾਈ ਨੂੰ ਹੋਵੇਗੀ।

ਸਿੱਖ ਕੁਲੀਸ਼ਨ ਦੀ ਸਟਾਫ ਅਟਾਰਨੀ ਪਵਨਪ੍ਰੀਤ ਕੌਰ ਨੇ ਕਿਹਾ ਹੈ ਕਿ ਇਸਲਾਮੋਫੋਬੀਆ ਅਤੇ ਨਸਲਪ੍ਰਸਤੀ ਕਾਰਨ ਸਿੱਖ ਭਾਈਚਾਰੇ ਨੂੰ ਅਜਿਹੇ ਹਮਲਿਆਂ ਦਾ ਲਗਾਤਾਰ ਸਾਹਮਣਾ ਕਰਨਾ ਪੈ ਰਿਹਾ ਹੈ। ਵਰਣਨਯੋਗ ਹੈ ਕਿ ਮਾਨ ਸਿੰਘ ਖਾਲਸਾ ਉਤੇ ਹਮਲਾ 25 ਸਤੰਬਰ 2016 ਨੂੰ ਹੋਇਆ ਸੀ। ਇਸ ਕੇਸ ਦੀ ਸੁਣਵਾਈ ਦੌਰਾਨ ਡਸਟਿਨ ਐਲਬਰੈਡੋ ਨਾਂ ਦੇ ਆਦਮੀ ਦੀ ਗਵਾਹੀ ਬੜੀ ਅਹਿਮ ਰਹੀ, ਜਿਸ ਨੇ ਮਾਨ ਸਿੰਘ ਖਾਲਸਾ ਦੇ ਹੱਕ ਵਿਚ ਡਟ ਕੇ ਗਵਾਹੀ ਦਿੱਤੀ।

# ਕਾਂਗਰਸੀਆਂ ਦੀ ਅਜੇ ਵੀ ਨਹੀਂ ਮੰਨਦੀ ਅਫਸਰਸ਼ਾਹੀ

**ਚੰਡੀਗੜ੍ਹ:** ਪੰਜਾਬ ਦੇ ਵਿਧਾਇਕ ਸੂਬੇ ਦੀ ਅਫਸਰਸ਼ਾਹੀ ਦੇ ਵਤੀਰੇ ਤੋਂ ਕਾਫੀ ਖਫ਼ਾ ਹਨ। ਪੰਜਾਬ ਵਿਧਾਨ ਸਭਾ ਦੀਆਂ ਕਮੇਟੀਆਂ ਦੀ ਮੀਟਿੰਗ ਵਿਚ ਹਿੱਸਾ ਲੈਣ ਤੋਂ ਬਾਅਦ ਉਨ੍ਹਾਂ ਇਸ ਦਾ ਖੁੱਲ੍ਹ ਕੇ ਪ੍ਰਗਟਾਵਾ ਕੀਤਾ। ਉਨ੍ਹਾਂ ਇਹ ਮਾਮਲਾ ਸੂਬੇ ਦੇ ਮੁੱਖ ਸਕੱਤਰ ਕੋਲ ਉਠਾਉਣ ਦਾ ਫੈਸਲਾ ਲਿਆ ਹੈ ਅਤੇ ਪ੍ਰੋਟੋਕੋਲ ਅਨੁਸਾਰ ਵਿਧਾਇਕਾਂ ਨੂੰ ਬਣਦਾ ਮਾਣ-ਸਨਮਾਨ ਦੇਣ ਲਈ ਹਦਾਇਤਾਂ ਜਾਰੀ ਕਰਨ ਵਾਸਤੇ ਕਿਹਾ ਜਾਵੇਗਾ।


ਵਿਧਾਇਕਾਂ ਨੇ ਗੁੱਸਾ ਜ਼ਾਹਿਰ ਕਰਦਿਆਂ ਕਿਹਾ ਕਿ ਪ੍ਰੋਟੋਕੋਲ ਅਨੁਸਾਰ ਉਨ੍ਹਾਂ ਦਾ ਰੁਤਬਾ ਮੁੱਖ ਸਕੱਤਰ ਤੋਂ ਉਪਰ ਬਣਦਾ ਹੈ, ਪਰ ਸੁਣਵਾਈ ਹੇਠਲੇ ਪੱਧਰ ਦੇ ਅਧਿਕਾਰੀ ਨਹੀਂ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਸੁਣਵਾਈ ਨਹੀਂ ਹੋਵੇਗੀ ਤਾਂ ਉਹ ਆਮ ਜਨਤਾ ਦੇ ਕੰਮ ਕਾਜ ਕਿਵੇਂ ਕਰਵਾ ਸਕਣਗੇ।

ਜ਼ਿਕਰਯੋਗ ਹੈ ਕਿ ਕਾਂਗਰਸ ਵਿਧਾਇਕ ਇਹ ਮਸਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਵੀ ਉਠਾ ਚੁੱਕੇ ਹਨ। ਮੁੱਖ ਮੰਤਰੀ ਨਾਲ ਅਗਲੇ ਦਿਨਾਂ ਵਿਚ ਕੁਝ ਹੋਰ ਜ਼ਿਲ੍ਹਿਆਂ ਦੇ ਵਿਧਾਇਕਾਂ ਦੀਆਂ ਮੀਟਿੰਗਾਂ ਹੋਣੀਆਂ ਹਨ ਜਿਨ੍ਹਾਂ ਵਿਚ ਫਿਰ ਇਹ ਮਾਮਲਾ ਉਠਣ ਦੇ ਪੂਰੇ ਆਸਾਰ ਹਨ। ਇਕ ਵਿਧਾਇਕ ਨੇ ਕਿਹਾ ਕਿ ਪੁਲਿਸ ਹੈਡਕੁਆਰਟਰ 'ਚ ਪਾਰਕਿੰਗ ਦਾ ਸਟਿਕਰ ਨਾ ਹੋਣ ਦਾ ਹਵਾਲਾ ਦੇ ਕੇ ਉਨ੍ਹਾਂ ਦੀਆਂ ਗੱਡੀਆਂ ਬਾਹਰ ਖੜ੍ਹੀਆਂ ਕਰਵਾ ਦਿੱਤੀਆਂ ਜਾਂਦੀਆਂ ਹਨ।

ਉਨ੍ਹਾਂ ਮੰਗ ਕੀਤੀ ਕਿ ਗੱਡੀ 'ਤੇ ਲੱਗੇ ਵਿਧਾਇਕ ਦੇ ਸਟਿਕਰ ਨੂੰ ਪਾਰਕਿੰਗ ਲਈ ਪ੍ਰਵਾਨਗੀ ਦਿੱਤੀ ਜਾਣੀ ਚਾਹੀਦੀ ਹੈ। ਦੋ ਵਿਧਾਇਕਾਂ ਨੇ ਕਿਹਾ ਕਿ ਵੀ.ਆਈ.ਪੀ. ਕਲਚਰ ਖਤਮ ਕਰਵਾਉਣ ਲਈ ਉਨ੍ਹਾਂ ਦੀਆਂ ਗੱਡੀਆਂ ਤੋਂ ਲਾਲ ਬੱਤੀਆਂ ਤਾਂ ਲੁਹਾ ਦਿੱਤੀਆਂ ਗਈਆਂ ਹਨ ਪਰ ਅਫਸਰਸ਼ਾਹੀ ਦਾ ਵੀ.ਆਈ.ਪੀ. ਕਲਚਰ ਜਿਉਂ ਦਾ ਤਿਉਂ ਬਰਕਰਾਰ ਹੈ।

# ਆਲਮੀ ਅਦਾਲਤ ਨੇ ਜਾਧਵ ਦੀ ਫਾਂਸੀ 'ਤੇ ਲਾਈ ਰੋਕ

**ਹੇਗ:** ਭਾਰਤ ਦੀਆਂ ਕੋਸ਼ਿਸ਼ਾਂ ਨੂੰ ਉਦੋਂ ਹੁਲਾਰਾ ਮਿਲਿਆ ਜਦੋਂ ਕੌਮਾਂਤਰੀ ਨਿਆਇਕ ਅਦਾਲਤ (ਆਈ.ਸੀ.ਜੇ.) ਨੇ ਭਾਰਤੀ ਜਲ ਸੈਨਾ ਦੇ ਸਾਬਕਾ ਅਫਸਰ



ਕੁਲਭੂਸ਼ਣ ਜਾਧਵ ਦੀ ਫਾਂਸੀ ਦੀ ਸਜ਼ਾ ਉਤੇ ਰੋਕ ਲਾ ਦਿੱਤੀ। ਉਸ ਨੂੰ ਜਾਸੂਸੀ ਤੇ ਭੰਨ-ਤੋੜ ਦੀਆਂ ਹੋਰ ਗਤੀਵਿਧੀਆਂ ਦੇ ਦੋਸ਼ਾਂ ਹੇਠ ਪਾਕਿਸਤਾਨ ਦੀ ਫੌਜੀ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਸੀ।

ਇਹ ਫੈਸਲਾ ਪੜ੍ਹਦਿਆਂ ਕੌਮਾਂਤਰੀ ਨਿਆਇਕ ਅਦਾਲਤ ਦੇ ਪ੍ਰਧਾਨ ਰੌਨੀ ਅਬਰਾਹਮ ਨੇ ਕਿਹਾ, "ਪਾਕਿਸਤਾਨ ਨੂੰ ਇਸ ਕੇਸ ਦੇ ਅੰਤਿਮ ਫੈਸਲੇ ਤੱਕ ਜਾਧਵ ਦੀ ਫਾਂਸੀ ਰੋਕਣ ਲਈ ਸਾਰੇ ਲੋੜੀਂਦੇ ਕਦਮ ਚੁੱਕਣੇ ਪੈਣਗੇ।" 9 ਮਈ ਨੂੰ ਜਾਧਵ ਦੀ ਫਾਂਸੀ ਉਤੇ ਆਰਜ਼ੀ ਰੋਕ ਲਾਉਣ ਵਾਲੀ ਸੰਯੁਕਤ ਰਾਸ਼ਟਰ ਦੀ ਇਸ ਉਚ ਨਿਆਇਕ ਸੰਸਥਾ ਨੇ ਪਾਕਿਸਤਾਨ ਨੂੰ ਸੂਚਿਤ ਕੀਤਾ ਕਿ ਮੌਜੂਦਾ ਹੁਕਮ ਲਾਗੂ ਕੀਤੇ ਜਾਣ।

ਇਸ ਕੇਸ ਨੂੰ ਆਪਣੇ ਅਧਿਕਾਰ ਖੇਤਰ ਵਿਚ ਹੋਣ ਦਾ ਦਾਅਵਾ ਕਰਦਿਆਂ ਅਦਾਲਤ ਨੇ ਭਾਰਤ ਦੀ ਉਹ ਦਲੀਲ ਵੀ ਮੰਨ ਲਈ ਕਿ ਜਾਧਵ ਤੱਕ ਕੌਂਸਲਰ ਰਸਾਈ ਦੀ ਇਜਾਜ਼ਤ ਨਾ ਦੇਣਾ ਵਿਆਨਾ ਕਨਵੈਨਸ਼ਨ ਦੀ ਉਲੰਘਣਾ ਹੈ। ਭਾਰਤ ਵੱਲੋਂ ਆਪਣੇ ਨਾਗਰਿਕ ਤੱਕ ਕੌਂਸਲਰ ਪਹੁੰਚ ਲਈ ਕੀਤੀਆਂ ਅਪੀਲਾਂ 16 ਦਫਾ ਰੱਦ ਕੀਤੀਆਂ ਗਈਆਂ। ਜ਼ਿਕਰਯੋਗ ਹੈ ਕਿ ਭਾਰਤ ਤੇ ਪਾਕਿਸਤਾਨ ਨੇ 1977 ਵਿਚ ਵਿਆਨਾ ਕਨਵੈਨਸ਼ਨ ਉਤੇ ਦਸਤਖਤ ਕੀਤੇ ਸਨ।

ਦੋਵਾਂ ਮੁਲਕਾਂ ਵੱਲੋਂ ਆਪਣੀਆਂ ਦਲੀਲਾਂ ਰੱਖਣ ਤੋਂ ਬਾਅਦ 11 ਮੈਂਬਰੀ ਬੈਂਚ ਨੇ ਸਰਬਸੰਮਤੀ ਨਾਲ ਇਹ ਫੈਸਲਾ ਦਿੱਤਾ। ਅਦਾਲਤ ਨੇ ਕਿਹਾ ਕਿ ਪਾਕਿਸਤਾਨ ਨੇ ਸੰਕੇਤ ਦਿੱਤਾ ਹੈ ਕਿ ਜਾਧਵ ਨੂੰ ਅਗਸਤ 2017 ਤੱਕ ਫਾਂਸੀ ਨਾ ਦੇਣ ਦੀ ਸੰਭਾਵਨਾ ਹੈ, ਜਿਸ ਕਾਰਨ ਇਹ ਜੋਖਮ ਹੈ ਕਿ ਇਸ ਤੋਂ ਬਾਅਦ ਕਿਸੇ ਵੀ ਸਮੇਂ ਇਸ ਅਦਾਲਤ ਦਾ ਅੰਤਿਮ ਫੈਸਲਾ ਉਡੀਕੇ ਬਗੈਰ ਉਸ ਨੂੰ ਫਾਂਸੀ ਦਿੱਤੀ ਜਾ ਸਕਦੀ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਇਸ ਕੇਸ ਵਿਚ ਕਾਹਲ ਦੀ ਲੋੜ ਸੀ ਕਿਉਂਕਿ ਪਾਕਿਸਤਾਨ ਇਹ ਭਰੋਸਾ ਨਹੀਂ ਦੇ ਰਿਹਾ ਸੀ ਕਿ ਅੰਤਿਮ ਫੈਸਲੇ ਤੋਂ ਪਹਿਲਾਂ ਜਾਧਵ ਨੂੰ ਫਾਂਸੀ ਨਹੀਂ ਦਿੱਤੀ ਜਾਵੇਗੀ। ਕਾਂਗਰਸ ਦੇ ਸੀਨੀਅਰ ਆਗੂ ਗੁਲਾਮ ਨਬੀ ਆਜ਼ਾਦ ਨੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਜਾਧਵ ਲਈ ਨਿਆਂ ਤੇ ਭਾਰਤ ਵਾਪਸੀ ਯਕੀਨੀ ਬਣਾਉਣ ਦੀ ਸਰਕਾਰ ਨੂੰ ਅਪੀਲ ਕੀਤੀ।

## ਭਾਰਤੀ ਵਿਗਿਆਨੀ ਨੂੰ ਐਵਾਰਡ

**ਤਲ ਅਵੀਵ:** ਭਾਰਤੀ ਵਿਗਿਆਨੀ ਸ੍ਰੀਨਿਵਾਸ ਕੁਲਕਰਨੀ ਨੇ ਪੁਲਾੜ ਖੇਤਰ ਵਿਚ ਆਪਣੇ ਯੋਗਦਾਨ ਬਦਲੇ 'ਡੈਨ ਡੇਵਿਡ ਪੁਰਸਕਾਰ' ਜਿੱਤਿਆ ਹੈ। ਉਹ ਪਾਸਾਡੇਨਾ ਵਿਚ 'ਕੈਲੇਫੋਰਨੀਆ ਇੰਸਟੀਚਿਊਟ ਆਫ ਤਕਨਾਲੋਜੀ' ਵਿਚ ਪੁਲਾੜ ਭੌਤਿਕੀ ਅਤੇ ਗ੍ਰਹਿਆਂ ਸਬੰਧੀ ਵਿਗਿਆਨ ਦੇ ਪ੍ਰੋਫੈਸਰ ਹਨ। ਇਸ ਪੁਰਸਕਾਰ ਦੀ ਇਨਾਮੀ ਰਾਸ਼ੀ 10 ਲੱਖ ਅਮਰੀਕੀ ਡਾਲਰ ਹੈ।

# ਗੈਂਗਸਟਰਾਂ 'ਤੇ ਪੰਜਾਬ ਪੁਲਿਸ ਦਾ ਨਵਾਂ ਤਜਰਬਾ

**ਅੰਮ੍ਰਿਤਸਰ:** ਪੰਜਾਬ ਵਿਚ ਵਧ ਰਹੀਆਂ ਗੈਂਗਵਾਰ ਦੀਆਂ ਘਟਨਾਵਾਂ 'ਤੇ ਕਾਬੂ ਪਾਉਣ ਲਈ ਪੰਜਾਬ ਪੁਲਿਸ ਛੇਤੀ ਹੀ ਨਵਾਂ ਤਜਰਬਾ ਕਰਨ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਵੱਲੋਂ ਸੋਸ਼ਲ ਮੀਡੀਆ ਉਤੇ ਯੂਥ ਕਮੇਟੀਆਂ ਬਣਾ ਕੇ ਪੰਜਾਬ ਦੇ ਨੌਜਵਾਨਾਂ ਨੂੰ ਸਿੱਧੇ ਤੌਰ 'ਤੇ ਆਪਣੇ ਨਾਲ ਜੋੜਨ ਲਈ ਯੋਜਨਾ ਤਿਆਰ ਕੀਤੀ ਜਾ ਰਹੀ ਹੈ। ਇਸ ਯੋਜਨਾ ਤਹਿਤ ਨੌਜਵਾਨਾਂ ਨੂੰ ਸਮਝਾਇਆ ਜਾਵੇਗਾ ਕਿ ਕਿਸੇ ਬਹਿਕਾਵੇ ਵਿਚ ਆ ਕੇ ਹਥਿਆਰਾਂ ਦਾ ਇਸਤੇਮਾਲ ਨਾ ਕਰ ਕੇ ਆਪਣਾ ਚੰਗਾ ਜੀਵਨ ਬਤੀਤ ਕਰਨ।

ਪੰਜਾਬ ਦੇ ਏ.ਡੀ.ਜੀ.ਪੀ. ਲਾਅ ਐਂਡ ਆਰਡਰ ਰੋਹਿਤ ਚੌਧਰੀ ਨੇ ਇਨ੍ਹਾਂ ਨਵੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੰਦਿਆਂ ਇਹ ਗੱਲ ਵੀ ਮੰਨੀ ਕਿ ਪੰਜਾਬ ਵਿਚ ਕਾਨੂੰਨ ਵਿਵਸਥਾ ਸੱਚਮੁਚ ਬਹੁਤ ਖਰਾਬ ਸੀ। ਹੁਣ ਉਸ ਨੂੰ ਠੀਕ ਕਰਨ ਲਈ ਬਹੁਤ ਸਾਰੇ ਕੰਮ ਕੀਤੇ ਜਾ ਰਹੇ ਹਨ। ਚੌਧਰੀ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪੰਜਾਬ ਦੀ ਕਾਨੂੰਨ ਵਿਵਸਥਾ ਨੂੰ ਬਿਹਤਰ ਬਣਾਉਣ ਲਈ ਪੂਰੇ ਸੂਬੇ ਵਿਚ ਲੋਕਾਂ ਨਾਲ ਮੁਲਾਕਾਤ ਕੀਤੀ ਜਾ ਰਹੀ ਹੈ।

ਉਨ੍ਹਾਂ ਦੀਆਂ ਮੁਸ਼ਕਲ ਨੂੰ ਸੁਣ ਕੇ ਹੱਲ ਕੱਢਣ ਲਈ ਯੋਜਨਾ ਤਿਆਰ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਗ੍ਰਿਫਤਾਰ ਕੀਤੇ ਜਾ ਰਹੇ ਗੈਂਗਸਟਰਾਂ ਨੂੰ ਵੀ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਹ ਗੈਂਗਸਟਰਾਂ ਦੀਆਂ ਕਹਾਣੀਆਂ ਸੁਣ ਕੇ ਇਸ ਹਨੇਰੇ ਦੀ ਜ਼ਿੰਦਗੀ ਜਿਊਣ ਦੀ ਥਾਂ ਆਪਣਾ ਚੰਗਾ ਜੀਵਨ ਬਿਤਾਉਣ। ਉਨ੍ਹਾਂ ਨਾਭਾ ਜੇਲ੍ਹ ਬ੍ਰੇਕ ਕਾਂਡ ਵਿਚ ਗ੍ਰਿਫਤਾਰ ਕੀਤੇ ਨੌਜਵਾਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹ ਨੌਜਵਾਨ ਵਕਾਲਤ ਦੀ ਪੜ੍ਹਾਈ ਕਰ ਰਿਹਾ ਸੀ ਪਰ ਮਾੜੀ ਸੰਗਤ ਵਿਚ ਰਹਿਣ ਕਰ ਕੇ ਉਸ ਨੇ ਅਜਿਹਾ ਕੰਮ ਕੀਤਾ ਸੀ ਤੇ ਹੁਣ ਉਸ ਨੂੰ ਇਸ ਦਾ ਪਛਤਾਵਾ ਵੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰਾਂ ਵਿਚ ਕਾਨੂੰਨ ਵਿਵਸਥਾ ਨੂੰ ਦਰੁਸਤ ਕਾਰਨ ਲਈ ਬੀਟ ਪੁਲਿਸਿੰਗ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਪੁਲਿਸ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਹਨ ਕਿ ਉਹ ਆਪਣੇ ਇਲਾਕਿਆਂ ਵਿਚ ਵਟਸਐਪ ਗਰੁੱਪ ਬਣਾਉਣ ਤੇ ਲੋਕਾਂ ਨੂੰ ਆਪਣੇ ਨਾਲ ਸਿੱਧੇ ਤੌਰ 'ਤੇ ਜੋੜਨ।




## 35 ਗੈਂਗਸਟਰਾਂ ਦੀ ਸੂਚੀ ਤਿਆਰ

**ਲੁਧਿਆਣਾ:** ਪੰਜਾਬ ਪੁਲਿਸ ਨੇ 22 ਜ਼ਿਲ੍ਹਿਆਂ ਦੇ 35 ਗੈਂਗਸਟਰਾਂ ਦੀ ਸੂਚੀ ਤਿਆਰ ਕੀਤੀ ਹੈ। ਸੂਚੀ ਵਿਚ ਕਈ ਗੈਂਗਸਟਰ ਅਜਿਹੇ ਵੀ ਹਨ, ਜੋ ਕਈ ਸਾਲਾਂ ਤੋਂ ਪੁਲਿਸ ਦੀ ਗ੍ਰਿਫਤ ਤੋਂ ਦੂਰ ਹਨ। ਪੁਲਿਸ ਨੇ ਇਨ੍ਹਾਂ ਦੀ ਗ੍ਰਿਫਤਾਰੀ ਲਈ ਟੀਮਾਂ ਵੀ ਗਠਿਤ ਕਰ ਲਈਆਂ ਹਨ।

ਗੌਰਤਲਬ ਹੈ ਕਿ ਨਾਭਾ ਜੇਲ੍ਹ ਕਾਂਡ ਅਤੇ ਉਸ ਤੋਂ ਮਗਰੋਂ ਪੰਜਾਬ ਵਿੱਚ ਵੱਖ-ਵੱਖ ਥਾਵਾਂ 'ਤੇ ਹੋਈਆਂ ਗੈਂਗਵਾਰ ਦੀਆਂ ਵਾਰਦਾਤਾਂ ਮੌਕੇ ਪੰਜਾਬ ਪੁਲਿਸ ਦੇ ਸਾਹਮਣੇ ਕਈ ਅਜਿਹੇ ਗੈਂਗਸਟਰਾਂ ਦੇ ਨਾਮ ਆਏ, ਜਿਨ੍ਹਾਂ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ।

# ਲੰਡਨ ਦੀਆਂ ਸਿਆਸੀ ਧਿਰਾਂ ਨੇ ਸਿੱਖ ਮਸਲਿਆਂ ਨੂੰ ਅੱਗੇ ਲਾਇਆ

**ਲੰਡਨ:** ਬਰਤਾਨੀਆ ਵਿਚ ਆਮ ਚੋਣਾਂ ਲਈ ਚੋਣ ਪ੍ਰਚਾਰ ਪੂਰੇ ਜ਼ੋਰਾਂ ਉਤੇ ਹੈ। ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ ਹਰ ਤਬਕੇ ਦੇ ਲੋਕਾਂ ਦੀਆਂ ਮੰਗਾਂ ਜਾਨਣ ਲਈ ਲੋਕਾਂ ਨਾਲ ਖੁੱਲ੍ਹ ਕੇ ਮਿਲ ਰਹੇ ਹਨ। ਲੰਡਨ ਵਸਦੇ ਸਿੱਖ ਭਾਈਚਾਰੇ ਦੀ ਅਹਿਮ ਮੰਗ ਆਪਣੇ ਮੁਕੱਦਸ ਸਥਾਨ ਹਰਿਮੰਦਰ ਸਾਹਿਬ ਉਤੇ 1984 ਵਿਚ ਹੋਏ ਫੌਜੀ ਹਮਲੇ ਵਿਚ ਬਰਤਾਨੀਆ ਦੀ ਭੂਮਿਕਾ ਜਨਤਕ ਕੀਤੇ ਜਾਣ ਦੀ ਹੈ। ਚੋਣ ਵਾਅਦਿਆਂ ਦਰਮਿਆਨ ਬਰਤਾਨੀਆ ਦੀ ਲੇਬਰ ਪਾਰਟੀ ਆਪਰੇਸ਼ਨ ਬਲੂ ਸਟਾਰ ਵਿਚ ਉਸ ਵੇਲੇ ਦੀ ਬਰਤਾਨਵੀ ਸਰਕਾਰ ਦੀ ਭੂਮਿਕਾ ਦੀ ਜਾਂਚ ਕਰਵਾਉਣ ਦਾ ਵਾਅਦਾ ਕਰ ਚੁੱਕੀ ਹੈ ਅਤੇ ਪਾਰਟੀ ਦੇ ਆਗੂ ਲਗਾਤਾਰ ਇਸ ਬਾਰੇ ਪ੍ਰਚਾਰ ਵੀ ਕਰ ਰਹੇ ਹਨ।




ਲੰਡਨ ਵਿਚ ਸਿੱਖ ਭਾਈਚਾਰਾ ਵੱਡੀ ਗਿਣਤੀ ਵਿਚ ਵਸਦਾ ਹੈ, ਇਸੇ ਕਰ ਕੇ ਕੋਈ ਵੀ ਪਾਰਟੀ ਸਿੱਖਾਂ ਦੇ ਮੁੱਦਿਆਂ ਨੂੰ ਅਣਦੇਖਿਆ ਨਹੀਂ ਕਰਨਾ ਚਾਹੁੰਦੀ। ਪ੍ਰਧਾਨ ਮੰਤਰੀ ਅਹੁਦੇ ਦੇ ਦਾਅਵੇਦਾਰ ਜੈਰਮੀ ਕੌਰਬਿਨ ਨੇ ਵੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਮੱਥਾ ਟੇਕਣ ਪਿੱਛੋਂ ਕਿਹਾ ਕਿ ਸਿੱਖਾਂ ਨੂੰ ਬਲੂ ਸਟਾਰ ਓਪ੍ਰੇਸ਼ਨ ਦੀ ਸੱਚਾਈ ਜਾਣਨ ਦਾ ਪੂਰਾ ਹੱਕ ਹੈ। ਇਸ ਮੌਕੇ ਉਨ੍ਹਾਂ ਨਾਲ ਸਲੋਹ ਤੋਂ ਲੇਬਰ ਉਮੀਦਵਾਰ ਤਨਮਨਜੀਤ ਸਿੰਘ ਢੇਸੀ, ਲੇਬਰ ਉਮੀਦਵਾਰ ਰੌਕੀ ਗਿੱਲ, ਯੂਰਪੀਅਨ ਸੰਸਦ ਮੈਂਬਰ ਨੀਨਾ ਗਿੱਲ, ਲੰਡਨ ਅਸੈਂਬਲੀ ਮੈਂਬਰ ਡਾ. ਉਂਕਾਰ ਸਿੰਘ ਸਹੋਤਾ ਆਦਿ ਸਨ।

ਇਸ ਮੌਕੇ ਜੈਰਮੀ ਕੌਰਬਿਨ ਨੇ ਕਿਹਾ ਕਿ ਸਿੱਖ ਧਰਮ ਬਰਾਬਰੀ ਸਿਖਾਉਂਦਾ ਹੈ ਜਿਥੇ ਬਗੈਰ ਕਿਸੇ ਵਿਤਕਰੇ ਤੋਂ ਸਭ ਨੂੰ ਇਕ ਰਸੋਈ ਵਿਚੋਂ ਲੰਗਰ ਛਕਾਇਆ ਜਾਂਦਾ ਹੈ। ਸਿੱਖਾਂ ਨੂੰ ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹੋਏ ਹਮਲੇ ਵਿਚ ਬਰਤਾਨੀਆ ਸਰਕਾਰ ਦੀ ਭੂਮਿਕਾ ਬਾਰੇ ਸੱਚ ਜਾਣਨ ਦਾ ਪੂਰਾ ਹੱਕ ਹੈ ਅਤੇ ਲੇਬਰ ਪਾਰਟੀ ਇਸ ਘਟਨਾ ਸਬੰਧੀ ਨਿਰਪੱਖ ਜਾਂਚ ਕਰਵਾਉਣ ਲਈ ਵਚਨਬੱਧ ਹੈ।

ਇਸ ਮੌਕੇ ਜੈਰਮੀ ਕੌਰਬਿਨ ਨੇ ਲੰਗਰ ਦੀ ਸੇਵਾ ਵੀ ਕੀਤੀ ਅਤੇ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨਾਲ ਕੁਝ ਸਮਾਂ ਬੰਦ ਕਮਰਾ ਮੀਟਿੰਗ ਵੀ ਕੀਤੀ। ਲੇਬਰ ਪਾਰਟੀ ਨੇ ਚੋਣਾਂ ਮੈਦਾਨ ਵਿਚ ਪਹਿਲੀ ਵਾਰ 6 ਸਿੱਖਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ ਅਤੇ ਪਾਰਟੀ ਇਸ ਮੁੱਦੇ ਨੂੰ ਜ਼ੋਰ-ਸ਼ੋਰ ਨਾਲ ਚੁੱਕ ਰਹੀ ਹੈ।

## ਓਪਰੇਸ਼ਨ ਬਲੂ ਸਟਾਰ ਦਾ ਮੁੱਦਾ ਭਖਿਆ

**ਲੰਡਨ:** ਓਪਰੇਸ਼ਨ ਬਲੂ ਸਟਾਰ ਦਾ ਮੁੱਦਾ ਲੰਡਨ ਦੀਆਂ ਆਮ ਚੋਣਾਂ ਵਿਚ ਖਾਸ ਚੋਣ ਮੁੱਦਾ ਬਣ ਕੇ ਉਭਰਿਆ ਹੈ। ਇਸ ਮੁੱਦੇ 'ਤੇ ਹੁਣ ਵਿਦੇਸ਼ ਮੰਤਰੀ ਬੌਰਿਸ ਜੌਹਨਸਨ ਨੂੰ ਲੇਬਰ ਪਾਰਟੀ ਦੇ ਡਿਪਟੀ ਲੀਡਰ ਟੌਮ ਵਾਟਸਨ ਨੇ ਲਲਕਾਰਿਆ ਹੈ। ਲੇਬਰ ਪਾਰਟੀ ਦੇ ਡਿਪਟੀ ਲੀਡਰ ਟੌਮ ਵਾਟਸਨ ਨੇ ਰੇਡੀਓ ਇੰਟਰਵਿਊ ਦੌਰਾਨ ਵਿਦੇਸ਼ ਮੰਤਰੀ ਬੌਰਿਸ ਜੌਹਨਸਨ ਦੇ ਉਸ ਬਿਆਨ ਨੂੰ ਚੁਣੌਤੀ ਦਿੱਤੀ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ 1984 ਵਿਚ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਵਿਚ ਬਰਤਾਨੀਆ ਦੀ ਭੂਮਿਕਾ ਸਬੰਧੀ ਹੋਰ ਕੋਈ ਵੀ ਦਸਤਾਵੇਜ਼ ਮੌਜੂਦ ਨਹੀਂ ਹਨ। ਇਸ ਬਾਰੇ ਜਾਂਚ ਹੋ ਚੁੱਕੀ ਹੈ।" ਟੌਮ ਵਾਟਸਨ ਨੇ ਕਿਹਾ ਕਿ ਵਿਦੇਸ਼ ਮੰਤਰੀ ਬੌਰਿਸ ਜੌਹਨਸਨ ਇਕ ਹੋਰ ਗਲਤੀ ਕਰ ਰਹੇ ਹਨ ਜਾਂ ਉਹ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਿਛਲੇ ਦਿਨੀਂ ਬ੍ਰਿਸਟਲ ਗੁਰੂ ਘਰ ਵਿਚ ਸਿੱਖਾਂ ਵੱਲੋਂ ਸਾਕਾ ਨੀਲਾ ਤਾਰਾ ਸਬੰਧੀ ਨਿਰਪੱਖ ਜਾਂਚ ਸਬੰਧੀ ਸਵਾਲ ਉਠਾਏ ਸਨ। ਇਸ ਦਾ ਜਵਾਬ ਦਿੰਦਿਆਂ ਬੌਰਿਸ ਨੇ ਕਿਹਾ ਸੀ ਕਿ ਅਜਿਹਾ ਹੋਰ ਕੋਈ ਦਸਤਾਵੇਜ਼ ਨਹੀਂ ਤੇ ਜਾਂਚ ਪੂਰੀ ਹੋ ਚੁੱਕੀ ਹੈ। ਲੇਬਰ ਡਿਪਟੀ ਲੀਡਰ ਟੌਮ ਵਾਟਸਨ ਨੇ ਕਿਹਾ ਕਿ ਬੌਰਿਸ ਨੂੰ ਸਵਾਲਾਂ ਦਾ ਜਵਾਬ ਦੇਣਾ ਚਾਹੀਦਾ ਸੀ।



## ਸਕੂਲਾਂ 'ਚ ਲਾਜ਼ਮੀ ਹੋ ਸਕਦੀ ਹੈ ਭਗਵਤ ਗੀਤਾ

**ਨਵੀਂ ਦਿੱਲੀ:** ਸਕੂਲਾਂ ਵਿਚ ਭਗਵਤ ਗੀਤਾ ਦੀ ਪੜ੍ਹਾਈ ਕਰਵਾਉਣ ਵਾਲਾ ਨਿੱਜੀ ਬਿੱਲ ਸੰਸਦ ਦੇ ਅਗਲੇ ਸੈਸ਼ਨ ਵਿਚ ਚਰਚਾ ਲਈ ਆ ਸਕਦਾ ਹੈ। ਇਸ ਤਹਿਤ ਸਕੂਲਾਂ ਵਿਚ ਗੀਤਾ ਨਾ ਪੜ੍ਹਾਉਣ ਵਾਲੇ ਸੰਸਥਾਵਾਂ ਦੀ ਮਾਨਤਾ ਰੱਦ ਕਰਨ ਦਾ ਪ੍ਰਬੰਧ ਕੀਤਾ ਜਾਵੇਗਾ। ਭਾਜਪਾ ਸੰਸਦ ਮੈਂਬਰ ਰਮੇਸ਼ ਬਿਧੂੜੀ ਵੱਲੋਂ ਪੇਸ਼ ਕੀਤੇ ਜਾਣ ਵਾਲੇ ਇਸ ਬਿੱਲ ਵਿਚ ਕਿਹਾ ਗਿਆ ਹੈ ਕਿ ਭਗਵਤ ਗੀਤਾ ਦੇ ਵਿਚਾਰ ਤੇ ਸਿੱਖਿਆ ਨੌਜਵਾਨ ਪੀੜੀ ਨੂੰ ਬਿਹਤਰ ਨਾਗਰਿਕ ਬਣਾਏਗੀ ਅਤੇ ਉਨ੍ਹਾਂ ਦੀ ਸ਼ਖਸੀਅਤ ਨੂੰ ਨਿਖਾਰਨ ਦਾ ਕੰਮ ਕਰੇਗੀ। ਸਿੱਖਿਆ ਸੰਸਥਾਵਾਂ ਵਿਚ ਭਗਵਤ ਗੀਤਾ ਦੀ ਲਾਜ਼ਮੀ ਪੜ੍ਹਾਈ ਬਿੱਲ 2016 ਵਿਚ ਕਿਹਾ ਗਿਆ ਹੈ ਕਿ ਹਰ ਸਿੱਖਿਆ ਸੰਸਥਾ ਗੀਤਾ ਨੂੰ ਲਾਜ਼ਮੀ ਤੌਰ 'ਤੇ ਪੜ੍ਹਾਏ।


**Mann Insurance Brokers Inc.**

DBA Global Green Insurance Agency of the Bay Area
4 Union Square #E, Union City, CA 94587



ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ

*Gurdawar Singh*
*Lic.# OF34231*

PROGRESSIVE · MERCURY INSURANCE GROUP · THE HARTFORD · Safeco Insurance A Liberty Mutual Company · TRAVELERS

**Ph: 510-487-1000**

mann@ggiausa.com

**ਵੇਟਰ ਅਤੇ ਤੰਦੂਰੀਏ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ

ਸੰਪਰਕ ਕਰੋ: ਸੰਨੀ, ਫੋਨ: 608-630-0287

18-25

**Restaurant For Sale**

Restaurant For Sale in the Portland, Oregon metropolitan area. Located around the corner from professional baseball btadium. Near 2 Intel campuses, Nike offices, VW offices, and many more. The area is expanding with more industry coming. The restaurant is 3362.28 sqft. in a newer complex. Nice interior with beautiful chandeliers and bar. Through out the restaurant there are 8 TVs, 3 of which are in the bar, security cameras, and a sound system. Kitchen has a walk in cooler, 20 ft. hood, 6 burner stove with oven, 2 fryers, 2 stock pot burners, tandoor and more. $175,000.

*For More Info, Please Call:*

**Ph: 503-888-0489**

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

***National Truck Driving School***

1816 Main Ave., Secramento CA, 95838

**ਸੈਕਰਾਮੈਂਟੋ, ਕੈਲੀਫੋਰਨੀਆ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

**Call For Special Price**

Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

*ਸਨਿਚਰਵਾਰ, 27 ਮਈ 2017*

## ਮਾੜੇ ਨਤੀਜਿਆਂ ਦਾ ਹਲੂਣਾ

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਹੁਣੇ ਹੁਣੇ ਆਏ ਦਸਵੀਂ ਜਮਾਤ ਦੇ ਨਤੀਜਿਆਂ ਨੇ ਬੱਚਿਆਂ ਅਤੇ ਮਾਪਿਆਂ ਤੋਂ ਇਲਾਵਾ ਸਿੱਖਿਆ ਮਾਹਿਰਾਂ ਨੂੰ ਬੁਰੀ ਤਰ੍ਹਾਂ ਹਲੂਣ ਸੁੱਟਿਆ ਹੈ। ਇਸ ਵਾਰ ਪਾਸ ਫੀਸਦ ਸਿਰਫ 57 ਰਹਿ ਗਈ ਹੈ, ਭਾਵ ਅੱਧੇ ਬੱਚੇ ਹੀ ਇਸ ਇਮਤਿਹਾਨ ਵਿਚੋਂ ਪਾਸ ਹੋ ਸਕੇ ਹਨ। ਇਸ ਨਤੀਜੇ ਨੇ ਸਿੱਖਿਆ ਢਾਂਚੇ ਉਤੇ ਤਕੜਾ ਸਵਾਲੀਆ ਨਿਸ਼ਾਨ ਤਾਂ ਲਾਇਆ ਹੀ ਹੈ, ਸਿਆਸਤਦਾਨਾਂ ਦੀਆਂ ਬਦਨੀਤੀਆਂ ਵੀ ਜ਼ਾਹਰ ਕਰ ਦਿੱਤੀਆਂ ਹਨ। ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਸਰਕਾਰੀ ਸਕੂਲਾਂ ਦਾ ਹਾਲ ਹੋਰ ਵੀ ਮਾੜਾ ਹੈ। ਇਸ ਸਬੰਧ ਵਿਚ ਇਹ ਦਲੀਲਾਂ ਵੀ ਦਿੱਤੀਆਂ ਜਾ ਰਹੀਆਂ ਹਨ ਕਿ ਐਤਕੀਂ ਰਿਆਇਤੀ (ਗਰੇਸ) ਅੰਕ ਬੰਦ ਕਰਨ ਕਰ ਕੇ ਨਤੀਜਿਆਂ ਉਤੇ ਸਿੱਧਾ ਅਸਰ ਪਿਆ ਹੈ। ਕੁਝ ਸਿਆਸਤਦਾਨਾਂ ਵੱਲੋਂ ਮਨਮੋਹਨ ਸਿੰਘ ਵਰਗੇ ਸਫਲ ਸ਼ਖਸਾਂ ਦੀਆਂ ਮਿਸਾਲਾਂ ਵੀ ਦਿੱਤੀਆਂ ਜਾ ਰਹੀਆਂ ਹਨ ਕਿ ਇਹ ਵੀ ਤਾਂ ਸਰਕਾਰੀ ਸਕੂਲਾਂ ਵਿਚੋਂ ਹੀ ਪੜ੍ਹ ਕੇ ਨਿਕਲੇ ਹਨ ਤੇ ਅੱਜ ਇਹ ਕਿਸ ਮੁਕਾਮ ਉਤੇ ਪੁੱਜੇ ਹੋਏ ਹਨ; ਪਰ ਅਜਿਹੀਆਂ ਮਿਸਾਲਾਂ ਭਲਾ ਕਿੰਨੀਆਂ ਕੁ ਹਨ? ਇੰਨੇ ਮਾੜੇ ਨਤੀਜਿਆਂ ਲਈ ਕੁਝ ਲੋਕ ਅਜਿਹੇ ਹੋਰ ਨਿੱਕੇ-ਮੋਟੇ ਕਾਰਨ ਵੀ ਗਿਣਾ ਰਹੇ ਹਨ, ਪਰ ਹਾਲਾਤ ਗਵਾਹ ਹਨ ਕਿ ਅਸਲ ਕਾਰਨ ਕੁਝ ਹੋਰ ਹਨ। ਸੱਚ ਤਾਂ ਇਹ ਹੈ ਕਿ ਦਹਾਕਿਆਂ ਤੋਂ ਸਰਕਾਰਾਂ ਸਿੱਖਿਆ ਵੱਲ ਉਕਾ ਹੀ ਧਿਆਨ ਨਹੀਂ ਦੇ ਰਹੀਆਂ। ਸਿੱਖਿਆ ਦੇ ਵਪਾਰੀਕਰਨ ਨੇ ਹਾਲ ਇਹ ਬਣਾ ਦਿੱਤਾ ਹੈ ਕਿ ਸਰਕਾਰੀ ਸਕੂਲਾਂ ਵਿਚ ਹੁਣ ਉਹੀ ਬੱਚੇ ਪੜ੍ਹਨ ਜਾਂਦੇ ਹਨ ਜਿਨ੍ਹਾਂ ਵਿਚੋਂ ਬਹੁਤਿਆਂ ਦੇ ਮਾਪੇ ਪ੍ਰਾਈਵੇਟ ਸਕੂਲਾਂ ਦਾ ਖਰਚ ਝੱਲਣ ਤੋਂ ਅਸਮਰੱਥ ਹਨ। ਪ੍ਰਾਈਵੇਟ ਸਕੂਲ ਨਿਰੀਆਂ ਦੁਕਾਨਾਂ ਬਣ ਗਈਆਂ ਹਨ ਅਤੇ ਇਨ੍ਹਾਂ ਨੂੰ ਚਲਾਉਣ ਵਾਲੇ ਪ੍ਰਬੰਧਕ ਬੱਚਿਆਂ ਤੇ ਮਾਪਿਆਂ ਨੂੰ ਲਗਾਤਾਰ ਮੁੱਛ ਰਹੇ ਹਨ। ਇਨ੍ਹਾਂ ਪ੍ਰਬੰਧਕਾਂ ਦਾ ਸਿੱਖਿਆ ਨਾਲ ਲੈਣਾ-ਦੇਣਾ ਕਿੰਨਾ ਕੁ ਹੈ, ਇਹ ਤਰਦੀ ਜਿਹੀ ਨਜ਼ਰ ਮਾਰਿਆਂ ਹੀ ਸਪਸ਼ਟ ਹੋ ਜਾਂਦਾ ਹੈ। ਉਂਜ ਵੀ ਕਈ ਮਾਮਲਿਆਂ ਵਿਚ ਇਹ ਸਕੂਲ ਆਪਣੀ ਮਨਮਰਜ਼ੀ ਦੇ ਨੇਮ ਬੱਚਿਆਂ ਅਤੇ ਮਾਪਿਆਂ ਉਤੇ ਥੋਪਦੇ ਹਨ।

ਸਿੱਖਿਆ ਮਨੁੱਖ ਦਾ ਮੁਢਲਾ ਹੱਕ ਹੈ ਅਤੇ ਸਰਕਾਰ ਦਾ ਇਹ ਫਰਜ਼ ਹੈ ਕਿ ਇਹ ਬੱਚਿਆਂ ਨੂੰ ਅਜਿਹੀ ਸਿੱਖਿਆ ਨਾਲ ਲੈਸ ਕਰੇ ਜੋ ਇਨ੍ਹਾਂ ਲਈ ਭਵਿੱਖ ਦੇ ਦੁਆਰ ਖੋਲ੍ਹੇ, ਪਰ ਭਾਰਤ ਦਾ ਸਿੱਖਿਆ ਢਾਂਚਾ ਅਜਿਹਾ ਬਣਾ ਦਿੱਤਾ ਗਿਆ ਹੈ ਕਿ ਹੌਲੀ ਹੌਲੀ ਕਰ ਕੇ ਸਿੱਖਿਆ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਰਹੀ ਹੈ। ਇਹ ਕਾਇਆ ਕਲਪ ਇੰਨੇ ਸੂਖਮ ਢੰਗ ਨਾਲ ਹੋਇਆ ਹੈ ਅਤੇ ਹੁਣ ਵੀ ਹੋ ਰਿਹਾ ਹੈ ਕਿ ਆਮ ਕਰ ਕੇ ਇਸ ਕਾਇਆ ਕਲਪ ਦਾ ਪਤਾ ਹੀ ਨਹੀਂ ਲੱਗਦਾ। ਹੁਣ ਮਾੜੇ ਨਤੀਜਿਆਂ ਵਾਲੇ ਬੱਚੇ ਇਕ ਢੰਗ ਨਾਲ ਸਿੱਖਿਆ ਹਾਸਲ ਕਰਨ ਦੀ ਦੌੜ ਵਿਚੋਂ ਤਕਰੀਬਨ ਬਾਹਰ ਹੀ ਹੋ ਗਏ ਹਨ। ਜੇ ਪੰਜਾਬ ਦੇ ਸਿੱਖਿਆ ਢਾਂਚੇ ਉਤੇ ਉਡਦੀ ਜਿਹੀ ਨਜ਼ਰ ਵੀ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਰਕਾਰੀ ਸਕੂਲਾਂ ਵਿਚ ਮੁਢਲੀਆਂ ਸਹੂਲਤਾਂ ਦੀ ਕਿੰਨੀ ਘਾਟ ਹੈ। ਸਕੂਲਾਂ ਵਿਚ ਬੱਚਿਆਂ ਦੇ ਅਨੁਪਾਤ ਮੁਤਾਬਕ ਪੂਰੇ ਅਧਿਆਪਕ ਨਹੀਂ; ਪੂਰੇ ਕਲਾਸ ਰੂਮ ਵੀ ਨਹੀਂ; ਹੋਰ ਤਾਂ ਹੋਰ, ਅਧਿਆਪਕਾਂ ਨੂੰ ਗੈਰ-ਵਿਦਿਅਕ ਕੰਮਾਂ ਵਿਚ ਵੀ ਅਕਸਰ ਲਾ ਦਿੱਤਾ ਜਾਂਦਾ ਹੈ। ਬਿਨਾ ਸ਼ੱਕ, ਸਰਕਾਰਾਂ ਦੀਆਂ ਢਿੱਲ-ਮੱਠ ਵਾਲੀਆਂ ਨੀਤੀਆਂ ਕਾਰਨ ਬਹੁਤੇ ਅਧਿਆਪਕ ਵੀ ਹੁਣ ਤਨਖਾਹਾਂ ਲੈਣ ਤੱਕ ਸੀਮਤ ਹੋ ਗਏ ਜਾਪਦੇ ਹਨ। ਅਜਿਹੇ ਹਾਲਾਤ ਕੋਈ ਇਕ ਦਿਨ ਜਾਂ ਸਾਲ ਵਿਚ ਨਹੀਂ ਬਣੇ, ਦਹਾਕਿਆਂ ਦੀ ਬੇਧਿਆਨੀ ਨੇ ਸਮੁੱਚੇ ਢਾਂਚੇ ਨੂੰ ਘੁਣ ਵਾਂਗ ਖਾ ਲਿਆ ਹੈ।

ਕੀ ਅਜਿਹੇ ਹਾਲਾਤ ਵਿਚੋਂ ਨਿਕਲਣ ਦਾ ਕੋਈ ਰਾਹ ਵੀ ਹੈ? ਬਿਨਾ ਸ਼ੱਕ, ਹਰ ਔਕੜ ਦਾ ਕੋਈ ਨਾ ਕੋਈ ਹੱਲ ਹੁੰਦਾ ਹੈ, ਪਰ ਇਹ ਉਦੋਂ ਹੀ ਸੰਭਵ ਹੈ ਜਦੋਂ ਸਬੰਧਤ ਸ਼ਖਸਾਂ ਜਾਂ ਅਦਾਰਿਆਂ ਦੀ ਇੱਛਾ ਸ਼ਕਤੀ ਹੋਵੇ। ਇਨ੍ਹਾਂ ਨਤੀਜਿਆਂ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿੱਖਿਆ ਮੰਤਰੀ ਅਰੁਣਾ ਚੌਧਰੀ ਨੂੰ ਸਖਤ ਹਦਾਇਤਾਂ ਦਿੱਤੀਆਂ ਹਨ। ਇਹ ਉਹੀ ਮੰਤਰੀ ਹੈ ਜਿਸ ਦੇ ਵਿਭਾਗ ਨੇ ਪਿਛਲੇ ਦਿਨੀਂ ਡਰੈਸ ਕੋਡ ਬਾਰੇ ਕਈ ਸਾਲ ਪੁਰਾਣਾ ਹੁਕਮ ਲਾਗੂ ਕਰ ਕੇ 'ਨਾਮਣਾ' ਖੱਟਿਆ ਸੀ। ਉਸ ਦੀ ਪੰਜਾਬੀ ਦੀ ਲਿਆਕਤ ਬਾਰੇ ਤੱਥ ਤਾਂ ਮੰਤਰੀ ਬਣਦਿਆਂ ਹੀ ਸਾਹਮਣੇ ਆਉਣੇ ਸ਼ੁਰੂ ਹੋ ਗਏ ਸਨ। ਹੁਣ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਊਠ ਕਿਸ ਕਰਵਟ ਬੈਠ ਸਕਦਾ ਹੈ! ਅਸਲ ਵਿਚ ਸਮੁੱਚਾ ਸਿਆਸੀ ਢਾਂਚਾ ਅਜਿਹੇ ਮਸਲਿਆਂ ਨੂੰ ਏਜੰਡੇ ਉਤੇ ਹੀ ਨਹੀਂ ਲਿਆ ਰਿਹਾ। ਹਰ ਸਿਆਸੀ ਆਗੂ ਜਾਂ ਪਾਰਟੀ ਦਾ ਮੁੱਖ ਏਜੰਡਾ ਸਿਰਫ ਤੇ ਸਿਰਫ ਚੋਣਾਂ ਜਿੱਤਣਾ ਹੀ ਰਹਿ ਗਿਆ ਹੈ। ਚੋਣਾਂ ਤੋਂ ਪਹਿਲਾਂ ਲੰਮੇ-ਚੌੜੇ ਦਾਅਵੇ ਅਤੇ ਵਾਅਦੇ ਕੀਤੇ ਜਾਂਦੇ ਹਨ, ਸੱਤਾ ਹਾਸਲ ਹੁੰਦਿਆਂ ਹੀ ਇਨ੍ਹਾਂ ਮਸਲਿਆਂ ਨੂੰ ਪਾਸੇ ਰੱਖ ਦਿੱਤਾ ਜਾਂਦਾ ਹੈ। ਤਾਜ਼ਾ ਮਿਸਾਲ ਸਭ ਦੇ ਸਾਹਮਣੇ ਹੈ। ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਤੋਂ ਪਹਿਲਾਂ ਜਿੰਨੇ ਵੀ ਵਾਅਦੇ-ਦਾਅਵੇ ਕੀਤੇ, ਹੁਣ ਇਕ ਇਕ ਕਰ ਕੇ ਇਨ੍ਹਾਂ ਤੋਂ ਟਾਲਾ ਵੱਟ ਰਹੇ ਹਨ। ਇਨ੍ਹਾਂ ਵਿਚ ਕਿਸਾਨ ਕਰਜ਼ਿਆਂ ਦਾ ਮੁੱਦਾ ਅਹਿਮ ਹੈ। ਇਹ ਠੀਕ ਹੈ ਕਿ ਕਿਸਾਨਾਂ ਦੇ ਕਰਜ਼ੇ ਮੁਆਫ ਕਰਨਾ ਕਿਸਾਨੀ ਦੇ ਸੰਕਟ ਦਾ ਕੋਈ ਪੱਕਾ ਹੱਲ ਨਹੀਂ, ਪਰ ਤੱਥ ਤਾਂ ਇਹੀ ਹੈ ਕਿ ਇਸ ਸੰਕਟ ਦੇ ਹੱਲ ਲਈ ਕੋਈ ਕਦਮ ਵੀ ਤਾਂ ਉਠਾਇਆ ਨਹੀਂ ਜਾ ਰਿਹਾ। ਕਦਮ ਉਠਾਉਣਾ ਤਾਂ ਇਕ ਪਾਸੇ ਰਿਹਾ, ਭਿਅੰਕਰ ਹੋ ਗਈ ਇਸ ਸਮੱਸਿਆ ਨੂੰ ਸਮਝਣ ਦਾ ਯਤਨ ਵੀ ਨਹੀਂ ਕੀਤਾ ਜਾ ਰਿਹਾ। ਬੱਸ, ਅੰਕੜਿਆਂ ਵਿਚ ਹੇਰ-ਫੇਰ ਕਰ ਕੇ ਮਸਲੇ ਉਤੇ ਪੋਚਾ ਫੇਰਿਆ ਜਾ ਰਿਹਾ ਹੈ। ਜ਼ਾਹਰ ਹੈ ਕਿ ਹਰ ਪੰਜ ਸਾਲ ਬਾਅਦ ਸੱਤਾ ਤਾਂ ਬਦਲਦੀ ਰਹੀ ਹੈ, ਪਰ ਬੁਨਿਆਦਾਂ ਉਹੀ ਹਨ। ਸਿੱਟਾ ਇਹੀ ਨਿਕਲਦਾ ਹੈ ਕਿ ਦਹਾਕਿਆਂ ਤੋਂ ਪਰਨਾਲਾ ਉਥੇ ਦਾ ਉਥੇ ਹੈ। ਜਿੰਨਾ ਚਿਰ ਹਾਲਾਤ ਨੂੰ ਸਮਝ ਕੇ ਨਵੇਂ ਸਿਰਿਓਂ ਨੀਤੀਆਂ ਨਹੀਂ ਘੜੀਆਂ ਜਾਂਦੀਆਂ ਅਤੇ ਇਨ੍ਹਾਂ ਨੀਤੀਆਂ ਨੂੰ ਲਾਗੂ ਕਰਨ ਲਈ ਇੱਛਾ ਸ਼ਕਤੀ ਨਹੀਂ ਦਿਖਾਈ ਜਾਂਦੀ, ਕਿਸੇ ਵੀ ਖੇਤਰ ਵਿਚ ਕੋਈ ਫਰਕ ਪੈਣ ਵਾਲਾ ਨਹੀਂ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਪੱਗੋ-ਲੱਥੀ ਕਿਉਂ?*

ਸਿੱਧ-ਪੱਧਰਾ ਰਾਹ ਸੀ ਫਲਸਫੇ ਦਾ, ਮਨਮਰਜ਼ੀਆਂ ਬਹੁਤ ਚਲਾਇ ਲਈਆਂ।
ਮਾਨਸ ਜਾਤ ਨੂੰ ਇਕੋ ਹੀ ਮੰਨਦਾ ਐ, ਪੈਰੋਕਾਰਾਂ ਨੇ ਵੰਡੀਆਂ ਪਾਇ ਲਈਆਂ।
ਤੇੜਾਂ ਮੇਟਣ ਦਾ ਯਤਨ ਨਾ ਕਰੇ ਕੋਈ, ਸਗੋਂ ਦੂਰੀਆਂ ਹੋਰ ਵਧਾਇ ਲਈਆਂ।
ਛਕਣੇ ਵਾਸਤੇ ਮਾਇਆ ਜੋ ਗੋਲਕਾਂ ਦੀ, 'ਵਿਹਲੜ ਗੱਦੀਆਂ' ਕਈ ਬਣਾਇ ਲਈਆਂ।
'ਮਿੱਠਤੁ ਨੀਵੀਂ' ਦੀ ਬਾਣੀ ਨੂੰ ਪੜ੍ਹਦਿਆਂ ਵੀ, ਭਾਫਾਂ ਛੱਡਦੇ ਕੱਢ ਉਬਾਲ ਰਹੇ ਨੇ।
ਖਾਤਰ ਇੱਜ਼ਤਾਂ ਜਾਨਾਂ ਵੀ ਦੇਣ ਵਾਲੇ, ਆਪੋ ਵਿਚੀਂ ਹੀ ਪੱਗਾਂ ਉਛਾਲ ਰਹੇ ਨੇ!

# ਪੰਜਾਬ 'ਚ ਫਸਲੀ ਵੰਨ-ਸੁਵੰਨਤਾ ਬਾਰੇ ਕੇਂਦਰ ਦੀ ਬਦਨੀਤੀ

*ਪੰਜਾਬ ਵਿਚ ਚੌਲਾਂ ਦੀ ਖੇਤੀ ਅਧੀਨ ਰਕਬਾ ਜਿਉਂ ਜਿਉਂ ਵਧਿਆ ਹੈ, ਤਿਉਂ ਤਿਉਂ ਸੂਬੇ ਵਿਚ ਪਾਣੀ ਦਾ ਪੱਧਰ ਹੇਠਾਂ ਵੱਲ ਗਿਆ ਹੈ। ਕੇਂਦਰ ਸਰਕਾਰ ਅਤੇ ਪੰਜਾਬ ਦੀਆਂ ਵੱਖ ਵੱਖ ਸਰਕਾਰਾਂ ਫਸਲੀ ਵੰਨ-ਸੁਵੰਨਤਾ ਦਾ ਨਾਅਰਾ ਤਾਂ ਬਥੇਰਾ ਦਿੰਦੀਆਂ ਹਨ, ਪਰ ਇਸ ਪਾਸੇ ਕੋਈ ਠੋਸ ਨੀਤੀ ਅਜੇ ਤੱਕ ਸਾਹਮਣੇ ਨਹੀਂ ਆਈ ਹੈ। ਵਲੈਤ ਦੀ ਆਕਸਫੋਰਡ ਬਰੁਕਸ ਯੂਨੀਵਰਸਿਟੀ ਵਿਚ ਅਰਥ ਸ਼ਾਸਤਰ ਦੇ ਪ੍ਰੋਫੈਸਰ ਪ੍ਰੀਤਮ ਸਿੰਘ ਅਤੇ ਉਨ੍ਹਾਂ ਦੇ ਵਿਦਿਆਰਥੀ ਆਰ.ਐਸ. ਮਾਨ ਨੇ ਇਸ ਮਾਮਲੇ ਵਿਚ ਕੋਈ ਠੋਸ ਨੀਤੀ ਨਾ ਅਪਨਾਉਣ ਬਾਰੇ ਕੁਝ ਨੁਕਤੇ ਇਸ ਲੇਖ ਵਿਚ ਵਿਚਾਰੇ ਹਨ ਜੋ ਅਸੀਂ ਆਪਣੇ ਸੁਘੜ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ*

ਪੰਜਾਬ ਵਿਚ ਝੋਨੇ ਦਾ ਸੀਜ਼ਨ ਨੇੜੇ ਆ ਗਿਆ ਹੈ। ਇਸ ਦੀ ਕਾਸ਼ਤ ਹੇਠ ਰਕਬਾ ਘਟਾਉਣ ਦੀ ਵਾਤਾਵਰਨਕ ਲੋੜ ਉਤੇ ਨੀਤੀ ਮੁੜ ਕੇਂਦਰਿਤ ਹੋਣ ਦੀ ਸੰਭਾਵਨਾ ਬਣ ਗਈ ਹੈ। ਪਾਣੀ ਡਕਾਰ ਜਾਣ ਵਾਲੇ ਝੋਨੇ ਦੀ ਕਾਸ਼ਤ ਦਾ ਇਤਿਹਾਸ ਅਤੇ ਪੰਜਾਬ ਵਿਚ ਵਧ ਰਹੀ ਪਾਣੀ ਦੀ ਕਮੀ ਇਸ ਫਸਲ ਨੂੰ ਛੱਡ ਕੇ ਫਸਲੀ ਵੰਨ-ਸੁਵੰਨਤਾ ਦੀ ਜ਼ਰੂਰਤ ਨੂੰ ਉਭਾਰਦੀ ਹੈ।

ਪੰਜਾਬ ਵਿਚ ਹਰੀ ਕ੍ਰਾਂਤੀ ਦੀ ਸ਼ੁਰੂਆਤ 1966-67 ਵਿਚ ਹੋਣ ਸਮੇਂ ਝੋਨੇ ਹੇਠ ਰਕਬਾ ਸਿਰਫ 285 ਹਜ਼ਾਰ ਹੈਕਟੇਅਰ ਸੀ। ਉਦੋਂ ਭਾਰਤ ਅਨਾਜ ਦੀ ਕਮੀ ਵਾਲਾ ਦੇਸ਼ ਸੀ ਜਿਹੜਾ ਅਮਰੀਕਾ

ਪ੍ਰੋ. ਪ੍ਰੀਤਮ ਸਿੰਘ
ਆਰ.ਐਸ. ਮਾਨ

ਤੋਂ ਮਿਲਦੀ ਨਮੋਸ਼ੀ ਵਾਲੀ ਪੀ.ਐਲ.-480 ਖੁਰਾਕੀ ਸਹਾਇਤਾ ਉਤੇ ਨਿਰਭਰ ਸੀ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਹਰੀ ਕ੍ਰਾਂਤੀ ਰਾਹੀਂ ਅਨਾਜ ਦੇ ਮਾਮਲੇ ਵਿਚ ਆਤਮ-ਨਿਰਭਰ ਹੋਣ ਦਾ ਮਕਸਦ ਪੂਰਾ ਕਰਨ ਨੂੰ 'ਕੌਮੀ ਬਚਾਅ' ਨੀਤੀ ਆਖਿਆ ਸੀ। 1970-71 ਤਕ ਇਸ 'ਕੌਮੀ ਬਚਾਅ' ਨੀਤੀ ਕਾਰਨ ਪੰਜਾਬ ਵਿਚ ਝੋਨੇ ਹੇਠ ਰਕਬਾ ਵਧ ਕੇ 390 ਹਜ਼ਾਰ ਹੈਕਟੇਅਰ ਅਤੇ 1975-76 ਤਕ 567 ਹਜ਼ਾਰ ਹੈਕਟੇਅਰ ਹੋ ਗਿਆ ਸੀ। ਇਸ ਮਗਰੋਂ ਵੀ 1980-81, 1985-86, 1990-91, 1995-96, 2000-01, 2005-06, 2010-11, 2011-12, 2012-13 ਅਤੇ 2013-14 ਵਿਚ ਵਧ ਕੇ ਕ੍ਰਮਵਾਰ 1178, 1714, 2024, 2161, 2611, 2642, 2818, 2831, 2845 ਅਤੇ 2851 ਹਜ਼ਾਰ ਹੈਕਟੇਅਰ ਹੋ ਗਿਆ। 2014-15 ਵਿਚ ਇਹ 2894 ਹਜ਼ਾਰ ਹੈਕਟੇਅਰ ਤਕ ਪਹੁੰਚ ਗਿਆ। 1966-2015 ਤਕ ਦੇ 50 ਸਾਲਾਂ ਦੇ ਵਕਫੇ ਦੌਰਾਨ ਪੰਜਾਬ ਵਿਚ ਝੋਨੇ ਦੀ ਕਾਸ਼ਤ ਹੇਠ ਰਕਬੇ ਵਿਚ ਚਮਤਕਾਰੀ ਢੰਗ ਨਾਲ ਦਸ ਗੁਣਾ ਵਾਧਾ ਹੋਇਆ ਹੈ। ਇਹ ਪੂਰੀ ਦੁਨੀਆਂ ਦੇ ਜ਼ਰਾਇਤੀ ਇਤਿਹਾਸ ਵਿਚ ਭੂਮੀ ਦੀ ਵਰਤੋਂ ਸਬੰਧੀ ਸਭ ਤੋਂ ਸਨਸਨੀਖੇਜ਼ ਤਬਦੀਲੀਆਂ ਵਿਚੋਂ ਇਕ ਹੈ।

ਝੋਨੇ ਹੇਠਲੇ ਰਕਬੇ ਵਿਚ ਬੇਤਹਾਸ਼ਾ ਵਾਧਾ ਹੋਣ ਕਾਰਨ ਪੰਜਾਬ ਵਿਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਵੀ ਤੇਜ਼ੀ ਨਾਲ ਘਟਿਆ ਹੈ। 2011 ਦੇ ਅੰਕੜਿਆਂ ਮੁਤਾਬਿਕ ਪੰਜਾਬ ਦੇ ਕੁੱਲ 138 ਬਲਾਕਾਂ ਵਿਚੋਂ 110 ਬਲਾਕਾਂ ਵਿਚ ਪਾਣੀ, ਖਤਰੇ ਦੇ ਨਿਸ਼ਾਨ ਤਕ ਨੀਵਾਂ ਚਲਾ ਗਿਆ ਹੈ, ਚਾਰ ਵਿਚ ਸਥਿਤੀ ਗੰਭੀਰ ਤੇ ਦੋ ਵਿਚ ਅਰਧ-ਗੰਭੀਰ ਹੈ। ਸਿਰਫ 22 ਬਲਾਕ ਸੁਰੱਖਿਅਤ ਹਨ। ਇਸ ਲਈ 84 ਫੀਸਦੀ ਬਲਾਕ ਹੱਦੋਂ ਵੱਧ ਪਾਣੀ ਕੱਢਣ ਕਾਰਨ ਖਤਰੇ ਦੇ ਨਿਸ਼ਾਨ ਤੋਂ ਨੀਵੇਂ, ਗੰਭੀਰ ਜਾਂ ਅਰਧ-ਗੰਭੀਰ ਸ਼੍ਰੇਣੀ ਵਿਚ ਆਉਂਦੇ ਹਨ ਅਤੇ ਬਾਕੀ 16 ਫੀਸਦੀ ਬਲਾਕ ਹੀ ਸੁਰੱਖਿਅਤ ਹਨ। ਧਰਤੀ ਹੇਠਲੇ ਪਾਣੀ ਸਬੰਧੀ ਕੇਂਦਰੀ ਭੂ ਜਲ ਬੋਰਡ ਮੁਤਾਬਿਕ ਪੰਜਾਬ ਵਿਚ ਜ਼ਮੀਨੀ ਪਾਣੀ ਦਾ 'ਵਿਕਾਸ' ਦੇਸ਼ ਦੇ ਸਾਰੇ ਸੂਬਿਆਂ ਨਾਲੋਂ ਜ਼ਿਆਦਾ, ਭਾਵ 172 ਫੀਸਦੀ ਹੈ। ਇਹ ਪੰਜਾਬ ਵਿਚ ਜ਼ਮੀਨ ਹੇਠਲੇ ਪਾਣੀ ਦੀ ਸਥਿਤੀ ਦੀ ਭਿਆਨਕਤਾ ਦਾ ਸੂਚਕ ਹੈ। 'ਜ਼ਮੀਨੀ ਪਾਣੀ ਦੇ ਵਿਕਾਸ' ਦਾ 100 ਫੀਸਦੀ ਪੱਧਰ ਦਰਸਾਉਂਦਾ ਹੈ ਕਿ ਜ਼ਮੀਨੀ ਪਾਣੀ ਦੀ ਖਪਤ ਵੱਖ ਵੱਖ ਢੰਗਾਂ ਨਾਲ ਜ਼ਮੀਨ ਹੇਠਾਂ ਜਾਂਦੇ ਪਾਣੀ ਦੇ ਬਰਾਬਰ ਹੈ, ਜਦੋਂਕਿ ਇਸ ਦਾ 100 ਫੀਸਦੀ ਤੋਂ ਜ਼ਿਆਦਾ ਹੋਣਾ ਦਰਸਾਉਂਦਾ ਹੈ ਕਿ ਜ਼ਮੀਨ ਹੇਠਾਂ ਓਨਾ ਪਾਣੀ ਜਾ ਨਹੀਂ ਰਿਹਾ ਜਿੰਨਾ ਇਸ ਵਿਚੋਂ ਕੱਢਿਆ ਜਾ ਰਿਹਾ ਹੈ। ਇਸ ਲਈ ਪੰਜਾਬ ਵਿਚ 'ਜ਼ਮੀਨੀ ਪਾਣੀ ਦਾ ਵਿਕਾਸ' ਪੱਧਰ 172 ਫੀਸਦੀ ਹੋਣਾ ਇਹ ਸੰਕੇਤ ਕਰਦਾ ਹੈ ਕਿ ਸੂਬੇ ਵਿਚ ਧਰਤੀ ਹੇਠਲੇ ਪਾਣੀ ਦੀ ਖਪਤ ਇਸ ਦੇ ਰੀਚਾਰਜ ਹੋਣ ਨਾਲੋਂ ਕਿਤੇ ਜ਼ਿਆਦਾ ਹੈ। ਪੰਜਾਬ ਵਿਚ ਪਾਣੀ ਦੀ ਕਮੀ ਦਾ ਇਕ ਹੋਰ ਪੱਖ ਇਹ ਹੈ ਕਿ ਸੂਬੇ ਵਿਚ ਭਵਿਖ ਵਿਚ ਸਿੰਜਾਈ ਲਈ ਉਪਲਬਧ ਪਾਣੀ ਹੋਰ ਸਾਰੇ ਸੂਬਿਆਂ ਨਾਲੋਂ ਘੱਟ ਹੀ ਨਹੀਂ, ਸਗੋਂ 2011 ਦੇ ਅੰਕੜਿਆਂ ਮੁਤਾਬਿਕ ਇਹ ਨਾਕਾਰਤਮਕ ਮਾਤਰਾ (ਮਾਈਨਸ 14.83 ਕਰੋੜ ਘਣ ਮੀਟਰ) ਵਿਚ ਹੈ।

ਜੇ ਪੰਜਾਬ ਵਿਚ ਮੌਜੂਦਾ ਸਮੇਂ ਅਤੇ ਭਵਿਖ ਵਿਚ ਪਾਣੀ ਦੀ ਉਪਲਬਧਤਾ ਦੀ ਗੰਭੀਰ ਸਥਿਤੀ ਦੇ ਬਾਵਜੂਦ ਝੋਨੇ ਦੀ ਫਸਲ ਨੂੰ ਛੱਡ ਕੇ ਫਸਲੀ ਵੰਨ-ਸੁਵੰਨਤਾ ਨਹੀਂ ਅਪਨਾਈ ਗਈ ਤਾਂ ਸਾਨੂੰ ਇਸ ਦੇ ਕਾਰਨ ਲੱਭਣੇ ਪੈਣਗੇ। ਇਸ ਦਾ ਇਕ ਕਾਰਨ ਝੋਨੇ ਦੀ ਨਿਸ਼ਚਿਤ ਕੀਮਤ ਅਤੇ ਖਰੀਦ ਯਕੀਨੀ ਹੋਣਾ ਹੈ ਜੋ ਕਿਸਾਨਾਂ ਨੂੰ ਝੋਨੇ ਦੀ ਕਾਸ਼ਤ ਕਰਦੇ ਰਹਿਣ ਲਈ ਪ੍ਰੇਰਦਾ ਹੈ। ਬਦਲਵੀਆਂ ਫਸਲਾਂ ਤੋਂ ਘੱਟ ਆਰਥਿਕ ਲਾਭ ਹੋਣਾ ਅਤੇ ਅਜਿਹੀਆਂ ਫਸਲਾਂ ਉਗਾਉਣ ਲਈ ਭਰੋਸੇਯੋਗ



ਤੇ ਜਾਂਚੀ-ਪਰਖੀ ਤਕਨਾਲੋਜੀ ਦੀ ਘਾਟ ਫਸਲੀ ਵਿਭਿੰਨਤਾ ਨੂੰ ਰੋਕਣ ਵਾਲੇ ਹੋਰ ਕਾਰਨ ਹਨ। ਫਸਲੀ ਵਿਭਿੰਨਤਾ ਦੀ ਨਾਕਾਮੀ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਦੇਸ਼ ਵਿਚ ਚਾਵਲ ਦੀ ਖਪਤ ਦੇ ਹਿਸਾਬ ਨਾਲ ਮੰਗ ਪੂਰੀ ਕਰਨ ਵਾਸਤੇ ਭਾਰਤ ਬੁਰੀ ਤਰ੍ਹਾਂ ਪੰਜਾਬ ਉਤੇ ਨਿਰਭਰ ਹੈ। ਇਸ ਕਾਰਨ ਕੇਂਦਰ ਸਰਕਾਰ ਨੀਤੀਗਤ ਤੌਰ 'ਤੇ ਪੰਜਾਬ ਵਿਚ ਫਸਲੀ ਵੰਨ-ਸੁਵੰਨਤਾ ਨਹੀਂ ਚਾਹੁੰਦੀ।

ਪ੍ਰਾਪਤ ਅੰਕੜਿਆਂ ਮੁਤਾਬਿਕ 2010-11, 2011-12, 2012-13, 2013-14 ਅਤੇ 2014-15 ਦੌਰਾਨ ਭਾਰਤ ਵਿਚ ਚੌਲਾਂ ਦੀ ਖਪਤ ਕ੍ਰਮਵਾਰ 90000, 94006, 95193, 96404 ਅਤੇ 97073 ਹਜ਼ਾਰ ਟਨ ਦੇ ਕਰੀਬ ਸੀ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਵੱਲੋਂ ਮੁਹੱਈਆ ਅੰਕੜਿਆਂ ਮੁਤਾਬਿਕ 2016-17 ਅਤੇ 2020-21 ਵਿਚ ਚੌਲਾਂ ਦੀ ਮੰਗ 11 ਕਰੋੜ ਅਤੇ 11.70 ਕਰੋੜ ਟਨ ਹੋਣ ਦਾ ਅੰਦਾਜ਼ਾ ਹੈ ਜਦੋਂਕਿ 2016-17 ਵਿਚ ਚੌਲਾਂ ਦੀ ਪੂਰਤੀ 9.8 ਤੋਂ 10.6 ਕਰੋੜ ਟਨ ਹੋਣ ਦਾ ਅਨੁਮਾਨ ਹੈ। ਇਹ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਭਾਰਤ ਚੌਲਾਂ ਦੀ ਆਪਣੀ ਮੰਗ ਨੂੰ ਮੁਸ਼ਕਿਲ ਨਾਲ ਹੀ ਪੂਰੀ ਕਰ ਸਕੇਗਾ। ਇਕ ਹੋਰ ਅਧਿਐਨ ਰਾਹੀਂ ਅਨੁਮਾਨ ਲਾਇਆ ਗਿਆ ਹੈ ਕਿ 2020 ਅਤੇ 2030 ਵਿਚ ਚੌਲਾਂ ਦੀ ਮੰਗ 11.18 ਕਰੋੜ ਟਨ ਅਤੇ 12.24 ਕਰੋੜ ਟਨ ਹੋਵੇਗੀ ਜਦੋਂਕਿ ਇਸ ਦੀ ਸਪਲਾਈ 10.81 ਅਤੇ 12.21 ਕਰੋੜ ਟਨ ਹੋਵੇਗੀ। ਇਸ ਦਾ ਮਤਲਬ ਇਹ ਹੈ ਕਿ ਇਨ੍ਹਾਂ ਦੋਵਾਂ ਸਾਲਾਂ ਵਿਚ ਮੰਗ ਅਤੇ ਪੂਰਤੀ ਦਰਮਿਆਨ ਕ੍ਰਮਵਾਰ 37 ਅਤੇ 30 ਲੱਖ ਟਨ ਦਾ ਖੱਪਾ ਹੋਵੇਗਾ। ਅਜਿਹੇ ਹਾਲਾਤ ਅਧੀਨ ਕੋਈ ਵੀ ਕੇਂਦਰ ਸਰਕਾਰ ਪੰਜਾਬ ਵਿਚ ਝੋਨੇ ਦੀ ਥਾਂ ਫਸਲੀ ਵੰਨ-ਸੁਵੰਨਤਾ ਅਪਨਾਉਣ ਦੇ ਵਿਰੁਧ ਹੋਵੇਗੀ।

ਭਾਰਤ ਦੀ ਜਨਸੰਖਿਆ ਅਤੇ ਇਸ ਦੇ ਫਲਸਰੂਪ ਚੌਲਾਂ ਦੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ ਭਾਰਤ ਨੂੰ ਹਮੇਸ਼ਾ ਚੌਲਾਂ ਦੇ ਢੁਕਵੇਂ ਭੰਡਾਰ ਦੀ ਲੋੜ ਰਹਿੰਦੀ ਹੈ। ਪੰਜਾਬ ਵਿਚ ਝੋਨੇ ਦਾ ਉਤਪਾਦਨ ਸਾਲ 2010-11, 2011-12, 2012-13, 2013-14 ਅਤੇ 2014-15 ਵਿਚ ਕ੍ਰਮਵਾਰ 10837, 10542, 11374, 11267 ਅਤੇ 11107 ਹਜ਼ਾਰ ਟਨ ਸੀ। ਪੰਜਾਬ ਦੀ 2013 ਦੀ ਖੇਤੀਬਾੜੀ ਨੀਤੀ ਵਿਚ ਕਿਹਾ ਗਿਆ ਕਿ ਝੋਨੇ ਅਧੀਨ 28 ਲੱਖ ਹੈਕਟੇਅਰ ਰਕਬਾ ਹੈ ਅਤੇ ਆਉਣ ਵਾਲੇ ਸਾਲਾਂ ਵਿਚ 16 ਲੱਖ ਹੈਕਟੇਅਰ ਰਕਬਾ ਝੋਨੇ ਤੋਂ ਘਟਾਉਣ ਦਾ ਟੀਚਾ ਨਿਰਧਾਰਤ ਕੀਤਾ ਗਿਆ ਸੀ, ਪਰ ਇਸ ਟੀਚੇ ਦੇ ਉਲਟ ਸਾਲ 2012-13, 2013-14 ਅਤੇ 2014-15 ਵਿਚ ਝੋਨੇ ਅਧੀਨ ਰਕਬਾ ਲਗਾਤਾਰ ਵਧਦਾ ਹੋਇਆ ਕ੍ਰਮਵਾਰ 2845, 2851 ਅਤੇ 2894 ਹਜ਼ਾਰ ਹੈਕਟੇਅਰ ਹੋ ਗਿਆ। ਜੇ 16 ਲੱਖ ਹੈਕਟੇਅਰ ਰਕਬਾ ਝੋਨੇ ਤੋਂ ਘਟਾਉਣ ਦੀ ਤਜਵੀਜ਼ ਸੀ, ਤਾਂ ਇਸ ਨਾਲ ਝੋਨੇ ਦਾ ਉਤਪਾਦਨ ਲਗਭਗ 6193 ਹਜ਼ਾਰ ਟਨ ਪ੍ਰਤੀ ਸਾਲ ਘਟਣ ਦੀ ਉਮੀਦ ਸੀ (ਪਿਛਲੇ 5 ਸਾਲਾਂ 2010-11 ਤੋਂ 2014-15 ਵਿਚ ਝੋਨੇ ਦੇ ਔਸਤ ਖੇਤਰ ਦੇ ਆਧਾਰ 'ਤੇ ਅੰਦਾਜ਼ਾ)। ਜੇ ਪੰਜਾਬ ਝੋਨੇ ਤੋਂ ਦੂਰ ਹੁੰਦਾ ਹੈ ਤਾਂ ਭਾਰਤ ਦਾ ਭੰਡਾਰ ਖਤਰਨਾਕ ਢੰਗ ਨਾਲ ਪ੍ਰਭਾਵਿਤ ਹੋਏਗਾ।

ਕੋਈ ਇਹ ਤਰਕ ਦੇ ਸਕਦਾ ਹੈ ਕਿ ਭਾਰਤ ਲਈ ਸਸਤੇ ਚੌਲ ਬਰਾਮਦ ਕਰਦੇ ਬਫਰ ਸਟਾਕ ਇਕੱਠਾ ਕਰਨਾ ਸੰਭਵ ਹੋ ਸਕਦਾ ਹੈ। ਹਾਲਾਂਕਿ ਕੌਮਾਂਤਰੀ ਬਾਜ਼ਾਰ ਵਿਚ ਚੌਲਾਂ ਦੀ ਅਸਥਿਰਤਾ ਇਸ ਨੂੰ ਇਕ ਖਤਰਨਾਕ ਰਣਨੀਤੀ ਬਣਾਉਂਦੀ ਹੈ। ਹੋਰ ਦਲੀਲ ਇਹ ਹੋ ਸਕਦੀ ਹੈ ਕਿ ਭਾਰਤ ਬਫਰ ਸਟਾਕ ਦੀ ਕਮੀ ਨੂੰ ਆਪਣੇ ਬਰਾਮਦ ਵਿਚ ਕਟੌਤੀ ਕਰ ਕੇ ਪੂਰਾ ਕਰ ਸਕਦਾ ਹੈ ਜਿਹੜਾ ਕਿ ਸਾਲ 2014-15 ਅਤੇ 2015-16 ਵਿਚ ਕ੍ਰਮਵਾਰ 8274 ਹਜ਼ਾਰ ਟਨ ਅਤੇ 6366 ਹਜ਼ਾਰ ਟਨ ਸੀ; ਪਰ ਇਸ ਤਰ੍ਹਾਂ ਕਰ ਕੇ ਵੀ ਚੌਲਾਂ ਦਾ ਭੰਡਾਰਨ ਗੰਭੀਰ ਸੀਮਾਵਾਂ ਵਿਚ ਹੀ ਹੋਏਗਾ ਅਤੇ ਇਹ ਭਾਰਤ ਲਈ ਖਤਰਨਾਕ ਸਥਿਤੀ ਪੈਦਾ ਕਰ ਸਕਦਾ ਹੈ। ਇਸ ਲਈ ਦੇਸ਼ ਦਾ ਅਨਾਜ ਵਿਚ ਆਤਮ ਨਿਰਭਰਤਾ ਲਈ ਪੰਜਾਬ, ਖਾਸ ਤੌਰ 'ਤੇ ਰਾਜ ਦੇ ਝੋਨੇ ਦੇ ਉਤਪਾਦਨ 'ਤੇ ਨਿਰਭਰ ਹੋਣਾ ਹੀ ਕੇਂਦਰ ਸਰਕਾਰ ਨੂੰ ਰਾਜ ਦੇ ਕਿਸਾਨਾਂ ਨੂੰ ਝੋਨੇ ਤੋਂ ਦੂਰ ਕਰਨ ਲਈ ਕੋਈ ਵੀ ਰਣਨੀਤਕ ਫੈਸਲਾ ਲੈਣ ਤੋਂ ਰੋਕਣ ਵਿਚ ਮਹੱਤਵਪੂਰਨ ਕਾਰਨ ਹੈ।

ਪੰਜਾਬ ਸਰਕਾਰ ਅਤੇ ਇਸ ਦੇ ਸਾਰੇ ਹਿਤਧਾਰਕਾਂ ਨੂੰ ਇਸ ਕੌੜੀ ਸੱਚਾਈ ਨੂੰ ਜਾਣਨਾ ਜ਼ਰੂਰੀ ਹੈ ਕਿ ਰਾਜ ਵਿਚ ਝੋਨੇ ਦਾ ਉਤਪਾਦਨ ਘਟਾਉਣ ਲਈ ਕੇਂਦਰ ਸਰਕਾਰ ਤੋਂ ਕਿਸੇ ਨੀਤੀਗਤ ਸਮਰਥਨ ਦੀ ਉਮੀਦ ਦੀ ਲੋੜ ਨਹੀਂ ਅਤੇ ਇਸ ਉਮੀਦ ਤੋਂ ਬਿਨਾਂ ਪੰਜਾਬ ਨੂੰ ਝੋਨੇ ਤੋਂ ਦੂਰ ਕਰਨ ਲਈ ਪੰਜਾਬ ਆਧਾਰਿਤ ਰਣਨੀਤੀ ਤਿਆਰ ਕਰਨੀ ਚਾਹੀਦੀ ਹੈ।

***ਮਈ 1967 ਨੂੰ ਪੱਛਮੀ ਬੰਗਾਲ ਦੇ ਨਿੱਕੇ ਜਿਹੇ ਪਿੰਡ ਨਕਸਲਬਾੜੀ ਤੋਂ ਉਠੀ ਬਗਾਵਤ ਨੂੰ ਅੱਧੀ ਸਦੀ ਬੀਤ ਗਈ ਹੈ। ਬੇਪਛਾਣ ਜਿਹੇ ਇਲਾਕੇ ਵਿਚੋਂ ਸ਼ੁਰੂ ਹੋਈ ਕਿਸਾਨ ਬਗਾਵਤ ਦਿਨਾਂ ਵਿਚ ਹੀ ਪੂਰੇ ਮੁਲਕ ਅੰਦਰ ਚਰਚਾ ਦਾ ਵਿਸ਼ਾ ਬਣ ਗਈ। ਇਸ ਬਗਾਵਤ ਦਾ ਆਉਣ ਵਾਲੀ ਸਿਆਸਤ ਉਤੇ ਸਿੱਧਾ ਅਸਰ ਪਿਆ ਅਤੇ ਇਹ ਅਸਰ ਅੱਜ ਵੀ ਦੇਖਿਆ ਜਾ ਸਕਦਾ ਹੈ। ਇਸ ਬਗਾਵਤ ਦੇ ਪਿਛੋਕੜ ਅਤੇ ਇਸ ਦੇ ਖਾਸੇ ਬਾਰੇ ਉਚੇਚਾ ਲੇਖ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਭੇਜਿਆ ਹੈ ਜੋ ਅਸੀਂ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। -ਸੰਪਾਦਕ***

# ਭਾਰਤੀ ਸਿਆਸਤ ਅਤੇ ਨਕਸਲਬਾੜੀ ਦੇ 50 ਵਰ੍ਹੇ

ਸੰਨ 2017 ਨਕਸਲਬਾੜੀ ਬਗ਼ਾਵਤ ਦੀ 50ਵੀਂ ਵਰ੍ਹੇਗੰਢ ਦਾ ਵਰ੍ਹਾ ਹੈ। ਮਈ 1967 ਤੋਂ ਪਹਿਲਾਂ ਨਕਸਲਬਾੜੀ ਪੱਛਮੀ ਬੰਗਾਲ ਦੇ ਬੇਪਛਾਣ ਪਿੰਡ ਦਾ ਨਾਂ ਸੀ। ਚਾਰੂ ਮਜੂਮਦਾਰ ਅਤੇ ਹੋਰ ਕਮਿਊਨਿਸਟ ਆਗੂਆਂ ਦੀ ਅਗਵਾਈ ਹੇਠ ਸ਼ੁਰੂ ਹੋਈ ਹਥਿਆਰਬੰਦ ਕਿਸਾਨ ਬਗ਼ਾਵਤ ਨਾਲ ਮਈ 1967 ਵਿਚ ਹਿੰਦੁਸਤਾਨ ਵਿਚ ਇਨਕਲਾਬ ਦੇ ਨਵੇਂ ਯੁਗ ਦਾ ਆਗਾਜ਼ ਹੋਇਆ। ਨਕਸਲਬਾੜੀ ਹੁਣ ਪਿੰਡ ਦਾ ਨਾਮ ਨਾ ਰਹਿ ਕੇ ਇਨਕਲਾਬੀ ਲਹਿਰ ਦਾ ਪਛਾਣ ਚਿੰਨ੍ਹ ਬਣ ਗਿਆ। ਇਨਕਲਾਬੀ

**ਬੂਟਾ ਸਿੰਘ**
**ਫੋਨ: +91- 94634-74342**

ਕਮਿਊਨਿਸਟਾਂ ਨੇ ਚਾਰੂ ਮਜੂਮਦਾਰ ਦੀ ਅਗਵਾਈ ਹੇਠ ਨਵੀਂ ਪਾਰਟੀ ਸੀ.ਪੀ.ਆਈ. (ਐਮ.ਐਲ.) ਬਣਾ ਕੇ ਹਿੰਦੁਸਤਾਨੀ ਸਟੇਟ ਵਿਰੁਧ ਹਥਿਆਰਬੰਦ ਯੁੱਧ ਛੇੜ ਦਿੱਤਾ। ਰਵਾਇਤੀ ਕਮਿਊਨਿਸਟ ਪਾਰਟੀਆਂ 'ਮੁੱਖਧਾਰਾ' ਦਾ ਅਨਿੱਖੜ ਹਿੱਸਾ ਬਣ ਕੇ ਚੋਣਾਂ ਰਾਹੀਂ ਸਰਕਾਰਾਂ ਬਣਾਉਣ ਦੀ ਸੁਧਾਰਵਾਦੀ ਸਿਆਸਤ ਤਕ ਸੀਮਤ ਹੋ ਗਈਆਂ ਅਤੇ ਸਥਾਪਤੀ ਦਾ ਹਿੱਸਾ ਬਣ ਗਈਆਂ। ਪੰਜ ਦਹਾਕੇ ਬਾਅਦ ਵੀ ਇਹ ਪਾਲਾਬੰਦੀ ਹਿੰਦੁਸਤਾਨ ਦੀ ਕਮਿਊਨਿਸਟ ਸਿਆਸਤ ਅੰਦਰਲੇ ਨਿਖੇੜੇ ਦੀ ਪੱਕੀ ਲਕੀਰ ਬਣੀ ਹੋਈ ਹੈ। ਹੁਕਮਰਾਨਾਂ ਅਨੁਸਾਰ, ਮਾਓਵਾਦੀ ਇਨਕਲਾਬੀ 'ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਹਨ, ਪਰ ਆਦਿਵਾਸੀਆਂ, ਦਲਿਤਾਂ ਅਤੇ ਹੋਰ ਦੱਬੇ-ਕੁਚਲੇ ਲੋਕਾਂ ਲਈ ਉਹ ਮੁਕਤੀ ਦੇ ਮਸੀਹਾ ਹਨ। ਨਕਸਲਬਾੜੀ/ਮਾਓਵਾਦੀ ਲਹਿਰ ਦੀ ਹਥਿਆਰਬੰਦ ਤਾਕਤ ਦੇ ਦਬਾਓ ਹੇਠ ਹੁਕਮਰਾਨ ਆਦਿਵਾਸੀ ਭਾਈਚਾਰਿਆਂ ਅਤੇ ਪੇਂਡੂ ਇਲਾਕਿਆਂ ਵਿਚ ਉਹ ਸੁਧਾਰ ਕਰਨ ਲਈ ਮਜਬੂਰ ਹੋਏ ਜਿਨ੍ਹਾਂ ਬਾਰੇ ਸੋਚਣ ਦੀ ਹੁਕਮਰਾਨਾਂ ਨੇ ਕਦੇ ਲੋੜ ਹੀ ਨਹੀਂ ਸਮਝੀ ਸੀ। ਵੱਖ-ਵੱਖ ਸਮੇਂ ਕੇਂਦਰੀ ਸੱਤਾ ਦੇ ਗਲਿਆਰਿਆਂ ਅੰਦਰੋਂ ਗ਼ਰੀਬੀ ਹਟਾਓ, ਜ਼ਰਈ ਸੁਧਾਰਾਂ, ਆਦਿਵਾਸੀ ਇਲਾਕਿਆਂ ਤਕ ਪੰਚਾਇਤੀ ਰਾਜ ਦੇ ਵਿਸਤਾਰ ਦੀ ਜ਼ਰੂਰਤ ਵਗੈਰਾ ਚਰਚਾ ਇਸ ਦਬਾਓ ਦੀ ਸਪਸ਼ਟ ਤਸਦੀਕ ਕਰਦੀ ਹੈ। ਮਾਓਵਾਦੀ ਲਹਿਰ ਵਿਰੁਧ ਓਪਰੇਸ਼ਨ ਗਰੀਨ ਹੰਟ ਚਲਾਉਣ ਸਮੇਂ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਵਲੋਂ ਦਿੱਤੀ ਚੇਤਾਵਨੀ ਵੀ ਇਹੋ ਕਹਿੰਦੀ ਸੀ ਕਿ ਜੇ ਝਾਰਖੰਡ ਦੇ ਆਦਿਵਾਸੀਆਂ ਨੂੰ ਝੂਠੇ ਮੁਕੱਦਮਿਆਂ ਵਿਚ ਜੇਲ੍ਹਾਂ ਵਿਚ ਸਾੜਨ ਦਾ ਅਨਿਆਂ ਬੰਦ ਨਹੀਂ ਹੁੰਦਾ ਤਾਂ ਉਨ੍ਹਾਂ ਨੂੰ ਮਾਓਵਾਦੀ ਸਫ਼ਾਂ ਵਿਚ ਭਰਤੀ ਹੋਣ ਤੋਂ ਨਹੀਂ ਰੋਕਿਆ ਜਾ ਸਕਦਾ।

ਬੇਪਛਾਣ ਇਲਾਕੇ ਵਿਚੋਂ ਸ਼ੁਰੂ ਹੋਈ ਕਿਸਾਨ ਬਗ਼ਾਵਤ ਦਾ ਪੂਰੇ ਮੁਲਕ ਨੂੰ ਆਪਣੀ ਲਪੇਟ ਵਿਚ ਲੈਣ ਵਾਲਾ ਬੇਮਿਸਾਲ ਸਿਆਸੀ ਵਰਤਾਰਾ ਬਣ ਕੇ ਉਭਰਨਾ ਕੋਈ ਅਚਾਨਕ ਅਤੇ ਆਪ-ਮੁਹਾਰਾ ਰੋਹ ਫੁਟਾਰਾ ਨਹੀਂ ਸੀ। ਇਸ ਪਿੱਛੇ ਨਿਹਚਾਵਾਨ ਕਮਿਊਨਿਸਟ ਕਾਡਰ ਦੇ ਲੰਮੇ ਘਾਲਣਾ ਵਾਲੇ ਕੰਮ ਅਤੇ ਸੁਚੇਤ ਵਿਚਾਰਧਾਰਕ-ਸਿਆਸੀ ਤਿਆਰੀ ਦਾ ਹੱਥ ਸੀ ਜਿਨ੍ਹਾਂ ਨੇ ਸਿਆਸੀ ਅਖਾੜੇ ਵਿਚ ਇਨਕਲਾਬ ਦਾ ਝੰਡਾ ਮੁੜ ਗੱਡ ਦਿੱਤਾ ਅਤੇ ਕਮਿਊਨਿਸਟ ਸਫ਼ਾਂ ਅੰਦਰ ਛਾਈ ਮਾਯੂਸੀ ਦੂਰ ਕਰ ਕੇ ਇਨਕਲਾਬੀ ਤਾਜ਼ਗੀ ਦਾ ਸੰਚਾਰ ਕੀਤਾ।

1947 ਦੀ ਸੱਤਾ ਬਦਲੀ ਤੋਂ ਬਾਅਦ ਹੋਂਦ ਵਿਚ ਆਏ ਸੁਤੰਤਰ ਅਤੇ ਆਜ਼ਾਦ ਹਿੰਦੁਸਤਾਨ ਦੇ ਲੋਕਤੰਤਰ ਅਤੇ ਬਰਾਬਰੀ ਦੇ ਦਾਅਵੇ ਬਹੁਤ ਛੇਤੀ ਖੋਖਲੇ ਸਾਬਤ ਹੋ ਗਏ ਅਤੇ ਨਹਿਰੂ ਦੇ ਨਕਲੀ ਸਮਾਜਵਾਦ ਤੋਂ ਅਵਾਮ ਦਾ ਮੋਹ-ਭੰਗ ਹੋ ਗਿਆ। ਆਜ਼ਾਦੀ ਦੇ ਸੁਪਨਿਆਂ ਨੂੰ ਬੂਰ ਨਾ ਪੈਣ ਕਾਰਨ ਮੁਲਕ ਵਿਚ ਘੋਰ ਆਰਥਿਕ ਤੇ ਸਿਆਸੀ ਬੇਚੈਨੀ ਫੈਲ ਚੁੱਕੀ ਸੀ। ਉਦੋਂ ਮੁਲਕ ਦੀ ਕਮਿਊਨਿਸਟ ਲਹਿਰ ਵੱਡੇ ਅੰਦਰੂਨੀ ਸੰਕਟ ਵਿਚੋਂ ਗੁਜ਼ਰ ਰਹੀ ਸੀ ਅਤੇ ਲੀਡਰਸ਼ਿਪ ਇਸ ਬੇਚੈਨੀ ਨੂੰ ਇਨਕਲਾਬੀ ਲਹਿਰ ਵਿਚ ਬਦਲਣ ਲਈ ਕੋਈ ਪਹਿਲਕਦਮੀ ਲੈਣ ਤੋਂ ਪੈਰ ਖਿੱਚ ਰਹੀ ਸੀ। ਨਿਜ਼ਾਮ ਹੈਦਰਾਬਾਦ (ਮੌਜੂਦਾ ਤੇਲੰਗਾਨਾ) ਦੇ ਜਗੀਰੂ ਰਾਜ ਵਿਰੁਧ ਮਜ਼ਬੂਤ ਹਥਿਆਰਬੰਦ ਕਿਸਾਨ ਸੰਘਰਸ਼ (1946-51) ਵਾਪਸ ਲੈ ਕੇ ਚੋਟੀ ਦੀ ਕਮਿਊਨਿਸਟ ਲੀਡਰਸ਼ਿਪ ਇਨਕਲਾਬ ਦਾ ਭਵਿਖਨਕਸ਼ਾ ਤਿਆਗ ਚੁੱਕੀ ਸੀ ਅਤੇ ਕਾਨੂੰਨੀ ਦਾਇਰੇ ਵਾਲੇ ਸੰਘਰਸ਼ਾਂ ਤੇ ਚੋਣਾਂ ਲੜਨ ਤਕ ਸੀਮਤ ਹੋ ਚੁੱਕੀ ਸੀ। ਇਹ ਹੁਣ ਦੱਬੇ ਕੁਚਲੇ ਅਵਾਮ ਨੂੰ ਰਾਜ ਨਾਲ ਟੱਕਰ ਲੈਣ ਵਾਲੀ ਫ਼ੈਸਲਾਕੁਨ ਲੜਾਈ ਲਈ ਤਿਆਰੀ ਕਰਨ ਤੋਂ ਟਾਲਾ ਵੱਟਦੀ ਸੀ। ਆਲਮੀ ਪੱਧਰ 'ਤੇ ਕਮਿਊਨਿਸਟ ਲਹਿਰ ਦੋ ਧੜਿਆਂ ਵਿਚ ਵੰਡੀ ਜਾ ਚੁੱਕੀ ਸੀ। ਸੋਵੀਅਤ ਕਮਿਊਨਿਸਟ ਲੀਡਰਸ਼ਿਪ ਵਲੋਂ ਮੁੱਖ ਕਮਿਊਨਿਸਟ ਆਗੂ ਜੋਸਫ਼ ਸਟਾਲਿਨ ਦੀ ਮੌਤ ਤੋਂ ਬਾਅਦ ਉਸ ਦੀ ਇਤਿਹਾਸਕ ਭੂਮਿਕਾ ਦਾ ਜੋ ਹੂੰਝਾ ਫੇਰੂ ਪੁਨਰ ਮੁਲੰਕਣ ਪੇਸ਼ ਕੀਤਾ ਗਿਆ ਸੀ, ਉਹ ਵਿਵਾਦ ਦਾ ਵੱਡਾ ਮੁੱਦਾ ਸੀ। ਮਾਸਕੋ ਤੋਂ ਆਈ 'ਪੁਰਅਮਨ ਸਹਿਹੋਂਦ, ਪੁਰਅਮਨ ਤਬਦੀਲੀ, ਪੁਰਅਮਨ ਮੁਕਾਬਲਾ' ਦੀ ਨਵੀਂ ਸਿਧਾਂਤਕ ਲਾਈਨ ਮੂਲ ਮਾਰਕਸਵਾਦੀ ਵਿਚਾਰਧਾਰਾ ਦਾ ਨਿਖੇਧ ਸੀ। ਕੁਲ ਆਲਮ ਦੇ ਮਾਸਕੋ ਦੇ ਅੰਨ੍ਹੇ ਸ਼ਰਧਾਲੂਆਂ ਨੇ ਬਾਵੇਂ ਇਸ ਲਾਈਨ ਨੂੰ ਸੱਤ ਬਚਨ ਕਹਿ ਕੇ ਸਵੀਕਾਰ ਕਰ ਲਿਆ ਸੀ, ਪਰ ਚੀਨੀ ਕਮਿਊਨਿਸਟ ਪਾਰਟੀ ਸਮੇਤ ਆਲਮੀ ਕਮਿਊਨਿਸਟ ਕੈਂਪ ਦੇ ਗਿਣਨਯੋਗ ਹਿੱਸੇ ਨੇ ਇਸ ਨੂੰ ਬਾਦਲੀਲ ਚੁਣੌਤੀ ਦੇ ਕੇ ਕੌਮਾਂਤਰੀ ਪੱਧਰ 'ਤੇ ਪਾਲਾਬੰਦੀ ਕਰ ਦਿੱਤੀ ਜੋ ਹੁਣ 'ਮਹਾਨ ਬਹਿਸ' ਵਜੋਂ ਜਾਣੀ ਜਾਂਦੀ ਹੈ। 1962 ਦੀ ਜੰਗ ਲਈ ਹਿੰਦੁਸਤਾਨ ਜਾਂ ਚੀਨ ਵਿਚੋਂ ਕੌਣ ਜ਼ਿੰਮੇਵਾਰ ਹੈ, ਇਸ ਨੂੰ ਲੈ ਕੇ ਵਿਵਾਦ ਅਤੇ ਚੀਨ ਪੱਖੀ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਨੇ ਕਮਿਊਨਿਸਟ ਪਾਰਟੀ ਦੀ ਧੜੇਬੰਦੀ ਹੋਰ ਤਿੱਖੀ ਕਰ ਦਿੱਤੀ ਸੀ। ਚੋਟੀ ਦੀ ਲੀਡਰਸ਼ਿਪ ਦਾ ਇਕ ਹਿੱਸਾ ਮਾਸਕੋ ਲਾਈਨ ਦਾ ਅੰਨ੍ਹਾ ਪੈਰੋਕਾਰ ਸੀ, ਉਹ ਮਾਸਕੋ ਦੀ ਸੁਰ ਵਿਚ ਸੁਰ ਮਿਲਾ ਕੇ ਚੀਨ ਨੂੰ ਜੰਗ ਲਈ ਕਸੂਰਵਾਰ ਦੱਸ ਰਿਹਾ ਸੀ, ਜਦਕਿ ਬਾਕੀ ਆਗੂਆਂ ਅਨੁਸਾਰ ਹਮਲੇ ਦੀ ਪਹਿਲ ਹਿੰਦੁਸਤਾਨੀ ਸਰਕਾਰ ਨੇ ਕੀਤੀ ਸੀ। ਇਸ ਸਿਆਸੀ ਘਮਸਾਣ ਦੌਰਾਨ, ਸੀ.ਪੀ.ਆਈ. ਦੀ ਲੀਡਰਸ਼ਿਪ ਨੂੰ ਇਨਕਲਾਬੀ ਸਿਧਾਂਤ ਤੋਂ ਭਗੌੜੀ ਕਰਾਰ ਦੇ ਕੇ ਮਾਰਚ 1964 ਵਿਚ ਚੋਟੀ ਦੇ ਆਗੂਆਂ ਦੇ ਇਕ ਹਿੱਸੇ ਵਲੋਂ ਵੱਖਰੀ ਪਾਰਟੀ ਸੀ.ਪੀ.ਐਮ. ਤਾਂ ਬਣਾ ਲਈ ਗਈ, ਪਰ ਇਨ੍ਹਾਂ ਆਗੂਆਂ ਵਲੋਂ ਉਪਰੋਕਤ ਸਵਾਲਾਂ ਉਪਰ ਦੋ-ਟੁਕ ਸਟੈਂਡ ਨਾ ਲੈਣ ਅਤੇ ਕੋਈ ਵਿਹਾਰਕ ਇਨਕਲਾਬੀ ਪੇਸ਼ਕਦਮੀ ਕਰਨ ਤੋਂ ਲਗਾਤਾਰ ਟਾਲਮਟੋਲ ਕੀਤੇ ਜਾਣ ਕਾਰਨ ਜੋਸ਼ੀਲੇ ਕਮਿਊਨਿਸਟ ਕਾਡਰ ਦਾ ਛੇਤੀ ਹੀ ਇਨ੍ਹਾਂ ਆਗੂਆਂ ਤੋਂ ਮੋਹ ਭੰਗ ਹੋ ਗਿਆ।

ਪੱਛਮੀ ਬੰਗਾਲ ਦੇ ਦਾਰਜੀਲਿੰਗ ਜ਼ਿਲ੍ਹੇ ਦਾ ਜੁਝਾਰੂ ਆਗੂ ਚਾਰੂ ਮਜੂਮਦਾਰ ਉਨ੍ਹਾਂ ਵਿਚੋਂ ਇਕ ਸੀ ਜੋ ਮਾਓ ਜ਼ੇ-ਤੁੰਗ ਦੀ ਵਿਚਾਰਧਾਰਾ ਨੂੰ ਇਨਕਲਾਬ ਦੀ ਮਾਰਗ-ਦਰਸ਼ਕ ਵਿਚਾਰਧਾਰਾ ਅਤੇ ਹਿੰਦੁਸਤਾਨ ਦੇ ਹਾਲਾਤ ਲਈ ਚੀਨੀ ਇਨਕਲਾਬ ਨੂੰ ਆਦਰਸ਼ ਨਮੂਨਾ ਮੰਨ ਕੇ ਉਸੇ ਤਰਜ਼ ਦਾ ਨਵ-ਜਮਹੂਰੀ ਪ੍ਰੋਗਰਾਮ ਤਿਆਰ ਕਰਨ ਉਪਰ ਜ਼ੋਰ ਦਿੰਦੇ ਆ ਰਹੇ ਸਨ। ਦਰਅਸਲ, ਤੇਲੰਗਾਨਾ ਸੰਘਰਸ਼ ਦੇ ਵਕਤ ਤੋਂ ਹੀ ਇਕ ਹਿੱਸਾ ਚੀਨੀ ਤਰਜ਼ ਦੇ ਇਨਕਲਾਬ ਦੀ ਪੁਰਜ਼ੋਰ ਵਜਾਹਤ ਕਰ ਰਿਹਾ ਸੀ। ਮਜੂਮਦਾਰ ਨੇ ਅੱਠ ਸਿਧਾਂਤਕ ਲੇਖ ਲਿਖੇ ਜੋ 'ਅੱਠ ਦਸਤਾਵੇਜ਼' ਵਜੋਂ ਮਸ਼ਹੂਰ ਹੋਏ। ਇਨ੍ਹਾਂ ਜ਼ਰੀਏ ਉਸ ਨੇ ਆਪਣੀ ਅਗਵਾਈ ਵਾਲੀਆਂ ਕਮਿਊਨਿਸਟ ਸਫ਼ਾਂ ਨੂੰ ਪਿੰਡਾਂ ਦੇ ਬੇਜ਼ਮੀਨਿਆਂ ਵਿਚ ਕੰਮ ਕਰ ਕੇ ਜ਼ਮੀਨ ਅਤੇ ਸੱਤਾ ਉਪਰ ਕਬਜ਼ੇ ਲਈ ਫ਼ੈਸਲਾਕੁਨ ਸੰਘਰਸ਼ ਵਾਸਤੇ ਮਾਨਸਿਕ ਅਤੇ ਵਿਹਾਰਕ ਤੌਰ 'ਤੇ ਤਿਆਰ ਕੀਤਾ। ਇਸ ਇਲਾਕੇ ਵਿਚ ਕਿਸਾਨਾਂ ਅਤੇ ਚਾਹ ਦੇ ਬਾਗ਼ਾਂ ਦੇ ਮਜ਼ਦੂਰਾਂ ਦੇ ਸੰਘਰਸ਼ਾਂ ਦਾ ਪਿੜ ਸਾਲਾਂ ਤੋਂ ਭਖਿਆ ਹੋਇਆ ਸੀ। ਇਹ ਹਾਲਾਤ ਸਨ ਜਿਨ੍ਹਾਂ ਵਿਚ ਫਰਵਰੀ 1967 ਵਿਚ ਪੱਛਮੀ ਬੰਗਾਲ ਵਿਚ ਸੀ.ਪੀ.ਐਮ. ਦੀ ਅਗਵਾਈ ਹੇਠ ਖੱਬੇ ਮੋਰਚੇ ਵਲੋਂ ਚੋਣਾਂ ਜਿੱਤ ਕੇ ਸਰਕਾਰ ਬਣਾਈ ਗਈ ਅਤੇ ਇਸ ਸਰਕਾਰ ਬਦਲੀ ਨਾਲ ਅਵਾਮ ਅਤੇ ਕਮਿਊਨਿਸਟ ਸਫ਼ਾਂ ਅੰਦਰ ਚੋਣ ਵਾਅਦਿਆਂ ਉਪਰ ਅਮਲਦਾਰੀ ਦੀ ਖਾਹਸ਼ ਨੇ ਜ਼ੋਰ ਫੜ ਲਿਆ।

***ਕਿਸਾਨ ਬਗ਼ਾਵਤ ਦਾ ਪੂਰੇ ਮੁਲਕ ਨੂੰ ਆਪਣੀ ਲਪੇਟ ਵਿਚ ਲੈਣ ਵਾਲਾ ਵਰਤਾਰਾ ਬਣ ਕੇ ਉਭਰਨਾ ਕੋਈ ਅਚਾਨਕ ਰੋਹ ਫੁਟਾਰਾ ਨਹੀਂ ਸੀ। ਇਸ ਪਿੱਛੇ ਨਿਹਚਾਵਾਨ ਕਮਿਊਨਿਸਟ ਕਾਡਰ ਦੇ ਲੰਮੇ ਘਾਲਣਾ ਵਾਲੇ ਕੰਮ ਅਤੇ ਸੁਚੇਤ ਵਿਚਾਰਧਾਰਕ-ਸਿਆਸੀ ਤਿਆਰੀ ਦਾ ਹੱਥ ਸੀ ਜਿਨ੍ਹਾਂ ਨੇ ਸਿਆਸੀ ਅਖਾੜੇ ਵਿਚ ਇਨਕਲਾਬ ਦਾ ਝੰਡਾ ਮੁੜ ਗੱਡ ਦਿੱਤਾ ਅਤੇ ਕਮਿਊਨਿਸਟ ਸਫ਼ਾਂ ਅੰਦਰ ਛਾਈ ਮਾਯੂਸੀ ਦੂਰ ਕਰ ਕੇ ਇਨਕਲਾਬੀ ਤਾਜ਼ਗੀ ਦਾ ਸੰਚਾਰ ਕੀਤਾ।***




*ਪੱਛਮੀ ਬੰਗਾਲ ਦੇ ਪਿੰਡ ਨਕਸਲਬਾੜੀ ਵਿਚ ਬਣਾਈ ਯਾਦਗਾਰ।*

ਜ਼ਮੀਨ ਹੱਦਬੰਦੀ ਕਾਨੂੰਨ ਸਖ਼ਤੀ ਨਾਲ ਲਾਗੂ ਕਰ ਕੇ ਗ਼ੈਰਕਾਨੂੰਨੀ ਮਾਲਕੀ ਵਾਲੀ ਵਾਧੂ ਜ਼ਮੀਨ ਹਲਵਾਹਕਾਂ ਨੂੰ ਦੇਣਾ ਇਸ ਸਰਕਾਰ ਦੇ ਮੁੱਖ ਵਾਅਦਿਆਂ ਵਿਚੋਂ ਇਕ ਸੀ। ਲਿਹਾਜ਼ਾ ਜਗੀਰੂ ਭੋਇੰ ਮਾਲਕੀ ਦੇ ਖ਼ਾਤਮੇ ਅਤੇ ਜ਼ਮੀਨ ਦੀ ਨਿਆਂਪੂਰਨ ਵੰਡ ਲਈ ਸੰਘਰਸ਼ ਅਤੇ ਇਸ ਸੰਘਰਸ਼ ਨੂੰ ਸੱਤਾ ਉਪਰ ਕਬਜ਼ੇ ਦੀ ਲੜਾਈ ਦੇ ਤੌਰ 'ਤੇ ਵਿਕਸਤ ਕਰਨ ਦੇ ਟੀਚੇ ਨਾਲ ਲੜਨ ਦੇ ਸਵਾਲ ਨੇ ਕੇਂਦਰੀ ਅਹਿਮੀਅਤ ਅਖ਼ਤਿਆਰ ਕਰ ਲਈ। ਚਾਰੂ ਮਜੂਮਦਾਰ ਦੀ ਸਿਧਾਂਤਕ ਰਾਹਨੁਮਾਈ ਅਤੇ ਸਥਾਨਕ ਆਗੂਆਂ ਕਾਨੂ ਸਾਨਿਆਲ ਤੇ ਜੰਗਲ ਸੰਥਾਲ ਦੀ ਅਗਵਾਈ ਹੇਠ ਇਸ ਵਾਅਦੇ ਨੂੰ ਅਮਲੀ ਰੂਪ ਦੇਣ ਲਈ ਮਾਰਚ ਮਹੀਨੇ ਦੇ ਪਹਿਲੇ ਹਫ਼ਤੇ ਦਲਿਤਾਂ ਅਤੇ ਆਦਿਵਾਸੀ ਕਿਸਾਨਾਂ ਨੂੰ ਲਾਮਬੰਦ ਕਰ ਕੇ ਨਕਸਲਬਾੜੀ ਅਤੇ ਇਸ ਦੇ ਨਾਲ ਲੱਗਦੇ ਥਾਣਿਆਂ ਦੇ ਖੇਤਰਾਂ ਵਿਚ ਭੋਇੰ ਮਾਲਕਾਂ ਦੀਆਂ ਜ਼ਮੀਨਾਂ ਉਪਰ ਕਬਜ਼ੇ ਕਰਨੇ ਸ਼ੁਰੂ ਕਰ ਦਿੱਤੇ ਗਏ। ਇਸ ਵਿਦਰੋਹ ਨੂੰ ਦਬਾਉਣ ਲਈ ਗ੍ਰਹਿ ਮੰਤਰੀ ਜਯੋਤੀ ਬਸੂ ਦੇ ਨਿਰਦੇਸ਼ਾਂ ਤਹਿਤ 'ਖੱਬਾ ਮੋਰਚਾ' ਸਰਕਾਰ ਵਲੋਂ ਪੁਲਿਸ ਭੇਜੀ ਗਈ। 24 ਮਈ ਨੂੰ ਕਿਸਾਨਾਂ ਅਤੇ ਪੁਲਿਸ ਦੇ ਟਕਰਾਓ ਵਿਚ ਜ਼ਖ਼ਮੀ ਹੋਏ ਪੁਲਸੀਆਂ ਵਿਚੋਂ ਇੰਸਪੈਕਟਰ ਸੋਨਮ ਵਾਂਗਦੀ ਦੀ ਮੌਤ ਹੋ ਗਈ। ਅਗਲੇ ਦਿਨ 25 ਮਈ ਨੂੰ ਕਿਸਾਨਾਂ ਦੇ ਵਿਰੋਧ ਨੂੰ ਕੁਚਲਣ ਲਈ ਹੋਰ ਪੁਲਿਸ ਫੋਰਸ ਭੇਜੀ ਗਈ ਜਿਸ ਨੇ ਅੰਧਾ-ਧੁੰਦ ਗੋਲੀਆਂ ਚਲਾ ਕੇ ਅੱਠ ਔਰਤਾਂ ਤੇ ਦੋ ਬੱਚੇ ਥਾਏਂ ਮਾਰ ਦਿੱਤੇ। ਬਾਕੀ ਹੁਕਮਰਾਨ ਪਾਰਟੀਆਂ ਵਾਂਗ 'ਅਮਨ-ਕਾਨੂੰਨ' ਬਹਾਲ ਕਰਨ ਦੇ ਨਾਂ ਹੇਠ ਆਮ ਲੋਕਾਂ ਨੂੰ ਦਬਾਉਣ ਲਈ ਦਮਨਕਾਰੀ ਮਸ਼ੀਨਰੀ ਦੇ ਇਸਤੇਮਾਲ ਨਾਲ ਸੀ.ਪੀ.ਐਮ. ਦੇ ਆਗੂਆਂ ਦਾ ਅਸਲ ਚਿਹਰਾ ਨੰਗਾ ਹੋ ਗਿਆ। ਸਰਕਾਰ ਵਿਰੁਧ ਉਠਣ ਵਾਲੀਆਂ ਇੰਤਹਾਪਸੰਦ ਲਹਿਰਾਂ ਨੂੰ ਦਬਾਉਣ ਲਈ ਹਿੰਦੁਸਤਾਨੀ ਹੁਕਮਰਾਨ ਜਮਾਤ ਵਲੋਂ 'ਮੁਲਕ ਦੀ ਏਕਤਾ ਤੇ ਅਖੰਡਤਾ ਦੀ ਰਾਖੀ' ਦੇ ਨਾਂ ਹੇਠ ਪੰਜਾਬ ਵਿਚ ਸਿੱਖਾਂ ਅਤੇ ਹੋਰ ਸੂਬਿਆਂ ਅੰਦਰ ਕੌਮੀਅਤਾਂ ਦੇ ਜੋ ਕਤਲੇਆਮ ਕੀਤੇ ਗਏ, ਉਨ੍ਹਾਂ ਦੌਰਾਨ ਇਨ੍ਹਾਂ 'ਮੁੱਖਧਾਰਾ' ਕਮਿਊਨਿਸਟ ਪਾਰਟੀਆਂ ਦੀ ਸਿਆਸੀ ਭੂਮਿਕਾ ਹਾਕਮ ਜਮਾਤ ਦੀਆਂ ਮੁੱਖ ਸਿਆਸੀ ਪਾਰਟੀਆਂ ਤੋਂ ਕਿਸੇ ਵੀ ਤਰ੍ਹਾਂ ਵੱਖਰੀ ਨਹੀਂ ਰਹੀ।

ਨਕਸਲਬਾੜੀ ਵਿਚ ਕਤਲੇਆਮ ਤੋਂ ਭੜਕੇ ਰੋਹ ਨਾਲ ਨਾ ਕੇਵਲ ਕਿਸਾਨ ਵਿਦਰੋਹ ਹੋਰ ਵੱਡੇ ਇਲਾਕੇ ਵਿਚ ਫੈਲ ਗਿਆ ਸਗੋਂ ਇਸ ਨੇ ਲੀਡਰਸ਼ਿਪ ਤੋਂ ਨਾਖੁਸ਼ ਵੱਖ-ਵੱਖ ਸੂਬਿਆਂ ਦੇ ਕਮਿਊਨਿਸਟਾਂ ਨੂੰ ਆਪਸ ਵਿਚ ਜੁੜਨ ਦਾ ਮੰਚ ਵੀ ਮੁਹੱਈਆ ਕਰ ਦਿੱਤਾ। ਚੀਨ ਦੀ ਕਮਿਊਨਿਸਟ ਪਾਰਟੀ ਨੇ ਇਸ ਨੂੰ 'ਹਿੰਦੁਸਤਾਨ ਉਪਰ ਬਸੰਤ ਦੀ ਗਰਜ' ਕਹਿ ਕੇ ਤਾਰੀਫ਼ ਕੀਤੀ। ਇਸ ਇਖ਼ਲਾਕੀ ਹਮਾਇਤ ਨਾਲ ਇਨਕਲਾਬੀ ਕਮਿਊਨਿਸਟਾਂ ਨੂੰ ਹੋਰ ਬਲ ਮਿਲਿਆ। ਨਕਸਲਬਾੜੀ ਇਲਾਕੇ ਦਾ ਵਿਦਰੋਹ 53 ਕੁ ਦਿਨ ਤਕ ਚਲਿਆ, ਫਿਰ ਇਸ ਦੀ ਚੜ੍ਹਤ ਬਰਕਰਾਰ ਨਾ ਰਹਿ ਸਕੀ, ਪਰ ਇਹ ਵਿਦਰੋਹ ਜੰਗਲ ਦੀ ਅੱਗ ਦੀ ਤਰ੍ਹਾਂ ਤੇਜ਼ੀ ਨਾਲ ਬੰਗਾਲ ਦੇ ਬਾਕੀ ਹਿਸਿਆਂ ਅਤੇ ਮੁਲਕ ਦੇ ਹੋਰ ਸੂਬਿਆਂ ਵਿਚ ਫੈਲ ਗਿਆ। ਨਕਸਲਬਾੜੀ ਦੀ ਹਮਾਇਤ ਵਿਚ ਆਪਮੁਹਾਰੇ ਹੀ ਸਹਾਇਤਾ ਕਮੇਟੀਆਂ ਬਣਾਈਆਂ ਗਈਆਂ। ਕਲਕੱਤੇ ਵਿਚ ਵੱਡਾ ਇਕੱਠ ਹੋਇਆ। ਇਨਕਲਾਬੀਆਂ ਦੀ ਕੁਲ ਹਿੰਦ ਤਾਲਮੇਲ ਕਮੇਟੀ ਬਣ ਗਈ ਜਿਸ ਨਾਲ ਹਮਖ਼ਿਆਲ ਇਨਕਲਾਬੀਆਂ ਨੂੰ ਇਕੱਠੇ ਕਰਨ ਅਤੇ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਨਕਸਲਬਾੜੀ ਦੀ ਤਰਜ 'ਤੇ ਸੰਘਰਸ਼ਾਂ ਦਾ ਮੁੱਢ ਬੱਝ ਗਿਆ।

ਫਿਰ ਅਪਰੈਲ 1969 ਵਿਚ ਚੀਨ ਦੇ ਇਨਕਲਾਬ ਦੇ ਨਮੂਨੇ 'ਤੇ ਨਵੀਂ ਕਮਿਊਨਿਸਟ ਪਾਰਟੀ, ਸੀ.ਪੀ.ਆਈ.(ਐਮ.ਐਲ.) ਬਣਾ ਕੇ ਰਾਜ ਸੱਤਾ ਲਈ ਹਥਿਆਰਬੰਦ ਲੋਕ ਯੁੱਧ ਵਿਢ ਦਿੱਤਾ ਗਿਆ, ਹਾਲਾਂਕਿ ਕੁਝ ਹਿੱਸੇ ਪਾਰਟੀ ਬਣਾਉਣ ਅਤੇ ਹੋਰ ਸਵਾਲਾਂ ਉਪਰ ਸਹਿਮਤ ਨਾ ਹੋਣ ਕਾਰਨ ਇਸ ਤੋਂ ਵੱਖਰੇ ਹੋ ਗਏ। ਉਨ੍ਹਾਂ ਦਾ ਵੱਖਰਾ ਵਜੂਦ ਬਣਿਆ ਰਿਹਾ, ਪਰ ਦਕਸ਼ਣਦੇਸ਼ ਗਰੁੱਪ ਨੂੰ ਛੱਡ ਕੇ ਬਾਕੀ ਹਿੱਸੇ ਨਕਸਲਬਾੜੀ ਤਰਜ਼ ਦਾ ਕੋਈ ਵਿਹਾਰਕ ਸੰਘਰਸ਼ ਖੜ੍ਹਾ ਨਹੀਂ ਕਰ ਸਕੇ। ਇਹੀ ਦਕਸ਼ਣਦੇਸ਼ ਗਰੁੱਪ ਅੱਗੇ ਜਾ ਕੇ ਮਾਓਵਾਦੀ ਕਮਿਊਨਿਸਟ ਸੈਂਟਰ ਬਣਿਆ ਜਿਸ ਨੇ 2004 ਵਿਚ ਸੀ.ਪੀ.ਆਈ. (ਐਮ.ਐਲ.)-ਪੀਪਲਜ਼ ਵਾਰ ਨਾਲ ਮਿਲ ਕੇ ਸੀ.ਪੀ.ਆਈ. (ਮਾਓਵਾਦੀ) ਬਣਾਈ। ਸੀ.ਪੀ.ਆਈ.(ਐਮ.ਐਲ.) ਵਲੋਂ ਨਵ-ਜਮਹੂਰੀ ਇਨਕਲਾਬ ਦੇ ਨਵੇਂ ਪ੍ਰੋਗਰਾਮ ਤਹਿਤ ਮੁਲਕ ਦੀ ਇਨਕਲਾਬੀ ਕਾਇਆ ਪਲਟੀ ਦੇ ਗਰਜਵੇਂ ਸੱਦੇ ਨੇ ਦੱਬੇ ਕੁਚਲੇ ਲੋਕਾਂ ਅਤੇ ਤਬਦੀਲੀਪਸੰਦ ਨੌਜਵਾਨਾਂ ਨੂੰ ਵਿਆਪਕ ਪੈਮਾਨੇ 'ਤੇ ਟੁੰਬਿਆ। ਉਹ ਦਹਿ-ਹਜ਼ਾਰਾਂ ਦੀ ਤਾਦਾਦ ਵਿਚ ਇਨਕਲਾਬੀ ਲੜਾਈ ਵਿਚ ਸ਼ਾਮਲ ਹੋਏ। ਪੰਜਾਬ ਵਿਚ ਵੀ ਗ਼ਦਰੀ ਬਾਬਾ ਬੂਝਾ ਸਿੰਘ ਤੋਂ ਲੈ ਕੇ ਦਇਆ ਸਿੰਘ, ਤਰਸੇਮ ਬਾਵਾ ਵਰਗੇ ਸੈਂਕੜੇ ਨੌਜਵਾਨਾਂ ਦੀ ਪੂਰੀ ਪੀੜ੍ਹੀ ਨਾਬਰਾਬਰੀ ਵਾਲੇ ਰਾਜ ਪ੍ਰਬੰਧ ਨੂੰ ਖ਼ਤਮ ਕਰ ਕੇ ਸੱਚਾ ਲੋਕ ਰਾਜ ਉਸਾਰਨ ਦੇ ਸੰਘਰਸ਼ ਵਿਚ ਕੁੱਦ ਪਈ। ਗਹਿ-ਗਚ ਇਨਕਲਾਬੀ ਸੰਗਰਾਮ ਅਤੇ ਕੁਰਬਾਨੀਆਂ ਦਾ ਨਵਾਂ ਇਤਿਹਾਸ ਰਚਿਆ ਗਿਆ। ਪੂਰੇ ਮੁਲਕ ਵਿਚ ਵਿਦਿਆਰਥੀਆਂ, ਨੌਜਵਾਨਾਂ ਅਤੇ ਦੱਬੇ ਕੁਚਲੇ ਲੋਕਾਂ ਵਲੋਂ ਹਥਿਆਰਬੰਦ ਇਨਕਲਾਬ ਦੇ ਸੱਦੇ ਪ੍ਰਤੀ ਦਿਖਾਏ ਬੇਮਿਸਾਲ ਉਤਸ਼ਾਹ ਨੇ ਹੁਕਮਰਾਨਾਂ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ। 1970 ਵਿਚ ਨਕਸਲੀ ਲੀਡਰਸ਼ਿਪ ਵਲੋਂ ਵਿਅਕਤੀਗਤ ਸਫ਼ਾਏ ਦੀ ਲਾਈਨ ਉਪਰ ਦਿੱਤੇ ਜ਼ੋਰ ਨੇ ਸਿਆਸੀ ਲਾਮਬੰਦੀ ਦੀ ਥਾਂ ਲੈ ਲਈ ਅਤੇ ਨਕਸਲੀ ਸਰਗਰਮੀਆਂ ਮੁੱਖ ਤੌਰ 'ਤੇ ਵਿਅਕਤੀਗਤ ਕਤਲਾਂ, ਖ਼ਾਸ ਕਰ ਕੇ ਬੰਗਾਲ ਵਿਚ ਗਾਂਧੀ, ਟੈਗੋਰ ਵਰਗੀਆਂ ਸ਼ਖਸੀਅਤਾਂ ਦੇ ਬੁੱਤਾਂ ਉਪਰ ਹਮਲਿਆਂ ਵਿਚ ਉਲਝ ਗਈਆਂ। ਇਸ ਚੁਣੌਤੀ ਨੂੰ ਕੁਚਲਣ ਲਈ ਕਾਂਗਰਸ ਤੋਂ ਲੈ ਕੇ ਸੀ.ਪੀ.ਐਮ. ਤਕ ਤਮਾਮ ਸੱਤਾਧਾਰੀ ਪਾਰਟੀਆਂ ਸਾਰੇ ਮੱਤਭੇਦ ਭੁੱਲ ਕੇ ਇਕਜੁੱਟ ਹੋ ਗਈਆਂ ਜਿਸ ਨੂੰ ਉਸ ਵਕਤ ਸੰਸਦ ਅਤੇ ਵਿਧਾਨ ਸਭਾ ਵਿਚ ਸਰਕਾਰ ਅਤੇ ਵਿਰੋਧੀ ਧਿਰ ਦੀ ਇਕਸੁਰਤਾ ਤੋਂ ਸਪਸ਼ਟ ਦੇਖਿਆ ਜਾ ਸਕਦਾ ਹੈ। ਪੂਰੇ ਮੁਲਕ ਵਿਚ ਇਸ ਲਹਿਰ ਦੇ ਹਮਾਇਤੀਆਂ ਨੂੰ ਗ੍ਰਿਫ਼ਤਾਰ ਕਰ ਕੇ ਫਰਜ਼ੀ ਪੁਲਿਸ ਮੁਕਾਬਲਿਆਂ ਵਿਚ ਕਤਲ ਕਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ। ਪੱਛਮੀ ਬੰਗਾਲ ਵਿਚ ਤਾਂ ਸੀ.ਪੀ.ਐਮ. ਅਤੇ ਕਾਂਗਰਸ ਵਲੋਂ ਸਾਂਝੇ ਕਾਤਲ ਗਰੋਹ ਬਣਾ ਕੇ ਬਾਗ਼ੀ ਨੌਜਵਾਨਾਂ ਨੂੰ ਸ਼ਰੇਆਮ ਸੜਕਾਂ ਉਪਰ ਜ਼ਿਬਾਹ ਕਰਨ ਦੀ ਮੁਹਿਮ ਚਲਾਈ ਗਈ ਜਿਸ ਦੀ ਮਿਸਾਲ ਕਲਕੱਤਾ ਦਾ ਬੜਾਨਗਰ ਦਾ ਕਤਲੇਆਮ ਹੈ ਜਿਥੇ ਇਕ ਦਿਨ ਵਿਚ ਹੀ ਨਕਸਲੀ ਹਮਾਇਤੀ ਮੁਹੱਲਿਆਂ ਨੂੰ ਪੁਲਿਸ ਦੀ ਨਿਗਰਾਨੀ ਹੇਠ ਘੇਰਾ ਪਾ ਕੇ 100 ਤੋਂ ਵੱਧ ਨੌਜਵਾਨਾਂ ਨੂੰ ਘਰਾਂ ਵਿਚੋਂ ਧੂਹ ਕੇ ਸੜਕਾਂ, ਚੌਕਾਂ ਵਿਚ ਵੱਢ-ਵੱਢ ਕੇ ਮਾਰਿਆ ਗਿਆ। ਕੁਝ ਰਿਪੋਰਟਾਂ ਵਿਚ ਇਹ ਗਿਣਤੀ ਇਕ ਹਜ਼ਾਰ ਦੱਸੀ ਗਈ ਹੈ। ਜੇਲ੍ਹਾਂ ਅੰਦਰ ਨਕਸਲੀ ਕੈਦੀਆਂ ਦੀਆਂ ਹੱਤਿਆਵਾਂ ਕੀਤੀਆਂ ਗਈਆਂ। ਸੀ.ਪੀ.ਐਮ. ਆਗੂ ਪਰਮੋਦਦਾਸ ਗੁਪਤਾ ਨੇ ਪੁਲਿਸ ਨੂੰ ਮਿਹਣਾ ਮਾਰਿਆ ਸੀ ਕਿ ਉਨ੍ਹਾਂ ਦੀਆਂ ਗੋਲੀਆਂ ਨੂੰ ਗਰਭਨਿਰੋਧਕ ਲੱਗੇ ਹੋਏ ਹਨ ਕਿ ਉਨ੍ਹਾਂ ਤੋਂ ਨਕਸਲੀਆਂ ਦਾ ਬੀਜ-ਨਾਸ਼ ਨਹੀਂ ਹੋ ਰਿਹਾ! ਇਹ ਬਾਗ਼ੀਆਂ ਪ੍ਰਤੀ 'ਮਾਰਕਸੀ' ਆਗੂਆਂ ਦੇ ਰਵੱਈਏ ਦਾ ਟਕਸਾਲੀ ਨਮੂਨਾ ਸੀ।

ਇਸ ਰਾਜਕੀ ਦਹਿਸ਼ਤਵਾਦ ਦੌਰਾਨ 5000 ਤੋਂ ਉਪਰ ਨਕਸਲੀ ਕਤਲ ਕੀਤੇ ਗਏ ਅਤੇ 30000 ਤੋਂ ਵੱਧ ਜੇਲ੍ਹਾਂ ਵਿਚ ਡੱਕ ਦਿੱਤੇ ਗਏ। ਇਹ ਉਸ ਜ਼ਮਾਨੇ ਦੇ ਨੌਜਵਾਨਾਂ ਦਾ ਸੰਵੇਦਨਸ਼ੀਲ ਹਿੱਸਾ ਸੀ ਜੋ ਜ਼ਿੰਦਗੀ ਨੂੰ ਜਿਊਣਯੋਗ ਬਣਾਉਣ ਦਾ ਸੁਪਨਾ ਸਾਕਾਰ ਕਰਨ ਲਈ ਅੱਗੇ ਆਇਆ ਸੀ। ਸਰੋਜ ਦੱਤਾ ਤੇ ਚੋਟੀ ਦੇ ਹੋਰ ਆਗੂਆਂ ਨੂੰ ਅਗਵਾ ਕਰ ਕੇ ਖਪਾ ਦੇਣ ਨਾਲ ਲਹਿਰ ਦਾ ਆਗੂ-ਕੇਂਦਰ ਕਮਜ਼ੋਰ ਹੋ ਗਿਆ। ਹਕੂਮਤੀ ਹਮਲੇ ਨਾਲ ਡਾਵਾਂਡੋਲ ਹੋਏ ਲੀਡਰਸ਼ਿਪ ਦੇ ਇਕ ਹਿੱਸੇ ਵਲੋਂ ਚਾਰੂ ਮਜੂਮਦਾਰ ਤੋਂ ਵੱਖਰਾ ਕੇਂਦਰ ਬਣਾਉਣ ਨਾਲ ਜਥੇਬੰਦੀ ਦੋਫਾੜ ਹੋ ਗਈ। ਗ੍ਰਿਫ਼ਤਾਰੀ ਤੋਂ ਬਾਅਦ 28 ਜੁਲਾਈ 1972 ਨੂੰ ਪੁਲਿਸ ਹਿਰਾਸਤ ਵਿਚ ਚਾਰੂ ਦੇ ਕਤਲ ਨਾਲ ਲਹਿਰ ਆਗੂ ਰਹਿਤ ਹੋ ਗਈ ਅਤੇ ਆਪਾਧਾਪੀ ਦਾ ਸ਼ਿਕਾਰ ਹੋ ਕੇ ਸੀ.ਪੀ.ਆਈ.(ਐਮ.ਐਲ.) ਟੁਕੜੇ-ਟੁਕੜੇ ਹੋ ਗਈ। ਪੰਜਾਬ ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵਲੋਂ 80 ਤੋਂ ਉਪਰ ਨਕਸਲੀ ਨੂੰ ਫਰਜ਼ੀ ਪੁਲਿਸ ਮੁਕਾਬਲਿਆਂ ਵਿਚ ਕਤਲ ਕੀਤਾ ਗਿਆ ਅਤੇ ਸੈਂਕੜਿਆਂ ਨੂੰ ਜੇਲ੍ਹਾਂ ਵਿਚ ਰੱਖਿਆ ਗਿਆ।



*ਚਾਰੂ ਮਜੂਮਦਾਰ*

# ਸਿੱਖ ਪੰਥ ਦੇ ਅੰਦਰੂਨੀ ਸੰਕਟ ਦਾ ਵਿਸ਼ਲੇਸ਼ਣ ਤੇ ਹੱਲ

ਹਰਿ ਨਾਮੈ ਕੇ ਹੋਵਹੁ ਜੋੜੀ
ਗੁਰਮੁਖਿ ਬੈਸਹੁ ਸਫਾ ਵਿਛਾਇ॥
ਇਨ ਬਿਧ ਪਾਸਾ ਢਾਲਹੁ ਬੀਰ॥
(ਪਾਤਿਸ਼ਾਹੀ ਪੰਜਵੀਂ)

ਅਰਥ: ਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਫੂਹੜੀ ਵਿਛਾ ਕੇ ਇਕੱਠੇ ਬੈਠੋ ਤੇ ਇੰਜ ਦਵੈਤ-ਭਾਅ ਦੂਰ ਕਰੋ। ਇਸੇ ਤਰੀਕੇ ਨਾਲ ਹੀ ਆਪੋ ਆਪਣੀਆਂ ਨਰਦਾਂ ਸੁੱਟੋ, ਮੇਰੇ ਵੀਰਨੋ।

ਸਿੱਖ ਪੰਥ ਅੱਜ ਕੱਲ੍ਹ ਇਕ ਨਵੇਂ ਸੰਕਟ ਦਾ ਸਾਹਮਣਾ ਕਰ ਰਿਹਾ ਹੈ ਅਤੇ ਜੇ ਪੰਥਕ ਰਹਿਬਰਾਂ ਨੇ ਇਸ ਸੰਕਟ ਦੇ ਹੱਲ ਨੂੰ ਲੈ ਕੇ ਸਿਧਾਂਤਕ ਲਾਪ੍ਰਵਾਹੀ ਵਿਖਾਈ ਤਾਂ ਇਸ ਦੇ ਨਤੀਜੇ ਹੋਰ ਵੀ ਗੰਭੀਰ ਹੋ ਸਕਦੇ ਹਨ। ਉਂਜ



**ਕਰਮਜੀਤ ਸਿੰਘ ਚੰਡੀਗੜ੍ਹ**
**ਫੋਨ: 91-99150-91063**

ਇਸ ਸੰਕਟ ਦੇ ਕੁਝ-ਕੁਝ ਲੱਛਣ ਪਿਛਲੇ ਸਾਲ ਉਦੋਂ ਹੀ ਪ੍ਰਗਟ ਹੋਣੇ ਸ਼ੁਰੂ ਹੋ ਗਏ ਸਨ ਜਦੋਂ ਇਕ ਉਘੇ ਪੰਥ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ 'ਤੇ ਹੋਏ ਹਮਲੇ ਦੌਰਾਨ ਉਨ੍ਹਾਂ ਦਾ ਇਕ ਨਜ਼ਦੀਕੀ ਸਾਥੀ ਮਾਰਿਆ ਗਿਆ ਸੀ ਅਤੇ ਭਾਈ ਰਣਜੀਤ ਸਿੰਘ ਉਸ ਹਮਲੇ ਵਿਚ ਵਾਲ-ਵਾਲ ਬਚ ਗਏ ਸਨ। ਪਰ ਉਦੋਂ ਤੱਕ ਇਹੋ ਸਮਝਿਆ ਜਾ ਰਿਹਾ ਸੀ ਕਿ ਇਹ ਟਕਰਾਓ ਦੋ ਜਥੇਬੰਦੀਆਂ ਤੱਕ ਹੀ ਸੀਮਤ ਹੈ। ਫਿਰ ਵੀ ਇਤਿਹਾਸ ਅਤੇ ਧਰਮ ਦੇ ਗੰਭੀਰ ਵਿਦਿਆਰਥੀ ਇਹ ਚੇਤਾਵਨੀ ਦਿੰਦੇ ਰਹੇ ਸਨ ਕਿ ਇਸ ਸੰਕਟ ਦੀਆਂ ਜੜ੍ਹਾਂ ਡੂੰਘੀਆਂ ਹਨ ਅਤੇ ਇਹ ਫੈਲ ਕੇ ਕੇਵਲ ਪੰਥ ਦੀਆਂ ਹੋਰ ਜਥੇਬੰਦੀਆਂ ਨੂੰ ਹੀ ਨਹੀਂ, ਸਗੋਂ ਆਮ ਸੰਗਤ ਨੂੰ ਵੀ ਆਪਣੀ ਲਪੇਟ ਵਿਚ ਲੈ ਸਕਦਾ ਹੈ। ਹਾਲ ਹੀ ਵਿਚ ਜਰਮਨੀ ਤੇ ਇਟਲੀ ਵਿਚ ਹੋਈਆਂ ਘਟਨਾਵਾਂ ਨੇ ਇਨ੍ਹਾਂ ਭਵਿੱਖਵਾਣੀਆਂ ਦੀ ਪੁਸ਼ਟੀ ਹੀ ਕੀਤੀ ਹੈ।

ਪਰ ਅਸਲ ਵਿਚ ਸੰਕਟ ਹੈ ਕੀ? ਇਸ ਦੀਆਂ ਜੜ੍ਹਾਂ ਕਿੱਥੇ ਲੁਕੀਆਂ ਪਈਆਂ ਹਨ ਅਤੇ ਕਿੱਥੋਂ ਤੱਕ ਜਾਂਦੀਆਂ ਹਨ? ਕੀ ਇਤਿਹਾਸ ਵਿਚ ਇਹੋ ਜਿਹਾ ਸੰਕਟ ਪਹਿਲਾਂ ਵੀ ਵੇਖਿਆ ਗਿਆ ਹੈ? ਅੱਜ ਜਦੋਂ ਕਿ ਸਿੱਖ ਰਾਜਨੀਤੀ ਤੇ ਸਿੱਖ ਧਰਮ ਦੇ ਵਿਹੜੇ ਵਿਚ ਇਕ ਦੂਜੇ ਪ੍ਰਤੀ ਬੇਵਿਸ਼ਵਾਸੀ ਦਾ ਮਾਹੌਲ ਸਿਖਰਾਂ ਛੋਂਹਦਾ ਜਾ ਰਿਹਾ ਹੈ ਅਤੇ ਹਰ ਕੋਈ ਆਪਣੇ ਵਿਚਾਰ ਨੂੰ ਅੰਤਮ ਸੱਚ ਮੰਨ ਕੇ ਕਿਸੇ ਸਾਂਝੀ ਤੇ ਸਰਬ ਸਹਿਮਤੀ ਦੀ ਗੁੰਜਾਇਸ਼ ਹੀ ਨਹੀਂ ਛੱਡਦਾ ਤਾਂ ਇਹ ਹਾਲਤ ਸੰਕਟ ਨੂੰ ਹੋਰ ਵੀ ਗੰਭੀਰ ਤੇ ਦੁਖਦਾਈ ਬਣਾ ਦਿੰਦਾ ਹੈ।

ਗੁਰੂ ਸਾਹਿਬਾਨ ਵੱਲੋਂ "ਗੁਰਮੁਖਿ ਬੈਸਹੁ ਸਫਾ ਵਿਛਾਇ" ਦੇ ਪਵਿੱਤਰ ਸਿਧਾਂਤ ਨੂੰ ਗੱਲਾਂ-ਗੱਲਾਂ ਵਿਚ ਤਾਂ ਹਰ ਕੋਈ ਮੰਨਦਾ ਹੈ ਪਰ ਉਸ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਲਈ ਜਥੇਬੰਦਕ ਤੇ ਦ੍ਰਿੜ੍ਹ ਯਤਨ ਹੁਣ ਕਿਤੇ ਵੀ ਨਜ਼ਰ ਨਹੀਂ ਆਉਂਦੇ। ਟਾਵੇਂ ਟਾਵੇਂ ਯਤਨ ਜ਼ਰੂਰ ਹੁੰਦੇ ਹਨ ਪਰ ਉਹ ਛੇਤੀ ਹੀ ਦਮ ਤੋੜ ਜਾਂਦੇ ਹਨ, ਕਿਉਂਕਿ ਸਿੱਖ ਪੰਥ ਦੀਆਂ ਹੇਠਲੀਆਂ ਸਫਾਂ ਤੇ ਪਰਤਾਂ ਵੀ ਹੁਣ ਗੁਰੂ-ਭੈਅ, ਗੁਰੂ-ਤਾਕਤ ਅਤੇ ਗੁਰ-ਸਿਧਾਂਤ ਦੇ ਖਜ਼ਾਨੇ ਤੋਂ ਸੱਖਣੀਆਂ ਹੋ ਗਈਆਂ ਹਨ। ਇਸੇ ਕਰਕੇ ਪੰਥ ਦੇ ਆਗੂ ਬੇਲਗਾਮ ਹੋ ਕੇ ਇਸ ਧੁੰਦ ਵਿਚ ਆਪੋ ਆਪਣੇ ਘੋੜੇ ਭਜਾ ਰਹੇ ਹਨ। ਹੁਣ ਇਹ ਕਹਿਣ ਵਿਚ ਕੋਈ ਹਰਜ਼ ਨਹੀਂ ਹੈ ਕਿ ਸਿੱਖ ਪੰਥ ਦੇ ਕਿਲ੍ਹੇ ਨੂੰ ਅੰਦਰੋਂ ਹੀ ਘੇਰਾ ਪੈ ਰਿਹਾ ਹੈ ਜਾਂ ਇਉਂ ਕਹਿ ਲਓ ਕਿ ਤੂਫਾਨ ਬੇੜੀ ਦੇ ਕਿਤੇ ਅੰਦਰ ਹੀ ਸੁਲਘ ਰਿਹਾ ਹੈ।

ਤਾਜ਼ਾ ਸੰਕਟ ਬਾਰੇ ਬਣਾਈਆਂ ਜਾ ਰਹੀਆਂ ਕੁਝ ਧਾਰਨਾਵਾਂ ਦੀ ਸੰਜੀਦਾ ਪੜਚੋਲ ਕਰਨੀ ਜ਼ਰੂਰੀ ਹੈ। ਵਿਦਵਾਨਾਂ ਦੇ ਇਕ ਹਿੱਸੇ ਦਾ ਕਹਿਣਾ ਹੈ ਕਿ ਇਹ ਟਕਰਾਅ ਟਕਸਾਲੀਆਂ ਤੇ ਪ੍ਰਚਾਰਕਾਂ ਵਿਚਕਾਰ ਹੈ ਜਦ ਕਿ ਇਹ ਵਿਚਾਰ ਵੀ ਤਿੱਖੀ ਸ਼ਕਲ ਵਿਚ ਸਾਹਮਣੇ ਆ ਰਿਹਾ ਹੈ ਕਿ ਮਿਸ਼ਨਰੀਆਂ ਅਤੇ ਡੇਰਾਵਾਦੀਆਂ ਵਿਚਕਾਰ ਪਿਛਲੇ ਕੁਝ ਅਰਸੇ ਤੋਂ ਚਲੇ ਆ ਰਹੇ ਤਿੱਖੇ ਮਤਭੇਦਾਂ ਨੇ ਹੀ ਇਸ ਸੰਕਟ ਨੂੰ ਜਨਮ ਦਿੱਤਾ। ਇਹੋ ਜਿਹੇ ਵਿਦਵਾਨਾਂ ਦੀ ਵੀ ਕਮੀ ਨਹੀਂ ਜੋ ਇਹ ਦਾਅਵਾ ਕਰਦੇ ਹਨ ਕਿ ਧਰਮਾਂ ਦੇ ਜੀਵਨ ਪ੍ਰਵਾਹ ਵਿਚ ਜਦੋਂ ਇਕ ਭਿਆਨਕ ਖੜੋਤ ਆ ਜਾਂਦੀ ਹੈ ਤਾਂ ਉਸ ਸਮੇਂ ਨਵੀਨ ਤੇ ਪੁਰਾਤਨ ਵਿਚਾਰਾਂ ਦਾ ਭਿੜਨਾ ਲਗਭਗ ਤੈਅ ਹੀ ਹੁੰਦਾ ਹੈ। ਉਹ ਇਸਾਈ ਮਤ ਦੀ ਮਿਸਾਲ ਦਿੰਦੇ ਹਨ ਜਦੋਂ ਪ੍ਰੋਟੈਸਟੈਂਟ ਮਤ ਦੇ ਨਾਂ ਹੇਠ ਲੜ ਰਹੀ ਇਕ ਧਿਰ ਕੈਥੋਲਿਕ ਮਤ ਤੋਂ ਅਲੱਗ ਹੋ ਗਈ ਸੀ। ਕੁਝ ਲੋਕ ਇਸ ਖਤਰੇ ਵੱਲ ਵੀ ਸੰਕੇਤ ਕਰ ਰਹੇ ਹਨ ਕਿ ਕਿਤੇ ਇਹ ਟਕਰਾਅ ਉਸ ਤਰ੍ਹਾਂ ਦੀ ਸ਼ਕਲ ਅਖਤਿਆਰ ਨਾ ਕਰ ਲਵੇ ਜਿਸ ਤਰ੍ਹਾਂ ਇਸਲਾਮ ਵਿਚ ਸ਼ੀਆ ਤੇ ਸੁੰਨੀ ਫਿਰਕਿਆਂ ਵਿਚ ਹੁੰਦਾ ਰਹਿੰਦਾ ਹੈ। ਪਰ ਇਹੋ ਜਿਹੀਆਂ ਮਿਸਾਲਾਂ ਨੂੰ ਸਿੱਖ ਪੰਥ ਦੇ ਮਾਮਲੇ ਵਿਚ ਢੁਕਾਇਆ ਨਹੀਂ ਜਾ ਸਕਦਾ, ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਸਿੱਖ ਸੰਕਟ ਨੂੰ ਕਦੇ ਵੀ ਇਸ ਹੱਦ ਤੱਕ ਗਹਿਰਾ ਨਹੀਂ ਹੋਣ ਦੇਵੇਗੀ।

ਮੌਜੂਦਾ ਸੰਕਟ ਵਿਚ ਜਿਵੇਂ ਧਿਰਾਂ ਦੀ ਵਰਗ-ਵੰਡ ਕਰਕੇ ਉਨ੍ਹਾਂ ਨੂੰ ਆਹਮੋ ਸਾਹਮਣੇ ਖੜ੍ਹਾ ਕੀਤਾ ਗਿਆ ਹੈ, ਉਹ ਵੰਡ ਵਿਚਾਰਧਾਰਕ ਤੌਰ 'ਤੇ ਨਾ ਤਾਂ ਪੂਰੀ ਤਰ੍ਹਾਂ ਸਪੱਸ਼ਟ ਹੈ, ਨਾ ਹੀ ਢੁਕਵੀਂ ਤੇ ਯੋਗ ਹੈ, ਕਿਉਂਕਿ ਜਿਹੜੀ ਸਾਂਝੀ ਗੱਲ ਅਤੇ ਸਾਂਝੀ ਕੜੀ ਟਕਸਾਲੀਆਂ, ਪ੍ਰਚਾਰਕਾਂ ਤੇ ਮਿਸ਼ਨਰੀਆਂ ਨੂੰ ਇਕ ਗੂੜ੍ਹੇ ਅਤੇ ਅਟੁੱਟ ਰਿਸ਼ਤੇ ਵਿਚ ਬੰਨ੍ਹ ਕੇ ਰੱਖਦੀ ਹੈ, ਉਹ ਹੈ ਸਾਰਿਆਂ ਦੀ ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਸ਼ਰਧਾ ਤੇ ਅਟੁੱਟ ਵਿਸ਼ਵਾਸ। ਉਨ੍ਹਾਂ ਨੂੰ ਆਪਸ ਵਿਚ ਜੋੜਨ ਵਾਲਾ ਦੂਜਾ ਗੁਣ ਇਹ ਹੈ ਕਿ ਉਹ ਸਾਰੇ ਆਪਣੇ ਇਤਿਹਾਸ 'ਤੇ ਮਾਣ ਕਰਦੇ ਹਨ। ਤੀਜੀ ਸਿਫਤ ਇਹ ਹੈ ਕਿ ਉਹ ਸਭ ਦੇ ਸਭ ਪੰਥ ਨੂੰ ਚੜ੍ਹਦੀ ਕਲਾ ਵਿਚ ਵੇਖਣਾ ਚਾਹੁੰਦੇ ਹਨ। ਪਰ, ਚੜ੍ਹਦੀ ਕਲਾ ਨੂੰ ਵੇਖਣ, ਸਮਝਣ ਅਤੇ ਪਰਖਣ ਦਾ ਉਨ੍ਹਾਂ ਦਾ ਨਜ਼ਰੀਆ ਵੱਖੋ-ਵੱਖਰਾ ਹੈ ਅਤੇ ਇਸ ਨਜ਼ਰੀਏ ਦੀ ਵਿਆਖਿਆ ਕਰਦਿਆਂ ਉਹ ਇਸ ਹੱਦ ਤੱਕ ਦੂਰ ਚਲੇ ਜਾਂਦੇ ਹਨ ਕਿ ਗੁਰੂ ਸਾਹਿਬਾਨ ਵੱਲੋਂ ਬਖਸ਼ੀਆਂ ਏਕਤਾ ਦੀਆਂ ਮਿਸਾਲਾਂ ਅਤੇ ਏਕਤਾ ਦੇ ਬਿੰਦੂ ਵੀ ਉਨ੍ਹਾਂ ਦੀ ਗੁਫਤਾਰ ਤੇ ਰਫਤਾਰ ਵਿਚ ਦੂਜੇ ਤੀਜੇ ਨੰਬਰ 'ਤੇ ਚਲੇ ਜਾਂਦੇ ਹਨ ਜਾਂ ਇਉਂ ਕਹਿ ਲਓ ਕਿ ਇਨ੍ਹਾਂ ਬਰਕਤਾਂ ਦੀ ਅਹਿਮੀਅਤ ਹੀ ਗੁਆਚ ਜਾਂਦੀ ਹੈ। ਥੋੜ੍ਹੇ ਬਹੁਤੇ ਫਰਕ ਨਾਲ ਇਹ ਵੱਡੀ ਕਮੀ ਹੁਣ ਸਾਰਿਆਂ ਵਿਚ ਨਜ਼ਰ ਆ ਰਹੀ ਹੈ।

ਕੀ ਵਿਆਖਿਆ ਦੇ ਵੱਖ ਵੱਖ ਦ੍ਰਿਸ਼ਟੀਕੋਣਾਂ ਤੇ ਪੇਸ਼ ਕੀਤੀਆਂ ਜਾ ਰਹੀਆਂ ਥਿਊਰੀਆਂ ਨੂੰ ਅਸੀਂ ਸਿਧਾਂਤਕ ਵਖਰੇਵੇਂ ਕਹਿ ਸਕਦੇ ਹਾਂ? ਇਸ ਅਹਿਮ ਪਰ ਦਿਲਚਸਪ ਸੁਆਲ ਨੂੰ ਅਸੀਂ ਕਿਸੇ ਵੱਡੀ ਤੇ ਸਾਰਥਕ ਬਹਿਸ ਦਾ ਸੁਝਾਅ ਦੇ ਕੇ ਇਹ ਬਹਿਸ ਗੰਭੀਰ ਵਿਦਵਾਨਾਂ ਲਈ ਛੱਡ ਰਹੇ ਹਾਂ।

ਹੁਣ ਵੱਖ-ਵੱਖ ਜਥੇਬੰਦੀਆਂ ਤੇ ਧਿਰਾਂ ਦਰਮਿਆਨ ਪਈਆਂ ਦੂਰੀਆਂ ਵਿਚ ਦਿਸਦੇ-ਅਣਦਿਸਦੇ ਪੱਖਾਂ ਨੂੰ ਨਿਖੇੜ ਕੇ ਪੇਸ਼ ਕਰਨ ਦੀ ਲੋੜ ਹੈ। ਇਸ ਨਾਲ ਮੌਜੂਦਾ ਸੰਕਟ ਨੂੰ ਸਮਝਣ ਅਤੇ ਸੰਕਟ ਦੇ ਹੱਲ ਲਈ ਰਾਹ ਖੁੱਲ੍ਹਣ ਵਿਚ ਮਦਦ ਮਿਲ ਸਕਦੀ ਹੈ। ਇਕ ਹੋਰ ਗੱਲ ਜੋ ਨਾ ਕੇਵਲ ਪੰਥ ਦੇ ਵੱਡੇ ਹਿੱਸਿਆਂ ਨੂੰ ਹੀ ਸਗੋਂ ਸੱਚੇ ਸੁੱਚੇ ਪੰਜਾਬੀਆਂ ਨੂੰ ਵੀ ਦੁਖੀ ਕਰਦੀ ਹੈ, ਉਹ ਇਹ ਹੈ ਕਿ ਟਕਰਾਅ ਨਾਲ ਸਬੰਧਤ ਸਾਰੀਆਂ ਧਿਰਾਂ ਵਿਚ ਵੀ ਕੁਝ ਇਹੋ ਜਿਹੇ ਵੀਰ ਮੌਜੂਦ ਹਨ, ਜੋ ਕਾਹਲੇ ਹਨ, ਤੱਤ-ਭੜੱਤੇ ਹਨ ਅਤੇ ਇਕ ਹੱਦ ਤੱਕ ਗੈਰ-ਜ਼ਿੰਮੇਵਾਰ ਵੀ ਹਨ ਅਤੇ "...ਦੇ ਲੰਮੀ ਨਦਰਿ ਨਿਹਾਲੀਏ..." ਦੇ ਗੁਰੂ-ਹੁਕਮ ਨਾਲ ਉਹ ਸਾਂਝ ਤੋੜਦੇ ਨਜ਼ਰ ਆਉਂਦੇ ਹਨ।

ਜੇ ਇਕ ਧਿਰ ਨੇ ਜਿਸਮਾਨੀ-ਹਿੰਸਾ 'ਤੇ ਉਤਰਨ ਦਾ ਮਨ ਬਣਾ ਲਿਆ ਹੈ ਤਾਂ ਦੂਜੀ ਧਿਰ ਇਸ ਦਾ ਮੁਕਾਬਲਾ ਸ਼ਾਬਦਿਕ-ਹਿੰਸਾ ਨਾਲ ਕਰ ਰਹੀ ਹੈ। ਪਿਛਲੇ ਲੰਮੇ ਅਰਸੇ ਤੋਂ ਸਿਮਰਨ, ਵਿਸਮਾਦ, ਅੰਮ੍ਰਿਤ ਦੀਆਂ ਪਵਿੱਤਰ ਬਾਣੀਆਂ, ਅਰਦਾਸ ਅਤੇ ਸਿੱਖ ਪੰਥ ਦੇ ਡੂੰਘੇ ਰਹੱਸਾਂ 'ਤੇ ਕਿੰਤੂ-ਪ੍ਰੰਤੂ ਕੀਤਾ ਜਾ ਰਿਹਾ ਹੈ। ਸ਼ਾਬਦਿਕ-ਹਿੰਸਾ ਕਰਨ ਵਾਲੇ ਵੀਰ ਇਹੋ ਜਿਹੇ ਵਿਸ਼ਿਆਂ ਨੂੰ ਆਪਣੇ ਘਰ ਵਿਚ ਵਿਚਾਰਨ ਦੀ ਥਾਂ ਚੌਰਾਹੇ ਵਿਚ ਲੈ ਗਏ ਅਤੇ ਇੰਟਰਨੈਟ, ਸੋਸ਼ਲ ਮੀਡੀਆ ਤੇ ਤਕਨਾਲੋਜੀ ਦੀਆਂ ਨਵੀਆਂ ਨਵੀਆਂ ਕਾਢਾਂ ਤੇ ਸਹੂਲਤਾਂ ਨੇ ਇਸ ਤਰ੍ਹਾਂ ਦੀ ਮਾਨਸਿਕਤਾ ਨੂੰ ਪੂਰਾ ਬਲ ਦਿੱਤਾ ਹੈ। ਵੈਸੇ ਦੂਜੀ ਧਿਰ ਵੀ ਇਸ ਕੰਮ ਵਿਚ ਪਿੱਛੇ ਨਹੀਂ ਰਹੀ।

ਸਾਰੀਆਂ ਧਿਰਾਂ ਵਿਚ ਸ਼ਰਧਾ ਦੇ ਪੱਧਰ ਅਤੇ ਸ਼ਰਧਾ ਦੀ ਦਿਸ਼ਾ ਵਰਗੇ ਅਹਿਮ ਨੁਕਤੇ ਵੀ ਸਾਨੂੰ ਸੰਕਟ ਦੀਆਂ ਪ੍ਰਤੱਖ ਤੇ ਲੁਕੀਆਂ ਪਰਤਾਂ ਨੂੰ ਸਮਝਣ ਤੇ ਉਭਾਰਨ ਵਿਚ ਮਦਦਗਾਰ ਹੋ ਸਕਦੇ ਹਨ। ਬਿਨਾ ਸ਼ੱਕ ਇਕ ਧਿਰ ਅੰਦਰ ਸ਼ਰਧਾ ਬਹੁਤ ਡੂੰਘੀ ਰਚੀ ਹੋਈ ਹੈ, ਇਸ ਦਾ ਬਾਕਾਇਦਾ ਜਾਹੋ-ਜਲਾਲ ਤੇ ਜਲਾਓ ਹੈ ਜਿਸ ਨੇ ਇਤਿਹਾਸ ਨੂੰ ਵੀ ਰੌਸ਼ਨ ਕੀਤਾ ਹੈ। ਸਿਮਰਨ ਤੇ ਅਭਿਆਸ ਉਨ੍ਹਾਂ ਦੀ ਰੂਹ ਦੇ ਹਿੱਸੇ ਹਨ। ਨਿਵੇਕਲੇ ਪਹਿਰਾਵੇ ਨਾਲ ਵੀ ਉਸ ਧਿਰ ਦੀ ਵਿਸ਼ੇਸ਼ ਖਿੱਚ ਹੈ। ਗੁਰੂ ਨਾਲ ਉਨ੍ਹਾਂ ਦਾ ਪਿਆਰ ਵੀ ਇਸ਼ਕ ਦੀ ਹੱਦ ਤੱਕ ਜਾ ਪਹੁੰਚਦਾ ਹੈ। ਪਰ ਕੀ ਇਹ ਸੱਚ ਨਹੀਂ ਕਿ ਕਈ ਵਾਰ ਇਹੋ ਸ਼ਰਧਾ ਇਕ ਖਾਸ ਪੱਧਰ 'ਤੇ ਪਹੁੰਚ ਕੇ ਉਨ੍ਹਾਂ ਰਾਹਾਂ ਵੱਲ ਲੈ ਜਾਂਦੀ ਹੈ ਜੋ ਬਿਪਰਨ ਦੀ ਰੀਤ ਨਾਲ ਜਾ ਮਿਲਦੇ ਹਨ।

ਦੂਜੇ ਪਾਸੇ ਦੂਸਰੀ ਧਿਰ ਵੀ ਗੁਰਬਾਣੀ ਤੇ ਇਤਿਹਾਸ ਨਾਲ ਕੋਈ ਘੱਟ ਪਿਆਰ ਨਹੀਂ ਕਰਦੀ। ਪਰ ਉਹ ਸਿੱਖ ਧਰਮ ਵਿਚ ਆਏ ਕਰਮਕਾਂਡਾਂ ਦਾ ਡਟ ਕੇ ਵਿਰੋਧ ਕਰਦੇ ਹਨ ਅਤੇ ਠੀਕ ਵੀ ਹਨ। ਸਿੱਖ ਪੰਥ ਵਿਚ ਅਛੋਪਲੇ ਹੀ ਵੱਖਰੇ ਵੱਖਰੇ ਰੂਪਾਂ ਵਿਚ ਆ ਰਹੀ ਮੂਰਤੀ ਪੂਜਾ ਤੋਂ ਉਹ ਪੰਥ ਨੂੰ ਸਾਵਧਾਨ ਕਰਦੇ ਰਹਿੰਦੇ ਹਨ। ਪਰ ਗੁਰਬਾਣੀ ਤੇ ਇਤਿਹਾਸ ਵਿਚ ਉਹ ਡੂੰਘਾ ਨਹੀਂ ਉਤਰ ਸਕੇ। ਕਈ ਵਾਰ ਇਉਂ ਲੱਗਦਾ ਹੈ ਕਿ ਉਨ੍ਹਾਂ ਦੀਆਂ ਵਿਆਖਿਆਵਾਂ ਵਿਚ ਇਕਪਰਤੀ ਜੀਵਨ ਦੇ ਅਹਿਸਾਸ ਹਨ। ਗੁਰੂ ਨਾਲ ਪਿਆਰ ਹੋਣ ਦੇ ਬਾਵਜੂਦ ਉਹ ਗੁਰੂ ਦਾ ਇਲਾਹੀ ਰੂਪ ਨਹੀਂ ਵੇਖ ਸਕੇ। ਅਸਲ ਵਿਚ ਇਲਾਹੀ ਨਦਰ ਦੇ ਪੈਂਡਿਆਂ ਦੀਆਂ ਬਰੀਕ ਰਮਜ਼ਾਂ ਨਾਲ ਉਨ੍ਹਾਂ ਦੀ ਉਹੋ ਜਿਹੀ ਸਾਂਝ ਤੇ ਖਿੱਚ ਨਹੀਂ ਜੋ ਦੂਜੀ ਧਿਰ ਦਾ ਸ਼ੌਕ ਵੀ ਹੈ ਤੇ ਦਾਅਵਾ ਵੀ। ਇਸ ਧਿਰ ਦੀ ਸ਼ਰਧਾ ਇਕ ਦਾਇਰੇ ਵਿਚ ਵਿਚਰਦੀ ਹੈ ਜਿਸ ਦੀ ਤਰਜ਼-ਏ-ਜ਼ਿੰਦਗੀ ਕਦੇ-ਕਦੇ ਵਿਗਿਆਨ ਤੇ ਆਧੁਨਿਕਤਾ ਦੇ ਭੈਅ ਹੇਠ ਵਿਚਰਦੀ ਜਾਪਦੀ ਹੈ। ਜੇ ਇਸ ਧਿਰ ਦੇ ਕਥਾਕਾਰਾਂ ਦੇ ਪ੍ਰਵਚਨਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਨ੍ਹਾਂ ਪ੍ਰਵਚਨਾਂ ਵਿਚ ਉਹ ਰਸ ਗਾਇਬ ਹੁੰਦਾ ਹੈ, ਜੋ ਅਗੰਮੀ ਰਾਹਾਂ ਵੱਲ ਲੈ ਕੇ ਜਾਂਦਾ ਹੈ। ਉਸ ਸਮੇਂ ਇਉਂ ਜਾਪਦਾ ਹੈ ਜਿਵੇਂ ਅਸੀਂ ਖੁਸ਼ਕੀ ਦੇ ਇਕ ਦਰਿਆ ਵਿਚੋਂ ਲੰਘ ਰਹੇ ਹਾਂ।

ਇੱਥੇ ਇਹ ਦੱਸਣਾ ਵੀ ਗੈਰ-ਵਾਜਿਬ ਨਹੀਂ ਹੋਵੇਗਾ ਕਿ ਮਿਥ ਤੇ ਕਰਾਮਾਤਾਂ ਸਿੱਖ ਇਤਿਹਾਸ ਵਿਚ ਸਹਿਜ ਸੁਭਾਅ ਹੀ ਦਾਖਲ ਹੁੰਦੀਆਂ ਹਨ ਅਤੇ ਸਿੱਖ ਪੰਥ ਬਾਕਾਇਦਾ ਉਨ੍ਹਾਂ ਨੂੰ ਮਾਨਤਾ ਵੀ ਦਿੰਦਾ ਹੈ। ਪਰ ਡੂੰਘੀ ਸ਼ਰਧਾ ਵਾਲੀ ਧਿਰ ਕਈ ਵਾਰ ਮਿੱਥਾਂ ਤੇ ਕਰਾਮਾਤਾਂ ਨੂੰ ਉਸ ਪੱਧਰ ਤੱਕ ਲੈ ਜਾਂਦੀ ਹੈ, ਜਾਂ ਪੇਸ਼ ਕਰਦੀ ਹੈ ਜਿੱਥੇ ਇਉਂ ਵੀ ਲੱਗਣ ਲੱਗ ਪੈਂਦਾ ਹੈ ਜਿਵੇਂ ਉਹ ਧਿਰ ਬਿਪਰ ਸੰਸਕਾਰਾਂ ਦੇ ਗਾੜ੍ਹੇ ਹਨੇਰਿਆਂ ਦੇ ਭਾਰ ਹੇਠਾਂ ਦੱਬੀ ਹੋਈ ਹੋਵੇ। ਉਸ ਸਮੇਂ ਇਹ ਵੀ ਲੱਗਦਾ ਹੈ ਜਿਵੇਂ "ਬਿਪਰਨ ਕੀ ਰੀਤ" ਦੇ ਵਕਤੀ ਭੈਅ ਦੀ ਦੀਵਾਰ ਨੂੰ ਤੋੜਦੇ ਨਜ਼ਰ ਨਹੀਂ ਆਉਂਦੇ ਜਿਸ ਕਰਕੇ ਪੜ੍ਹੀ ਲਿਖੀ ਤੇ ਸੂਝਵਾਨ ਨੌਜਵਾਨ ਪੀੜ੍ਹੀ ਇਹੋ ਜਿਹੇ ਰੁਝਾਨ, ਪਹੁੰਚ ਤੇ ਮਾਨਸਿਕਤਾ ਨੂੰ ਬ੍ਰਾਹਮਣਵਾਦ ਨਾਲ ਜੋੜ ਦਿੰਦੀ ਹੈ ਅਤੇ ਇਕ ਹੱਦ ਤੱਕ ਇਸ ਤਰਕ ਵਿਚ ਆਪਣੀ ਕਿਸਮ ਦਾ ਇਕ ਵਜ਼ਨ ਜ਼ਰੂਰ ਹੈ।

ਇੱਥੇ ਇਹ ਦੱਸਣਾ ਵੀ ਪ੍ਰਸੰਗ ਤੋਂ ਬਾਹਰਾ ਨਹੀਂ ਹੋਵੇਗਾ ਕਿ ਸੰਕਟ ਨੂੰ ਗਹਿਰਾ ਕਰਨ ਵਾਲੀਆਂ ਸਾਰੀਆਂ ਧਿਰਾਂ ਦੇ ਗੁਣ-ਦੋਸ਼ ਇਕ ਦੂਜੇ ਦੀਆਂ ਹੱਦਾਂ ਪਾਰ ਕਰਦੇ ਰਹਿੰਦੇ ਹਨ ਅਤੇ ਇੰਜ ਮਤਭੇਦਾਂ ਅਤੇ ਵਖਰੇਵਿਆਂ ਦੀ ਕੋਈ ਪੱਕੀ ਲਕੀਰ ਨਹੀਂ ਖਿੱਚੀ ਜਾ ਸਕਦੀ। ਪਰ ਇਕ ਗੱਲ ਤਾਂ ਕਹੀ ਹੀ ਜਾ ਸਕਦੀ ਹੈ ਕਿ ਸਾਰੀਆਂ ਧਿਰਾਂ ਦੇ ਨਿਯਮ-ਪ੍ਰਬੰਧ ਵਿਚ ਕੋਈ ਵੱਡਾ ਸੁਹਜ ਤੇ ਸਹਿਜ ਨਜ਼ਰ ਨਹੀਂ ਆਉਂਦਾ।

ਕਈ ਵਾਰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਦੋਵੇਂ ਧਿਰਾਂ ਇਕ ਨਦੀ ਦੇ ਦੋ ਕਿਨਾਰੇ ਹਨ, ਜੋ ਕਦੇ ਵੀ ਨਹੀਂ ਮਿਲਦੇ। ਪਰ ਵਿਦਵਤਾ ਦੀਆਂ ਡੂੰਘੀਆਂ ਵਾਦੀਆਂ ਵਿਚ ਸੈਰ ਕਰਨ ਵਾਲੇ ਵਿਦਵਾਨਾਂ ਦਾ ਕਹਿਣਾ ਹੈ ਕਿ ਇਹੋ ਜਿਹੇ ਰੁਝਾਨ ਸਾਰੇ ਧਰਮਾਂ ਵਿਚ ਮੌਜੂਦ ਰਹਿੰਦੇ ਹਨ ਅਤੇ ਕਿਸੇ ਵੀ ਤਰ੍ਹਾਂ ਆਪਸੀ ਟਕਰਾਓ ਦਾ ਕਾਰਨ ਨਹੀਂ ਬਣਨੇ ਚਾਹੀਦੇ। ਮੌਜੂਦਾ ਸੰਕਟ ਦੀ ਗੰਭੀਰਤਾ ਨੂੰ ਵੇਖਦਿਆਂ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੀ ਜ਼ਿੰਮੇਵਾਰੀ ਤੁਰਤ ਸੰਭਾਲਣੀ ਚਾਹੀਦੀ ਹੈ, ਉਥੇ ਇਸ ਸੰਸਥਾ ਦੇ ਪ੍ਰਧਾਨ ਨੂੰ ਇਕ ਅਜਿਹਾ ਉਚੀ ਪੱਧਰ ਦਾ ਨਿਰਪੱਖ ਮੰਚ ਪ੍ਰਦਾਨ ਕਰਨਾ ਚਾਹੀਦਾ ਹੈ, ਜਿੱਥੇ ਉਚੀ ਸੁਰਤ ਵਾਲੇ ਵਿਦਵਾਨਾਂ ਦੀ ਅਗਵਾਈ ਤੇ ਸਹਿਯੋਗ ਹੇਠ ਸੰਕਟ ਨਾਲ ਜੁੜੀਆਂ ਸਾਰੀਆਂ ਧਿਰਾਂ ਮਿਲ ਬੈਠ ਕੇ ਕੋਈ ਸਾਂਝੀ ਤੇ ਠੋਸ ਰਾਇ ਬਣਾ ਸਕਣ। ਇਹ ਦੇਖਣ ਦੀ ਵੀ ਵੱਡੀ ਲੋੜ ਹੈ ਕਿ ਕਿਤੇ ਇਹੋ ਜਿਹੇ ਸੰਕਟ ਦੀਆਂ ਤਾਰਾਂ ਕਿਸੇ ਅਜਿਹੀ ਥਾਂ 'ਤੇ ਤਾਂ ਨਹੀਂ ਜੁੜੀਆਂ ਜਾਂ ਜੋੜ ਦਿੱਤੀਆਂ ਗਈਆਂ ਹਨ, ਜੋ ਵੱਖ-ਵੱਖ ਧਿਰਾਂ ਨੂੰ ਇਕ ਥਾਂ 'ਤੇ ਇਕੱਠੇ ਹੋਣ ਵਿਚ ਵੱਡੀ ਰੁਕਾਵਟ ਬਣ ਰਹੀਆਂ ਹਨ। ਇਸ ਅਣਦਿਸਦੇ ਤੇ ਬਾਰੀਕ ਜਾਲ ਉਤੇ ਵੀ ਸਿੱਖ ਪੰਥ ਨੂੰ ਅਤੇ ਸਿੱਖ ਪੰਥ ਦੇ ਆਗੂਆਂ ਨੂੰ ਨਿਗ੍ਹਾ ਰੱਖਣੀ ਚਾਹੀਦੀ ਹੈ।

# ਉਲਝੀ ਹੋਈ ਕੂਟਨੀਤੀ

ਇਨ੍ਹੀਂ ਦਿਨੀਂ ਥੋੜ੍ਹੇ ਅਰਸੇ ਵਿਚ ਕੁਝ ਘਟਨਾਵਾਂ ਅਜਿਹੀਆਂ ਸਾਹਮਣੇ ਆਈਆਂ ਜਿਨ੍ਹਾਂ ਦੇ ਪਿਛੋਕੜ ਦਾ ਕੁਝ ਥਹੁ ਪਤਾ ਨਹੀਂ ਲਗਦਾ। ਸਭ ਤੋਂ ਪਹਿਲੀ ਘਟਨਾ ਕੈਪਟਨ ਅਮਰਿੰਦਰ ਸਿੰਘ ਵਲੋਂ ਨਿਜੀ ਹੈਸੀਅਤ ਵਿਚ ਨਹੀਂ, ਬਤੌਰ ਮੁੱਖ ਮੰਤਰੀ ਬਿਆਨ ਦੇਣਾ ਕਿ ਉਹ ਕੈਨੇਡਾ ਦੇ ਕੇਂਦਰੀ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਨਹੀਂ ਮਿਲਣਗੇ ਕਿਉਂਕਿ ਉਹ ਖਾਲਿਸਤਾਨੀ ਹੈ ਪਰ ਦੁਸ਼ਮਣ ਦੇਸ਼ ਪਾਕਿਸਤਾਨ ਦੀ ਨਾਗਰਿਕ ਬੀਬੀ ਅਰੂਸਾ ਆਲਮ ਸਹੁੰ ਚੁਕ ਸਮਾਗਮ ਤੋਂ ਲੈ ਕੇ ਹੁਣ ਹਿਮਾਚਲ ਵਿਚ ਜਨਮ ਦਿਨ ਮਨਾਉਣ ਤਕ ਮੁਖ ਮੰਤਰੀ ਦੀ ਮੇਜ਼ਬਾਨੀ ਦਾ ਲੁਤਫ ਉਠਾ ਰਹੇ ਹਨ।

ਦੋਹਾਂ ਦੇਸ਼ਾਂ ਦੇ ਕੂਟਨੀਤਕ ਸਬੰਧ ਇੰਨੇ ਖਰਾਬ ਹਨ ਕਿ ਪਾਕਿਸਤਾਨੀ ਬਿਮਾਰ ਬੱਚਾ ਭਾਰਤ ਵਿਚ ਆਪਰੇਸ਼ਨ ਕਰਵਾਉਣ ਲਈ ਆਉਣ ਦਾ ਇਛੁਕ ਸੀ, ਉਸ ਨੂੰ ਭਾਰਤ ਨੇ ਅਟਾਰੀ ਬਾਰਡਰ ਲੰਘਣ ਦੀ ਆਗਿਆ ਨਹੀਂ ਦਿਤੀ। ਇਸ ਘਟਨਾ ਦਾ ਬੁਰਾ ਮਨਾਉਂਦਿਆਂ ਬਦਲੇ ਵਜੋਂ ਪਾਕਿਸਤਾਨ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਸਿੱਖਾਂ ਨੂੰ ਪਾਕਿਸਤਾਨ ਜਾਣ ਦੀ ਆਗਿਆ ਨਹੀਂ ਦਿਤੀ। ਬੀਬੀ ਅਰੂਸਾ ਜਦੋਂ ਮਰਜ਼ੀ ਆਏ, ਜਿੰਨਾ ਚਿਰ ਮਰਜ਼ੀ ਰਹੇ-ਉਸ ਉਪਰ ਕੋਈ ਬੰਦਿਸ਼ ਨਹੀਂ। ਇਹ ਬੀਬੀ ਜੇ ਕਿਸੇ ਭਾਰਤੀ ਇੰਟੈਲੀਜੈਂਸ ਏਜੰਸੀ ਲਈ ਕੰਮ ਕਰ ਰਹੀ ਹੈ, ਫਿਰ ਪਾਕਿਸਤਾਨ ਸਰਕਾਰ ਕਿਉਂ ਇਤਰਾਜ਼ ਨਹੀਂ ਕਰਦੀ, ਜੇ ਪਾਕਿਸਤਾਨੀ ਇੰਟੈਲੀਜੈਂਸ ਲਈ ਕੰਮ ਕਰਦੀ ਹੈ ਤਾਂ ਭਾਰਤ ਨੂੰ ਕਿਉਂ ਇਤਰਾਜ਼ ਨਹੀਂ? ਨਿਕੀ ਨਿਕੀ ਗਲ 'ਤੇ ਮੌਲਵੀ ਸ਼ੋਰ ਪਾ ਦਿਆ ਕਰਦੇ ਹਨ ਕਿ ਇਸਲਾਮ ਨੂੰ ਖਤਰਾ ਹੈ। ਇਸ ਬੀਬੀ ਦੇ ਮੇਲ ਮਿਲਾਪ ਦਾ ਉਲੇਮਾ ਉਪਰ ਵੀ ਕੋਈ ਅਸਰ ਨਹੀਂ!

**ਉਦਘਾਟਨ, ਦੁਰਘਾਟਨ ਕਿ ਮਰਘਾਟਨ?:** ਦਿਲਚਸਪ ਖਬਰ ਪੜ੍ਹੀ ਕਿ ਮਹਾਰਾਣੀ ਪ੍ਰਨੀਤ ਕੌਰ ਨੇ ਪਟਿਆਲੇ ਬੀਰਜੀ ਸ਼ਮਸ਼ਾਨਘਾਟ ਦੇ ਗੈਸ ਚੈਂਬਰ ਦਾ ਉਦਘਾਟਨ ਆਪਣੇ ਕਰ-ਕਮਲਾਂ ਨਾਲ ਕੀਤਾ।

ਰਸਮ ਹੋਰ ਵੀ ਮੰਗਲਮਈ ਹੋ ਜਾਂਦੀ ਜੇ ਕਿਸੇ ਮ੍ਰਿਤਕ ਨੇਤਾ ਦੀ ਦੇਹ ਸ਼ਮਸ਼ਾਨ ਘਾਟ ਲਿਆ ਕੇ ਉਸ ਦੀ ਘੁੰਡ-ਚੁਕਾਈ ਹੁੰਦੀ, ਫੋਟੋਆਂ ਖਿਚੀਆਂ ਜਾਂਦੀਆਂ, ਪ੍ਰੈਸ ਨੋਟ ਜਾਰੀ ਕੀਤਾ ਜਾਂਦਾ ਫਿਰ ਗੈਸ-ਚੈਂਬਰ ਦੇ ਸਪੁਰਦ ਹੁੰਦਾ।

ਇਸੇ ਤਰ੍ਹਾਂ ਦੀ ਦਿਲਚਸਪ ਉਦਘਾਟਨੀ ਰਸਮ ਦੁਨੀਆਂ ਨੇ ਇਸਲਾਮਿਕ ਇਨਕਲਾਬ ਪਿਛੋਂ ਈਰਾਨ ਵਿਚ ਦੇਖੀ ਸੀ। ਬਾਦਸ਼ਾਹ ਰਜ਼ਾ ਸ਼ਾਹ ਪਹਿਲਵੀ ਦੀ ਕਬਰ ਉਪਰ ਟਾਇਲਟ ਬਣਵਾਈ ਗਈ। ਉਦਘਾਟਨ ਆਇਤੁੱਲਾ ਖੁਮੀਨੀ ਨੇ ਪਿਸ਼ਾਬ ਕਰਕੇ ਕੀਤਾ। ਕਹਿੰਦੇ ਨੇ, ਕਰਨਾ ਤਾਂ ਕੁਝ ਇਸ ਤੋਂ ਵਡਾ ਸੀ ਪਰ ਉਸ ਵਕਤ ਜੋ ਤੁਛ ਭੇਟਾ ਹੋ ਸਕੀ, ਕੀਤੀ। ਵੈਸੇ ਮੈਂ ਪੜ੍ਹਿਆ ਸੀ, ਇਸਲਾਮ, ਕਬਰ ਦੀ ਬੇਅਦਬੀ ਨੂੰ ਕੁਫਰ ਮੰਨਦਾ ਹੈ।

**ਵਿੱਦਿਆ ਵੱਲ ਸਰਕਾਰ ਦੀ ਬੇਰੁਖੀ:** ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣੀ, ਅੰਮ੍ਰਿਤਸਰ ਅਤੇ ਪਟਿਆਲਾ ਦੀਆਂ ਦੋ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਅਸਤੀਫੇ ਦੇ ਗਏ। ਅਜਿਹੇ ਮੌਕੇ ਜ਼ਿਮੇਵਾਰ ਸਰਕਾਰ ਚਾਹਿਆ ਕਰਦੀ ਹੈ ਕਿ ਅਗਲਾ ਇੰਤਜ਼ਾਮ ਹੋਣ ਤੱਕ ਵਾਈਸ ਚਾਂਸਲਰ ਆਪਣਾ ਅਹੁਦਾ ਨਾ ਤਿਆਗਣ। ਅਜਿਹਾ ਤਾਂ ਕੀ ਹੋਣਾ ਸੀ, ਸਰਕਾਰ ਨੂੰ ਹੁਣ ਤੱਕ ਪਤਾ ਨਹੀਂ ਲੱਗ ਰਿਹਾ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਵਾਸਤੇ ਕਿਹੜਾ ਯੋਗ ਅਧਿਆਪਕ ਕਿਥੇ ਰਹਿੰਦਾ ਹੈ?

ਪੰਜਾਬ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਸਰਕਾਰ ਨੇ ਵਿਦਵਾਨਾਂ ਤੋਂ ਵਾਈਸ ਚਾਂਸਲਰ ਲਗਣ ਵਾਸਤੇ ਅਰਜ਼ੀਆਂ ਮੰਗ ਲਈਆਂ ਹਨ ਤੇ ਅਰਜ਼ੀਆਂ ਰਜਿਸਟਰਾਰ ਪਾਸ ਜਮਾਂ ਕਰਵਾਉਣੀਆਂ ਹਨ। ਡਾ. ਸਰਦਾਰਾ ਸਿੰਘ ਜੌਹਲ ਚਾਂਸਲਰ ਨੇ ਟਿੱਪਣੀ ਦਿੱਤੀ ਹੈ, "ਜਿਹੜੇ ਪ੍ਰੋਫੈਸਰ ਇਸ ਆਸਾਮੀ ਵਾਸਤੇ ਅਰਜ਼ੀਆਂ ਪਾਉਣਗੇ, ਉਨ੍ਹਾਂ ਨੂੰ ਅਯੋਗ ਕਰਾਰ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਨੂੰ ਇਸ ਆਸਾਮੀ ਦੀ ਅਹਿਮੀਅਤ ਦਾ ਪਤਾ ਨਹੀਂ।"

ਕੀ ਭਵਿੱਖ ਵਿਚ ਰਾਜਪਾਲ ਅਤੇ ਰਾਸ਼ਟਰਪਤੀ ਲਾਉਣ ਵਾਸਤੇ ਵੀ ਸਰਕਾਰਾਂ ਇਸ਼ਤਿਹਾਰ ਦੇ ਕੇ ਅਰਜ਼ੀਆਂ ਮੰਗਿਆ ਕਰਨਗੀਆਂ?

*-ਡਾ. ਹਰਪਾਲ ਸਿੰਘ ਪੰਨੂ*
*ਪੰਜਾਬੀ ਯੂਨੀਵਰਸਿਟੀ, ਪਟਿਆਲਾ*
ਫੋਨ: 91-94642-51454

---

## ਪਾਠਕਾਂ ਦੀ ਰਾਏ

## ਸਿੱਖ ਹੋਣ 'ਤੇ ਮਾਣ

ਕੁਝ ਦਿਨ ਪਹਿਲਾਂ ਮੈਂ ਆਪਣੇ ਕੰਮ ਤੋਂ ਘਰ ਜਾਣ ਲਈ ਨਿਕਲਿਆ ਹੀ ਸੀ ਕਿ ਸੜਕ 'ਤੇ ਇਕ ਭਾਰਤੀ ਲੜਕੀ ਖੜੀ ਦੇਖੀ ਜੋ ਸ਼ਾਇਦ ਟੈਕਸੀ ਦੀ ਇੰਤਜ਼ਾਰ ਕਰ ਰਹੀ ਸੀ। ਹਨੇਰਾ ਹੋਣ ਕਰਕੇ ਕੁਝ ਪ੍ਰੇਸ਼ਾਨ ਲੱਗ ਰਹੀ ਸੀ। ਮੈਂ ਕਾਰ ਲਾਗੇ ਕਰ ਕੇ ਰੋਕ ਲਈ ਅਤੇ ਪੁਛਿਆ ਕਿ ਕੀ ਕੋਈ ਪ੍ਰੇਸ਼ਾਨੀ ਹੈ। ਉਹ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾ ਕੇ ਕਹਿਣ ਲੱਗੀ ਕਿ ਮੈਂ ਟੈਕਸੀ ਦੀ ਇੰਤਜ਼ਾਰ ਕਰ ਰਹੀ ਹਾਂ। ਮੈਂ ਸੁਭਾਵਿਕ ਹੀ ਪੁੱਛ ਲਿਆ ਕਿ ਕਿਥੇ ਜਾਣਾ ਹੈ, ਮੈਂ ਤੈਨੂੰ ਛੱਡ ਦਿੰਦਾ ਹਾਂ, ਤਾਂ ਉਹ ਖੁਸ਼ ਹੋ ਕੇ ਕਾਰ ਵਿਚ ਬੈਠ ਗਈ ਅਤੇ ਕਿਹਾ ਕਿ ਮੈਂ ਰਾਈਟ ਸਟੇਟ ਯੁਨੀਵਰਸਿਟੀ ਜਾਣਾ ਹੈ।

ਰਸਮੀ ਗੱਲਬਾਤ ਦੌਰਾਨ ਉਸ ਨੇ ਆਪਣੀ ਜਾਣਕਾਰੀ ਦਿੱਤੀ ਤੇ ਮੇਰੇ ਬਾਰੇ ਪੁੱਛਿਆ। ਉਹ ਕੁਝ ਗੱਲਾਂ ਹਿੰਦੀ ਅਤੇ ਕੁਝ ਇੰਗਲਿਸ਼ ਵਿਚ ਕਰਦੀ ਰਹੀ। ਉਸ ਨੇ ਦੱਸਿਆ ਕੇ ਉਹ ਮਦਰਾਸ, ਚੇਨੱਈ ਤੋਂ ਹੈ ਅਤੇ ਇਥੇ ਰਾਈਟ ਸਟੇਟ ਯੁਨੀਵਰਸਿਟੀ, ਡੇਅਟਨ ਵਿਚ ਮਾਸਟਰ'ਜ਼ ਕਰ ਰਹੀ ਹੈ। ਮੈਂ ਉਸ ਨੂੰ ਪੁਛਿਆ ਕੇ ਤੂੰ ਇਕ ਪਰਾਏ ਦੇਸ਼ ਵਿਚ ਇਕ ਅਨਜਾਣ ਬੰਦੇ ਨਾਲ ਬੈਠ ਗਈ, ਕੀ ਤੈਨੂੰ ਮੇਰੇ ਤੋਂ ਕੋਈ ਡਰ ਭੈ ਨਹੀਂ ਲੱਗਾ? ਉਸ ਦਾ ਜਵਾਬ ਸੁਣ ਕੇ ਮੇਰਾ ਸਿਰ ਫਖਰ ਨਾਲ ਉਚਾ ਹੋ ਗਿਆ।


ਉਸ ਬੱਚੀ ਨੇ ਆਖਿਆ ਕਿ ਅੰਕਲ ਜੀ, ਮੇਰੇ ਮਾਂ-ਬਾਪ ਨੇ ਮੈਨੂੰ ਦੱਸਿਆ ਸੀ ਕੇ ਕਦੇ ਵੀ ਕਿਤੇ ਵੀ ਪ੍ਰੇਸ਼ਾਨੀ ਹੋਵੇ ਜਾਂ ਕੋਈ ਲੋੜ ਹੋਵੇ ਤੇ ਕੋਈ ਸਰਦਾਰ ਜੀ ਮਿਲ ਜਾਵੇ ਤਾਂ ਬੇਝਿਜਕ ਉਸ ਕੋਲ ਚਲੇ ਜਾਵੀਂ, ਤੇਰੀ ਜੀ ਜਾਨ ਨਾਲ ਮਦਦ ਕਰਨਗੇ। ਮੈਨੂੰ ਆਪਣੇ ਮਾਂ-ਬਾਪ ਦੀ ਗੱਲ ਚੇਤੇ ਆ ਗਈ ਤੇ ਮੈਂ ਤੁਹਾਡੇ ਨਾਲ ਗੱਡੀ 'ਚ ਆ ਕੇ ਬੈਠ ਗਈ ਹਾਂ। ਹੁਣ ਮੈਨੂੰ ਕੋਈ ਡਰ ਨਹੀਂ।

ਮੈਂ ਮਨ ਵਿਚ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਕਿ ਹੇ ਵਾਹਿਗੁਰੂ ਤੇਰੀ ਕਿਰਪਾ ਨਾਲ ਲੋਕ ਸਾਡੇ ਸਿੱਖ ਹੋਣ 'ਤੇ ਇੰਨਾ ਯਕੀਨ ਕਰਦੇ ਆ। ਧੰਨ ਵਾਹਿਗੁਰੂ ਤੂੰ ਆਪ ਸਰਦਾਰੀਆਂ ਬਖਸ਼ੀਆਂ ਤੇ ਸਾਨੂੰ ਇੰਨਾ ਮਾਣ ਬਖਸ਼ਿਆ। ਸਿੱਖ ਜੋਧਿਆਂ ਦਾ ਇਤਿਹਾਸ ਮੇਰੇ ਦਿਮਾਗ ਵਿਚ ਇਕ ਫਿਲਮ ਵਾਂਗ ਚਲ ਰਿਹਾ ਸੀ ਅਤੇ ਪਤਾ ਹੀ ਨਹੀਂ ਲੱਗਾ ਕਦੋਂ ਮੈਂ ਉਸ ਬੱਚੀ ਦੇ ਅਪਾਰਟਮੈਂਟ ਦੇ ਸਾਹਮਣੇ ਆਣ ਪਹੁੰਚਾ। ਇਸ ਪੰਦਰਾਂ-ਵੀਹ ਮਿੰਟ ਦੇ ਸਫਰ ਨੇ ਮੇਰਾ ਮਾਣ ਇੰਨਾ ਵਧਾ ਦਿਤਾ ਕੇ ਮੈਂ ਸਿੱਖ ਹੋਣ 'ਤੇ ਹੋਰ ਵੀ ਫਖਰ ਕਰਨ ਲੱਗ ਪਿਆ।

***-ਲਖਵਿੰਦਰ ਸਿੰਘ ਡੇਅਟਨ***
***ਫੋਨ: 513-300-4020***

# ਕਾਂਗਰਸ ਨੂੰ ਸੋਚਣ ਦੀ ਲੋੜ ਹੈ ਤੇ ਅਕਾਲੀਆਂ ਨੂੰ ਸਬਰ ਦੀ!

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਦੀ ਨਵੀਂ ਸਰਕਾਰ ਆਪਣੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਦੋ ਮਹੀਨੇ ਦਾ ਸਮਾਂ ਪੂਰਾ ਕਰ ਚੁੱਕੀ ਹੈ। ਪੰਜ ਸਾਲਾਂ ਦੇ ਸੱਠ ਮਹੀਨਿਆਂ ਲਈ ਚੁਣੀ ਗਈ ਕਿਸੇ ਸਰਕਾਰ ਦੇ ਦੋ ਮਹੀਨੇ ਪੂਰੇ ਹੋਣਾ ਕੋਈ ਖਾਸ ਸਮਾਂ ਨਹੀਂ ਕਿਹਾ ਜਾ ਸਕਦਾ, ਪਰ ਜਿਨ੍ਹਾਂ ਆਗੂਆਂ ਦੇ ਹੇਠੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਦੀ ਹਾਰ ਨੇ ਕੁਰਸੀ ਖਿਸਕਾ ਦਿੱਤੀ ਸੀ, ਉਹ ਦੋ ਮਹੀਨੇ ਵੀ ਸਬਰ ਨਾਲ ਨਹੀਂ ਬੈਠ ਸਕੇ ਅਤੇ ਨਵੀਂ ਸਰਕਾਰ ਤੋਂ ਲੇਖਾ ਪੁੱਛਣ ਦੇ ਆਹਰ ਲੱਗੇ ਦਿਖਾਈ ਦਿੰਦੇ ਹਨ। ਇਨ੍ਹਾਂ ਵਿਚ ਇਹੋ ਜਿਹਾ ਭਾਜਪਾ ਆਗੂ ਸਭ ਤੋਂ ਮੋਹਰੇ ਬੋਲਿਆ ਹੈ, ਜਿਹੜਾ ਪੰਜ ਸਾਲ ਇਹੋ ਰੋਣਾ ਰੋਂਦਾ ਰਿਹਾ ਸੀ ਕਿ ਮਹਿਕਮੇ ਦਾ ਕੈਬਨਿਟ ਮੰਤਰੀ ਉਹ ਹੈ, ਪਰ ਅਕਾਲੀਆਂ ਦਾ ਉਸ ਨਾਲ ਲੱਗਾ ਚੀਫ ਪਾਰਲੀਮੈਂਟਰੀ ਸੈਕਟਰੀ ਉਸ ਨੂੰ ਪੁੱਛੇ ਬਿਨਾ ਹੀ ਨਹੀਂ, ਦੱਸੇ ਤੋਂ ਵੀ ਬਿਨਾ ਮਹਿਕਮਾ ਚਲਾਈ ਜਾਂਦਾ ਹੈ। ਰੋਣਾ ਰੋ ਕੇ ਵੀ ਉਸ ਨੂੰ ਕੁਝ ਨਹੀਂ ਸੀ ਲੱਭਾ, ਸਗੋਂ ਇਸ ਵਾਰ ਚੋਣਾਂ ਵਿਚ ਉਸ ਦੀ ਪਾਰਟੀ ਨੇ ਟਿਕਟ ਨਹੀਂ ਸੀ ਦਿੱਤੀ ਤੇ ਸਾਰੇ ਜਾਣਕਾਰ ਆਖਦੇ ਸਨ ਕਿ ਭਾਜਪਾ ਉਸ ਬਜ਼ੁਰਗ ਨੂੰ ਟਿਕਟ ਦੇਣ ਨੂੰ ਤਿਆਰ ਸੀ, ਪਰ ਅਕਾਲੀਆਂ ਦੇ ਵਿਰੋਧ ਕਾਰਨ ਉਸ ਨੂੰ ਚੁੱਪ ਕਰ ਕੇ ਘਰ ਬੈਠਣ ਲਈ ਆਖਣ ਨੂੰ ਮਜਬੂਰ ਹੋ ਗਈ ਸੀ। ਵਿਚਾਰਾ!

ਫਿਰ ਵੀ ਅਸੀਂ ਕਹਿ ਦੇਈਏ ਕਿ ਅਕਾਲੀ ਜਾਂ ਭਾਜਪਾ ਆਗੂਆਂ ਦੇ ਬਿਆਨਾਂ ਨਾਲ ਕੋਈ ਵਾਸਤਾ ਨਾ ਰੱਖਦੇ ਹੋਏ ਵੀ ਕਈ ਗੱਲਾਂ ਕਾਰਨ ਅਸੀਂ ਇਸ ਸਰਕਾਰ ਤੋਂ ਬਹੁਤੇ ਖੁਸ਼ ਨਹੀਂ। ਰਿਪੋਰਟਾਂ ਮਿਲ ਰਹੀਆਂ ਹਨ ਕਿ ਪੁਲਿਸ ਦੇ ਹੱਦੋਂ ਬਾਹਲੇ ਭ੍ਰਿਸ਼ਟ ਅਫਸਰਾਂ ਨੇ ਕਾਂਗਰਸੀ ਲੀਡਰਾਂ ਨਾਲ ਤਾਰਾਂ ਜੋੜ ਕੇ ਉਹੋ ਕੰਮ ਫੜ ਲਿਆ ਹੈ। ਫਰਕ ਏਨਾ ਕੁ ਪਿਆ ਕਿ ਜਿਸ ਜ਼ਿਲ੍ਹੇ ਵਿਚ ਉਨ੍ਹਾਂ ਨੇ ਕਾਂਗਰਸੀ ਕੁੱਟੇ ਸਨ, ਉਥੋਂ ਚਾਰ ਜ਼ਿਲ੍ਹੇ ਛੱਡ ਕੇ ਹੁਣ ਕਾਂਗਰਸੀਆਂ ਦੇ ਕਹਿਣ ਉਤੇ ਅਕਾਲੀਆਂ ਨੂੰ ਕੁੱਟਣ ਦਾ ਕੰਮ ਸ਼ੁਰੂ ਕਰ ਲਿਆ ਹੈ। ਏਦਾਂ ਹੀ ਕੱਲ੍ਹ ਤੱਕ ਕਿਸੇ ਹੋਰ ਥਾਂ ਕਾਂਗਰਸੀਆਂ ਨੂੰ ਕੁੱਟਣ ਵਾਲੇ ਅਫਸਰ ਉਨ੍ਹਾਂ ਦੀ ਥਾਂ ਏਥੇ ਆਣ ਲੱਗੇ ਹਨ। ਪਹਿਲਾਂ ਮੁੱਖ ਮੰਤਰੀ ਬਾਦਲ ਦੇ ਪਿੰਡ ਤੋਂ ਅਕਾਲੀਆਂ ਦਾ ਹਲਕਾ ਇੰਚਾਰਜ ਪੁਲਿਸ ਦੇ ਅਫਸਰਾਂ ਨੂੰ ਕਿਸੇ ਬਦਮਾਸ਼ ਨੂੰ ਛੱਡਣ ਤੇ ਕਿਸੇ ਸ਼ਰੀਫ ਦੇ ਗਲ਼ ਰੱਸਾ ਪਾਉਣ ਲਈ ਫੋਨ ਕਰਦਾ ਹੁੰਦਾ ਸੀ। ਹੁਣ ਉਸ ਪਿੰਡ ਵਿਚ ਬੈਠਾ ਇੱਕ ਬਜ਼ੁਰਗ ਬੰਦੇ ਫੜਨ ਲਈ ਪੁਲਿਸ ਨੂੰ ਨਹੀਂ ਕਹਿੰਦਾ, ਪਰ ਫੜੇ ਹੋਏ ਬੰਦੇ ਛੱਡਣ ਵਾਸਤੇ ਪੁਲਿਸ ਅਫਸਰਾਂ ਨੂੰ ਕਹੀ ਜਾ ਰਿਹਾ ਹੈ।

ਸਰਹੱਦੀ ਖੇਤਰ ਦਾ ਇੱਕ ਕਾਂਗਰਸੀ ਵਿਧਾਇਕ ਉਸ ਇਲਾਕੇ ਵਿਚ ਸ਼ਰਾਬ ਦੀਆਂ ਭੱਠੀਆਂ ਅਤੇ ਤਸਕਰੀ ਦੇ ਕੰਮਾਂ ਦੀ ਕਮਾਨ ਅਕਾਲੀ ਦਲ ਦੇ ਇੱਕ ਬਦਨਾਮ ਵਿਧਾਇਕ ਤੋਂ ਬੜੇ ਆਰਾਮ ਨਾਲ ਆਪਣੇ ਹੱਥ ਲੈ ਚੁੱਕਾ ਸੁਣੀਂਦਾ ਹੈ ਤੇ ਕਈ ਥਾਂ ਹੇਠਲੇ ਪੁਲਿਸ ਅਫਸਰਾਂ ਦੀ ਹੇਠਲੇ ਕਾਂਗਰਸੀ ਆਗੂਆਂ ਨਾਲ ਲੈਣ-ਦੇਣ ਵਾਲੀ ਗੱਲ ਵੀ ਸੁਣੀ ਜਾਣ ਲੱਗ ਪਈ ਹੈ। ਪੰਜਾਬ ਦੇ ਲੋਕਾਂ ਦੀ ਕਮਾਈ ਨੂੰ ਕੁੰਡੀ ਲਾ ਚੁੱਕਾ ਇੱਕ ਮਹਾਂ-ਠੱਗ ਬੰਦਾ ਅਕਾਲੀ-ਭਾਜਪਾ ਰਾਜ ਵੇਲੇ ਜੇਲ੍ਹ ਵਿਚ ਟਿਕਣ ਦੀ ਥਾਂ ਹਸਪਤਾਲ ਨੂੰ ਰੈਸਟ ਹਾਊਸ ਬਣਾਈ ਰੱਖਦਾ ਸੀ, ਕਾਂਗਰਸੀ ਸਰਕਾਰ ਵੇਲੇ ਵੀ ਮਜ਼ੇ ਕਰਦਾ ਪਿਆ ਹੈ। ਮਾਲਵੇ ਵਿਚ ਬੇਅਦਬੀ ਦੇ ਕਾਂਡ ਜਦੋਂ ਹੋਏ ਸਨ ਤਾਂ ਆਪਣੀ ਖੁਰਦੀ ਸਾਖ ਬਚਾਉਣ ਲਈ ਅਕਾਲੀਆਂ ਨੇ ਬਠਿੰਡੇ ਰੈਲੀ ਕਰਨ ਵੇਲੇ ਉਸ ਠੱਗ ਵਾਲੀ ਗਰਾਊਂਡ ਮੁਫਤ ਵਰਤੀ ਸੀ। ਉਨ੍ਹਾਂ ਦੇ ਮੁਕਾਬਲੇ ਰੈਲੀ ਕਰਨ ਲਈ ਕਾਂਗਰਸ ਨੇ ਵੀ ਜਦੋਂ ਉਹੋ ਗਰਾਊਂਡ ਮੁਫਤ ਵਰਤ ਲਈ ਤਾਂ ਸਾਨੂੰ ਉਦੋਂ ਹੀ ਇਸ ਦਾ ਅਰਥ ਸਮਝ ਆ ਗਿਆ ਸੀ। ਹੁਣ ਉਹ ਬੰਦਾ ਫਿਰ ਜੇਲ੍ਹ ਤੋਂ ਬਾਹਰ ਫਾਈਵ ਸਟਾਰ ਹਸਪਤਾਲ ਦੇ ਪ੍ਰਾਈਵੇਟ ਕਮਰੇ ਵਿਚ ਪਹੁੰਚ ਗਿਆ ਹੈ ਤਾਂ ਉਦੋਂ ਵਾਲਾ ਸ਼ੱਕ ਸੱਚਾ ਸਾਬਤ ਹੋ ਗਿਆ ਹੈ।

> **ਸਰਹੱਦੀ ਖੇਤਰ ਦਾ ਇੱਕ ਕਾਂਗਰਸੀ ਵਿਧਾਇਕ ਉਸ ਇਲਾਕੇ ਵਿਚ ਸ਼ਰਾਬ ਦੀਆਂ ਭੱਠੀਆਂ ਅਤੇ ਤਸਕਰੀ ਦੇ ਕੰਮਾਂ ਦੀ ਕਮਾਨ ਅਕਾਲੀ ਦਲ ਦੇ ਇੱਕ ਬਦਨਾਮ ਵਿਧਾਇਕ ਤੋਂ ਬੜੇ ਆਰਾਮ ਨਾਲ ਆਪਣੇ ਹੱਥ ਲੈ ਚੁੱਕਾ ਸੁਣੀਂਦਾ ਹੈ ਤੇ ਕਈ ਥਾਂ ਹੇਠਲੇ ਪੁਲਿਸ ਅਫਸਰਾਂ ਦੀ ਹੇਠਲੇ ਕਾਂਗਰਸੀ ਆਗੂਆਂ ਨਾਲ ਲੈਣ-ਦੇਣ ਵਾਲੀ ਗੱਲ ਵੀ ਸੁਣੀ ਜਾਣ ਲੱਗ ਪਈ ਹੈ।**

ਫਿਰ ਵੀ ਨਵੀਂ ਸਰਕਾਰ ਦੇ ਕੀਤੇ ਕੁਝ ਕੰਮ ਹਰ ਅੱਖ ਨੂੰ ਦਿਸ ਸਕਦੇ ਹਨ। ਲਾਲ ਬੱਤੀ ਕਲਚਰ ਅੱਗੇ ਨੂੰ ਲਾਲ ਲਕੀਰ ਪਹਿਲਾਂ ਅਮਰਿੰਦਰ ਸਿੰਘ ਦੀ ਸਰਕਾਰ ਨੇ ਵਾਹੀ ਤੇ ਨਰਿੰਦਰ ਮੋਦੀ ਦੀ ਕੇਂਦਰ ਸਰਕਾਰ ਨੇ ਪਿੱਛੋਂ ਇਹ ਕੰਮ ਕੀਤਾ ਸੀ। ਹੁਣ ਮੋਦੀ ਸਾਹਿਬ ਇਸ ਦਾ ਸਿਹਰਾ ਭਾਲਦੇ ਹਨ। ਜੇ ਉਨ੍ਹਾਂ ਨੇ ਇਹ ਕੰਮ ਕਰਨਾ ਹੁੰਦਾ ਤਾਂ ਪਿਛਲੇ ਤਿੰਨ ਸਾਲਾਂ ਵਿਚ ਕੀਤਾ ਹੋਣਾ ਸੀ। ਹੁਣ ਉਹ ਸਿਹਰਾ ਨਹੀਂ ਲੈ ਸਕਦੇ। ਵੀ.ਆਈ.ਪੀਜ਼ ਦੇ ਲਾਂਘੇ ਵਾਸਤੇ ਸੜਕਾਂ ਨੂੰ ਰੋਕਣ ਦਾ ਕੰਮ ਅਮਰਿੰਦਰ ਸਿੰਘ ਦੀ ਸਰਕਾਰ ਨੇ ਬੰਦ ਕਰ ਦਿੱਤਾ ਹੈ ਤੇ ਨਸ਼ੀਲੇ ਪਦਾਰਥਾਂ ਉਤੇ ਪੂਰੀ ਨਾ ਸਹੀ, ਕੁਝ ਨਾ ਕੁਝ ਰੋਕ ਵੀ ਇਸੇ ਸਰਕਾਰ ਨੇ ਲਾਈ ਹੈ। ਬਾਕੀ ਕੰਮਾਂ ਲਈ ਅੱਗੋਂ ਆਸ ਕੀਤੀ ਜਾ ਸਕਦੀ ਹੈ।

ਮੁਸ਼ਕਿਲ ਇਹ ਹੈ ਕਿ ਇਸ ਸਰਕਾਰ ਦੇ ਸਾਹਮਣੇ ਬਹੁਤ ਸਾਰੀਆਂ ਮੁਸ਼ਕਲਾਂ ਹਨ ਤੇ ਸਭ ਤੋਂ ਵੱਡੀ ਮੁਸ਼ਕਿਲ ਖਜ਼ਾਨੇ ਦੀ ਮਾੜੀ ਹਾਲਤ ਦੀ ਹੈ। ਕੁਝ ਲੋਕ ਇਸ ਮਾੜੀ ਹਾਲਤ ਲਈ ਅਕਾਲੀ-ਭਾਜਪਾ ਦੀ ਮਾੜੀ ਪ੍ਰਸ਼ਾਸਕੀ ਸੂਝ ਦਾ ਨੁਕਸ ਕੱਢਦੇ ਹਨ। ਅਸਲ ਗੱਲ ਇਹ ਹੈ ਕਿ ਪ੍ਰਸ਼ਾਸਕੀ ਸਮਝ ਮਾੜੀ ਨਹੀਂ ਸੀ, ਸਭ ਕੁਝ ਜਾਣਦਿਆਂ ਵੀ ਬਾਦਲ ਬਾਪ-ਬੇਟੇ ਨੇ ਇਹ ਪੈਸਾ ਮਿੱਥੇ ਹੋਏ ਕੰਮਾਂ ਵਿਚ ਲਾਉਣ ਦੀ ਥਾਂ ਵੋਟਾਂ ਦੀ ਝਾਕ ਵਿਚ ਸੰਗਤ ਦਰਸ਼ਨ ਮੌਕੇ ਅਕਾਲੀ ਆਗੂਆਂ ਦੇ ਸਿਰਾਂ ਤੋਂ ਵਾਰ-ਵਾਰ ਕੇ ਲੁਟਾਇਆ ਸੀ। ਕੈਬਨਿਟ ਮੰਤਰੀ ਨਵਜੋਤ ਸਿੱਧੂ ਨੇ ਇਸ ਲੁੱਟ ਦੀ ਵੰਨਗੀ ਪੇਸ਼ ਕੀਤੀ ਕਿ ਕੇਂਦਰ ਤੋਂ ਦੋ ਸੌ ਕਰੋੜ ਰੁਪਏ ਤਿੰਨ ਸ਼ਹਿਰਾਂ ਦੇ ਵਿਕਾਸ ਲਈ ਆਏ, ਪਰ ਉਨ੍ਹਾਂ ਦੇ ਖਰਚ ਲਈ ਬਰਾਬਰ ਦੀ ਮੈਚਿੰਗ ਗਰਾਂਟ ਵਾਲੀ ਰਕਮ ਪੰਜਾਬ ਸਰਕਾਰ ਦੇ ਖਾਤੇ ਵਿਚੋਂ ਪਾਉਣ ਦੀ ਥਾਂ ਸਿਰਫ ਬੱਤੀ ਕਰੋੜ ਰੁਪਏ ਪਾਏ ਤੇ ਇਸ ਨਾਲ ਕੇਂਦਰ ਦੀ ਗਰਾਂਟ ਰਿਲੀਜ਼ ਹੋ ਗਈ। ਬਾਅਦ ਵਿਚ ਆਪਣੇ ਇੱਕ ਸੌ ਅਠਾਹਠ ਕਰੋੜ ਇਸ ਵਿਚ ਪਾਉਣ ਤੇ ਅਸਲੀ ਕੰਮ ਵਿਚ ਵਰਤਣ ਦੀ ਥਾਂ ਕੇਂਦਰ ਵਾਲੇ ਸਿਰਫ ਬੱਤੀ ਕਰੋੜ ਉਥੇ ਖਰਚ ਕੇ ਬਾਕੀ ਦੇ ਇੱਕ ਸੌ ਅਠਾਹਠ ਕਰੋੜ ਵੀ ਅਕਾਲੀ ਉਮੀਦਵਾਰਾਂ ਦੀ ਬਰਾਤ ਤੋਂ ਸਿੱਕਿਆਂ ਦੀ ਮੁੱਠ ਵਾਂਗ ਸੁੱਟ ਦਿੱਤੇ ਸਨ। ਅਕਾਲੀ ਦਲ ਦੇ ਇੱਕ ਸਾਬਕਾ ਮੰਤਰੀ ਨੇ ਸਿੱਧੂ ਦੇ ਇਸ ਦੋਸ਼ ਦਾ ਖੰਡਨ ਕੀਤਾ ਹੈ, ਪਰ ਉਹ ਉਸ ਚਿੱਠੀ ਦਾ ਖੰਡਨ ਨਹੀਂ ਕਰ ਸਕਦੇ, ਜਿਹੜੀ ਕੇਂਦਰ ਦੀ ਉਸ ਸਰਕਾਰ ਦੇ ਸ਼ਹਿਰੀ ਵਿਕਾਸ ਮੰਤਰਾਲੇ ਨੇ ਭੇਜੀ ਹੈ, ਜਿਸ ਸਰਕਾਰ ਵਿਚ ਅਕਾਲੀ ਦਲ ਦੀ ਇੱਕ ਬੀਬੀ ਵੀ ਮੰਤਰੀ ਹੈ। ਚਿੱਠੀ ਗਲਤ ਹੈ ਤਾਂ ਉਸ ਬੀਬੀ ਨੂੰ ਉਥੇ ਬੋਲਣਾ ਚਾਹੀਦਾ ਹੈ ਤੇ ਜੇ ਚਿੱਠੀ ਠੀਕ ਹੈ ਤਾਂ ਅਕਾਲੀਆਂ ਨੂੰ ਕੀਤੇ ਹੋਏ ਗੁਨਾਹ ਲੋਕਾਂ ਦੀ ਕਚਹਿਰੀ ਵਿਚ ਮੰਨਣ ਦੀ ਹਿੰਮਤ ਵਿਖਾਉਣੀ ਚਾਹੀਦੀ ਹੈ।

ਇਸ ਵਕਤ ਕਾਂਗਰਸ ਸਰਕਾਰ ਹੈ ਤੇ ਕੇਂਦਰ ਦੀ ਚਿੱਠੀ ਨੂੰ ਅਕਾਲੀ ਆਗੂ ਗਲਤ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਜਦੋਂ ਬਾਦਲ ਸਰਕਾਰ ਵੇਲੇ ਕੇਂਦਰ ਵਿਚ ਨਵੀਂ ਬਣੀ ਮੋਦੀ ਸਰਕਾਰ ਦੀ ਚਿੱਠੀ ਆਈ ਸੀ, ਉਹ ਵੀ ਰਿਕਾਰਡ ਉਤੇ ਹੈ। ਅਕਾਲੀ ਆਗੂ ਲੋਕ ਸਭਾ ਚੋਣਾਂ ਵਿਚ ਆਖਦੇ ਰਹੇ ਸਨ ਕਿ ਅਰੁਣ ਜੇਤਲੀ ਖਜ਼ਾਨਾ ਮੰਤਰੀ ਬਣ ਕੇ ਸਾਨੂੰ ਨੋਟਾਂ ਦੇ ਟਰੱਕ ਭਰ-ਭਰ ਭੇਜਿਆ ਕਰੇਗਾ। ਮੋਦੀ ਸਰਕਾਰ ਬਣੀ ਤਾਂ ਇਨ੍ਹਾਂ ਪੰਜਾਬ ਲਈ ਪੈਸੇ ਮੰਗ ਲਏ। ਅੱਗੋਂ ਅਰੁਣ ਜੇਤਲੀ ਨੇ ਨਵੇਂ ਖਜ਼ਾਨਾ ਮੰਤਰੀ ਵਜੋਂ ਇਹ ਚਿੱਠੀ ਭੇਜ ਦਿੱਤੀ ਕਿ ਮਨਮੋਹਨ ਸਿੰਘ ਵਾਲੀ ਸਰਕਾਰ ਦੇ ਵਕਤ ਦਿੱਤੇ ਪੈਸਿਆਂ ਦਾ ਪਿਛਲੇ ਚਾਰ ਸਾਲਾਂ ਦੇ ਫੰਡਾਂ ਦਾ ਹਿਸਾਬ ਦਿਓ, ਫਿਰ ਅਗਲੇ ਫੰਡ ਮਿਲਣਗੇ। ਉਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਿੰਨ ਦਿਨ ਇਹ ਕਿਹਾ ਸੀ ਕਿ ਏਦਾਂ ਦੀ ਕੋਈ ਚਿੱਠੀ ਨਹੀਂ ਆਈ ਤੇ ਜੇ ਆਈ ਹੈ ਤਾਂ ਮੈਨੂੰ ਇਸ ਬਾਰੇ ਪਤਾ ਨਹੀਂ। ਚੌਥੇ ਦਿਨ ਉਨ੍ਹਾਂ ਨੇ ਪੱਤਰਕਾਰਾਂ ਨੂੰ ਇਹ ਗੱਲ ਕਹਿ ਦਿੱਤੀ ਕਿ ਜੇ ਤੁਹਾਨੂੰ ਚਿੱਠੀ ਆਈ ਦਾ ਪਤਾ ਹੀ ਹੈ ਤਾਂ ਮੈਨੂੰ ਕਿਉਂ ਪੁੱਛਦੇ ਹੋ? ਫਿਰ ਕੁਝ ਦਿਨ ਪਿੱਛੋਂ ਵਿਧਾਨ ਸਭਾ ਵਿਚ ਸੁਖਬੀਰ ਸਿੰਘ ਬਾਦਲ ਨੇ ਇਸ ਚਿੱਠੀ ਬਾਰੇ ਇਹ ਕਿਹਾ ਸੀ ਕਿ ਅੱਜ ਡਾ. ਮਨਮੋਹਨ ਸਿੰਘ ਦੀ ਸਰਕਾਰ ਹੁੰਦੀ ਤਾਂ ਸਾਡੇ ਨਾਲ ਏਦਾਂ ਨਹੀਂ ਸੀ ਹੋਣੀ। ਉਸ ਦੇ ਇਨ੍ਹਾਂ ਸ਼ਬਦਾਂ ਨੂੰ ਸੁਣ ਕੇ ਹਰ ਕੋਈ ਸੁੰਨ ਰਹਿ ਗਿਆ ਸੀ।


ਅੱਜ ਅਕਾਲੀ ਆਗੂ ਆਖਦੇ ਹਨ ਕਿ ਨਵਜੋਤ ਸਿੰਘ ਸਿੱਧੂ ਸਾਡੀ ਐਵੇਂ ਭੰਡੀ ਕਰੀ ਜਾਂਦਾ ਹੈ, ਪਰ ਜਦੋਂ ਨਵੇਂ ਬਣੇ ਖਜ਼ਾਨਾ ਮੰਤਰੀ ਅਰੁਣ ਜੇਤਲੀ ਨੇ ਉਪਰਲੀ ਚਿੱਠੀ ਪਾਈ ਸੀ, ਕੀ ਉਹ ਵੀ ਬਾਦਲ ਸਰਕਾਰ ਨੂੰ ਬੁੱਧੂ ਸਰਕਾਰ ਸਾਬਤ ਕਰਨ ਦੀ ਸਾਜ਼ਿਸ਼ ਵਿਚ ਸ਼ਾਮਲ ਸੀ? ਜਾਂ ਫਿਰ ਉਦੋਂ ਸੁਖਬੀਰ ਸਿੰਘ ਬਾਦਲ ਨੇ ਜਿਹੜੇ ਸ਼ਬਦਾਂ ਦੀ ਵਰਤੋਂ ਵਿਧਾਨ ਸਭਾ 'ਚ ਕੀਤੀ ਸੀ, ਕੀ ਉਹ ਕੇਂਦਰ ਦੀ ਭਾਜਪਾ ਸਰਕਾਰ ਦੀ ਭੰਡੀ ਕਰਨ ਦਾ ਯਤਨ ਸੀ?

ਹਕੀਕਤਾਂ ਦੀ ਕਥਾ ਇਸ ਤੋਂ ਵੀ ਅੱਠ ਸਾਲ ਪਿੱਛੋਂ ਉਥੋਂ ਤੁਰਦੀ ਹੈ, ਜਦੋਂ ਪੰਜਾਬ ਵਿਚ ਹੜ੍ਹ ਆਉਣ ਕਾਰਨ ਨੁਕਸਾਨ ਦਾ ਜਾਇਜ਼ਾ ਲੈਣ ਲਈ ਕੇਂਦਰ ਦੀ ਮਨਮੋਹਨ ਸਿੰਘ ਸਰਕਾਰ ਨੇ ਟੀਮ ਭੇਜੀ ਸੀ। ਬਾਦਲ ਸਰਕਾਰ ਨੇ ਬੜਾ ਵਧਾ ਕੇ ਨੁਕਸਾਨ ਦਾ ਅੰਦਾਜ਼ਾ ਗਿਆਰਾਂ ਸੌ ਕਰੋੜ ਦੇ ਨੇੜੇ ਪੇਸ਼ ਕੀਤਾ ਤੇ ਇਹ ਆਸ ਰੱਖੀ ਸੀ ਕਿ ਸੱਠ ਫੀਸਦੀ ਵੀ ਮਿਲ ਗਿਆ ਤਾਂ ਵਾਧੂ ਹੋਵੇਗਾ। ਕੇਂਦਰੀ ਟੀਮ ਨੇ ਅੱਗੋਂ ਕਿਹਾ ਕਿ ਸਾਰੇ ਦਾ ਸਾਰਾ ਖਰਚਾ ਦੇ ਦਿੰਦੇ ਹਾਂ, ਪਰ ਕੇਂਦਰ ਤੋਂ ਪੈਸੇ ਉਡੀਕਣ ਦੀ ਲੋੜ ਨਹੀਂ, ਪੰਜਾਬ ਸਰਕਾਰ ਕੋਲ ਪ੍ਰਧਾਨ ਮੰਤਰੀ ਰਿਲੀਫ ਫੰਡ ਦੇ ਸੋਲਾਂ ਸੌ ਕਰੋੜ ਰੁਪਏ ਪਏ ਹਨ, ਉਨ੍ਹਾਂ ਵਿਚੋਂ ਏਨੇ ਪੈਸੇ ਕੱਢ ਲਵੋ। ਇਹ ਜਵਾਬ ਸੁਣ ਕੇ ਖੁਸ਼ ਹੋਣ ਦੀ ਥਾਂ ਮੁੱਖ ਮੰਤਰੀ ਬਾਦਲ ਤੇ ਪੰਜਾਬ ਦੇ ਅਫਸਰ ਇੱਕ ਦੂਸਰੇ ਦੇ ਮੂੰਹ ਝਾਕਣ ਲੱਗੇ ਸਨ, ਕਿਉਂਕਿ ਪ੍ਰਧਾਨ ਮੰਤਰੀ ਰਿਲੀਫ ਫੰਡ ਦਾ ਜੋ ਪੈਸਾ ਪੰਜਾਬ ਸਰਕਾਰ ਛੇੜ ਹੀ ਨਹੀਂ ਸੀ ਸਕਦੀ, ਉਹ ਵੀ ਬਾਦਲ ਸਰਕਾਰ ਨੇ ਅਕਾਲੀ ਸੰਗਤਾਂ ਨੂੰ ਵੰਡ ਛੱਡਿਆ ਸੀ।

ਸਾਨੂੰ ਫਿਰ ਇਸ ਗੱਲ ਵੱਲ ਆਉਣਾ ਪਵੇਗਾ ਕਿ ਨਵੀਂ ਸਰਕਾਰ ਦੇ ਬਿਨਾ ਸ਼ੱਕ ਦੋ ਮਹੀਨੇ ਹੋਏ ਹਨ ਤੇ ਕਿਸੇ ਸਰਕਾਰ ਦੀ ਕਾਰਕਰਦਗੀ ਦਾ ਲੇਖਾ ਕਰਨ ਲਈ ਇਹ ਬੜੇ ਥੋੜ੍ਹੇ ਹਨ, ਪਰ ਇਸ ਥੋੜ੍ਹੇ ਸਮੇਂ ਵਿਚ ਕਈ ਗੱਲਾਂ ਸਾਡੇ ਲੋਕਾਂ ਨੂੰ ਚੁਭਣ ਵਾਲੀਆਂ ਹੋ ਗਈਆਂ ਹਨ। ਇਸ ਦੇ ਬਾਵਜੂਦ ਅਜੇ ਉਹ ਘੜੀ ਨਹੀਂ ਆਈ, ਜਿੱਥੇ ਅਕਾਲੀ-ਭਾਜਪਾ ਆਗੂ ਇਸ ਸਰਕਾਰ ਨੂੰ 'ਕੀ ਕਰ ਲਿਆ' ਦੇ ਮਿਹਣੇ ਮਾਰਨ ਜੋਗੇ ਹੋਣ। ਹਾਲੇ ਉਨ੍ਹਾਂ ਨੂੰ ਥੋੜ੍ਹਾ ਸਬਰ ਰੱਖ ਕੇ ਇਸ ਸਰਕਾਰ ਦੇ ਕਦਮਾਂ ਦੀ ਪਰਖ ਕਰਨੀ ਚਾਹੀਦੀ ਹੈ ਤੇ ਆਪਣੇ ਖਿਲਾਫ ਜਾਰੀ ਹੁੰਦਾ ਵ੍ਹਾਈਟ ਪੇਪਰ ਜਾਂ ਕੱਚਾ ਚਿੱਠਾ ਵੀ ਉਡੀਕ ਲੈਣਾ ਚਾਹੀਦਾ ਹੈ। ਕਾਹਲੀ ਅੱਗੇ ਟੋਏ ਵਾਲੀ ਗੱਲ ਪੰਜਾਬ ਦੀ ਇਸ ਨਵੀਂ ਸਰਕਾਰ ਦੀ ਅਗਵਾਈ ਕਰਨ ਵਾਲਿਆਂ ਨੂੰ ਵੀ ਯਾਦ ਰੱਖਣੀ ਚਾਹੀਦੀ ਹੈ ਤੇ ਉਨ੍ਹਾਂ ਦੇ ਵਿਰੋਧ ਵਿਚ ਤੱਤੇ ਘਾਹ ਸੰਘ ਪਾੜ ਰਹੇ ਅਕਾਲੀ ਆਗੂਆਂ ਨੂੰ ਵੀ, ਜਿਹੜੇ ਕਿਸੇ ਕਿਰਦਾਰ ਦੇ ਮਾਲਕ ਹੁੰਦੇ ਤਾਂ ਲੋਕਾਂ ਨੇ ਏਦਾਂ ਨਹੀਂ ਸੀ ਨਕਾਰ ਦੇਣੇ।

# ਅੱਖੀਂ ਡਿੱਠਾ ਪੰਡਿਤ ਜਵਾਹਰ ਲਾਲ ਨਹਿਰੂ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਂ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਤਿੰਨ ਵਾਰ ਵੇਖਿਆ ਸੀ। ਦੋ ਵਾਰ ਉਸ ਦੇ ਜਿਉਂਦੇ ਜੀਅ-ਇਕ ਵਾਰੀ ਸੁਤੰਤਰਤਾ ਸੰਗਰਾਮ ਸਮੇਂ ਤੇ ਦੂਜੀ ਵਾਰ ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ, ਅਤੇ ਇਕ ਵਾਰ ਉਸ ਦੇ ਅਕਾਲ ਚਲਾਣੇ ਸਮੇਂ। ਮੈਂ 1947 ਤੋਂ ਪਹਿਲੇ ਸਾਲ ਆਪਣੀ ਮਾਸੀ ਦੇ ਪਿੰਡ ਬਾਹੋਮਾਜਰਾ ਰਹਿ ਕੇ ਆਰੀਆ ਹਾਈ ਸਕੂਲ ਖੰਨਾ ਵਿਚ ਪੜ੍ਹ ਰਿਹਾ ਸਾਂ। ਇਕ ਦਿਨ ਮਾਸੀ ਦੇ ਕੁਟੀ ਵਾਲੇ ਖੇਤ ਵਿਚ ਪਸ਼ੂਆਂ ਲਈ ਚਾਰਾ ਵੱਢ ਰਿਹਾ ਸਾਂ ਕਿ ਰੌਲਾ ਪੈ ਗਿਆ, 'ਨਹਿਰੂ ਜੀ ਆ ਗਏ, ਨਹਿਰੂ ਜੀ ਆ ਗਏ।' ਖੇਤਾਂ ਵਿਚ ਕੰਮ ਕਰ ਰਹੇ ਸਾਰੇ ਲੋਕ ਹੱਥਲਾ ਕੰਮ ਛੱਡ ਕੇ ਇਕਲਾਹਾ ਪਿੰਡ ਦੇ ਰਾਹ ਵੱਲ ਨੂੰ ਭੱਜੇ। ਤਿੰਨ ਚਾਰ ਜੀਪਾਂ ਲੰਘੀਆਂ ਜਿਨ੍ਹਾਂ ਵਿਚੋਂ ਇਕ ਵਿਚ ਪੰਡਿਤ ਨਹਿਰੂ ਸੀ। ਮੈਨੂੰ ਕੇਵਲ ਉਸ ਦੀ ਟੋਪੀ ਦਿਖਾਈ ਦਿੱਤੀ। ਇਸ ਨੂੰ ਮੈਂ ਪੰਡਿਤ ਜੀ ਦੇ ਟੋਪੀ ਦਰਸ਼ਨ ਕਹਿੰਦਾ ਹਾਂ। ਰਸਤੇ ਵਿਚ ਅੰਤਾਂ ਦੀ ਧੂੜ ਸੀ, ਮੇਰੇ ਸਾਹਾਂ ਵਿਚ ਸੁਤੰਤਰਤਾ ਦੀ ਮਹਿਕ। ਪੰਡਿਤ ਨਹਿਰੂ ਨੇ ਇਕਲਾਹੇ ਵਾਲੇ ਇਕੱਠ ਨੂੰ ਸੰਬੋਧਨ ਕਰਨਾ ਸੀ।

ਦੂਜੀ ਵਾਰੀ 1955 ਵਿਚ ਕੈਂਪ ਕਾਲਜ ਨਵੀਂ ਦਿੱਲੀ ਪੜ੍ਹਨ ਸਮੇਂ ਮੈਂ ਦਿੱਲੀ ਗੇਟ ਕੋਲੋਂ ਲੰਘਦਿਆਂ ਇਰਵਨ ਹਸਪਤਾਲ ਤੇ ਆਸਿਫ ਅਲੀ ਰੋਡ ਵਿਚਲੇ ਮੈਦਾਨ ਵਿਚ ਸਾਈਕਲ ਖੜ੍ਹੀ ਕਰਕੇ ਅਧਿਆਪਕਾਂ ਵੱਲੋਂ ਦਿੱਤੇ ਕੰਮ ਦੀ ਤਿਆਰੀ ਕਰ ਰਿਹਾ ਸਾਂ। ਦੂਰ ਖੁੱਲ੍ਹੇ ਮੈਦਾਨ ਵਿਚ ਇਕ ਮੋਟਰ ਰੁਕੀ ਤੇ ਉਹਦੇ ਵਿਚੋਂ ਦੋ ਵਿਅਕਤੀ ਨਿਕਲ ਕੇ ਟਹਿਲਣ ਲੱਗੇ। ਇੱਕ ਉਚਾ ਲੰਮਾ ਸਰਦਾਰ ਤੇ ਦੂਜੀ ਟੇਢੀ ਟੋਪੀ ਵਾਲਾ ਹਿੰਦੂ। ਪਹਿਚਾਨਣ ਵਿਚ ਕੋਈ ਦੇਰ ਨਹੀਂ ਲੱਗੀ। ਕੈਬਨਿਟ ਮੰਤਰੀ ਸ.



ਸਵਰਨ ਸਿੰਘ ਤੇ ਪ੍ਰਧਾਨ ਮੰਤਰੀ ਨਹਿਰੂ ਸਨ। ਸਰਦਾਰ ਸਾਹਿਬ ਨੂੰ ਨਹਿਰੂ ਦੀ ਗੱਲ ਸੁਣਨ ਵਾਸਤੇ ਝੁਕਣਾ ਪੈਂਦਾ ਸੀ ਤੇ ਨਹਿਰੂ ਆਪਣਾ ਨੁਕਤਾ ਸਮਝਾਉਣ ਲਈ ਸਰਦਾਰ ਤੋਂ ਇਕ ਕਦਮ ਅੱਗੇ ਹੋ ਕੇ ਉਸ ਦੇ ਸਾਹਮਣੇ ਆ ਖਲੋਂਦਾ ਸੀ। ਕੀ ਗੱਲਾਂ ਕੀਤੀਆਂ, ਉਹ ਜਾਣਨ। ਪਲਾਂ-ਛਿਣਾਂ ਵਿਚ ਬੱਚੇ 'ਚਾਚਾ ਨਹਿਰੂ ਚਾਚਾ ਨਹਿਰੂ' ਕਰਕੇ ਓਧਰ ਨੂੰ ਭੱਜੇ ਪਰ ਸੰਗਦੇ-ਸੰਗਾਉਂਦੇ ਉਨ੍ਹਾਂ ਦੇ ਨੇੜੇ ਨਹੀਂ ਗਏ। ਮੈਂ ਵੀ ਉਨ੍ਹਾਂ ਵਿਚ ਸਾਂ। ਉਨ੍ਹਾਂ ਨਾਲ ਕੋਈ ਸੁਰੱਖਿਆ ਗਾਰਡ ਨਹੀਂ ਸੀ। ਸ਼ਾਇਦ ਮੋਟਰ ਦੇ ਉਹਲੇ ਕੋਈ ਹੋਵੇ ਤਾਂ ਕਹਿ ਨਹੀਂ ਸਕਦਾ। ਅਜੋਕੇ ਪ੍ਰਧਾਨ ਮੰਤਰੀ ਦੇ ਅੱਗੇ ਪਿੱਛੇ ਜਾਣ ਵਾਲੇ ਸੁਰੱਖਿਆ ਕਾਫਲੇ ਦੇ ਬਿਲਕੁਲ ਉਲਟ।

ਮੈਂ ਤੀਜੀ ਵਾਰ ਪੰਡਿਤ ਨਹਿਰੂ ਨੂੰ 27 ਮਈ 1964 ਵਾਲੇ ਦਿਨ ਵੇਖਿਆ। ਪਟਿਆਲਾ ਤੋਂ ਦਿੱਲੀ ਜਾ ਰਿਹਾ ਸਾਂ। ਅੰਬਾਲਾ ਤੋਂ ਟਿਕਟ ਚੈਕਰ ਚੜ੍ਹਿਆ ਤੇ ਪੰਜ ਕੁ ਮਿੰਟ ਕੰਡਕਟਰ ਨਾਲ ਉਚਾ-ਨੀਵਾਂ ਹੋ ਕੇ ਉਸ ਨੂੰ ਕਹਿਣ ਲੱਗਿਆ, 'ਤੁਹਾਨੂੰ ਨਹੀਂ ਪਤਾ ਪੰਡਿਤ ਨਹਿਰੂ ਦੀ ਡੈਥ ਹੋ ਗਈ ਹੈ।' ਸਵਾਰੀਆਂ ਉਹਦੇ ਮੂੰਹ ਵੱਲ ਵੇਖਣ ਲੱਗੀਆਂ। ਉਸ ਨੇ ਆਪਣੀ ਗੱਲ ਖੋਲ੍ਹ ਕੇ ਦੱਸੀ ਤਾਂ ਕੀ ਵੇਖਦਾ ਹਾਂ ਕਿ ਡਰਾਈਵਰ ਨੇ ਬੱਸ ਖੱਬੇ ਹੱਥ ਰੋਕ ਲਈ ਤੇ ਚੁੱਪ ਕਰਕੇ ਸਟੀਅਰਿੰਗ ਉਤੇ ਬੈਠਾ ਰਿਹਾ। ਉਸ ਦੇ ਇਸ ਅਮਲ ਨੂੰ ਵੇਖ ਕੇ ਬਾਕੀ ਸਵਾਰੀਆਂ ਵੀ ਚੁੱਪ ਕਰ ਗਈਆਂ। ਇਕ-ਦੋ ਮਿੰਟ ਮੌਨ ਧਾਰਨ ਉਪਰੰਤ ਡਰਾਈਵਰ ਨੇ ਬੱਸ ਮੁੜ ਸਟਾਰਟ ਕਰ ਲਈ। ਪੰਡਿਤ ਨਹਿਰੂ ਦੇ ਅਕਾਲ ਚਲਾਣੇ ਦੀ ਖਬਰ ਕਿਧਰੇ ਵਿਚ ਵਿਚਾਲੇ ਹੀ ਨਸ਼ਰ ਹੋਈ ਸੀ। ਸਵਾਰੀਆਂ ਪੰਡਿਤ ਨਹਿਰੂ ਦੀਆਂ ਗੱਲਾਂ ਕਰਨ ਲੱਗ ਪਈਆਂ। ਡਰਾਈਵਰ ਸਿੱਖ ਸੀ ਤੇ ਬਾਕੀ ਅਸਵਾਰ ਰਲੇ-ਮਿਲੇ।

ਜਦੋਂ ਤੱਕ ਬੱਸ ਪਿਪਲੀ ਪਹੁੰਚੀ ਤਾਂ ਪੰਡਿਤ ਨਹਿਰੂ ਦੀ ਮਾਤਮ ਪੁਰਸ਼ੀ ਕਰਨ ਵਾਲਿਆਂ ਦਾ ਵੱਡਾ ਜਲੂਸ ਜਰਨੈਲੀ ਸੜਕ ਉਤੇ ਤੁਰ ਰਿਹਾ ਸੀ। ਖੱਬੇ-ਸੱਜੇ ਦੀਆਂ ਦੁਕਾਨਾਂ ਬੰਦ ਸਨ ਤੇ ਜਲੂਸ ਵਿਚ ਲਾਗਦੇ ਪਿੰਡਾਂ ਦੇ ਹਰਿਆਣਵੀ ਹੁੱਕਿਆਂ ਸਮੇਤ ਨਾਲ ਤੁਰ ਰਹੇ ਸਨ। ਡਰਾਈਵਰ ਨੇ ਬੱਸ ਹੌਲੀ ਕਰ ਲਈ। ਲੋਕ ਰਸਤਾ ਦੇਣ ਨੂੰ ਤਿਆਰ ਨਹੀਂ ਸਨ। ਪਿੱਛੇ ਆ ਰਹੀਆਂ ਮੋਟਰ ਗੱਡੀਆਂ ਹਾਰਨ ਵਜਾਉਣ ਲੱਗੀਆਂ। ਸਾਡੀ ਬੱਸ ਦੇ ਡਰਾਈਵਰ ਨੇ ਵੀ ਹਾਰਨ ਵਜਾ ਦਿੱਤਾ ਪਰ ਉਸ ਨੇ ਬੱਸ ਰੋਕ ਲਈ। ਫੇਰ ਵੀ ਭੀੜ ਵਿਚਲੇ ਲੋਕ ਡਰਾਈਵਰ ਨੂੰ ਬੁਰਾ ਭਲਾ ਕਹਿਣ ਲੱਗ ਪਏ। ਮੈਂ ਪਿਛਲੀ ਸੀਟ ਤੋਂ ਵੇਖਿਆ ਕਿ ਭੀੜ ਦਾ ਕੋਈ ਮੈਂਬਰ ਡਰਾਈਵਰ ਨੂੰ ਉਸ ਦੀ ਸੀਟ ਤੋਂ ਥੱਲੇ ਖਿੱਚਦਾ ਹੋਇਆ ਕਹਿ ਰਿਹਾ ਸੀ, 'ਪੰਡਿਤ ਜੀ ਚਲਾਣਾ ਕਰ ਗਏ, ਤੂੰ ਹਾਰਨ ਵਜਾ ਰਿਹੈਂ।' ਅਸੀਂ ਸਾਰੇ ਆਪਣੇ ਡਰਾਈਵਰ ਦਾ ਪੰਡਿਤ ਨਹਿਰੂ ਪ੍ਰਤੀ ਸਤਿਕਾਰ ਵੇਖ ਚੁਕੇ ਸਾਂ। ਮੇਰੇ ਨਾਲ ਚਾਰ ਪੰਜ ਬੰਦੇ ਪਿਛਲੇ ਪਾਸਿਉਂ ਉਤਰ ਕੇ ਡਰਾਈਵਰ ਨੂੰ ਬਚਾਉਣ ਲਈ ਅੱਗੇ ਵਧੇ। ਕੀ ਵੇਖਦੇ ਹਾਂ ਕਿ ਉਸ ਨੂੰ ਬੁਰਾ ਭਲਾ ਕਹਿਣ ਵਾਲਿਆਂ ਵਿਚ ਸਭ ਤੋਂ ਅੱਗੇ ਇਕ ਸਿੱਖ ਸੀ। ਮੈਂ ਸੁੱਖ ਦਾ ਸਾਹ ਲਿਆ ਕਿ ਵੱਡੀ ਅਣਹੋਣੀ ਦੀ ਸੰਭਾਵਨਾ ਨਹੀਂ ਸੀ। ਸਾਡਾ ਡਰਾਈਵਰ ਵੀ ਸਿੱਖ ਸੀ। ਅਸੀਂ ਜਲੂਸ ਵਾਲਿਆਂ ਨੂੰ ਸਮਝਾਇਆ ਤਾਂ ਉਨ੍ਹਾਂ ਨੇ ਸਾਡੀ ਬੱਸ ਨੂੰ ਹੀ ਨਹੀਂ, ਬਾਕੀਆਂ ਨੂੰ ਵੀ ਲੰਘਣ ਲਈ ਰਾਹ ਦੇ ਦਿੱਤਾ।

ਮੈਂ ਆਪਣੇ ਘਰ ਦਿੱਲੀ ਪਹੁੰਚਿਆ ਤਾਂ ਮੇਰੇ ਕੋਲ ਦਿੱਲੀ ਰਹਿ ਕੇ ਪੜ੍ਹ ਰਹੀ ਮੇਰੀ ਭੈਣ ਬਲਵਿੰਦਰ ਕੌਰ ਉਦਾਸੀ ਵਿਚ ਰੇਡੀਓ ਲਾਈ ਬੈਠੀ ਸੀ। ਮੈਂ ਸ਼ਾਮ ਦਾ ਖਾਣਾ ਖਾਂਦੇ ਸਮੇਂ ਉਸ ਨੂੰ ਪੰਡਿਤ ਨਹਿਰੂ ਦੀਆਂ ਗੱਲਾਂ ਦੱਸਦਾ ਰਿਹਾ। ਅਗਲੇ ਦਿਨ ਮੈਂ ਤੇ ਬਲਵਿੰਦਰ ਜਮਨਾ ਕੰਢੇ ਉਸ ਥਾਂ ਗਏ ਜਿੱਥੇ ਨਹਿਰੂ ਦਾ ਸਸਕਾਰ ਕੀਤਾ ਗਿਆ ਸੀ। ਧੁੱਪ ਤੇਜ਼ ਸੀ ਪਰ ਆਲੇ-ਦੁਆਲੇ ਬਿਖਰੇ ਹੋਏ ਫੁੱਲਾਂ ਵਿਚ ਅਜੇ ਵੀ ਟਹਿਕ ਸੀ। ਬਲਵਿੰਦਰ ਨੇ ਕੁਝ ਫੁੱਲ ਚੁੱਕ ਕੇ ਆਪਣੀ ਚੁੰਨੀ ਦੇ ਲੜ ਵਿਚ ਲਪੇਟ ਲਏ। ਅੱਜ ਉਸ ਦਾ ਬੇਟਾ ਅਮਰਪ੍ਰੀਤ ਸਿੰਘ ਲਾਲੀ ਪੰਜਾਬ ਦੀ ਯੂਥ ਕਾਂਗਰਸ ਦਾ ਪ੍ਰਧਾਨ ਹੈ। ਕੀ ਉਸ ਦੀ ਇਹ ਪ੍ਰਾਪਤੀ ਉਸ ਦੀ ਮਾਂ ਵੱਲੋਂ ਸਾਂਭੇ ਫੁੱਲਾਂ ਦੀ ਦੇਣ ਤਾਂ ਨਹੀਂ?

28 ਮਈ 1964 ਦੇ ਸੂਰਜ ਦੀਆਂ ਕਿਰਨਾਂ ਵਿਚ ਕਿਸੇ 'ਛੀਂਬੇ ਸੱਪ ਦੇ ਡੰਗ ਵਰਗਾ' ਨਸ਼ਾ ਸੀ।

**ਅੰਤਿਕਾ: ਦਰਸ਼ਨ ਗਿੱਲ ਢੁੱਡੀਕੇ**

ਜ਼ਿੰਦਗੀ ਦਾ ਆ ਗਿਆ ਕੇਹਾ ਪੜਾਅ
ਦਿਸ ਰਿਹਾ ਨਾ ਸੁਝ ਰਿਹਾ ਕੋਈ ਵੀ ਰਾਹ।
ਸਾਥ ਤੇਰਾ ਸੀ ਤਾਂ ਸਭ ਕੁਝ ਸਾਥ ਸੀ
ਬਾਝ ਤੇਰੇ ਹੋ ਗਿਆ, ਸਭ ਕੁਝ ਸੁਆਹ।
ਲਖਸ਼ ਖੋ ਕੇ ਬੀਤਦੀ ਨਹੀਂ ਜ਼ਿੰਦਗੀ
ਆਸ ਦੇ ਹੁਣ ਆਖਰੀ ਬੁੱਲ੍ਹਾਂ 'ਤੇ ਸਾਹ।

# ਵਿਆਹ ਪਾਰਟੀ 'ਤੇ ਲੜਾਈ 'ਚ 10 ਵਿਅਕਤੀ ਜ਼ਖਮੀ

**ਫਰੀਮਾਂਟ (ਬਿਊਰੋ):** ਇਥੋਂ ਦੇ ਇਕ ਬੈਂਕੁਇਟ ਹਾਲ ਰਾਇਲ ਪੈਲੇਸ ਵਿਚ ਵਿਆਹ ਦੀ ਰਿਸੈਪਸ਼ਨ ਮੌਕੇ ਹੋਈ ਲੜਾਈ ਵਿਚ ਦਸ ਵਿਅਕਤੀ ਜ਼ਖਮੀ ਹੋ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬੀ ਵਿਆਹ ਦੀ ਵੱਡੀ ਪਾਰਟੀ ਦੌਰਾਨ ਕੁਝ ਵਿਅਕਤੀਆਂ ਵਿਚਾਲੇ ਤੂੰ-ਤੂੰ, ਮੈਂ-ਮੈਂ ਤੋਂ ਗੱਲ ਵਧਦੀ-ਵਧਦੀ ਪਾਰਕਿੰਗ ਲਾਟ ਵਿਚ ਖੂਨੀ ਲੜਾਈ ਦਾ ਰੂਪ ਧਾਰਨ ਕਰ ਗਈ।

ਸੂਤਰਾਂ ਅਨੁਸਾਰ ਪਿਛਲੇ ਦਿਨੀਂ ਹੋਈ ਇਸ ਵਿਆਹ ਪਾਰਟੀ ਵਿਚ ਕੁਝ ਲੋਕ ਡੀ.ਜੇ. 'ਤੇ ਨੱਚਣ ਨੂੰ ਲੈ ਕੇ ਹਾਲ ਵਿਚ ਧੱਕਾ ਮੁੱਕੀ ਹੋ ਗਏ। ਇਸ ਉਪਰੰਤ ਖਲਲ ਪਾਉਣ ਵਾਲੇ ਵਿਅਕਤੀਆਂ ਨੂੰ ਪਾਰਟੀ ਹਾਲ ਵਿਚੋਂ ਚਲੇ ਜਾਣ ਲਈ ਕਿਹਾ ਗਿਆ ਪਰ ਉਨ੍ਹਾਂ ਪਾਰਕਿੰਗ ਲਾਟ ਵਿਚ ਆਪਣੇ ਹੋਰ ਸਾਥੀਆਂ ਨੂੰ ਬੁਲਾ ਲਿਆ। ਜਦੋਂ ਪਾਰਟੀ ਖਤਮ ਹੋਣ ਪਿਛੋਂ ਲੋਕ ਘਰਾਂ ਨੂੰ ਜਾਣ ਲੱਗੇ ਤਾਂ ਕਥਿਤ ਤੌਰ 'ਤੇ ਉਨ੍ਹਾਂ ਕੁਝ ਮਹਿਮਾਨਾਂ 'ਤੇ ਹੱਲਾ ਬੋਲ ਦਿੱਤਾ। ਮੌਕੇ 'ਤੇ ਮੌਜੂਦ ਤਿੰਨ ਸਕਿਉਰਿਟੀ ਗਾਰਡ ਵੀ ਲੜਾਈ ਟਾਲਣ ਵਿਚ ਬੇਵੱਸ ਸਾਬਤ ਹੋਏ। ਪੁਲਿਸ ਅਨੁਸਾਰ ਇਸ ਲੜਾਈ ਵਿਚ 70 ਦੇ ਕਰੀਬ ਵਿਅਕਤੀ ਸ਼ਾਮਲ ਸਨ।

ਇਸ ਦੌਰਾਨ ਜ਼ਖਮੀ ਹੋਏ 10 ਵਿਅਕਤੀਆਂ ਵਿਚੋਂ ਚਾਰ ਜਾਣਿਆਂ ਦੀ ਹਾਲਤ ਗੰਭੀਰ ਦੱਸੀ ਗਈ ਹੈ। ਇਨ੍ਹਾਂ ਵਿਚੋਂ ਦੋ ਨੌਜਵਾਨਾਂ ਦੇ ਸਿਰ 'ਤੇ ਸਖਤ ਚੋਟਾਂ ਆਈਆਂ ਹਨ ਜਿਨ੍ਹਾਂ ਵਿਚੋਂ ਇੱਕ ਦਲਜੀਤ ਸਿੰਘ ਗਿੱਲ (ਘੋਲੀਆਂ) ਪਿਛਲੇ ਕਈ ਦਿਨਾਂ ਤੋਂ ਬੇਹੋਸ਼ ਹੈ। ਚਸ਼ਮਦੀਦ ਗਵਾਹਾਂ ਅਨੁਸਾਰ ਦਲਜੀਤ ਸਿੰਘ ਲੜਦਿਆਂ ਨੂੰ ਛੁਡਾਉਂਦਾ ਖੁਦ ਜ਼ਖਮੀ ਹੋ ਗਿਆ।

ਪੁਲਿਸ ਮੁਤਾਬਕ ਫਰੀਮਾਂਟ ਤੇ ਨਿਊਵਾਰਕ ਦੇ ਕਰੀਬ ਵੀਹ ਪੁਲਿਸ ਅਫਸਰਾਂ ਨੇ ਤਕੜੀ ਮੁਸ਼ੱਕਤ ਪਿਛੋਂ ਇਹ ਲੜਾਈ ਰੋਕੀ। ਇਸ ਦੌਰਾਨ ਉਨ੍ਹਾਂ ਇਕ ਕਾਰ ਕਬਜ਼ੇ ਵਿਚ ਲੈ ਕੇ ਇਸ ਵਿਚ ਸਵਾਰ ਮੁੱਖ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ ਜਿਨ੍ਹਾਂ ਵਿਚੋਂ ਇਕ ਵਿਰੁਧ ਮਿਜ਼ੌਰੀ ਸਟੇਟ ਵਿਚ ਪਹਿਲਾਂ ਹੀ ਕੇਸ ਦਰਜ ਹੈ। ਪੁਲਿਸ ਨੇ ਕੁਝ ਸ਼ੱਕੀ ਵਿਅਕਤੀਆਂ ਵਿਰੁਧ ਪਰਚੇ ਦਰਜ ਕੀਤੇ ਹਨ। ਪੁਲਿਸ ਇਸ ਕੇਸ ਦੀ ਤਫਤੀਸ਼ ਕਰ ਰਹੀ ਹੈ।

## ਵਿਆਹਾਂ ਸ਼ਾਦੀਆਂ 'ਚ ਜੁੱਤੀਓ ਜੁੱਤੀ ਹੋਣ ਨਾਲ ਸਮਾਜਿਕ ਪਛਾਣ ਨੂੰ ਵੀ ਵੱਜੇਗੀ ਸੱਟ-ਗਾਖਲ

**ਵਾਟਸਨਵਿੱਲ (ਬਿਊਰੋ):** ਕੈਲੀਫੋਰਨੀਆਂ ਦੇ ਇਕ ਸ਼ਹਿਰ ਵਿਚ ਵਿਆਹ ਮੌਕੇ ਮਹਿਮਾਨਾਂ ਵਲੋਂ ਕੀਤੀ ਗਈ ਲੜਾਈ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਕਿਸੇ ਸਿੱਖ ਦੇ ਵਿਆਹ ਵਿਚ ਸ਼ਾਮਿਲ ਮਹਿਮਾਨਾਂ ਦੀ ਕਿਸੇ ਗੱਲ 'ਤੇ ਹੋਈ ਤਕਰਾਰ ਇਕ ਵੱਡੀ ਲੜਾਈ ਵਿਚ ਤਬਦੀਲ ਹੋ ਗਈ ਜਿਸ ਨਾਲ ਪੰਜਾਬੀ ਸਮਾਜ ਦੇ ਵੱਕਾਰ ਨੂੰ ਵੱਡੀ ਸੱਟ ਵੱਜੀ ਹੈ।

ਇਸ ਘਟਨਾ 'ਤੇ ਟਿੱਪਣੀ ਕਰਦਿਆਂ ਉਘੇ ਬਿਜਨਸਮੈਨ, ਖੇਡ ਪ੍ਰਮੋਟਰ ਅਤੇ ਜੀ.ਬੀ. ਐਂਟਰਟੇਨਮੈਂਟ ਦੇ ਮਾਲਕ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਪੰਜਾਬੀ ਸਮਾਜ ਵਿਚ ਇਹ ਗੱਲ ਪ੍ਰਚੱਲਿਤ ਹੈ ਕਿ 'ਘਰ ਆਏ ਵੈਰੀ ਨੂੰ ਵੀ ਹੱਸ ਕੇ ਬੁਲਾਈਦਾ ਅਤੇ ਕਿਸੇ ਦੇ ਘਰ ਜਾ ਕੇ ਕਦੇ ਵੀ ਖੌਰੂ ਨਹੀਂ ਪਾਈਦਾ' ਪਰ ਸਾਡਾ ਸਮਾਜ ਬਜ਼ੁਰਗਾਂ ਦੀਆਂ ਸਿੱਖਿਆਵਾਂ ਨੂੰ ਭੁੱਲਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਤਹੱਈਆ ਕੀਤਾ ਜਾਵੇ ਕਿ ਕਲੇਸ਼ੀ ਵਿਅਕਤੀਆਂ ਦਾ ਵਿਆਹਾਂ ਸ਼ਾਦੀਆਂ ਦੇ ਸਮਾਗਮਾਂ ਲਈ ਬਾਈਕਾਟ ਕੀਤਾ ਜਾਵੇ ਤਾਂ ਜੋ ਪੰਜਾਬ ਦੇ ਸੁਨਹਿਰੇ ਸੱਭਿਆਚਾਰ ਨੂੰ ਕਲੰਕਿਤ ਕਰਨ ਦਾ ਕਿਸੇ ਨੂੰ ਮੌਕਾ ਨਾ ਮਿਲੇ।

ਸ. ਗਾਖਲ ਨੇ ਅਕਾਲ ਪੁਰਖ ਅੱਗੇ ਅਰਦਾਸ ਕਰਦਿਆਂ ਕਿਹਾ ਕਿ ਪਰਮਾਤਮਾ ਪੰਜਾਬੀਆਂ ਨੂੰ ਮਤ ਨੀਵੀਂ ਮਨ ਉਚਾ ਰੱਖਣ ਦਾ ਬਲ ਬਖਸ਼ੇ ਅਤੇ ਸੋਝੀ ਬਖਸ਼ੇ ਕਿ ਉਹ ਵਿਦੇਸ਼ਾਂ ਵਿਚ ਵਸ ਕੇ ਸਿੱਖੀ ਅਤੇ ਪੰਜਾਬੀਅਤ ਦੀ ਪਛਾਣ ਨੂੰ ਹੋਰ ਉਚਾ ਕਰਨ ਨਾ ਕਿ ਇਹੋ ਜਿਹੇ ਕਾਰਿਆਂ ਨਾਲ ਢਾਹ ਲਾਉਣ।

# ਵਿਪਸਾਅ ਵਲੋਂ ਚੋਣਵੇਂ ਲੇਖਕਾਂ ਦੀਆਂ ਰਚਨਾਵਾਂ ਦੀ ਕਿਤਾਬ ਸੰਪਾਦਿਤ ਕਰਨ ਦਾ ਫੈਸਲਾ

**ਫਰੀਮਾਂਟ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾਅ) ਦੀ ਬੇਏਰੀਆ ਇਕਾਈ ਨੇ ਲੰਘੇ ਸਨਿਚਰਵਾਰ ਇਕ ਮੀਟਿੰਗ ਦੌਰਾਨ ਚੋਣਵੇਂ ਲੇਖਕਾਂ ਦੀਆਂ ਰਚਨਾਵਾਂ ਦੀ ਇਕ



ਕਿਤਾਬ ਸੰਪਾਦਿਤ ਕਰਨ ਦਾ ਫੈਸਲਾ ਲਿਆ ਹੈ ਜਿਸ ਲਈ ਇਕ ਸੰਪਾਦਕੀ ਮੰਡਲ ਜਲਦ ਸਥਾਪਿਤ ਕੀਤਾ ਜਾਵੇਗਾ।

ਇਹ ਵੀ ਫੈਸਲਾ ਲਿਆ ਗਿਆ ਕਿ ਲੇਖਕਾਂ ਨਾਲ ਰੂਬਰੂ ਦਾ ਸਿਲਸਿਲਾ ਮੁੜ ਅਰੰਭ ਕੀਤਾ ਜਾਵੇਗਾ ਅਤੇ ਨਵੇਂ ਮੈਂਬਰਾਂ ਨੂੰ ਸ਼ਾਮਿਲ ਕਰਨ ਵਾਸਤੇ ਕਾਰਜਕਾਰਨੀ ਦੀ ਮਨਜ਼ੂਰੀ ਲੈਣੀ ਜਰੂਰੀ ਹੋਵੇਗੀ। ਸੰਗੀਤਕਾਰ ਦੋਸਤਾਂ ਨੂੰ ਵਿਸ਼ੇਸ਼ ਅਹਿਮੀਅਤ ਦਿਤੀ ਜਾਵੇਗੀ।

ਵਿਪਸਾਅ (ਬੇ-ਏਰੀਆ ਇਕਾਈ) ਦੇ ਸੰਵਿਧਾਨ ਉਤੇ ਵਿਚਾਰ-ਚਰਚਾ ਕੀਤੀ ਗਈ। ਜਨਰਲ ਸਕੱਤਰ ਕੁਲਵਿੰਦਰ ਨੇ ਸਵਿੰਧਾਨ ਦੀਆਂ ਸਾਰੀਆਂ ਧਾਰਾਵਾਂ ਪੜ੍ਹ ਕੇ ਸੁਣਾਈਆਂ ਜਿਸ ਉਤੇ ਸਾਰੇ ਮੈਂਬਰਾਂ ਨੇ ਆਪਣੀ ਸਲਾਹ ਦਿਤੀ। ਨੀਲਮ ਸੈਣੀ ਦੀ ਕਹਾਣੀ 'ਬੈਸਟ ਮਦਰ'ਜ਼ ਡੇਅ' ਉਪਰ ਵਿਚਾਰ-ਚਰਚਾ ਕੀਤੀ ਗਈ ਜਿਸ ਵਿਚ ਸੁਰਿੰਦਰ ਸਿੰਘ ਸੀਰਤ, ਕਮਲ ਦੇਵ ਪਾਲ ਅਤੇ ਸੁਖਵਿੰਦਰ ਕੰਬੋਜ ਨੇ ਆਪਣੇ ਸੁਝਾਅ ਦਿਤੇ।

ਇਸ ਮੌਕੇ ਹੋਏ ਕਵੀ ਦਰਬਾਰ ਵਿਚ ਰੇਸ਼ਮ ਸਿੱਧੂ, ਪੰਕਜ ਪ੍ਰੀਤ ਸਿੰਘ, ਕੁੰਦਨ ਲਾਲ, ਕੁਲਵਿੰਦਰ, ਕਮਲ ਦੇਵ ਪਾਲ, ਸੁਰਿੰਦਰ ਸੀਰਤ, ਸੁਖਦੇਵ ਸਾਹਿਲ ਅਤੇ ਸੁਖਵਿੰਦਰ ਕੰਬੋਜ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਸਟੇਜ ਦੀ ਕਾਰਵਾਈ ਕੁਲਵਿੰਦਰ ਨੇ ਨਿਭਾਈ।

ਪ੍ਰਧਾਨ ਸੁਖਵਿੰਦਰ ਕੰਬੋਜ ਅਨੁਸਾਰ ਪੰਕਜ ਪ੍ਰੀਤ ਸਿੰਘ ਨੂੰ ਸ਼ੋਸ਼ਲ ਮੀਡੀਆ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ ਅਤੇ ਅਗਲੀ ਮੀਟਿੰਗ ਵਿਚ ਸੁਰਿੰਦਰ ਸੀਰਤ ਦੀ ਕਹਾਣੀ ਉਤੇ ਚਰਚਾ ਕੀਤੀ ਜਾਵੇਗੀ।

# ਪੰਜਾਬੀ ਕਲਚਰਲ ਐਸੋਸੀਏਸ਼ਨ ਦਾ ਸਭਿਆਚਾਰਕ ਮੇਲਾ 28 ਨੂੰ

**ਫਰਿਜ਼ਨੋ (ਨੀਟਾ ਮਾਛੀਕੇ):** ਸਥਾਨਕ ਸੰਸਥਾ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ.ਸੀ.ਏ.) ਦਾ ਸਭਿਆਚਾਰਕ ਮੇਲਾ ਆਉਂਦੀ 28 ਮਈ ਨੂੰ ਇਥੇ ਵੁਡਵਰਡ ਪਾਰਕ ਵਿਖੇ ਦੁਪਹਿਰ ਇੱਕ ਵਜੇ ਤੋਂ ਦੇਰ ਸ਼ਾਮ ਤੱਕ ਹੋਵੇਗਾ। ਮੇਲੇ ਵਿਚ ਗਿੱਧੇ-ਭੰਗੜੇ ਦੀਆਂ ਟੀਮਾਂ ਆਪਣੀ ਕਲਾ ਦੇ ਜੌਹਰ ਵਿਖਾਉਣਗੀਆਂ ਅਤੇ ਗਾਇਕ ਰੌਸ਼ਨ ਪ੍ਰਿੰਸ, ਮਿਸ ਪੂਜਾ ਤੇ ਹਰਮਨਦੀਪ ਗਾਇਕੀ ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰਨਗੇ।

ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਮੇਲੇ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਦਾਖਲਾ ਮੁਫਤ ਹੋਵੇਗਾ। ਸਕਿਉਰਿਟੀ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਹਰ ਤਰ੍ਹਾਂ ਦੇ ਨਸ਼ੇ 'ਤੇ ਪੂਰਨ ਪਾਬੰਦੀ ਰਹੇਗੀ। ਸਟੇਜ ਸੰਚਾਲਨ ਰੂਬੀ ਸਰਾਂ ਤੇ ਮਿੱਕੀ ਸਰਾਂ ਕਰਨਗੇ। ਹੋਰ ਜਾਣਕਾਰੀ ਲਈ ਮਿੱਕੀ ਸਰਾਂ ਨਾਲ ਫੋਨ: 408-966-7019 ਜਾਂ ਜਗਰੂਪ ਭੰਡਾਲ ਫੋਨ: 559-917-9608 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



# ਪਰਵਾਸੀ ਪੰਜਾਬੀ ਸਾਹਿਤ ਸੰਮੇਲਨ ਸਟਾਕਟਨ ਵਿਚ 20 ਅਗਸਤ ਨੂੰ

**ਸਟਾਕਟਨ (ਬਿਊਰੋ):** ਪਰਵਾਸੀ ਪੰਜਾਬੀ ਸਾਹਿਤ ਬਾਰੇ ਇਕ ਸੰਮੇਲਨ ਆਉਂਦੀ 20 ਅਗਸਤ ਨੂੰ ਸਟਾਕਟਨ ਵਿਚ ਕਰਵਾਇਆ ਜਾਵੇਗਾ। ਇਸ ਸਬੰਧੀ ਫੈਸਲਾ ਬੀਤੇ ਸਨਿਚਰਵਾਰ ਲੈਥਰੋਪ ਦੇ ਸੇਵਾ ਸਦਨ ਹਾਲ ਵਿਚ ਹੋਈ ਪੰਜਾਬੀ ਸਾਹਿਤ ਸਭਾ ਸਟਾਕਟਨ ਅਤੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇ-ਏਰੀਆ) ਦੇ ਪ੍ਰਤੀਨਿਧਾਂ ਦੀ ਇਕ ਸਾਂਝੀ ਬੈਠਕ ਵਿਚ ਲਿਆ ਗਿਆ। ਇਹ ਸੰਮੇਲਨ ਪੰਜਾਬੀ ਲੋਕ ਕਵੀਆਂ



*(ਖੱਬਿਓਂ) ਤਾਰਾ ਸਿੰਘ ਸਾਗਰ, ਕੁਲਵਿੰਦਰ, ਪ੍ਰੋ. ਹਰਭਜਨ ਸਿੰਘ, ਰੁਪਿੰਦਰ ਗਿਰੀ, ਗੁਰਪ੍ਰੀਤ ਕੌਰ, ਹਰਨੇਕ ਸਿੰਘ, ਸੁਖਵਿੰਦਰ ਕੰਬੋਜ ਅਤੇ ਹਰਜਿੰਦਰ ਪੰਧੇਰ*

ਲਾਲ ਸਿੰਘ ਦਿਲ ਅਤੇ ਗੁਰਦਾਸ ਰਾਮ ਆਲਮ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਨੇ ਲੋਕ ਰਾਹਾਂ ਨੂੰ ਰੁਸ਼ਨਾਉਣ ਹਿੱਤ ਪੰਜਾਬੀ ਸਾਹਿਤ ਨੂੰ ਜੁਝਾਰੂ ਸ਼ਬਦ ਰਤਨਾਂ ਨਾਲ ਜ਼ਰਖੇਜ਼ ਕੀਤਾ।

ਇਸ ਬੈਠਕ ਵਿਚ ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਹਰਜਿੰਦਰ ਪੰਧੇਰ, ਪ੍ਰੋ. ਹਰਭਜਨ ਸਿੰਘ, ਮਨਦੀਪ ਗੋਰਾ, ਹਰਨੇਕ ਸਿੰਘ, ਤਾਰਾ ਸਾਗਰ, ਗੁਰਪ੍ਰੀਤ ਕੌਰ ਤੇ ਰੁਪਿੰਦਰ ਗਿਰੀ ਅਤੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇ-ਏਰੀਆ) ਵੱਲੋਂ ਸੁਖਵਿੰਦਰ ਕੰਬੋਜ ਤੇ ਕੁਲਵਿੰਦਰ ਸ਼ਾਮਲ ਹੋਏ। ਪੰਜਾਬੀ ਗੀਤਕਾਰੀ ਮੰਚ, ਕੈਲੀਫੋਰਨੀਆ ਵੱਲੋਂ ਮੱਖਣ ਲੁਹਾਰ ਨੇ ਫੋਨ ਰਾਹੀਂ ਇਸ ਸੰਮੇਲਨ ਵਿਚ ਸ਼ਮੂਲੀਅਤ ਕਰਨ ਅਤੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਪ੍ਰਤੀ ਸਹਿਮਤੀ ਪ੍ਰਗਟਾਈ।

ਇਸ ਬੈਠਕ ਵਿਚ ਜੋ ਫੈਸਲੇ ਸਰਬਸੰਮਤੀ ਨਾਲ ਲਏ ਗਏ, ਉਨ੍ਹਾਂ ਵਿਚ ਦਰਸ਼ਨ ਬੁਲੰਦਵੀ, ਕੁਲਵੰਤ ਕੌਰ ਢਿੱਲੋਂ ਤੇ ਅਜ਼ੀਮ ਸ਼ੇਖਰ ਦੁਆਰਾ ਸੰਪਾਦਿਤ ਅਤੇ ਪ੍ਰਕਾਸ਼ਿਤ 'ਪਰਵਾਸੀ ਪੰਜਾਬੀ ਕਾਵਿ ਸੰਗ੍ਰਿਹ: ਵਰਤਮਾਨ ਦੇ ਆਰ-ਪਾਰ'; ਪ੍ਰੋ. ਹਰਭਜਨ ਸਿੰਘ ਦਾ ਕਹਾਣੀ ਸੰਗ੍ਰਿਹ 'ਰੂਹ 'ਤੇ ਉਕਰੇ ਚਿੱਤਰ' ਅਤੇ ਕੁਲਵਿੰਦਰ ਦੀ ਗਜ਼ਲ ਐਲਬਮ 'ਸੰਦਲੀ ਆਥਣ' ਨੂੰ ਲੋਕ ਸਮਰਪਿਤ ਕਰਨਾ ਵੀ ਸ਼ਾਮਲ ਹੈ। ਡਾ. ਜਸਵਿੰਦਰ ਸਿੰਘ ਨੂੰ 'ਪਰਵਾਸੀ ਪੰਜਾਬੀ ਕਾਵਿ ਸੰਗ੍ਰਿਹ: ਵਰਤਮਾਨ ਦੇ ਆਰ-ਪਾਰ' ਬਾਰੇ ਆਪਣਾ ਖੋਜ ਪੇਪਰ ਪੇਸ਼ ਕਰਨ ਅਤੇ ਡਾ. ਧਨਵੰਤ ਕੌਰ ਨੂੰ 'ਰੂਹ 'ਤੇ ਉਕਰੇ ਚਿੱਤਰ' ਕਹਾਣੀ ਸੰਗ੍ਰਿਹ ਬਾਰੇ ਆਪਣਾ ਖੋਜ ਪੇਪਰ ਪੜ੍ਹਨ ਲਈ ਸੱਦਾ ਪੱਤਰ ਭੇਜੇ ਜਾਣਗੇ। ਇਸ ਤੋਂ ਇਲਾਵਾ ਇੰਗਲੈਂਡ ਤੋਂ ਦਰਸ਼ਨ ਬੁਲੰਦਵੀ ਨੂੰ ਵਿਸ਼ੇਸ਼ ਮਹਿਮਾਨ ਵਜੋਂ ਅਤੇ ਕੈਨੇਡਾ ਤੋਂ ਅਮਰਜੀਤ ਚਾਹਲ ਤੇ ਗੁਰਮੀਤ ਪਨਾਗ ਨੂੰ ਮਹਿਮਾਨ ਕਹਾਣੀਕਾਰਾਂ ਵਜੋਂ ਬੁਲਾਉਣ ਦਾ ਫੈਸਾਲ ਕੀਤਾ ਗਿਆ। ਇਸ ਸੰਮੇਲਨ ਦੇ ਤਿੰਨ ਸੈਸ਼ਨ ਹੋਣਗੇ। ਪਹਿਲਾ ਸੈਸ਼ਨ ਪੁਸਤਕ ਰਿਲੀਜ਼ ਤੇ ਪੇਪਰ ਰੀਡਿੰਗ, ਦੂਜਾ ਕਹਾਣੀ ਦਰਬਾਰ ਅਤੇ ਤੀਸਰਾ ਕਵੀ ਦਰਬਾਰ। ਦੂਜੇ ਅਤੇ ਤੀਜੇ ਸੈਸ਼ਨ ਵਿਚ ਹਾਜ਼ਰ ਕਹਾਣੀਕਾਰ ਅਤੇ ਸ਼ਾਇਰ ਆਪਣੀਆਂ ਅਣਛਪੀਆਂ ਰਚਨਾਵਾਂ ਪੜ੍ਹਨਗੇ। ਪ੍ਰੋ. ਹਰਭਜਨ ਸਿੰਘ ਵੱਲੋਂ ਨਵ-ਪ੍ਰਕਾਸ਼ਿਤ ਪੰਜਾਬੀ ਕਿਤਾਬਾਂ ਅਤੇ ਕੁਲਵਿੰਦਰ ਦੀ ਐਲਬਮ ਦੀ ਸੇਲ ਲਾਈ ਜਾਵੇਗੀ।

ਪੰਜਾਬੀ ਸਾਹਿਤ ਸਭਾ ਸਟਾਕਟਨ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇ-ਏਰੀਆ) ਅਤੇ ਪੰਜਾਬੀ ਗੀਤਕਾਰੀ ਮੰਚ ਕੈਲੀਫੋਰਨੀਆ ਵਲੋਂ ਜਾਰੀ ਇਕ ਸਾਂਝੇ ਬਿਆਨ ਅਨੁਸਾਰ ਸਮਾਗਮ 20 ਅਗਸਤ (ਐਤਵਾਰ) ਨੂੰ ਰਾਇਲ ਇੰਡੀਅਨ ਕੁਜ਼ੀਨ (7610 ਪੈਸੇਫਿਕ ਐਵਨਿਊ, ਸਟਾਕਟਨ, ਕੈਲੀਫੋਰਨੀਆ 95209) ਦੇ ਬੈਂਕੁਇਟ ਹਾਲ ਵਿਚ ਸਵੇਰੇ ਦਸ ਵਜੇ ਤੋਂ ਸ਼ਾਮ ਛੇ ਵਜੇ ਤੱਕ ਚਲੇਗਾ।

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.

Minneapolis , MN 55426

# ਤਿੰਨ ਰੋਜ਼ਾ ਦੁੱਖ ਨਿਵਾਰਨ ਕੈਂਪ

## 2, 3 ਅਤੇ 4 ਜੂਨ 2017

*ਦੁਪਹਿਰ 3 ਵਜੇ ਤੋਂ ਸ਼ਾਮ 7 ਵਜੇ ਤੱਕ*

ਗੁਰਬਾਣੀ ਸ਼ਬਦਾਂ ਦੇ ਜਾਪ ਰਾਹੀਂ ਰੋਗ ਅਤੇ ਦੁੱਖ ਦੂਰ ਲਈ ਕੈਂਪ ਲੱਗੇਗਾ। ਸਮੂਹ ਸੰਗਤ ਨੂੰ ਖੁੱਲ੍ਹਾ ਸੱਦਾ ਹੈ ਕਿ ਆਓ ਅਤੇ ਗੁਰਬਾਣੀ ਸ਼ਬਦਾਂ ਦਾ ਜਾਪ ਕਰਕੇ ਆਪਣੇ ਦੁੱਖਾਂ-ਰੋਗਾਂ ਤੋਂ ਛੁਟਕਾਰਾ ਪਾਓ।

*ਇਸ ਕੈਂਪ ਵਿਚ ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ ਹਾਜ਼ਰ ਹੋਣਗੇ।*



*ਭਾਈ ਹਰਦਿਆਲ ਸਿੰਘ ਸੇਵਾ ਮੁਕਤ ਆਈ.ਏ.ਐਸ.*

ਸ਼ਬਦ ਜਾਪ ਅਤੇ ਵਿਚਾਰ
3 ਤੋਂ 4:45 ਵਜੇ ਤੱਕ
ਚਾਹ-ਪਾਣੀ ਤੇ ਲੰਗਰ
4:45 ਤੋਂ 5:15 ਵਜੇ ਤੱਕ
ਸ਼ਬਦ ਜਾਪ, ਵਿਚਾਰ ਤੇ ਸਵਾਲ-ਜਵਾਬ
5:15 ਤੋਂ 7 ਵਜੇ ਤੱਕ



*ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ*

*ਹੋਰ ਜਾਣਕਾਰੀ ਲਈ ਸੰਪਰਕ ਕਰੋ*

ਸੁਖਜਿੰਦਰ ਸਿੰਘ ਗਿੱਲ, ਫੋਨ: 510-224-6630
ਰਾਮ ਸਿੰਘ ਮਠਾੜੂ, ਫੋਨ: 707-365-1368
ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ, ਫੋਨ: 646-464-1818

## Guru Nanak Sikh Temple, Fairfield

**2948 Rockville Road, Fairfield, CA 94534**

*Camp organized by Servants of Humanity Inc.*

# Gill Financial & Insurance Services

31080 Union City Blvd# 201, Union City, CA 94587

## Insurance

*Auto *Home *Business *Life
*OBAMACARE Health Insurance

**Save up to 25%**

*ਆਟੋ *ਹੋਮ
*ਬਿਜਨਸ *ਲਾਈਫ
*ਓਬਾਮਾਕੇਅਰ
ਹੈਲਥ ਇੰਸ਼ੋਰੈਂਸ

## Now Hiring

*Insurance Agents
*Customer Service
Managers
*(Salary+Bonus)*



Manjit Gill
CA Ins Lic#OB23990

**Call Manjit Gill, Ph: 510-888-1180**

# Anu Attorney
## Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

### US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

### FAMILY LAW *(Only In WA)*

*Divorce *Annulment
*International Custody

### INCORPORATIONS *(Only In WA)*

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

# HIGH QUALITY PICTURE

## HD TVI, SDI, IP



**We install anywhere in California**

NEW TREND IN SECURITY SYSTEM
ULTRA HIGH DEFINITION
MOTORIZED LENS

Call Sukhpal for your next security solution purchase

**2 YEAR WARRANTY**



Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net

# ਵਿਆਹ ਲਈ ਨਸਲ ਜਾਂ ਧਰਮ ਨੂੰ ਰੋੜਾ ਨਹੀਂ ਬਣਨ ਦਿੰਦੇ ਅਮਰੀਕੀ

**ਅੰਤਰਜਾਤੀ ਵਿਆਹ ਵਾਲੇ ਦੇਸ਼**

| | |
|---|---|
| ਆਸਟਰੇਲੀਆ | 43 ਫੀਸਦੀ |
| ਬ੍ਰਿਟੇਨ | 35 ਫੀਸਦੀ |
| ਅਮਰੀਕਾ | 17 ਫੀਸਦੀ |
| ਰੂਸ | 14 ਫੀਸਦੀ |
| ਭਾਰਤ | 05 ਫੀਸਦੀ |



**ਨਿਊ ਯਾਰਕ:** ਅਮਰੀਕਾ ਵਿਚ ਪੁਰਸ਼ ਤੇ ਮਹਿਲਾਵਾਂ ਆਪਣਾ ਜੀਵਨ ਸਾਥੀ ਚੁਣਨ ਲਈ ਨਸਲ ਜਾਂ ਧਰਮ ਨਹੀਂ ਵੇਖਦੇ। ਹਰ 6 ਵਿਚੋਂ ਇਕ ਵਿਆਹ ਦੂਜੇ ਧਰਮ/ਜਾਤੀ ਵਿਚ ਹੁੰਦਾ ਹੈ। 2015 ਵਿਚ 50 ਸਾਲ ਵਿਚ ਸਭ ਤੋਂ ਜ਼ਿਆਦਾ 17 ਫੀਸਦੀ ਲੋਕਾਂ ਨੇ ਹੋਰ ਜਾਤ ਵਿਚ ਵਿਆਹ ਕਰਵਾਇਆ। 1980 ਵਿਚ ਸ਼ਵੇਤਾਂ ਵਿਚ ਵਿਆਹ ਕਰਨ ਦੀ ਫੀਸਦੀ 5 ਸੀ, ਇਹ ਹੁਣ ਵਧ ਕੇ 18 ਹੋ ਗਈ ਹੈ। ਉਥੇ ਸ਼ਵੇਤਾਂ ਦੀ ਗਿਣਤੀ 4 ਤੋਂ 18 ਫੀਸਦੀ ਹੋ ਗਈ ਹੈ। ਇਹ ਰਿਪੋਰਟ ਪਿਊ ਰਿਸਰਚ ਏਜੰਸੀ ਨੇ ਜਾਰੀ ਕੀਤੀ ਹੈ।


ਦੱਸਣਯੋਗ ਹੈ ਕਿ ਅਮਰੀਕਾ ਸੁਪਰੀਮ ਕੋਰਟ ਨੇ 1967 'ਚ ਲੋਕਾਂ ਨੂੰ ਇੰਟਰ ਕਾਸਟ ਮੈਰਿਜ ਦੀ ਇਜਾਜ਼ਤ ਦੇ ਦਿੱਤੀ ਸੀ। ਅੰਤਰਜਾਤੀ ਵਿਆਹ ਸਭ ਤੋਂ ਜ਼ਿਆਦਾ ਏਸ਼ੀਅਨ ਤੇ ਸਪੈਨਿਸ਼ ਮੂਲ ਦੇ ਲੋਕ ਪਸੰਦ ਕਰ ਰਹੇ ਹਨ।

2015 ਵਿਚ 30 ਫੀਸਦੀ ਏਸ਼ੀਅਨ ਤੇ 27 ਫੀਸਦੀ ਸਪੈਨਿਸ਼ ਨੇ ਹੋਰ ਜਾਤਾਂ ਵਿਚ ਵਿਆਹ ਕਰਵਾਏ। ਪਿਊ ਏਜੰਸੀ ਦੇ ਸੀਨੀਅਰ ਖੋਜਕਾਰ ਗ੍ਰੇਟਚੈਨ ਲਿਵਿੰਗਸਟਨ ਮੁਤਾਬਕ ਸ਼ਵੇਤ ਜ਼ਿਆਦਾ ਅੰਤਰਜਾਤੀ ਵਿਆਹ ਕਰ ਰਹੇ ਹਨ। ਕਿਉਂ ਕਿ ਉਨ੍ਹਾਂ ਦੀ ਸੰਖਿਆ ਕਾਫੀ ਜ਼ਿਆਦਾ ਹੈ। ਇਸ ਲਈ ਉਹ ਆਪਸ ਵਿਚ ਸਾਥੀ ਅਸਾਨੀ ਨਾਲ ਲੱਭ ਲੈਂਦੇ ਹਨ।

ਲਿਵਿੰਗਸਟਨ ਕਹਿੰਦੀ ਹੈ ਜੇ ਤੁਸੀਂ ਉਸ ਜਗ੍ਹਾ ਰਹਿੰਦੇ ਹੋ ਜਿਥੇ 85 ਫੀਸਦੀ ਵਿਆਹ ਮਾਰਕਿਟ ਸ਼ਵੇਤ ਹੈ, ਤੇ ਤੁਸੀਂ ਵੀ ਸ਼ਵੇਤ ਹੋ ਤਾਂ ਉਸ ਦੀ ਸੰਭਾਵਨਾ ਕਾਫੀ ਘੱਟ ਹੋ ਜਾਂਦੀ ਹੈ ਕਿ ਤੁਹਾਨੂੰ ਸ਼ਵੇਤ ਪਾਟਨਰ ਨਾ ਮਿਲੇ। ਅਮਰੀਕਾ ਵਿਚ ਅੰਤਰ ਵਿਆਹ ਉਨ੍ਹਾਂ ਰਾਜਾਂ ਵਿਚ ਜ਼ਿਆਦਾ ਹੋ ਰਹੇ ਹਨ, ਜਿਥੇ ਘੱਟ ਗਿਣਤੀ ਘੱਟ ਹਨ। ਮਰਦ ਔਰਤ ਤੇ ਹਿਸਾਬ ਨਾਲ ਵੇਖਿਆ ਜਾਵੇ ਤਾਂ 24 ਫੀਸਦੀ ਨੌਜਵਾਨਾਂ ਨੇ ਦੂਜੇ ਧਰਮ ਜਾਂ ਨਸਲ ਦੀਆਂ ਮੁਟਿਆਰਾਂ ਨੂੰ ਸਾਥੀ ਬਣਾਉਣਾ ਪਸੰਦ ਕੀਤਾ ਜਦ ਕਿ ਸਿਰਫ 12 ਫੀਸਦੀ ਮੁਟਿਆਰਾਂ ਨੇ ਦੂਜੇ ਧਰਮ ਤੇ ਨਸਲ ਦੇ ਪੁਰਸ਼ਾਂ ਨੂੰ ਸਾਥੀ ਬਣਾਉਣਾ ਪਸੰਦ ਕੀਤਾ। ਉਥੇ ਹੀ 3 ਫੀਸਦੀ ਏਸ਼ੀਅਨ ਮੁਟਿਆਰਾਂ ਨੇ ਹੋਰ ਧਰਮ ਤੇ ਨਸਲ ਦੇ ਨੌਜਵਾਨਾਂ ਨੂੰ ਸਾਥੀ ਬਣਾਉਣਾ ਪਸੰਦ ਕੀਤਾ। ਜਦ ਕਿ ਨੌਜਵਾਨਾਂ ਦੀ ਔਸਤ 21 ਫੀਸਦੀ ਰਿਹਾ। ਇਸ ਦਾ ਕਾਰਨ ਲੋਕਾਂ ਦੇ ਨਜ਼ਰੀਏ ਵਿਚ ਬਦਲਾਅ ਨੂੰ ਦੱਸਿਆ ਗਿਆ ਹੈ।

## ਭਾਰਤ ਵਿਚ 5 ਫੀਸਦੀ ਅੰਤਰਜਾਤੀ ਵਿਆਹ

**ਨਵੀਂ ਦਿੱਲੀ:** ਨੈਸ਼ਨਲ ਕਾਊਂਸਲਿੰਗ ਆਫ ਅਪਲਾਈਡ ਇਕਨਾਮਿਕਸ ਰਿਸਰਚ ਦੀ ਰਿਪੋਰਟ ਮੁਤਾਬਕ ਭਾਰਤ ਵਿਚ ਤਕਰੀਬਨ 95% ਲੋਕ ਆਪਣੀ ਜਾਤੀ/ਧਰਮ ਵਿਚ ਵਿਆਹ ਕਰ ਰਹੇ ਹਨ। ਸਭ ਤੋਂ ਜ਼ਿਆਦਾ 55 ਫੀਸਦੀ ਮਿਜ਼ੋਰਮ ਵਿਚ ਵਿਚੋਂ ਅੰਤਰਜਾਤੀ ਵਿਆਹ ਕਰ ਰਹੇ ਹਨ। ਦੂਜੇ ਨੰਬਰ 'ਤੇ ਮੇਘਾਲਿਆ 46 ਫੀਸਦੀ ਤੇ ਤੀਜੇ ਨੰਬਰ ਉਤੇ ਸਿੱਕਮ 38 ਫੀਸਦੀ ਹੈ। ਕਸ਼ਮੀਰ ਵਿਚ 35 ਫੀਸਦੀ ਤੇ ਗੁਜਰਾਤ ਵਿਚ 13 ਫੀਸਦੀ ਅੰਤਰਜਾਤੀ ਵਿਆਹ ਹੁੰਦੇ ਹਨ। ਮੱਧ ਪ੍ਰਦੇਸ਼ ਵਿਚ 99 ਫੀਸਦੀ ਵਿਆਹ ਆਪਣੇ ਹੀ ਧਰਮ ਵਿਚ ਹੋ ਰਹੇ ਹਨ।



# ਫੇਰਿਆਂ ਤੋਂ ਲਾੜਾ ਚੁੱਕਣ ਵਾਲੀ ਪ੍ਰੇਮਿਕਾ ਦਾ ਭੇਤ ਖੁੱਲ੍ਹਿਆ

**ਲਖਨਊ:** ਰਿਵਾਲਵਰ ਵਿਖਾ ਕੇ ਫੇਰਿਆਂ ਤੋਂ ਲਾੜੇ ਨੂੰ ਅਗਵਾ ਕਰਨ ਵਾਲੀ ਪ੍ਰੇਮਿਕਾ ਆਖਰਕਾਰ ਪੁਲਿਸ ਦੇ ਅੜਿੱਕੇ ਆ ਹੀ ਗਈ। ਪੁਲਿਸ ਨੇ ਅਗਵਾ ਲਾੜੇ ਨੂੰ ਵੀ ਬਰਾਮਦ ਕਰ ਲਿਆ ਹੈ। ਬਾਂਦਰਾ ਤੋਂ ਗ੍ਰਿਫਤਾਰ ਪ੍ਰੇਮਿਕਾ ਨੇ ਪੁੱਛਗਿੱਛ ਦੌਰਾਨ ਵਾਰਦਾਤ ਵਿਚ ਆਪਣਾ ਹੱਥ ਹੋਣ ਦੀ ਗੱਲ ਕਬੂਲ ਵੀ ਕਰ ਲਈ ਹੈ। ਉਸ ਦਾ ਦਾਅਵਾ ਹੈ ਕਿ ਉਸ ਨੇ ਇਸ ਵਾਰਦਾਤ ਨੂੰ ਅੰਜਾਮ ਲਾੜੇ ਦੀ ਰਜ਼ਾਮੰਦੀ ਨਾਲ ਹੀ ਦਿੱਤਾ ਹੈ, ਜਿਸ ਰਿਵਾਲਵਰ ਦੀ ਗੱਲ ਆਖੀ ਜਾ ਰਹੀ ਹੈ, ਉਸ ਦਾ ਅਗਵਾ ਦੀ ਘਟਨਾ ਨਾਲ ਕੋਈ ਲੈਣਾ ਦੇਣਾ ਨਹੀਂ। ਯਾਦ ਰਹੇ ਕਿ ਅਸ਼ੋਕ ਨੂੰ 15-16 ਮਈ ਦੀ ਰਾਤ ਨੂੰ ਉਸ ਸਮੇਂ ਅਗਵਾ ਕਰ ਲਿਆ ਗਿਆ ਸੀ ਜਦੋਂ ਉਹ ਬਾਰਾਤ ਲੈ ਕੇ ਲੜਕੀ ਦੇ ਘਰ ਪਹੁੰਚ ਗਿਆ ਸੀ। ਇਸ ਦੌਰਾਨ ਵਰਸ਼ਾ ਨੇ ਰਿਵਾਲਪੁਰ ਵਿਖਾ ਅਸ਼ੋਕ ਨੂੰ ਬਰਾਤੀਆਂ ਦੇ ਸਾਹਮਣੇ ਅਗਵਾ ਕਰ ਲਿਆ। ਵਰਸ਼ਾ ਦਾ ਦਾਅਵਾ ਹੈ ਕਿ ਅਸ਼ੋਕ ਨਾਲ ਉਸ ਦੇ ਪਿਛਲੇ 8 ਸਾਲ ਤੋਂ ਸਬੰਧ ਹਨ ਤੇ ਹੁਣ ਉਹ ਵਿਆਹ ਕਰਵਾਉਣ ਤੋਂ ਇਨਕਾਰ ਕਰ ਰਿਹਾ ਸੀ।



ਵਰਸ਼ਾ ਦਾ ਦਾਅਵਾ ਹੈ ਕਿ ਅਸ਼ੋਕ ਦਾ ਵਿਆਹ ਵੀ ਉਸ ਦੀ ਮਰਜ਼ੀ ਤੋਂ ਬਿਨਾਂ ਜ਼ਬਰਦਸਤੀ ਹੋ ਰਿਹਾ ਸੀ।

# ਜਿਥੇ ਤਲਾਕ ਬਦਲੇ ਪਤਨੀ ਨੂੰ ਸੋਨੇ ਨਾਲ ਤੋਲਣਾ ਪੈਂਦੈ

**ਤਹਿਰਾਨ :** ਇਰਾਨ ਵਿਚ ਵਿਆਹ ਸਮੇਂ ਪਰੰਪਰਾਗਤ ਖਿਆਲ ਰੱਖਣ ਵਾਲੇ ਜੋੜੇ ਕਈ ਵਾਰ ਅਜਿਹਾ ਸਮਝੌਤਾ ਕਰਦੇ ਹਨ ਜਿਸ ਤਹਿਤ ਦੋਵਾਂ ਵਿਚ ਤਲਾਕ ਹੋਣ ਦੀ ਸੂਰਤ ਵਿਚ ਪਤਨੀ ਨੂੰ ਆਪਣੇ ਭਾਰ ਦੇ ਬਰਾਬਰ ਸੋਨਾ ਮਿਲਦਾ ਹੈ। ਪਿਛਲੇ ਸਾਲ 6 ਮਹੀਨਿਆਂ ਵਿਚ ਤਲਾਕ ਵਿਚ ਸਾਢੇ ਪੰਜ ਫੀਸਦੀ ਵਾਧੇ ਦੇ ਚਲਦੇ ਇਸ ਸਮਝੌਤੇ ਦਾ ਪਾਲਣ ਕਰਨ ਵਿਚ ਨਾਕਾਮ ਰਹਿਣ ਵਾਲੇ ਹਜ਼ਾਰਾਂ ਪੁਰਸ਼ਾਂ ਨੂੰ ਜੇਲ੍ਹ ਜਾਣਾ ਪਿਆ।



ਆਪਸ ਵਿਚ ਗੂੜ੍ਹਾ ਪਿਆਰ ਕਰਨ ਵਾਲੇ ਇਸ ਵਿਕਲਪ ਦਾ ਇਸਤੇਮਾਲ ਨਹੀਂ ਕਰਦੇ ਪਰ ਪਰੰਪਰਾਗਤ ਜੋੜੇ ਆਮ ਤੌਰ ਤਲਾਕ ਹੋਣ ਦੀ ਸੂਰਤ ਵਿਚ ਸੋਨੇ ਦੇ ਸਿੱਕਿਆਂ ਦੀ ਇਕ ਗਿਣਤੀ ਤੈਅ ਕਰਦੇ ਹਨ। ਜ਼ਿਆਦਾਤਰ ਲੋਕ ਇਹ ਤੈਅ ਕਰਦੇ ਹਨ ਕਿ ਪਤਨੀ ਨੂੰ ਉਸ ਦੇ ਵਜ਼ਨ ਦੇ ਬਰਾਬਰ ਸੋਨੇ ਦੇ ਸਿੱਕੇ ਦਿੱਤੇ ਜਾਣਦੇ ਹਾਲਾਂਕਿ ਸਮੇਂ ਦੇ ਮੁਤਾਬਕ ਭਾਰ ਘੱਟ-ਵੱਧ ਹੋ ਸਕਦਾ ਹੈ। ਇਰਾਕ ਦੀ ਨਾਗਰਿਕ ਪੰਜੀਕਰਨ ਇਕਾਈ ਮੁਤਾਬਕ ਇਰਾਨ ਦੇ ਕੈਲੰਡਰ ਦੇ ਪਹਿਲੇ 6 ਮਹੀਨਿਆਂ ਦੌਰਾਨ ਤਲਾਕ ਦੀ ਸੰਖਿਆ ਵਿਚ 5.5 ਫੀਸਦੀ ਵਾਧਾ ਹੋਇਆ ਹੈ । ਇਹ ਰਕਮ ਅਦਾ ਨਾ ਕਰ ਸਕਣ ਵਾਲੇ ਵਿਅਕਤੀਆਂ ਨੂੰ ਜੇਲ੍ਹ ਜਾਣਾ ਪੈਂਦਾ ਹੈ। ਇਕ ਅਧਿਕਾਰੀ ਮੁਤਾਬਕ ਪਿਛਲੇ ਦੋ ਸਾਲਾਂ ਵਿਚ ਇਸ ਰਕਮ ਦੀ ਅਦਾਇਗੀ ਨਾ ਕਰਨ ਵਾਲੇ ਲਗਭਗ 20,000 ਲੋਕਾਂ ਨੂੰ ਜੇਲ੍ਹ ਯਾਤਰਾ ਕਰਨੀ ਪਈ ਹੈ।

ਫਿਲਹਾਲ ਤਕਰੀਬਨ 3500 ਵਿਅਕਤੀ ਅਜਿਹੇ ਮਾਮਲਿਆਂ ਵਿਚ ਬੰਦ ਹਨ। ਨਾ ਸਿਰਫ ਇਰਾਨ ਵਿਚ ਤਲਾਕਾਂ ਵਿਚ ਵਾਧਾ ਹੋਇਆ ਹੈ ਬਲਕਿ ਸਾਰੀਆਂ ਚੀਜ਼ਾਂ ਦੀਆਂ ਕੀਮਤਾਂ ਵੀ ਵਧੀਆਂ ਹਨ। ਇਰਾਨ ਵਿਚ ਇਕ ਸੋਨੇ ਦੇ ਸਿੱਕੇ ਦੀ ਕੀਮਤ ਪਿਛਲੇ ਕੁਝ ਮਹੀਨਿਆਂ ਵਿਚ ਦੁਗਣੀ ਹੋਈ ਹੈ ਅਤੇ ਇਸ ਸਮੇਂ ਇਕ ਸਿੱਕੇ ਦੀ ਕੀਮਤ 705 ਅਮਰੀਕੀ ਡਾਲਰ ਯਾਨੀ 35000 ਹਜ਼ਾਰ ਰੁਪਏ ਹੈ। ਇਕ ਔਸਤਨ ਇਰਾਨੀ ਔਰਤ ਦਾ ਵਜ਼ਨ 57 ਕਿਲੋ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਤਲਾਕ ਹੋਣ 'ਤੇ ਪਤੀ ਨੂੰ 40, 185 ਡਾਲਰ ਯਾਨੀ 20 ਲੱਖ ਤੋਂ ਵੱਧ ਰੁਪਏ ਅਦਾ ਕਰਨੇ ਪੈਂਦੇ ਹਨ।

# ਅਫਗਾਨਿਸਤਾਨ 'ਚ ਪਹਿਲਾ ਮਹਿਲਾ ਚੈਨਲ

**ਕਾਬੁਲ:** ਮੀਡੀਆ ਵਿਚ ਔਰਤਾਂ ਦੇ ਕੰਮ ਕਰਨ ਦੇ ਲਿਹਾਜ਼ ਨਾਲ ਅਫਗਾਨਿਸਤਾਨ ਦਾ ਨਾਂ ਦੁਨੀਆਂ ਦੇ ਸਭ ਤੋਂ ਖਤਰਨਾਕ ਦੇਸ਼ਾਂ ਵਿਚ ਸ਼ੁਮਾਰ ਹੈ, ਪਰ ਹੁਣ ਦੇਸ਼ ਵਿਚ ਪਹਿਲਾ ਮਹਿਲਾ ਚੈਨਲ ਸ਼ੁਰੂ ਹੋ ਗਿਆ ਹੈ। ਚੈਨਲ ਵਿਚ ਹਰ ਮੁਲਾਜ਼ਮ ਮਹਿਲਾ ਹੈ। ਚੈਨਲ ਦਾ ਨਾਂ 'ਵੂਮੈਨਸ ਟੀਵੀ' ਹੈ।

ਅਫਗਾਨਿਸਤਾਨ ਵਿਚ ਉਂਜ ਤਾਂ ਕਈ ਅਜਿਹੇ ਚੈਨਲ ਹਨ ਜਿਥੇ ਔਰਤਾਂ ਖਬਰਾਂ ਪੜ੍ਹਦੀਆਂ ਵਿਖਾਈ ਦਿੰਦੀਆਂ ਹਨ, ਪਰ ਵੂਮੈਨਸ ਟੀਵੀ 'ਤੇ ਹਰ ਸਮੇਂ ਔਰਤਾਂ ਹੀ ਵਿਖਾਈ ਦੇਣਗੀਆਂ। ਇਸ ਚੈਨਲ ਉਪਰ ਦੇਸ਼ ਵਿਚ ਰੋਜ਼ਾਨਾ ਹੋਣ ਵਾਲੀਆਂ ਹਿੰਸਕ ਘਟਨਾਵਾਂ ਪਿੱਛੇ ਅਸਲ ਕਾਰਨ ਤੇ ਉਨ੍ਹਾਂ ਦੇ ਪ੍ਰਭਾਵਾਂ ਨੂੰ ਵਿਖਾਇਆ ਜਾਵੇਗਾ। ਇਸ ਤੋਂ ਇਲਾਵਾ ਸਿਹਤ ਤੇ ਮਨੋਰੰਜਨ ਪ੍ਰੋਗਰਾਮ ਵੀ ਵਿਖਾਏ ਜਾਣਗੇ। ਇਸ ਚੈਨਲ ਵਿਚ ਕੰਮ ਕਰਨ ਵਾਲੀਆਂ ਔਰਤਾਂ ਵਿਚੋਂ ਕਈਆਂ ਨੂੰ ਘਰ ਵਾਲਿਆਂ ਨੇ ਕੰਮ ਕਰਨ ਦੀ ਪ੍ਰਵਾਨਗੀ ਵੀ ਨਹੀਂ ਦਿੱਤੀ ਸੀ। ਇਸ ਦੇ ਬਾਵਜੂਦ ਉਨ੍ਹਾਂ ਨੇ ਮੀਡੀਆ ਨੂੰ ਅਪਣਾਇਆ ਹੈ।

ਉਨ੍ਹਾਂ ਵਿਚੋਂ ਇਕ ਖਾਤਿਰਾ ਅਹਿਮਦੀ ਹੈ। ਜਿਸ ਨੇ ਘਰ ਵਾਲਿਆਂ ਦਾ ਵਿਰੋਧ ਕਰ ਕੇ ਮੀਡੀਆ ਆਪਣਾ ਭਵਿੱਖ ਚੁਣਿਆ। 20 ਸਾਲ ਦੀ ਅਹਿਮਦੀ ਚੈਨਲ ਵਿਚ ਪ੍ਰੋਡਿਊਸਰ ਹੈ। ਉਹ ਕਹਿੰਦੀ ਹੈ, ਮੈਂ ਇਸ ਨਾਲ ਜੁੜ ਕੇ ਕਾਫੀ ਖੁਸ਼ੀ ਮਹਿਸੂਸ ਕਰ ਰਹੀ ਹਾਂ। ਇਸ ਚੈਨਲ ਨੂੰ ਔਰਤਾਂ ਲਈ ਸ਼ੁਰੂ ਕੀਤਾ ਗਿਆ ਹੈ। ਕਿਉਂਕਿ ਸਾਡੇ ਸਮਾਜ ਵਿਚ ਔਰਤ ਆਪਣੇ ਹੱਕਾਂ ਨੂੰ ਲੈ ਕੇ ਜਾਗਰੂਕ ਨਹੀਂ ਹਨ। ਇਸ ਲਈ ਇਹ ਚੈਨਲ ਮਹਿਲਾਵਾਂ ਦੀ ਅਗਵਾਈ ਕਰਨ ਦੇ ਨਾਲ ਉਨ੍ਹਾਂ ਦੀ ਆਵਾਜ਼ ਵੀ ਉਠਾਏਗਾ। ਤਾਂ ਕਿ ਉਹ ਆਪਣੇ ਹੱਕਾਂ ਬਾਰੇ ਜਾਗਰੂਕ ਹੋ ਸਕਣ। ਮੈਂ ਇਥੇ ਆਪਣੇ ਤਜਰਬੇ ਸਾਥੀਆਂ ਨਾਲ ਸਾਂਝੇ ਕਰਨ ਆਈ ਹਾਂ। ਇਥੇ ਹੋਰ ਕੁੜੀਆਂ ਨੂੰ ਕੰਮ ਕਰਦਿਆਂ ਵੇਖ ਕੇ ਚੰਗਾ ਲੱਗਦਾ ਹੈ।

**ਔਰਤਾਂ ਦੇ ਹੱਕ ਵਿਚ ਕਰੇਗਾ ਆਵਾਜ਼ ਬੁਲੰਦ**



ਇਸ ਚੈਨਲ ਦੇ ਫਾਊਂਡਰ ਹਾਮਿਦ ਸਮਰ ਕਹਿੰਦੇ ਹੈ ਕਿ ਦੇਸ਼ ਦੇ ਵੱਡੇ ਸ਼ਹਿਰਾਂ ਵਿਚ ਕਾਫੀ ਗਿਣਤੀ ਵਿਚ ਮਹਿਲਾ ਦਰਸ਼ਕ ਹਨ। ਕਾਬੁਲ ਦੇ ਲੋਕ ਤਾਂ ਖਬਰਾਂ ਤੇ ਚਰਚਾਵਾਂ ਦੇ ਭੁੱਖੇ ਹਨ। ਉਹ ਆਪਣੇ ਤਜਰਬਿਆਂ ਨੂੰ ਪੇਸ਼ ਕਰਨਾ ਚਾਹੁੰਦੇ ਹਨ। ਜਿਥੇ ਔਰਤਾਂ ਤੇ ਮੀਡੀਆ ਦੇ ਅਧਿਕਾਰਾਂ ਨੂੰ ਲੈ ਕੇ ਚਰਚਾ ਹੁੰਦੀ ਹੈ ਪਰ ਕਦੇ ਉਨ੍ਹਾਂ ਲਈ ਕੁੱਝ ਖਾਸ ਨਹੀਂ ਕੀਤਾ ਗਿਆ। ਇਸ ਲਈ ਅਸੀਂ ਸੋਚਿਆ ਕਿ ਕਿਉਂ ਨਾ ਔਰਤਾਂ ਲਈ ਕੁਝ ਖਾਸ ਕੀਤਾ ਜਾਵੇ। ਹਾਲਾਂਕਿ ਚੈਨਲ ਵਿਚ ਅਜੇ 16 ਪੁਰਸ਼ ਟੈਕਨੀਸ਼ੀਅਨ, ਗ੍ਰਾਫਿਕ, ਕੈਮਰਾ ਤੇ ਅਡੀਟਿੰਗ ਲਈ ਰੱਖੇ ਗਏ ਹਨ, ਜੋ ਸ਼ੁਰੂਆਤੀ ਦਿਨਾਂ ਵਿਚ ਔਰਤਾਂ ਨੂੰ ਸਿਖਲਾਈ ਦੇਣਗੇ। ਕਾਬੁਲ ਵਿਚ ਅਹਿਜੇ 40 ਟੀਵੀ ਚੈਨਲ ਹਨ। ਇਸ ਚੈਨਲ ਦੀ ਸੋਸ਼ਲ ਮੀਡੀਆ ਤੇ ਦੇਸ਼ ਭਰ ਵਿਚ ਕਾਫੀ ਚਰਚਾ ਹੈ। 2001 ਵਿਚ ਤਾਲਿਬਾਨ ਦੇ ਖਾਤਮੇ ਤੋਂ ਬਾਅਦ ਦੇਸ਼ ਵਿਚ ਔਰਤਾਂ ਸਿੱਖਿਆ ਤੇ ਮੀਡੀਆ ਲਈ ਆਜ਼ਾਦੀ ਦਾ ਮਾਹੌਲ ਕਾਇਮ ਕਰਨਾ ਸਰਕਾਰ ਤੇ ਵਿਦੇਸ਼ੀ ਸੰਸਥਾਵਾਂ ਦੀ ਵੱਡੀ ਕਾਮਯਾਬੀ ਹੈ।

# ਮੁਹੰਮਦਪੁਰ ਤੋਂ ਰੱਬ ਵੀ ਡਰਦੈ...

**ਸਿਕੰਦਰਾ:** ਪਿੰਡ ਮੁਹੰਮਦਪੁਰ ਤੋਂ ਰੱਬ ਵੀ ਡਰਦਾ ਹੈ। ਇਸ ਪਿੰਡ ਦਾ ਕੋਈ ਵੀ ਬੰਦਾ ਰੱਬ ਨੂੰ ਨਹੀਂ ਮੰਨਦਾ। ਹੋਰ ਤਾਂ ਹੋਰ ਮੁਹੰਮਦਪੁਰ ਨਗਰ ਵਿਚ ਪੈਂਦੇ 400 ਪਿੰਡਾਂ ਦੇ ਜ਼ਿਆਦਾਤਰ ਲੋਕ ਅੰਧਵਿਸ਼ਵਾਸ ਤੋਂ ਕੋਹਾਂ ਦੂਰ ਹਨ। ਇਹ ਸਭ ਕੁਝ ਹੋਇਆ ਇਕ ਸ਼ਖ਼ਸ ਦੀ ਬਦੌਲਤ ਜਿਸ ਨੇ ਲੋਕਾਂ ਦੀ ਸੋਚ ਬਦਲ ਦਿੱਤੀ। ਪਿੰਡ ਮੁਹੰਮਦਪੁਰ ਉਤਰ ਪ੍ਰਦੇਸ਼ ਦੇ ਸਿਕੰਦਰਾ ਅਸੈਂਬਲੀ ਸੀਟ ਵਿਚ ਪੈਂਦਾ ਹੈ। ਸ਼ਾਇਦ ਇਹੀ ਵਜ੍ਹਾ ਹੈ ਕਿ ਇਸ ਨੂੰ ਦੱਖਣੀ ਭਾਰਤ ਵਿਚੋਂ 'ਸਭ ਤੋਂ ਘੱਟ ਅੰਧਵਿਸ਼ਵਾਸੀਆਂ' ਦੀ ਅਸੈਂਬਲੀ ਸੀਟ ਹੋਣ ਦਾ ਮਾਣ ਹੈ। ਇਥੇ 'ਗੁੰਡਿਆਂ ਵਰਗੇ' ਸਿਆਸਤਦਾਨ ਖੜ੍ਹੇ ਹੋਣ ਦੇ ਕਾਬਲ ਨਹੀਂ ਹਨ।

ਅਸਲ ਵਿਚ ਇਸ ਇਲਾਕੇ ਵਿਚ ਨਾਸਤਿਕ ਦਾ ਬੋਲਬਾਲਾ ਹੈ। ਜਿਨ੍ਹਾਂ ਦੀ ਸੰਸਥਾ 'ਅਰਜਕ ਸੰਘ' ਪਿਛਲੇ 50 ਸਾਲਾਂ ਤੋਂ ਸਰਗਰਮ ਹੈ। ਇਸ ਸੰਸਥਾ ਦੇ ਮੋਢੀ ਰਾਮ ਸਵਰੂਪ ਵਰਮਾ ਸਨ, ਜਿਹੜੇ 1967 ਵਿਚ ਤਤਕਾਲੀ ਮੁੱਖ ਮੰਤਰੀ ਚਰਨ ਸਿੰਘ ਦੀ ਸਰਕਾਰ ਵਿਚ ਯੂ.ਪੀ. ਦੇ ਵਿੱਤ ਮੰਤਰੀ ਵੀ ਰਹੇ ਸਨ। 2011 ਦੇ ਮਰਦਮਸ਼ੁਮਾਰੀ ਅੰਕੜੇ ਮੁਤਾਬਕ 28 ਲੱਖ ਤੋਂ ਵੱਧ ਲੋਕਾਂ ਨੇ ਮਰਦਮਸ਼ੁਮਾਰੀ ਦੀ ਸੂਚੀ ਫਾਰਮ ਵਿਚ ਕਿਸੇ ਧਰਮ ਨੂੰ ਨਹੀਂ ਮੰਨਣ ਬਾਰੇ ਦਰਸਾਇਆ ਹੈ। ਇਨ੍ਹਾਂ ਵਿਚੋਂ 5.82 ਲੱਖ ਉਤਰ ਪ੍ਰਦੇਸ਼ ਤੋਂ ਹਨ ਜੋ 20 ਕਰੋੜ ਲੋਕਾਂ ਦੀ ਸਭ ਤੋਂ ਸੰਘਣੀ ਆਬਾਦੀ ਵਾਲਾ ਸੂਬਾ ਹੈ। ਯੂ.ਪੀ. ਵਿਚ ਇਨ੍ਹਾਂ ਅੰਕੜਿਆਂ ਦਾ ਸਿਹਰਾ ਅਰਜਕ ਸੰਘ ਦੇ ਹਮਾਇਤੀਆਂ ਨੂੰ ਜਾ ਸਕਦਾ ਹੈ, ਸ਼ਾਇਦ ਇਸ ਸੂਬੇ ਇਹ ਸਭ ਤੋਂ ਵੱਡਾ ਨਾਸਤਿਕ ਗਰੁੱਪ ਹੈ, ਜਿਹੜਾ ਸ਼ਹਿਰੀ ਤੇ ਦਿਹਾਤੀ ਖੇਤਰ ਵਿਚ ਸਰਗਰਮ ਹੈ। ਇਸ ਦੇ ਮੈਂਬਰ ਕਾਨਪੁਰ, ਬਸਤੀ, ਫ਼ੈਜ਼ਾਬਾਦ, ਪ੍ਰਤਾਪਗੜ੍ਹ, ਵਾਰਾਨਸੀ ਤੇ



ਗੁਆਂਢੀ ਸੂਬੇ ਬਿਹਾਰ ਤੇ ਝਾਰਖੰਡ ਵਿਚ ਵੀ ਹਨ। ਕਾਨਪੁਰ ਦਿਹਾਤੀ ਜ਼ਿਲ੍ਹੇ ਦੇ ਪਟੇਲ ਚੌਕ ਵਿਚ ਅਰਜਕ ਸੰਘ ਦੇ ਦਫਤਰ ਦੀ ਕੰਧ 'ਤੇ ਲਿਖਿਆ ਹੋਇਆ ਹੈ, 'ਸਰਸਵਤੀ ਸੇ ਯਦੀ ਵਿਦਿਆ ਮਿਲਤੀ ਤੋ ਵਿਦਿਆਲੇ ਨਹੀਂ ਹੋਤੇ।' 'ਅਰਜਕ' ਦੀ ਇਕ ਹੋਰ ਖਾਸੀਅਤ ਹੈ ਕਿ ਇਹ ਸਰੀਰਕ ਕਿਰਤ ਕਰਨ ਵਾਲਿਆਂ ਦੀ ਤਰਜਮਾਨੀ ਕਰਦਾ ਹੈ। ਇਸ ਲਈ 'ਉਚ' ਜਾਤੀਆਂ ਜਾਂ ਬ੍ਰਾਹਮਣ ਨੂੰ ਇਸ ਦੇ ਮੈਂਬਰ ਨਹੀਂ ਬਣਾਇਆ ਜਾਂਦਾ। ਹਾਲਾਂਕਿ, 'ਬ੍ਰਾਹਮਣਵਾਦ' ਦਾ ਤਿੱਖਾ ਵਿਰੋਧ ਕਰਦਿਆਂ ਅਰਜਕ ਸੰਘ, ਚੇਤਨ ਮਨੁੱਖੀ ਬਰਾਬਰਤਾ ਦੀ ਗੱਲ ਕਰਦਾ ਹੈ। ਮੂਰਤੀ ਪੂਜਾ, ਕਿਸਮਤ ਤੇ ਆਤਮਾ ਅਜਿਹੀਆਂ ਚੀਜ਼ਾਂ ਹਨ, ਜਿਨ੍ਹਾਂ ਵਿਰੁੱਧ ਉਹ ਇਕਜੁੱਟ ਹਨ।

ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਵੈ॥

# ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 67ਵੀਂ ਬਰਸੀ

## 4 ਜੂਨ 2017, ਦਿਨ ਐਤਵਾਰ

## ਗੁਰਦੁਆਰਾ ਸਾਹਿਬ ਐਲ-ਸਬਰਾਂਟੇ, ਕੈਲੀਫੋਰਨੀਆ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਪੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ, ਵਿਦਿਆ-ਦਾਨੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ) ਦੀ ਸਾਲਾਨਾ ਬਰਸੀ ਗੁਰਦੁਆਰਾ ਸਾਹਿਬ, ਐਲ-ਸਬਰਾਂਟੇ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ।



ਸੰਤ ਬਾਬਾ ਪ੍ਰੇਮ ਸਿੰਘ ਜੀ

### ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ
**2 ਜੂਨ 2017 ਦਿਨ ਸ਼ੁੱਕਰਵਾਰ, ਸਵੇਰੇ 10 ਵਜੇ**
ਭੋਗ ਸ੍ਰੀ ਅਖੰਡ ਪਾਠ ਸਾਹਿਬ
**4 ਜੂਨ 2017 ਦਿਨ ਐਤਵਾਰ, ਸਵੇਰੇ 9:30 ਵਜੇ**

4 ਜੂਨ ਨੂੰ ਬੀਬੀ ਸੁਰਜੀਤ ਕੌਰ ਜੀ ਸੈਕਰਾਮੈਂਟੋ ਮਨੋਹਰ ਸ਼ਬਦ ਕੀਰਤਨ ਨਾਲ ਸੰਗਤਾਂ ਦੀ ਸੇਵਾ ਕਰਨਗੇ

ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ 2 ਵਜੇ ਤੱਕ ਕਥਾ-ਕੀਰਤਨ ਦਾ ਪਰਵਾਹ ਚੱਲੇਗਾ। ਉਪਰੰਤ 2 ਵਜੇ ਅਰਦਾਸ ਹੋਵੇਗੀ। ਸਮੂਹ ਸਾਧ ਸੰਗਤ ਦੀ ਸੇਵਾ ਵਿਚ ਬੇਨਤੀ ਹੈ ਕਿ ਪਰਿਵਾਰਾਂ ਸਮੇਤ, ਸਮੇਂ ਸਿਰ ਗੁਰਦੁਆਰਾ ਸਾਹਿਬ ਪਹੁੰਚ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਗੁਰੂ ਕਾ ਲੰਗਰ 11 ਵਜੇ ਤੋਂ ਅਤੁੱਟ ਵਰਤੇਗਾ ਜੀ। ਲੰਗਰ ਦੀ ਸੇਵਾ ਸੰਤ ਜੀ ਦੇ ਸ਼ਰਧਾਲੂਆਂ ਵਲੋਂ ਹੋਵੇਗੀ ਜੀ।

*67th Barsi of Sant Baba Prem Singh Ji Muralewale (Begowal, Distt. Kapurthala) is being celebrated at Gurudwara Sahib. El-Sobrante from June 2 to June 4, 2017. All are requested to participate to pay homage to the great Saint of the 20th Century & Seek God's blessings.*

**For More Info. Please Contact:**
**Paramjit S. Gahra 510-334-0255, Puran S. Ghotra 707-704-6915, Jagir Singh Multani 510-502-5580**
**Dr. Surinder Singh Kohal 925-324-1012, Harjit Singh 707-334-7514, Jit Singh 650-823-0597**
**Malkit Singh 510-860-7811, Daljit Singh 650-826-1357, Surinder Singh 510-472-3571**

**Ad space sponsored by**

**Law Office of Manpreet Singh Gahra**

**Berkeley Office : 2161, Shattuck Ave., Suite#304, Berkeley, CA 94704**
**Phone: 510-841-4582, Sacramento Office : Ph. 916-924-1617**

**Bobby's Driving School**

**1197 A Street #11, Hayward, CA 94541**
**Ph: 510-472-3571 And 510-813-8631**

# ਠਾਕੁਰ ਉਰਫ ਟੈਗੋਰ



ਅਦਾਕਾਰੀ ਦੇ ਜੌਹਰ ਦਿਖਾ ਰਿਹਾ ਟੈਗੋਰ।

## ਕਲਾ ਪਰਿਕਰਮਾ

ਉਘੇ ਲਿਖਾਰੀ ਰਬਿੰਦਰਨਾਥ ਟੈਗੋਰ ਬਾਰੇ ਕੁਝ ਲਿਖਣ ਬੈਠਿਆਂ ਹਾਂ ਤਾਂ ਸਭ ਤੋਂ ਪਹਿਲਾਂ ਸਾਰਾ ਧਿਆਨ 'ਟੈਗੋਰ' ਨਾਂ ਵੱਲ ਗਿਆ ਹੈ। ਰਬਿੰਦਰਨਾਥ ਠਾਕੁਰ ਕਿਸ ਤਰ੍ਹਾਂ ਅਚਾਨਕ ਰਬਿੰਦਰਨਾਥ ਟੈਗੋਰ ਬਣ ਗਏ, ਪਤਾ ਹੀ ਨਹੀਂ ਲੱਗਿਆ। ਆਖਰ ਕੀ ਵਜ੍ਹਾ ਬਣੀ ਹੋਵੇਗੀ? ਹੁਣ ਜਾਣਕਾਰੀ ਮਿਲੀ ਹੈ ਕਿ ਠਾਕੁਰ ਪਰਿਵਾਰ ਨਾਲ ਸਬੰਧਤ ਜ਼ਿਮੀਂਦਾਰਾਂ ਦਾ ਅੰਗਰੇਜ਼ ਸਰਕਾਰ ਨਾਲ ਕਾਫੀ ਗਹਿਰਾ ਸਬੰਧ ਸੀ। ਅੰਗਰੇਜ਼ ਟੈਗੋਰ ਸ਼ਬਦ ਸਹੀ ਤਰ੍ਹਾਂ ਨਾਲ ਬੋਲ ਨਹੀਂ ਸੀ ਸਕਦੇ;

ਪ੍ਰੋ. ਵੀਰੇਂਦ੍ਰ ਮਹਿੰਦੀਰੱਤਾ

ਸਿੱਟੇ ਵਜੋਂ ਉਨ੍ਹਾਂ ਨੇ ਆਪਣੀ ਸਹੂਲਤ ਲਈ 'ਠਾਕੁਰ' ਦਾ 'ਟੈਗੋਰ' ਬਣਾ ਲਿਆ। ਬਾਅਦ ਵਿਚ ਪਰਿਵਾਰ ਨੇ ਵੀ 'ਠਾਕੁਰ' ਦੀ ਥਾਂ 'ਟੈਗੋਰ'



ਨੌਜਵਾਨ ਟੈਗੋਰ

ਸ਼ਬਦ ਸਵੀਕਾਰ ਕਰ ਲਿਆ। ਇਸ ਤਰ੍ਹਾਂ ਸਮਾਂ ਪਾ ਕੇ ਠਾਕੁਰ, ਟੈਗੋਰ ਹੋ ਗਏ।


ਇਸ ਪਰਿਵਾਰ ਨਾਲ ਸਬੰਧਤ ਪੁਰਖਿਆਂ ਨੇ ਕਈ ਵਾਰ ਵਿਦੇਸ਼ ਯਾਤਰਾ ਵੀ ਕੀਤੀ। ਖੁਦ ਰਬਿੰਦਰਨਾਥ ਟੈਗੋਰ 10 ਜਾਂ 11 ਵਾਰ ਵਿਦੇਸ਼ ਦੌਰੇ 'ਤੇ ਗਏ। ਉਨ੍ਹਾਂ ਨੇ ਵੀ ਸ਼ਾਇਦ ਇਸੇ ਕਰ ਕੇ ਟੈਗੋਰ ਸ਼ਬਦ ਆਤਮਸਾਤ ਕਰ ਲਿਆ ਹੋਵੇ। ਰਬਿੰਦਰਨਾਥ ਟੈਗੋਰ ਭਾਰਤ ਦੇ ਪਹਿਲੇ ਕਵੀ ਸਨ ਜਿਨ੍ਹਾਂ ਦੀ ਪੁਸਤਕ 'ਗੀਤਾਂਜਲੀ' ਨੂੰ ਸੰਸਾਰ ਦਾ ਵੱਕਾਰੀ ਨੋਬੇਲ ਪੁਰਸਕਾਰ ਮਿਲਿਆ। ਟੈਗੋਰ ਨੇ ਸ਼ਾਇਰੀ ਤੋਂ ਇਲਾਵਾ ਨਾਟਕ, ਨਾਵਲ ਅਤੇ ਕਹਾਣੀਆਂ ਵੀ ਲਿਖੀਆਂ। ਉਹ ਆਪਣੀਆਂ ਕਵਿਤਾਵਾਂ ਅਤੇ ਨਾਟਕਾਂ ਵਿਚਲੇ ਗੀਤਾਂ ਨੂੰ ਆਪਣੀ ਹੀ ਆਵਾਜ਼ ਦਿੰਦੇ ਹੁੰਦੇ ਸਨ।

ਟੈਗੋਰ ਨੇ ਸੰਗੀਤ ਦੇ ਖੇਤਰ ਵਿਚ ਵੀ ਚੋਖਾ ਯੋਗਦਾਨ ਪਾਇਆ। ਉਨ੍ਹਾਂ ਦਾ ਸੰਗੀਤ, ਪ੍ਰਚਲਤ ਸੰਗੀਤ ਨਾਲੋਂ ਵੱਖਰਾ ਹੈ ਅਤੇ ਅੱਜ ਕੱਲ੍ਹ ਇਹ ਰਬਿੰਦਰ ਸੰਗੀਤ ਵਜੋਂ ਜਾਣਿਆ ਜਾਂਦਾ ਹੈ। ਰਬਿੰਦਰਨਾਥ ਟੈਗੋਰ ਨੇ ਸਿੱਖਿਆ ਬਾਰੇ ਆਪਣੇ ਚਿੰਤਨ ਅਤੇ ਸੋਚ ਨੂੰ ਸਾਕਾਰ ਕਰਨ ਲਈ ਸ਼ਾਂਤੀ ਨਿਕੇਤਨ ਦਾ ਨਿਰਮਾਣ ਕੀਤਾ ਜੋ ਅੱਜ ਕੱਲ੍ਹ ਵਿਸ਼ਵ ਭਾਰਤੀ ਯੂਨੀਵਰਸਿਟੀ ਵਜੋਂ ਸਿੱਖਿਆ ਦੇ ਖੇਤਰ ਵਿਚ ਆਪਣਾ ਯੋਗਦਾਨ ਪਾ ਰਹੀ ਹੈ।

ਅੱਜ ਤੋਂ 56 ਸਾਲ ਪਹਿਲਾਂ ਜਦੋਂ 1961 ਵਿਚ ਸਾਰੇ ਮੁਲਕ ਵਿਚ ਟੈਗੋਰ ਸ਼ਤਾਬਦੀ ਮਨਾਈ ਜਾ ਰਹੀ ਸੀ ਤਾਂ ਇਕ ਬਹੁਤ ਮਹੱਤਵਪੂਰਨ ਫੈਸਲਾ ਕੀਤਾ ਗਿਆ ਸੀ। ਭਾਰਤ ਦੇ ਲੋਕਾਂ ਅੰਦਰ ਟੈਗੋਰ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਹਰ ਸੂਬੇ ਦੀ ਰਾਜਧਾਨੀ ਵਿਚ ਉਨ੍ਹਾਂ ਦੇ ਨਾਂ 'ਤੇ ਰੰਗਸ਼ਾਲਾ (ਥੀਏਟਰ) ਦਾ ਨਿਰਮਾਣ ਕਰਵਾਇਆ ਗਿਆ। ਕਿਸੇ ਵੀ ਸਾਹਿਤਕਾਰ, ਤੇ ਉਹ ਵੀ ਟੈਗੋਰ ਵਰਗੇ ਸਾਹਿਤਕਾਰ ਦੀ ਯਾਦ ਨੂੰ ਚਿਰ-ਸਥਾਈ ਬਣਾਉਣ ਲਈ ਇਸ ਤੋਂ ਵਧੀਆ ਢੰਗ ਹੋਰ ਕੋਈ ਸ਼ਾਇਦ ਹੋ ਨਹੀਂ ਸਕਦਾ। ਇਸ ਯੋਜਨਾ ਤਹਿਤ ਹੀ ਸੂਬਿਆਂ ਦੀਆਂ ਰਾਜਧਾਨੀਆਂ ਵਿਚ ਟੈਗੋਰ ਥੀਏਟਰ ਉਸਾਰੇ ਗਏ।

ਕੇਂਦਰੀ ਸ਼ਾਸਤ ਪ੍ਰਦੇਸ਼ (ਯੂ.ਟੀ.) ਚੰਡੀਗੜ੍ਹ ਵਿਚ ਵੀ 1961 ਟੈਗੋਰ ਥੀਏਟਰ ਬਣਾਇਆ ਗਿਆ ਸੀ। ਇਸ ਥੀਏਟਰ ਵਿਚ ਗਾਹੇ-ਬਗਾਹੇ ਤਬਦੀਲੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ। ਇਹ ਟੈਗੋਰ ਥੀਏਟਰ ਅੱਜ ਕੱਲ੍ਹ ਹਰ ਆਧੁਨਿਕ ਸਹੂਲਤ ਨਾਲ ਲੈਸ ਹੈ ਅਤੇ ਕੁਝ ਸਾਲ ਪਹਿਲਾਂ ਇਸ ਵਿਚ ਕੁਝ ਹੋਰ ਅਹਿਮ ਵਾਧੇ ਕਰ ਕੇ ਇਸ ਨੂੰ ਸਮੇਂ ਦੇ ਹਾਣ ਦਾ ਬਣਾਇਆ ਗਿਆ ਹੈ। ਇਸ ਥੀਏਟਰ ਵਿਚ ਆਏ ਦਿਨ ਮੇਲਾ ਲੱਗਿਆ ਹੀ ਰਹਿੰਦਾ ਹੈ ਜਿਸ ਵਿਚ ਥੀਏਟਰ ਨਾਲ ਜੁੜੇ ਕਲਾਕਾਰ ਤਾਂ ਆਪਣੀ ਕਲਾ ਦੇ ਜੌਹਰ ਤਾਂ ਦਿਖਾਉਂਦੇ ਹੀ ਹਨ, ਹੋਰ ਕਈ ਤਰ੍ਹਾਂ ਦੇ ਸਮਾਗਮ ਵੀ ਹੁੰਦੇ ਰਹਿੰਦੇ ਹਨ।

ਕੁਝ ਸੂਬਿਆਂ ਵਿਚ ਅਜਿਹੇ ਥੀਏਟਰਾਂ ਦਾ ਨਾਂ ਰਬਿੰਦਰ ਰੰਗਸ਼ਾਲਾ ਰੱਖਿਆ ਗਿਆ ਹੈ। ਇਸ ਪੱਖ ਤੋਂ ਸਰਕਾਰ ਦੀ ਇਹ ਸਕੀਮ ਬੜੀ ਹੀ ਕਾਮਯਾਬ ਰਹੀ ਹੈ। ਹੁਣ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਥੀਏਟਰਾਂ ਨੂੰ ਸਮੇਂ ਦੇ ਹਾਣ ਦਾ ਬਣਾਈ ਰੱਖਣ ਲਈ ਪੈਸੇ-ਟਕੇ ਦੀ ਕੋਈ ਤੋਟ ਨਾ ਰਹੇ।





ਰਬਿੰਦਰਨਾਥ ਟੈਗੋਰ ਦੇ ਬੰਗਲਾ ਵਿਚ ਕੀਤੇ ਦਸਤਖਤ।



ਚੰਡੀਗੜ੍ਹ ਵਿਚ ਟੈਗੋਰ ਥੀਏਟਰ ਦੀ ਬਾਹਰੀ ਝਲਕ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਜੂਨ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-275



*ਕਿਰਤੀ ਕਿਰਤ ਕਮਾਉਂਦਿਆਂ, ਤੇਰੀ ਲਈ ਕਿਸੇ ਨਾ ਸਾਰ।*
*ਵਿਕਾਸ ਦੇ ਯੁੱਗਾਂ ਵਿਚ ਵੀ, ਤੈਨੂੰ ਪਈ ਗੁਰਬਤ ਦੀ ਮਾਰ।*

## ਕੈਪਸ਼ਨ ਮੁਕਾਬਲਾ-273



ਸੌਖਾ ਨਹੀਂ ਹੈ ਕੁਤਰਾ ਕਰਨਾ
ਤਕੜਾ ਜੋਰ ਲਗਾਉਂਦੇ ਹਾਂ।
ਵਿਚ ਮਸ਼ੀਨ ਦੇ ਰੁੱਗ ਲਵਾ ਕੇ
ਚੱਕਰ ਤਾਈਂ ਘੁਮਾਉਂਦੇ ਹਾਂ।
ਪਰ ਥਕੇਵਾਂ ਸਾਰਾ ਲਹਿ ਜਾਂਦਾ
ਜਦ ਬਾਲਟੀ ਭਰ ਲਿਆਉਂਦੇ ਹਾਂ।
***-ਜਗਮੀਤ ਸਿੰਘ ਪੰਧੇਰ***

---

ਗੰਡਾਸੇ ਤੋਂ ਹੱਥ ਟੋਕਾ ਬਣਿਆ
ਬਲਦਾਂ ਨਾਲ ਸੀ ਚੱਲਦੀ ਗੇੜੀ।
ਹੋਰ ਸਾਇੰਸ ਨੇ ਜੌਹਰ ਦਿਖਾਏ
ਮਸ਼ੀਨ ਆ ਬਿਜਲੀ ਨੇ ਗੇੜੀ।
ਚਰ੍ਹੀ, ਬਾਜਰਾ ਫੜ ਹੱਥੀ ਕੁਤਰਨੇ
ਮੁਫਤ 'ਚ ਕਸਰਤ ਹੋ ਜਾਂਦੀ ਸੀ।
ਡੌਲਿਆਂ ਉਤੇ ਤਰਨ ਮੱਛੀਆਂ
ਬੀਮਾਰੀ ਵੀ ਜੜ੍ਹੋਂ ਪੁੱਟੀ ਜਾਂਦੀ ਸੀ।
***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਇਹ ਬਿਜਲੀ ਵਾਲੀ ਗੇੜੀ ਨਹੀਂ
ਇਹ ਹੈ ਹੱਥ ਨਾਲ ਕੁਤਰਨ ਵਾਲੀ ਮਸ਼ੀਨ।
ਮਾੜਾ ਧੀੜਾ ਨਹੀਂ ਜੇਰਾ ਕਰ ਸਕਦਾ
ਹੱਥ ਪਾਉਣਾ ਇਸ ਹੱਥੀ ਨੂੰ।
ਢੇਰ ਵਰਜਿਸ਼ ਹੈ ਇਸ ਵਿਚ
ਸਾਰਾ ਸਰੀਰ ਹਰਕਤ ਕਰਦਾ
ਬੀ.ਪੀ., ਹਰਟ ਅਟੈਕ ਸਭ ਭੱਜ ਜਾਂਦੇ।
***-ਦਰਸ਼ਨਪਾਲ ਦੋਸਾਂਝ***

---

ਚੱਲ ਬਈ ਛੋਕਰੇ ਟੋਕਾ ਕਰੀਏ
ਹੱਡਾਂ ਨੂੰ ਲਿਸ਼ਕਾਈਏ।
ਹੱਥ ਬਚਾਈਂ, ਰੁੱਗ ਥੋੜ੍ਹਾ ਲਾਈਂ
ਐਵੇਂ ਨਾ ਜ਼ੋਰ ਅਜ਼ਮਾਈਏ।
***-ਠਾਕਰ ਸਿੰਘ ਬਸਾਤੀ, ਸ਼ਿਕਾਗੋ***

---

ਕਿਰਤ ਕਰੋ, ਨਾਮ ਜਪੋ, ਵੰਡ ਛਕੋ
ਨਾਨਕ ਦੱਸੇ ਸੀ ਗੁਣ ਸਚਿਆਰ।
ਹੱਥੀਂ ਟੋਕਾ ਮਸ਼ੀਨ, ਕਿਰਤ ਦਾ ਪ੍ਰਤੀਕ
ਵਧੀਆ ਸਿਹਤ ਬਣੇ, ਚੰਗੇ ਹੋਣ ਵਿਚਾਰ।
ਆਟੋਮੈਟਿਕ ਮਸ਼ੀਨਾਂ ਬੰਦੇ ਕੀਤੇ ਵਿਹਲੇ
ਪੈ ਗਈ ਕਰਜ਼ਿਆਂ ਤੇ ਨਸ਼ਿਆਂ ਦੀ ਮਾਰ।
***-ਅਮਰਜੀਤ ਸਿੰਘ ਤੂਰ, ਚੰਡੀਗੜ੍ਹ***

---

ਬੂਰੀ ਮੱਝ ਲਈ ਪੱਠੇ ਕੁਤਰਾ ਕਰਦਾ ਸੀ।
ਵੱਡਾ ਰੁੱਗ ਨਾਲ ਸਾਹ ਮੈਨੂੰ ਚੜ੍ਹਦਾ ਸੀ।
ਪਤਨੀ ਹੱਸਦੀ ਤੇ ਮੈਨੂੰ ਗੁੱਸਾ ਚੜ੍ਹਦਾ ਸੀ।
ਯਾਦ ਆਇਆ ਟੋਕਾ ਕਿੱਦਾਂ ਗਿੜਦਾ ਸੀ।
***-ਜੁਗਰਾਜ ਗਿੱਲ ਸਾਊਥ ਕੈਰੋਲਾਈਨਾ***

---

ਦੇਖ ਕੇ ਟੋਕਾ-ਮਸ਼ੀਨ,
ਉਠਣ ਲੱਗੀਆਂ ਨੇ ਲੂਹਰੀਆਂ।
ਕਦੇ ਟਲਦੇ, ਕਦੇ ਰੁੱਗ ਦੇਣ ਨੂੰ ਭੱਜਦੇ,
ਗਿਣ ਗਿਣ ਗੇੜੇ ਦੇਣੇ, ਬੰਨ੍ਹਦੇ ਸੀ ਵਾਰੀਆਂ।
ਚੰਡੋਲ ਵਾਂਗ ਘੁਮਾਉਣਾ ਹੱਥੀਂ
ਬਰਕਤਾਂ ਹੀ ਸੀ ਨਿਆਰੀਆਂ।
***-ਦਵਿੰਦਰ ਕੌਰ***

---

ਤਾਜ਼ੇ ਕੁਤਰਾ ਦੀ ਤਾਜ਼ੀ ਖੁਸ਼ਬੋ।
ਵੇਖ ਕੇ ਫੋਟੋ ਗਏ ਯਾਦਾਂ ਵਿਚ ਖੋ।
ਕਦੇ ਤਾਂ ਵਤਨ ਜਾਵਾਂਗੇ ਹੈ ਦਿਲ ਵਿਚ ਖੋਹ।
***-ਇੰਦਰਜੀਤ ਮੰਗਾ ਪਿਟਸਬਰਗ***

---

ਤਕਨੀਕ ਨੇ ਔਖੇ ਕੰਮ ਸੁਖਾਲੇ ਕੀਤੇ
ਹੋਣ ਲੱਗੇ ਆਟੋਮੈਟਿਕ ਮਸ਼ੀਨਾਂ ਦੇ ਨਾਲ।
ਡੈਰੀ ਕਿੱਤੇ ਨੂੰ ਹੁਲਾਰਾ ਮਿਲਿਆ
ਸਹਾਇਕ ਧੰਦੇ ਨੇ ਕੀਤਾ ਖੁਸ਼ਹਾਲ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਬਿਜਲੀ ਦੀਆਂ ਮੋਟਰਾਂ ਨਾਲ
ਹੁਣ ਫਿੱਟ ਕਰ ਲਿਆ ਟੋਕਾ।
ਬਲੱਡ ਪ੍ਰੈਸ਼ਰ, ਸ਼ੂਗਰ ਬਿਮਾਰੀਆਂ ਨੂੰ
ਅਸੀਂ ਆਪੇ ਦੇ ਲਿਆ ਹੋਕਾ।
***-ਗੋਰਾ ਪ੍ਰਜਾਪਤ, ਨਿਊ ਯਾਰਕ***

# ਸਿੱਖ ਰਿਲੀਜੀਅਸ ਸੁਸਾਇਟੀ ਆਫ ਮਿਸ਼ੀਗਨ, ਬੈਟਲ ਕਰੀਕ

3180 BECKLEY RD, BATTLE CREEK, MI 49015

## ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 67ਵੀਂ ਬਰਸੀ ਸਬੰਧੀ




ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ, ਬੈਟਲ ਕਰੀਕ

## ਵਿਸ਼ੇਸ਼ ਸਮਾਗਮ

ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 67ਵੀਂ ਬਰਸੀ ਮਿਸ਼ੀਗਨ ਦੇ ਸਾਰੇ ਗੁਰੂ ਘਰਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ, ਬੈਟਲ ਕਰੀਕ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਈ ਜਾ ਰਹੀ ਹੈ

**8 ਜੂਨ 2017, ਵੀਰਵਾਰ** *ਅਰੰਭ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ*

**10 ਜੂਨ 2017, ਸਨਿਚਰਵਾਰ** *ਭੋਗ ਸ੍ਰੀ ਅਖੰਡ ਪਾਠ: ਸਵੇਰੇ 11 ਵਜੇ*

**ਉਪਰੰਤ ਕੀਰਤਨ ਦਰਬਾਰ:** ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਹਰਪ੍ਰੀਤ ਸਿੰਘ ਤੇ ਤਾਰਾ ਸਿੰਘ ਦੇ ਜਥੇ ਤੋਂ ਇਲਾਵਾ ਭਾਈ ਸਰਬਜੀਤ ਸਿੰਘ ਅਤੇ ਭਾਈ ਭੁਪਿੰਦਰ ਸਿੰਘ ਦੇ ਕੀਰਤਨੀ ਜਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਨਾਲ ਨਿਹਾਲ ਕਰਨਗੇ।

**ਆਪ ਸਭ ਨੂੰ ਇਸ ਮੌਕੇ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ**



ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਸ਼ਖਸੀਅਤ ਹੋਏ ਹਨ ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।



ਭਾਈ ਹਰਪ੍ਰੀਤ ਸਿੰਘ



ਭਾਈ ਸਰਬਜੀਤ ਸਿੰਘ



ਭਾਈ ਭੁਪਿੰਦਰ ਸਿੰਘ




ਮਿਸ਼ੀਗਨ ਦੇ ਵੱਖ ਵੱਖ ਗੁਰੂਘਰਾਂ ਦੇ ਮੈਂਬਰ

ਨੋਟ: ਛੋਲੇ-ਭਠੂਰਿਆਂ, ਜਲੇਬੀਆਂ, ਗੋਲ-ਗੱਪਿਆਂ ਅਤੇ ਹਰ ਤਰ੍ਹਾਂ ਦੀਆਂ ਮਿਠਾਈਆਂ ਦੇ ਲੰਗਰਾਂ ਦੀ ਭਰਪੂਰ ਸੇਵਾ ਕੀਤੀ ਜਾਵੇਗੀ।

**ਹੋਰ ਜਾਣਕਾਰੀ ਲਈ ਸੰਪਰਕ ਕਰੋ**

ਹਰਪਾਲ ਸਿੰਘ ਟਾਂਡਾ (ਪ੍ਰਧਾਨ)
ਫੋਨ: 269-420-8135

ਨਰਿੰਦਰ ਸਿੰਘ ਮੁੰਦਰ (ਸਕੱਤਰ)
ਫੋਨ: 269-615-0216

ਮੁਕੰਦ ਸਿੰਘ ਮਾਂਗਟ (ਚੇਅਰਮੈਨ)
ਫੋਨ: 517-819-8413

ਦਲਜੀਤ ਸਿੰਘ (ਕੈਸ਼ੀਅਰ)
ਫੋਨ: 517-795-8547

ਪਵਨਜੀਤ ਸਿੰਘ ਠਾਕਰੀ (ਸਪੋਕਸਮੈਨ)
ਫੋਨ: 269-364-0568

# ਜਦੋਂ ਗੁਰਦੁਆਰੇ ਅੰਦਰ ਸ਼ਰਾਬ ਦਾ ਜ਼ਿਕਰ ਕਰ ਬੈਠਾ ਵਲੈਤੀ ਮੰਤਰੀ

**ਲੰਡਨ:** ਬਰਤਾਨੀਆ ਦੇ ਵਿਦੇਸ਼ ਮੰਤਰੀ ਨੇ ਗੁਰੂ ਘਰ ਵਿਖੇ ਦਿੱਤੇ ਆਪਣੇ ਇਤਰਾਜ਼ਯੋਗ ਬਿਆਨ ਤੋਂ ਬਾਅਦ ਸਿੱਖ ਭਾਈਚਾਰੇ ਤੋਂ ਮੁਆਫੀ ਮੰਗੀ ਹੈ। ਬਰਤਾਨੀਆ ਵਿਚ ਹੋਣ ਜਾ ਰਹੀਆਂ ਆਮ ਚੋਣਾਂ ਲਈ ਚੋਣ ਪ੍ਰਚਾਰ ਕਰਦਿਆਂ ਵਿਦੇਸ਼ ਮੰਤਰੀ ਬੌਰਿਸ ਜੌਹਨਸਨ ਇੰਗਲੈਂਡ ਦੇ ਸ਼ਹਿਰ ਬ੍ਰੈਸਟਲ ਸਥਿਤ ਗੁਰਦੁਆਰਾ ਸਾਹਿਬ ਵਿਖੇ ਪਹੁੰਚੇ ਸਨ। ਇਸ ਮੌਕੇ ਵਿਦੇਸ਼ ਮੰਤਰੀ ਨੇ ਭਾਰਤ ਤੇ ਬਰਤਾਨੀਆ ਦਰਮਿਆਨ ਸਬੰਧਾਂ ਦਾ ਜ਼ਿਕਰ ਕਰਦਿਆਂ ਹਵਾਈ ਅੱਡਿਆਂ ਉਤੇ ਸ਼ਰਾਬ 'ਤੇ ਲੱਗਣ ਵਾਲੀ ਡਿਊਟੀ ਦੀ ਗੱਲ ਕਰ ਦਿੱਤੀ।

ਜੌਹਨਸਨ ਨੇ ਕਿਹਾ ਕਿ ਭਾਰਤ ਨਾਲ ਫਰੀ ਟਰੇਡ ਵਧਾਉਣ ਲਈ ਨੀਤੀਆਂ ਵਿਚ ਸ਼ਰਾਬ ਵੀ ਸ਼ਾਮਲ ਹੈ। ਅਜਿਹਾ ਬੋਲਣ 'ਤੇ ਸੰਗਤ ਵਿਚ ਮੌਜੂਦ ਇਕ ਬੀਬੀ ਬਲਵੀਰ ਕੌਰ ਨੇ ਵਿਚੋਂ ਟੋਕਦਿਆਂ ਇਤਰਾਜ਼ ਜਤਾਇਆ ਕਿ ਗੁਰੂ ਸਾਹਿਬ ਦੀ ਹਜ਼ੂਰੀ ਅੰਦਰ ਸ਼ਰਾਬ ਬਾਰੇ ਕਿਸੇ ਵੀ ਪ੍ਰਕਾਰ ਦੀ ਬਿਆਨਬਾਜ਼ੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਸਿੱਖ ਧਰਮ ਅੰਦਰ ਸ਼ਰਾਬ ਪੀਣ ਦੀ ਮਨਾਹੀ ਹੈ।

ਗੁਰੂ ਘਰ ਅੰਦਰ ਮੌਜੂਦ ਸਿੱਖ ਸੰਗਤ ਨੇ ਵਿਦੇਸ਼ ਮੰਤਰੀ ਨੂੰ ਇਹ ਵੀ ਕਿਹਾ ਕਿ ਭਾਰਤ ਅੰਦਰ ਸ਼ਰਾਬ ਦੀ ਸਮੱਸਿਆ ਪਹਿਲਾਂ ਹੀ ਬਹੁਤ ਹੈ ਤੇ ਬਰਤਾਨੀਆ ਸਰਕਾਰ ਵੱਲੋਂ ਹਵਾਈ ਅੱਡਿਆਂ 'ਤੇ ਟੈਕਸ ਫਰੀ ਕਰ ਕੇ ਸ਼ਰਾਬ ਨੂੰ ਉਤਸ਼ਾਹਿਤ ਕਰਨਾ ਵੀ ਗਲਤ ਹੈ। ਵਿਦੇਸ਼ ਮੰਤਰੀ ਨੇ ਕਿਹਾ, "ਉਹ ਇਸ ਗੱਲ ਤੋਂ ਅਣਜਾਣ ਸਨ ਤੇ ਗੁਰੂ ਘਰ ਅੰਦਰ ਸ਼ਰਾਬ ਬਾਰੇ ਬਿਆਨਬਾਜ਼ੀ ਕਰਨ ਲਈ ਮੁਆਫੀ ਮੰਗਦੇ ਹਨ।"

ਹਾਲਾਂਕਿ ਇਸ ਦੌਰਾਨ ਬੌਰਿਸ ਜੌਹਨਸਨ ਬਸੰਤੀ ਦਸਤਾਰ ਬੰਨ੍ਹ ਕੇ ਗੁਰੂ ਘਰ ਵਿਖੇ ਨਤਮਸਤਕ ਹੋਏ, ਪਰ ਉਕਤ ਬਿਆਨਬਾਜ਼ੀ ਤੋਂ ਬਾਅਦ ਜੌਹਨਸਨ ਨੂੰ ਆਪਣਾ ਭਾਸ਼ਣ ਉਥੇ ਹੀ ਸਮਾਪਤ ਕਰਨਾ ਪਿਆ। ਜ਼ਿਕਰਯੋਗ ਹੈ ਕਿ 52 ਸਾਲਾ ਬੌਰਿਸ ਜੌਹਨਸਨ ਵਿਦੇਸ਼ ਮੰਤਰੀ ਹੋਣ ਦੇ ਨਾਲ ਨਾਲ ਉਘੇ ਪੱਤਰਕਾਰ ਤੇ ਇਤਿਹਾਸਕਾਰ ਵੀ ਹਨ।

### ਵਿਰੋਧ ਪਿੱਛੋਂ ਮੁਆਫੀ ਮੰਗ ਕੇ ਭੁੱਲ ਬਖਸ਼ਾਈ



## ਆਸਟਰੇਲੀਅਨ ਪ੍ਰਿੰਸੀਪਲ ਨੇ ਵਧਾਇਆ ਸਿੱਖਾਂ ਦਾ ਮਾਣ

**ਮੈਲਬਰਨ:** ਕੁਝ ਮਹੀਨੇ ਪਹਿਲਾਂ ਆਸਟਰੇਲੀਆ ਰਹਿੰਦੇ ਦਸਤਾਰਧਾਰੀ ਸਿੱਖ ਬੱਚਿਆਂ ਨੂੰ ਦਸਤਾਰ ਜਾਂ ਪਟਕੇ ਸਮੇਤ ਸਕੂਲਾਂ ਵਿਚ ਦਾਖਲਾ ਦੇਣ ਤੋਂ ਇਨਕਾਰ ਕਰਨ ਵਰਗੀਆਂ ਕਈ ਖਬਰਾਂ ਸਾਹਮਣੇ ਆਈਆਂ ਸਨ। ਇਸ ਸਭ ਦੇ ਦਰਮਿਆਨ ਮੈਲਬਰਨ ਦੇ ਮਦਰ ਆਫ ਗੌਡ ਕ੍ਰਿਸਚੀਅਨ ਸਕੂਲ ਦੀ ਪ੍ਰਿੰਸੀਪਲ ਵੱਲੋਂ ਸਿੱਖ ਬੱਚੇ ਨੂੰ ਖੁਦ ਪਟਕਾ ਬੰਨ੍ਹਣ ਦੀ ਭਾਈਚਾਰਕ ਸਾਂਝ ਵਾਲੀ ਖਬਰ ਸਾਹਮਣੇ ਆਈ ਹੈ।



ਦਰਅਸਲ, ਵਿਦਿਆਰਥੀ ਮਨਸੇਜ ਸਿੰਘ ਦਾ ਸਕੂਲ ਵਿਚ ਅਚਾਨਕ ਪਟਕਾ ਉਤਰ ਗਿਆ ਸੀ। ਇਸ ਤੋਂ ਬਾਅਦ ਸਕੂਲ ਪ੍ਰਿੰਸੀਪਲ ਤੇ ਸਹਿ ਅਧਿਆਪਕ ਨੇ ਯੂ-ਟਿਊਬ 'ਤੇ ਦਸਤਾਰ ਤੇ ਪਟਕਾ ਬੰਨ੍ਹਣ ਵਾਲੀਆਂ ਵੀਡੀਓਜ਼ ਦੀ ਮਦਦ ਨਾਲ ਮਨਸੇਜ ਦੇ ਪਟਕਾ ਬੰਨ੍ਹਣ ਦੀ ਕੋਸ਼ਿਸ਼ ਕੀਤੀ। ਪ੍ਰਿੰਸੀਪਲ ਵੱਲੋਂ ਇਸ ਦਰਮਿਆਨ ਮਨਸੇਜ ਸਿੰਘ ਦੇ ਮਾਪਿਆਂ ਨੂੰ ਵੀ ਫੋਨ ਕਰ ਕੇ ਪਟਕੇ ਨੂੰ 'ਫਾਈਨਲ ਟੱਚ' ਦੇਣ ਲਈ ਬੁਲਾਇਆ ਗਿਆ। ਮਨਸੇਜ ਸਿੰਘ ਦੇ ਪਿਤਾ ਅਮਰ ਸਿੰਘ ਮੁਤਾਬਕ ਜਦੋਂ ਉਹ ਸਕੂਲ ਪਹੁੰਚਿਆ ਤਾਂ ਦੇਖਿਆ ਕਿ ਪ੍ਰਿੰਸੀਪਲ ਗੈਰਾਰਡ ਬਰਾਡਫੁੱਟ ਤੇ ਅਧਿਆਪਕ ਮਾਈਕਲ ਯੂ-ਟਿਊਬ ਦੀ ਸਹਾਇਤਾ ਨਾਲ ਮਨਸੇਜ ਨੂੰ ਪਟਕਾ ਬੰਨ੍ਹ ਰਹੇ ਸਨ। ਸਕੂਲ ਪਹੁੰਚੇ ਅਮਰ ਸਿੰਘ ਤੋਂ ਪ੍ਰਿੰਸੀਪਲ ਨੇ ਇਹ ਕਹਿੰਦਿਆਂ ਮੁਆਫੀ ਵੀ ਮੰਗੀ ਕਿ ਉਹ ਬੱਚੇ ਦੇ ਸਹੀ ਤਰੀਕੇ ਨਾਲ ਪਟਕਾ ਨਹੀਂ ਬੰਨ੍ਹ ਸਕੇ। ਇਸ ਕਰ ਕੇ ਤੁਹਾਨੂੰ ਬੁਲਾਉਣਾ ਪਿਆ। ਵਿਦੇਸ਼ਾਂ ਵਿਚ ਨਸਲੀ ਭੇਦਭਾਵ ਦਰਮਿਆਨ ਇਹ ਸੱਚਮੁੱਚ ਸਿੱਖ ਭਾਈਚਾਰੇ ਲਈ ਬਹੁਤ ਰਾਹਤ ਦੇਣ ਵਾਲੀ ਗੱਲ ਹੈ। ਇਸ ਪਹਿਲ ਸਦਕਾ ਯੂਨਾਈਟਡ ਸਿੱਖਜ਼ ਤੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਕਰੇਅਬਰਨ, ਮੈਲਬਰਨ ਵੱਲੋਂ ਪ੍ਰਿੰਸੀਪਲ ਗੈਰਾਰਡ ਬਰਾਡਫੁੱਟ ਤੇ ਅਧਿਆਪਕ ਮਾਈਕਲ ਬੱਕਲੇ ਦਾ ਖਾਸ ਤੌਰ 'ਤੇ ਸਨਮਾਨ ਕੀਤਾ ਗਿਆ। ਪ੍ਰਬੰਧਕਾਂ ਨੇ ਕਿਹਾ ਕਿ ਸਕੂਲ ਪ੍ਰਿੰਸੀਪਲ ਨੇ ਸਦਾਚਾਰਕ ਸਾਂਝ ਤੇ ਮਨੁੱਖਤਾ ਦਾ ਸੁਨੇਹਾ ਦਿੱਤਾ ਹੈ। ਇਸ ਮੌਕੇ ਬੱਚੇ ਮਨਸੇਜ ਸਿੰਘ ਨੂੰ ਵੀ 'ਡਿਫੈਂਡਰ ਆਫ ਦ ਸਿੱਖ ਦਸਤਾਰ' ਅਵਾਰਡ ਨਾਲ ਸਨਮਾਨਿਆ ਗਿਆ।

## ਜਪਾਨ ਦੀ ਰਾਜਕੁਮਾਰੀ ਦੀ ਮੁਹੱਬਤ ਬਾਰੇ ਛਿੜੀ ਚਰਚਾ

**ਟੋਕੀਓ:** ਜਾਪਾਨ ਦੀ ਰਾਜਕੁਮਾਰੀ ਮਾਕੋ ਆਪਣੇ ਪਿਆਰ ਲਈ ਰਾਜ ਘਰਾਣਾ ਛੱਡਣ ਨੂੰ ਤਿਆਰ ਹੈ। ਉਹ ਪੇਸ਼ੇ ਤੋਂ ਕਾਨੂੰਨੀ ਸਹਾਇਕ 25 ਸਾਲਾ ਨੌਜਵਾਨ ਕੇਈ ਕੋਮੂਰੋ ਨਾਲ ਪਿਆਰ ਕਰਦੀ ਹੈ ਤੇ ਉਸ ਨਾਲ ਵਿਆਹ ਕਰਨਾ ਚਾਹੁੰਦੀ ਹੈ। ਮਾਕੋ ਜਾਪਾਨ ਦੇ ਰਾਜਾ ਅਕਿਹਿਤੋ ਦੀ ਪੋਤੀ ਹੈ ਅਤੇ ਕੋਮੂਰੋ ਇਕ ਆਮ ਨਾਗਰਿਕ ਹੈ।



ਕੋਮੂਰੋ ਨਾਲ ਮਾਕੋ ਦੀ ਮੁਲਾਕਾਤ ਪੰਜ ਸਾਲ ਪਹਿਲਾਂ ਇਕ ਰੈਸਤਰਾਂ ਵਿਚ ਹੋਈ ਸੀ ਅਤੇ ਉਹ ਉਸ ਨੂੰ ਆਪਣਾ ਦਿਲ ਦੇ ਬੈਠੀ। ਕੋਮੂਰੋ ਇਸ ਤੋਂ ਪਹਿਲਾਂ ਯੂਨੀਵਰਸਿਟੀ ਵਿਚ ਰਾਜ ਕੁਮਾਰੀ ਦਾ ਕਲਾਸਮੇਟ ਰਹਿ ਚੁੱਕਾ ਹੈ। ਮਾਕੋ ਨੇ ਟੋਕੀਓ ਦੀ ਇੰਟਰਨੈਸ਼ਨਲ ਕ੍ਰਿਸ਼ਚਅਨ ਯੂਨੀਵਰਸਿਟੀ ਤੋਂ ਬੀ.ਏ. ਦੀ ਪੜ੍ਹਾਈ ਕੀਤੀ ਸੀ, ਇਸ ਦੌਰਾਨ ਕੋਮੂਰੋ ਵੀ ਇਥੇ ਵਿਦਿਆਰਥੀ ਸਨ।

ਜਾਪਾਨੀ ਰਾਜ ਘਰਾਣੇ ਦੇ ਨਿਯਮ ਅਨੁਸਾਰ ਕੋਮੂਰੋ ਨਾਲ ਵਿਆਹ ਕਰਨ ਬਦਲੇ ਰਾਜਕੁਮਾਰੀ ਮਾਕੋ ਦਾ ਰਾਜ ਘਰਾਣੇ ਨਾਲੋਂ ਰਿਸ਼ਤਾ ਟੁੱਟ ਜਾਵੇਗਾ ਅਤੇ ਉਹ ਜਾਪਾਨ ਦੀ ਆਮ ਨਾਗਰਿਕ ਬਣ ਜਾਣਗੀ। ਜਾਪਾਨ ਦੇ ਅਗਲੇ ਰਾਜਾ ਅਤੇ ਮਾਕੋ ਦੇ ਪਿਤਾ ਰਾਜਕੁਮਾਰ ਅਕਿਸ਼ਿਨੋ ਅਤੇ ਮਾਂ ਰਾਜਕੁਮਾਰੀ ਕਿਕੋ ਨੇ ਇਸ ਵਿਆਹ ਨੂੰ ਆਪਣੀ ਮਨਜ਼ੂਰੀ ਦੇ ਦਿੱਤੀ ਹੈ।

## ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਪੇਤਲਾ ਕਰਨ ਦਾ ਰਾਹ ਫੜਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ 30 ਜੂਨ ਤੋਂ ਬਾਅਦ ਪ੍ਰਾਈਵੇਟ ਇਮਾਰਤਾਂ ਵਿਚ ਚੱਲਦੇ ਸਰਕਾਰੀ ਦਫਤਰਾਂ ਦੇ ਕਿਰਾਏ ਦੇਣ ਤੋਂ ਇਨਕਾਰ ਕਰਨ ਕਾਰਨ ਇਨ੍ਹਾਂ ਇਮਾਰਤਾਂ ਵਿਚ ਚੱਲ ਰਹੇ ਦਫਤਰਾਂ ਦੇ ਅਧਿਕਾਰੀਆਂ ਵਿਚ ਹਲਚਲ ਮੱਚ ਗਈ ਹੈ।

ਸਰਕਾਰ ਦੇ ਇਸ ਫੈਸਲੇ ਨਾਲ ਚੰਡੀਗੜ੍ਹ ਉਪਰ ਪੰਜਾਬ ਦਾ ਹੱਕ ਹੋਣ ਦਾ ਦਾਅਵਾ ਵੀ ਪੇਤਲਾ ਪੈਣ ਦੇ ਆਸਾਰ ਬਣ ਗਏ ਹਨ ਕਿਉਂਕਿ ਇਸ ਤਹਿਤ ਵੱਡੀ ਗਿਣਤੀ ਪੰਜਾਬ ਦੇ ਦਫਤਰ ਚੰਡੀਗੜ੍ਹ ਤੋਂ ਬਾਹਰ ਮੁਹਾਲੀ ਆਦਿ ਜਾਣ ਦੀ ਸੰਭਾਵਨਾ ਬਣ ਗਈ ਹੈ।

ਪਹਿਲਾਂ ਹੀ ਚੰਡੀਗੜ੍ਹ ਸੈਕਟਰ-17 ਸਥਿਤ ਸਿੱਖਿਆ ਵਿਭਾਗ ਦੇ 75 ਫੀਸਦੀ ਦਫਤਰਾਂ ਸਮੇਤ ਪੰਚਾਇਤ ਵਿਭਾਗ, ਪਸ਼ੂ ਪਾਲਣ ਵਿਭਾਗ, ਮੰਡੀ ਬੋਰਡ, ਜੰਗਲਾਤ ਵਿਭਾਗ, ਸਿੰਜਾਈ ਵਿਭਾਗ ਦੇ ਕਈ ਦਫਤਰ ਆਦਿ ਮੁਹਾਲੀ ਜਾਣ ਕਾਰਨ ਚੰਡੀਗੜ੍ਹ ਵਿਚੋਂ ਪੰਜਾਬੀਆਂ ਦੀ ਹਾਜ਼ਰੀ ਘਟਦੀ ਜਾ ਰਹੀ ਹੈ। ਦਫਤਰ ਤਬਦੀਲ ਹੋਣ ਕਾਰਨ ਸੈਂਕੜੇ ਮੁਲਾਜ਼ਮਾਂ ਨੇ ਆਪਣੇ ਘਰ ਵੀ ਮੁਹਾਲੀ ਤਬਦੀਲ ਕਰ ਲਏ ਹਨ।



ਚੰਡੀਗੜ੍ਹ ਦੀਆਂ ਮੁੱਖ ਸਿਆਸੀ ਪਾਰਟੀਆਂ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਕਾਂਗਰਸ ਵੱਲੋਂ ਪਹਿਲਾਂ ਹੀ ਚੰਡੀਗੜ੍ਹ ਨੂੰ ਪੰਜਾਬ ਹਵਾਲੇ ਕਰਨ ਦੀ ਥਾਂ ਕੇਂਦਰ ਸ਼ਾਸਿਤ ਪ੍ਰਦੇਸ਼ ਹੀ ਬਣਾਈ ਰੱਖਣ ਦੇ ਸਟੈਂਡ ਕਾਰਨ ਪੰਜਾਬ ਦੀ ਰਾਜਧਾਨੀ ਪੰਜਾਬੀਆਂ ਤੋਂ ਨਿਰੰਤਰ ਦੂਰ ਜਾਂਦੀ ਜਾਪਦੀ ਹੈ।

ਦਰਅਸਲ ਪੰਜਾਬ ਸਰਕਾਰ ਨੇ ਚੋਣਾਂ ਦੌਰਾਨ ਕੀਤੇ ਵਾਅਦਿਆਂ ਦੀ ਪੂਰਤੀ ਲਈ ਖਾਲੀ ਖਜ਼ਾਨੇ ਨੂੰ ਬੂੰਦ-ਬੂੰਦ ਨਾਲ ਭਰਨ ਦੀ ਚਲਾਈ ਮੁਹਿੰਮ ਤਹਿਤ ਪ੍ਰਾਈਵੇਟ ਇਮਾਰਤਾਂ ਵਿਚ ਚੱਲਦੇ ਵਿਭਾਗਾਂ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਉਹ 30 ਜੂਨ ਤੱਕ ਵੱਖ-ਵੱਖ ਵਿਭਾਗਾਂ ਦੇ ਬਣਾਏ ਭਵਨਾਂ ਜਾਂ ਸਰਕਾਰੀ ਇਮਾਰਤਾਂ ਵਿਚ ਚਲੇ ਜਾਣ। ਇਸ ਤੋਂ ਬਾਅਦ ਉਨ੍ਹਾਂ ਨੂੰ ਇਮਾਰਤਾਂ ਦੇ ਕਿਰਾਏ ਨਹੀਂ ਮਿਲਣਗੇ।

## ਆਸਟਰੇਲੀਆ ਵੀ ਮੁਸਲਿਮ ਦੇਸ਼ਾਂ ਦੇ ਨਾਗਰਿਕਾਂ 'ਤੇ ਸਖਤੀ ਦੇ ਰੌਂਅ ਵਿਚ

**ਕੈਨਬਰਾ:** ਆਸਟਰੇਲੀਆ ਵੀ ਮੱਧ ਪੂਰਬ ਦੇ ਕੁਝ ਮੁਸਲਿਮ ਦੇਸ਼ਾਂ ਤੋਂ ਆਉਣ ਵਾਲੇ ਜਹਾਜ਼ਾਂ ਵਿਚ ਲੈਪਟਾਪ ਅਤੇ ਦੂਸਰੇ ਇਲੈਕਟ੍ਰਾਨਿਕ ਉਪਕਰਣ ਲੈ ਕੇ ਯਾਤਰਾ ਕਰਨ ਉਤੇ ਪਾਬੰਦੀ ਲਗਾਉਣ ਬਾਰੇ ਵਿਚਾਰ ਕਰ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਅਤਿਵਾਦੀ ਹਮਲਿਆਂ ਦੀ ਸ਼ੰਕਾ ਦੇ ਚੱਲਦਿਆਂ ਇਹ ਕਦਮ ਚੁੱਕਿਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਮੈਲਕਮ ਟਰਨਬੁੱਲ ਨੇ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਮੱਧ ਪੂਰਬ ਦੇ ਕੁਝ ਦੇਸ਼ਾਂ ਤੋਂ ਆਉਣ ਵਾਲੇ ਜਹਾਜ਼ਾਂ 'ਚ ਲੈਪਟਾਪ ਅਤੇ ਟੈਬਲੇਟ 'ਤੇ ਪਾਬੰਦੀ ਲਗਾਉਣ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

ਉਨ੍ਹਾਂ ਤੋਂ ਜਦੋਂ ਪੁੱਛਿਆ ਗਿਆ ਕਿ ਕੀ ਇਹ ਕਦਮ ਇਸਲਾਮਿਕ ਸਟੇਟ (ਆਈ.ਐਸ.) ਤੋਂ ਖਤਰੇ ਦੇ ਚੱਲਦਿਆਂ ਚੁੱਕਿਆ ਜਾ ਰਿਹਾ ਹੈ ਤਾਂ ਉਨ੍ਹਾਂ ਨੇ ਕੁਝ ਵੀ ਦੱਸਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਹੋਣ ਦੇ ਨਾਤੇ ਆਪਣੇ ਦੇਸ਼ ਦੀ ਸੁਰੱਖਿਆ ਅਤੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਕਰ ਰਿਹਾ ਹਾਂ। ਇਸ ਲਈ ਮੈਨੂੰ ਚੌਕਸ ਰਹਿਣਾ ਹੋਏਗਾ।

ਪਿਛਲੇ ਮਹੀਨੇ ਨਿਊਜ਼ੀਲੈਂਡ ਨੇ ਵੀ ਕਿਹਾ ਸੀ ਕਿ ਉਹ ਵੀ ਇਸੇ ਤਰ੍ਹਾਂ ਦੇ ਕਦਮ ਚੁੱਕਣ ਦੇ ਬਾਰੇ 'ਚ ਵਿਚਾਰ ਕਰ ਰਿਹਾ ਹੈ। ਇਸ ਤੋਂ ਪਹਿਲਾਂ ਅਮਰੀਕਾ ਨੇ 25 ਮਾਰਚ ਨੂੰ ਮਿਸਰ, ਤੁਰਕੀ ਅਤੇ ਸਾਊਦੀ ਅਰਬ ਸਮੇਤ ਅੱਠ ਮੁਸਲਿਮ ਦੇਸ਼ਾਂ ਤੋਂ ਆਉਣ ਵਾਲੇ ਜਹਾਜ਼ਾਂ ਦੇ ਯਾਤਰੀਆਂ ਦੇ ਲੈਪਟਾਪ ਨਾਲ ਸਫਰ ਕਰਨ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਦੇ ਅਗਲੇ ਹੀ ਦਿਨ ਬ੍ਰਿਟੇਨ ਨੇ ਵੀ ਛੇ ਮੁਸਲਿਮ ਦੇਸ਼ਾਂ ਤੋਂ ਆਉਣ ਵਾਲੇ ਜਹਾਜ਼ਾਂ 'ਚ ਲੈਪਟਾਪ ਅਤੇ ਕੈਮਰਾ ਦੇ ਨਾਲ ਸਫਰ ਕਰਨ 'ਤੇ ਰੋਕ ਲਗਾ ਦਿੱਤੀ ਸੀ।

## ਫਰੈਂਕਫਰਟ ਝੜਪ ਦੀ ਜਾਂਚ ਸਿੱਖ ਕੌਂਸਲ ਦੇ ਹਵਾਲੇ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਜਰਮਨੀ ਦੇ ਫਰੈਂਕਫਰਟ ਸ਼ਹਿਰ ਦੇ ਗੁਰਦੁਆਰਾ ਸਿੱਖ ਸੈਂਟਰ ਵਿਚ ਸਿੱਖਾਂ ਦੇ ਦੋ ਧੜਿਆਂ ਵਿਚ ਹੋਈ ਝੜਪ ਦੀ ਜਾਂਚ ਦਾ ਕੰਮ ਸਿੱਖ ਕੌਂਸਲ ਯੂ.ਕੇ ਨੂੰ ਸੌਂਪਿਆ ਹੈ। ਇਹ ਸਿੱਖ ਜਥੇਬੰਦੀ ਇਕ ਮਹੀਨੇ ਵਿਚ ਇਸ ਝਗੜੇ ਸਬੰਧੀ ਆਪਣੀ ਰਿਪੋਰਟ ਸ੍ਰੀ ਅਕਾਲ ਤਖਤ ਨੂੰ ਸੌਂਪੇਗੀ।



ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਗੁਰਦੁਆਰਾ ਸਿੱਖ ਸੈਂਟਰ ਫਰੈਂਕਫਰਟ ਵਿਚ ਸਿੱਖਾਂ ਦੇ ਦੋ ਧੜਿਆਂ ਵਿਚਾਲੇ ਝਗੜੇ ਦੀ ਵਾਪਰੀ ਘਟਨਾ ਨਿੰਦਣਯੋਗ ਹੈ। ਇਸ ਘਟਨਾ ਦੀ ਜਾਂਚ ਸਿੱਖ ਜਥੇਬੰਦੀ ਸਿੱਖ ਕੌਂਸਲ ਯੂ.ਕੇ. ਨੂੰ ਸੌਂਪੀ ਗਈ ਹੈ। ਜਥੇਬੰਦੀ ਦੇ ਨੁਮਾਇੰਦੇ ਫਰੈਂਕਫਰਟ ਜਾਣਗੇ ਅਤੇ ਉਥੇ ਦੋਵਾਂ ਧਿਰਾਂ ਨਾਲ ਗੱਲਬਾਤ ਕਰ ਕੇ ਘਟਨਾ ਦੀ ਜਾਂਚ ਕਰਨਗੇ।

ਇਹ ਜਥੇਬੰਦੀ ਇਕ ਮਹੀਨੇ ਵਿਚ ਆਪਣੀ ਜਾਂਚ ਰਿਪੋਰਟ ਸ੍ਰੀ ਅਕਾਲ ਤਖ਼ਤ ਨੂੰ ਭੇਜੇਗੀ, ਜਿਸ ਮਗਰੋਂ ਜ਼ਿੰਮੇਵਾਰ ਧਿਰ ਖਿਲਾਫ ਕਾਰਵਾਈ ਹੋਵੇਗੀ। ਉਨ੍ਹਾਂ ਆਖਿਆ ਕਿ ਇਸ ਝਗੜੇ ਕਾਰਨ ਜਰਮਨੀ ਵਿਚ ਸਿੱਖ ਭਾਈਚਾਰੇ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਉਥੇ ਅਰਾਜਕਤਾ ਦਾ ਮਾਹੌਲ ਬਣਿਆ, ਜਿਸ ਨਾਲ ਸਿੱਖ ਪੰਥ ਨੂੰ ਠੇਸ ਪੁੱਜੀ ਹੈ।

## ਜਾਅਲੀ ਵੀਜ਼ੇ 'ਤੇ ਮਲੇਸ਼ੀਆ ਜਾਣ ਦੀ ਤਿਆਰੀ 'ਚ 4 ਕਾਬੂ

**ਰਾਜਾਸਾਂਸੀ:** ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ ਰਾਜਾਸਾਂਸੀ ਤੋਂ ਏਅਰ ਮਲਿੰਡੋ ਦੀ ਉਡਾਣ ਰਾਹੀਂ 4 ਨੌਜਵਾਨਾਂ ਨੂੰ ਮਲੇਸ਼ੀਆ ਜਾਣ ਮੌਕੇ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਜਾਅਲੀ ਵੀਜ਼ਾ ਪਾਏ ਜਾਣ 'ਤੇ ਗ੍ਰਿਫਤਾਰ ਕੀਤਾ ਗਿਆ। ਏਅਰ ਮਲਿੰਡੋ ਦੀ ਉਡਾਣ ਰਾਹੀਂ ਰੋਜ਼ੀ ਰੋਟੀ ਕਮਾਉਣ ਲਈ ਮਲੇਸ਼ੀਆ ਰਵਾਨਾ ਹੋਣ ਵਾਲੇ ਚਾਰ ਨੌਜਵਾਨਾਂ ਹਰਪ੍ਰੀਤ ਸਿੰਘ, ਬਲਜੀਤ ਸਿੰਘ, ਬਲਵਿੰਦਰ ਸਿੰਘ ਤੇ ਮੋਹਿਤਦੀਪ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਇੰਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਪਾਸਪੋਰਟ ਦੀ ਬਾਰੀਕੀ ਨਾਲ ਜਾਂਚ ਪੜਤਾਲ ਕੀਤੀ ਤਾਂ ਜਾਅਲੀ ਵੀਜ਼ਾ ਪਾਇਆ ਗਿਆ। ਉਕਤ ਨੌਜਵਾਨਾਂ ਨੇ ਦੱਸਿਆ ਕਿ ਉਨ੍ਹਾਂ ਏਜੰਟ ਰਾਜਬੀਰ ਸਿੰਘ ਸੰਧੂ ਨੂੰ ਪੂਰੀ ਰਕਮ ਦੇ ਕੇ ਮਲੇਸ਼ੀਆ ਲਈ ਵੀਜ਼ਾ ਲਗਵਾਇਆ ਸੀ, ਜਿਸ 'ਤੇ ਏਜੰਟ ਨੇ ਉਨ੍ਹਾਂ ਨਾਲ ਧੋਖਾ ਕਰ ਕੇ ਜਾਅਲੀ ਵੀਜ਼ਾ ਲਗਵਾ ਦਿੱਤਾ ਹੈ, ਜਿਸ ਦਾ ਖਮਿਆਜ਼ਾ ਉਨ੍ਹਾਂ ਨੂੰ ਤੇ ਉਨ੍ਹਾਂ 'ਤੇ ਵੱਡੀਆਂ ਆਸਾਂ ਲਾਈ ਬੈਠੇ ਮਾਪਿਆਂ ਨੂੰ ਭੁਗਤਣਾ ਪੈ ਰਿਹਾ ਹੈ।

## ਪੰਥਪ੍ਰੀਤ ਸਿੰਘ 'ਤੇ ਹਮਲਾ ਕਰਨ ਵਾਲਿਆਂ ਦਾ ਬਾਈਕਾਟ

**ਫਰੈਂਕਫਰਟ:** ਜਰਮਨੀ ਦੇ ਫਰੈਂਕਫਰਟ ਗੁਰਦੁਆਰਾ ਸਾਹਿਬ ਵਿਖੇ ਵਾਪਰੀ ਘਟਨਾ ਨੂੰ ਲੈ ਕੇ ਗੁਰਦੁਆਰਾ ਸਿੱਖ ਸੈਂਟਰ ਫਰੈਂਕਫਰਟ ਦੀ ਪ੍ਰਬੰਧਕ ਕਮੇਟੀ ਨੇ ਭਾਈ ਪੰਥਪ੍ਰੀਤ ਸਿੰਘ 'ਤੇ ਹਮਲਾ ਕਰਨ ਵਾਲਿਆਂ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ। ਸੰਗਤ ਦੀ ਮੌਜੂਦਗੀ ਵਿਚ ਫੈਸਲਾ ਲਿਆ ਗਿਆ ਕਿ ਉਹ ਹਮੇਸ਼ਾ ਲਈ ਸਮਾਜਿਕ, ਧਾਰਮਿਕ ਤੇ ਪਰਿਵਾਰਕ ਤੌਰ 'ਤੇ ਉਨ੍ਹਾਂ ਲੋਕਾਂ ਦਾ ਬਾਈਕਾਟ ਕਰਦੇ ਹਨ, ਜਿਨ੍ਹਾਂ ਨੇ ਭਾਈ ਪੰਥਪ੍ਰੀਤ ਸਿੰਘ ਉਤੇ ਹਮਲਾ ਕਰਨ ਦੀ ਇਸ ਮੰਦਭਾਗੀ ਘਟਨਾ ਨੂੰ ਅੰਜਾਮ ਦਿੱਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਮਰਿਆਦਾ ਦੀ ਬੇਅਦਬੀ ਕਰਵਾਈ ਤੇ ਦਸਤਾਰ ਦਾ ਅਪਮਾਨ ਕੀਤਾ। ਇਸ ਦੇ ਨਾਲ ਹੀ ਫੈਸਲਾ ਕੀਤਾ ਗਿਆ ਕਿ ਗੁਰਦੁਆਰਾ ਸਿੱਖ ਸੈਂਟਰ ਫਰੈਂਕਫਰਟ ਵਿਚ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸਿੱਖ ਰਹਿਤ ਮਰਿਆਦਾ ਨੂੰ ਮੰਨਣ ਵਾਲੇ ਪ੍ਰਚਾਰਕਾਂ ਨੂੰ ਹੀ ਸਟੇਜ ਤੋਂ ਬੋਲਣ ਦਾ ਹੱਕ ਦਿੱਤਾ ਜਾਵੇਗਾ।

# ਭਾਰਤ ਅਤੇ ਭ੍ਰਿਸ਼ਟਾਚਾਰ

ਰਾਜਨੀਤਕ ਭ੍ਰਿਸ਼ਟਾਚਾਰ ਦਾ ਸਵਾਲ ਇਕ ਫਿਰ ਭਾਰਤੀ ਰਾਜਨੀਤੀ ਦੇ ਕੇਂਦਰ ਵਿਚ ਆ ਗਿਆ ਹੈ। ਉਂਜ ਤਾਂ ਇਹ ਸਵਾਲ ਕਦੀ ਵੀ ਕੇਂਦਰ ਤੋਂ ਬਾਹਰ ਨਹੀਂ ਸੀ, ਪਰ ਇਸ ਵਾਰ ਬਿਹਾਰ, ਉਤਰ ਪ੍ਰਦੇਸ਼ ਅਤੇ ਦਿੱਲੀ ਦੀ ਰਾਜਨੀਤੀ ਇਸ ਨਾਲ ਜੁੜੀਆਂ ਤਾਜ਼ਾ ਘਟਨਾਵਾਂ ਤੋਂ ਪ੍ਰਭਾਵਿਤ ਹੁੰਦੀ ਲੱਗ ਰਹੀ ਹੈ। ਬਿਹਾਰ ਵਿਚ ਜੇ ਲਾਲੂ ਯਾਦਵ ਅਤੇ ਉਨ੍ਹਾਂ ਦੇ ਪੁੱਤਰ-ਧੀਆਂ 'ਤੇ ਕੇਂਦਰੀ ਏਜੰਸੀਆਂ ਨੇ ਸ਼ਿਕੰਜਾ ਕੱਸਿਆ ਤਾਂ ਨਿਤਿਸ਼ ਕੁਮਾਰ ਦੀ ਅਗਵਾਈ ਵਿਚ ਚੱਲ ਰਿਹਾ ਮਹਾਂਗਠਜੋੜ ਇਕ ਵਾਰ ਮੁਸ਼ਕਿਲ ਵਿਚ ਘਿਰ ਜਾਵੇਗਾ। ਜੇ ਦਿੱਲੀ ਵਿਚ ਅਰਵਿੰਦ ਕੇਜਰੀਵਾਲ ਵਿਰੁਧ ਉਨ੍ਹਾਂ ਦੇ ਸਾਬਕਾ ਸਾਥੀ ਕਪਿਲ ਮਿਸ਼ਰਾ ਆਪਣੇ ਦੋਸ਼ਾਂ ਦਾ 10ਵਾਂ ਹਿੱਸਾ ਵੀ ਸਾਬਤ ਕਰ ਸਕੇ ਤਾਂ ਰਾਜਧਾਨੀ ਹੀ ਨਹੀਂ, ਪੰਜਾਬ ਦੀ ਰਾਜਨੀਤੀ 'ਤੇ ਵੀ ਇਸ ਦਾ ਅਸਰ ਪਵੇਗਾ। ਇਸੇ ਤਰ੍ਹਾਂ ਉਤਰ ਪ੍ਰਦੇਸ਼ ਵਿਚ ਬਹੁਜਨ ਸਮਾਜ ਪਾਰਟੀ ਅੰਦਰ ਚੱਲ ਰਹੀ ਉਥਲ-ਪੁਥਲ ਵੀ ਰਾਜਨੀਤੀ ਲਈ ਧਨ ਜਮ੍ਹਾਂ ਕਰਨ ਬਾਰੇ ਹੈ ਅਤੇ ਇਸ ਤਹਿਤ ਇਕ-ਦੂਜੇ 'ਤੇ ਲਗਦੇ ਦੋਸ਼ਾਂ ਨੇ ਰਾਜਨੀਤਕ ਨੈਤਿਕਤਾ ਨੂੰ ਟਿਚ ਜਾਣਦਿਆਂ


**ਅਭੈ ਕੁਮਾਰ ਦੂਬੇ**

ਸੰਗ-ਸ਼ਰਮ ਦੀਆਂ ਸਾਰੀਆਂ ਹੱਦਾਂ ਤੋੜ ਦਿੱਤੀਆਂ ਹਨ। ਸਮਾਜਵਾਦੀ ਪਾਰਟੀ ਦੇ ਅੰਦਰੂਨੀ ਕਲੇਸ਼ ਪਿੱਛੇ ਵੀ ਲੁੱਟ ਦੇ ਮਾਲ ਦੀ ਵੰਡ ਦੀ ਖਾਮੋਸ਼ ਭੂਮਿਕਾ ਹੈ।

ਰਾਜਨੀਤੀ ਵਿਚ ਆਮ ਤੌਰ 'ਤੇ ਦੋ ਤਰ੍ਹਾਂ ਦੇ ਪੈਸਿਆਂ ਦਾ ਲੈਣ-ਦੇਣ ਹੁੰਦਾ ਹੈ। ਪਹਿਲਾ ਹੈ ਨਿਜੀ ਧਨ ਜਿਸ ਨੂੰ ਆਪਣੇ ਅਹੁਦੇ ਅਤੇ ਹੈਸੀਅਤ ਦੀ ਦੁਰਵਰਤੋਂ ਰਾਹੀਂ ਨੇਤਾ ਆਪਣੇ ਰਿਸ਼ਤੇਦਾਰਾਂ ਲਈ ਜਮ੍ਹਾਂ ਕਰਦੇ ਹਨ। ਦੂਜਾ ਹੈ ਸਿਆਸੀ ਧਨ ਜਿਸ ਨੂੰ ਨੇਤਾ ਪਾਰਟੀਆਂ ਲਈ ਜਮ੍ਹਾਂ ਕਰਦੇ ਹਨ। ਦੋਵੇਂ ਹੀ ਭ੍ਰਿਸ਼ਟਾਚਾਰ ਹਨ ਪਰ ਨਿਜੀ ਧਨ ਅਜਿਹਾ ਭ੍ਰਿਸ਼ਟਾਚਾਰ ਹੈ ਕਿ ਕੋਈ ਵੀ ਨੇਤਾ ਜਨਤਕ ਰੂਪ ਵਿਚ ਸਵੀਕਾਰ ਕਰਨ ਦਾ ਹੌਸਲਾ ਨਹੀਂ ਕਰ ਸਕਦਾ। ਇਸ ਦੇ ਉਲਟ ਸਿਆਸੀ ਧਨ ਅਜਿਹਾ ਭ੍ਰਿਸ਼ਟਾਚਾਰ ਹੈ ਜਿਸ ਨੂੰ ਕਈ ਵਿਸ਼ੇਸ਼ ਹਾਲਾਤ ਵਿਚ ਪਾਰਟੀਆਂ ਅਤੇ ਨੇਤਾਵਾਂ ਵੱਲੋਂ ਨਾ ਸਿਰਫ ਸਵੀਕਾਰ ਕੀਤਾ ਜਾਂਦਾ ਹੈ, ਸਗੋਂ ਉਸ ਸਵੀਕਾਰਤਾ ਦੇ ਮਾਧਿਅਮ ਰਾਹੀਂ ਨਿਜੀ ਤੌਰ 'ਤੇ ਆਪਣੀ ਇਮਾਨਦਾਰੀ ਦਾ ਸਬੂਤ ਵੀ ਦਿੱਤਾ ਜਾਂਦਾ ਹੈ। ਧਿਆਨ ਰਹੇ ਕਿ ਜੈਨ ਹਵਾਲਾ ਡਾਇਰੀਆਂ ਵਿਚ ਜਿਹੜੇ ਨੇਤਾਵਾਂ ਦੇ ਨਾਂ ਸ਼ਾਮਿਲ ਸਨ, ਉਨ੍ਹਾਂ ਵਿਚ ਲਾਲ ਕ੍ਰਿਸ਼ਨ ਅਡਵਾਨੀ ਤੇ ਸ਼ਰਦ ਯਾਦਵ ਵੀ ਸੀ ਅਤੇ ਇਨ੍ਹਾਂ ਦੋਵਾਂ ਵੱਡੇ ਨੇਤਾਵਾਂ ਨੇ ਜਨਤਕ ਤੌਰ 'ਤੇ ਇਹਨੂੰ ਸਵੀਕਾਰ ਕਰ ਲਿਆ ਸੀ ਕਿ ਉਨ੍ਹਾਂ ਨੇ ਪਾਰਟੀਆਂ ਲਈ ਇਹ ਧਨ ਲਿਆ ਸੀ। ਅਸੀਂ ਜਾਣਦੇ ਹਾਂ ਕਿ ਇਨ੍ਹਾਂ ਦੋਵਾਂ ਦਾ ਇਹ ਮੰਨਣਾ ਅੱਜ ਵੀ ਨਿਜੀ ਤੌਰ 'ਤੇ ਉਨ੍ਹਾਂ ਦੀ ਪਾਰਦਰਸ਼ਤਾ ਦਾ ਪ੍ਰਮਾਣ ਮੰਨਿਆ ਜਾਂਦਾ ਹੈ।

ਜਿਹੜੇ ਨੇਤਾ ਅਤੇ ਰਾਜਨੀਤਕ ਪਾਰਟੀਆਂ ਨਿਜੀ ਅਤੇ ਸਿਆਸੀ ਧਨ ਵਿਚ ਘਾਲਾ ਮਾਲਾ ਕਰਦੇ ਹਨ, ਉਨ੍ਹਾਂ ਦੀ ਰਾਜਨੀਤੀ ਵਿਚ ਕਿਸੇ ਨਾ ਕਿਸੇ ਦਿਨ ਦੁਰਗਤ ਹੁੰਦੀ ਹੈ। ਇਸ ਦੁਰਗਤ ਦਾ ਨਜ਼ਾਰਾ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੇ ਮੌਜੂਦਾ ਹਾਲਾਤ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਇਨ੍ਹਾਂ ਪਾਰਟੀਆਂ ਦਾ ਇਹ ਹਾਲ ਇਸ ਲਈ ਹੋਇਆ ਹੈ ਕਿ ਇਨ੍ਹਾਂ 'ਤੇ ਕਾਬਜ਼ ਨੇਤਾਵਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਨਿਜੀ ਅਤੇ ਜਨਤਕ ਧਨ ਵਿਚ ਕੋਈ ਫਰਕ ਨਹੀਂ ਕੀਤਾ। ਸਮਾਜਵਾਦੀ ਪਾਰਟੀ ਉਤੇ ਯਾਦਵ ਪਰਿਵਾਰ ਦਾ ਕਬਜ਼ਾ ਹੈ ਅਤੇ ਉਸ ਦੀ ਰਾਜਨੀਤੀ ਨਾਲ ਹੋਣ ਵਾਲੀ ਸਾਰੀ ਕਮਾਈ ਪਰਿਵਾਰ ਵਾਲਿਆਂ ਵਿਚ ਵੰਡੀ ਜਾਂਦੀ ਹੈ ਅਤੇ ਉਸੇ ਨਾਲ ਰਾਜਨੀਤੀ ਵੀ ਹੁੰਦੀ ਹੈ। ਉਤਰ ਪ੍ਰਦੇਸ਼ ਦੀ ਰਾਜਨੀਤੀ 'ਤੇ ਨਜ਼ਦੀਕੀ ਨਜ਼ਰ ਰੱਖਣ ਵਾਲੇ ਜਾਣਦੇ ਹਨ ਕਿ ਪਿਛਲੇ ਸਾਲ ਦੇ ਆਖਰੀ ਦਿਨਾਂ ਵਿਚ ਇਸ ਪਰਿਵਾਰ ਦੇ ਸਿਖਰਲੇ ਨੇਤਾਵਾਂ ਵਿਚ ਜਨਤਕ ਮੰਚ 'ਤੇ ਜੋ ਆਪਸੀ ਨਾਰਾਜ਼ਗੀ ਉਭਰ ਕੇ ਸਾਹਮਣੇ ਆਈ ਸੀ, ਉਸ ਵਿਚ ਰਾਜਨੀਤਕ ਕਾਰਨਾਂ ਦੇ ਨਾਲ-ਨਾਲ ਕਮਾਈ ਦੀ ਵੰਡ ਤੋਂ ਪੈਦਾ ਹੋਏ ਵਿਵਾਦਾਂ ਦੀ ਭੂਮਿਕਾ ਵੀ ਸੀ। ਟੀ.ਵੀ. 'ਤੇ ਅਕਸਰ ਇਹ ਗੱਲ ਪੁੱਛੀ ਜਾਂਦੀ ਹੈ ਕਿ ਸ਼ਿਵਪਾਲ ਯਾਦਵ ਦੇ ਬਾਕੀ ਸਾਰੇ ਵਿਭਾਗ ਤਾਂ ਮੁੱਖ ਮੰਤਰੀ ਨੇ ਵਾਪਸ ਕਰ ਦਿੱਤੇ ਸਨ, ਪਰ ਪੀ.ਡਬਲਿਊ.ਡੀ. ਕਿਉਂ ਨਹੀਂ ਵਾਪਸ ਕੀਤਾ ਗਿਆ ਸੀ? ਇਸ ਦੀ ਅੰਦਰਲੀ ਗੱਲ ਜਿਸ ਦਿਨ ਸਾਹਮਣੇ ਆਏਗੀ, ਉਸ ਦਿਨ ਸਾਰੇ ਹੀ ਹੈਰਾਨ ਹੋ ਜਾਣਗੇ। ਉਂਜ ਵੀ ਇਸ ਪਰਿਵਾਰ ਦੇ ਕੁਝ ਲੋਕਾਂ 'ਤੇ ਆਮਦਨੀ ਤੋਂ ਜ਼ਿਆਦਾ ਕਮਾਈ ਦਾ ਕੇਸ ਵੀ ਚਲ ਰਿਹਾ ਹੈ।

ਬਹੁਜਨ ਸਮਾਜ ਪਾਰਟੀ ਵਿਚ ਮਾਇਆਵਤੀ ਅਤੇ ਉਸ ਦੇ ਧਨ-ਕਮਾਊ ਸਾਥੀ ਨਸੀਮੁਦੀਨ ਸਦੀਕੀ ਵਿਚਾਲੇ ਵਿਵਾਦ ਸਪਸ਼ਟ ਰੂਪ ਵਿਚ ਦੱਸਦਾ ਹੈ ਕਿ ਰਾਜਨੀਤੀ ਕਿਸ ਤਰ੍ਹਾਂ ਨਹੀਂ ਕੀਤੀ ਜਾਣੀ ਚਾਹੀਦੀ। ਪਹਿਲਾਂ ਸਿਰਫ ਵਿਰੋਧੀ ਪਾਰਟੀਆਂ ਦੋਸ਼ ਲਗਾਉਂਦੀਆਂ ਸੀ ਕਿ ਬਸਪਾ ਵਿਚ ਟਿਕਟਾਂ ਵਿਕਦੀਆਂ ਹਨ, ਪਰ ਹੁਣ ਜ਼ਿੰਮੇਵਾਰ ਪੱਤਰਕਾਰ




ਕਹਿ ਰਹੇ ਹਨ ਕਿ 2017 ਦੀਆਂ ਚੋਣਾਂ ਵਿਚ ਇਸ ਪਾਰਟੀ ਨੇ ਕੋਈ 1200 ਕਰੋੜ ਰੁਪਏ ਟਿਕਟ ਵੇਚ ਕੇ ਜਮ੍ਹਾਂ ਕੀਤੇ ਸਨ। ਨੋਟਬੰਦੀ ਕਾਰਨ ਇਹ ਨਕਦੀ ਬੇਕਾਰ ਹੋ ਗਈ ਅਤੇ ਟਿਕਟਾਂ ਲੈਣ ਵਾਲਿਆਂ ਨੂੰ ਵਾਪਸ ਕਰ ਦਿੱਤੀ ਗਈ ਤਾਂ ਕਿ ਉਹ ਉਸ ਨੂੰ ਨਵੀਂ ਕਰੰਸੀ ਵਿਚ ਬਦਲ ਕੇ ਮੁੜ ਤੋਂ ਹਾਈ ਕਮਾਨ ਕੋਲ ਜਮ੍ਹਾਂ ਕਰਵਾਉਣ। ਨਸੀਮੁਦੀਨ ਅਤੇ ਮਾਇਆਵਤੀ ਵਿਚਾਲੇ ਵਿਵਾਦ ਇਸੇ ਗੱਲ ਨੂੰ ਲੈ ਕੇ ਹੈ ਕਿ ਇਸ ਲੰਮੀ-ਚੌੜੀ ਰਕਮ ਵਿਚੋਂ ਕੀ ਵਾਪਸ ਹੋਇਆ, ਕੀ ਨਹੀਂ ਅਤੇ ਜੋ ਨਹੀਂ ਵਾਪਸ ਹੋਇਆ, ਉਹ ਕਿਥੇ ਗਿਆ?

ਕੁਝ ਇਸੇ ਤਰ੍ਹਾਂ ਦੇ ਚੱਕਰ ਵਿਚ ਦਿੱਲੀ ਦੀ ਆਮ ਆਦਮੀ ਪਾਰਟੀ ਫਸੀ ਹੋਈ ਹੈ। ਇਹ ਪਾਰਟੀ ਕਫਾਇਤੀ ਢੰਗ ਨਾਲ ਚੋਣਾਂ ਲੜਨ ਦੇ ਵਾਅਦੇ ਨਾਲ ਸੱਤਾ ਵਿਚ ਆਈ ਸੀ। ਇਸ ਲਈ ਇਸ ਨੂੰ ਉਹ ਸਹੂਲਤ ਵੀ ਨਹੀਂ ਹੈ ਜੋ ਅਡਵਾਨੀ ਕੋਲ ਸੀ। ਅਡਵਾਨੀ ਵਾਂਗ ਇਹ ਸਵੀਕਾਰ ਨਹੀਂ ਕਰ ਸਕਦੀ ਕਿ ਉਸ ਨੇ ਜੋ ਲਿਆ, ਉਹ ਨਿਜੀ ਜੇਬਾਂ ਭਰਨ ਲਈ ਨਹੀਂ, ਸਗੋਂ ਪਾਰਟੀ ਚਲਾਉਣ ਲਈ ਹੈ। ਹਾਲਤ ਇਹ ਹੈ ਕਿ ਜੇ ਕਾਂਗਰਸ ਅਤੇ ਭਾਜਪਾ 'ਤੇ ਕਾਲੇ ਧਨ ਨਾਲ ਰਾਜਨੀਤੀ ਕਰਨ ਦਾ ਦੋਸ਼ ਲਾਇਆ ਜਾਵੇ ਤਾਂ ਉਨ੍ਹਾਂ ਦੇ ਅਕਸ 'ਤੇ ਕੋਈ ਮਾੜਾ ਪ੍ਰਭਾਵ ਨਹੀਂ ਪਏਗਾ, ਕਿਉਂਕਿ ਉਨ੍ਹਾਂ ਨੇ ਕਾਲੇ ਧਨ ਦੀ ਵਰਤੋਂ ਕਰਨ ਦਾ ਦਾਅਵਾ ਕਦੇ ਕੀਤਾ ਹੀ ਨਹੀਂ; ਪਰ ਆਮ ਆਦਮੀ ਪਾਰਟੀ 'ਤੇ ਜੇ ਅਜਿਹਾ ਦੋਸ਼ ਲਗਦਾ ਹੈ ਤਾਂ ਉਸ ਦੇ ਅਕਸ 'ਤੇ ਮਾੜਾ ਅਸਰ ਪੈ ਸਕਦਾ ਹੈ। ਅਰਵਿੰਦ ਕੇਜਰੀਵਾਲ ਵਿਰੁਧ ਬਗ਼ਾਵਤ ਕਰ ਚੁੱਕੇ ਸਾਬਕਾ ਮੰਤਰੀ ਕਪਿਲ ਮਿਸ਼ਰਾ ਦੇ ਤਾਜ਼ੇ ਦੋਸ਼ਾਂ 'ਤੇ ਗ਼ੌਰ ਕਰੀਏ ਤਾਂ ਘੱਟੋ-ਘੱਟ ਇਹ ਤਾਂ ਲਗਦਾ ਹੀ ਹੈ ਕਿ ਸ਼ਾਇਦ ਇਹ ਪਾਰਟੀ ਵੀ ਆਪਣੀਆਂ ਕੌਮੀ ਰਾਜਨੀਤਕ ਖਾਹਿਸ਼ਾਂ ਪੂਰੀਆਂ ਕਰਨ ਲਈ ਕੁਝ ਗ਼ਲਤ ਢੰਗ-ਤਰੀਕਿਆਂ ਨਾਲ ਧਨ ਇਕੱਠਾ ਕਰ ਰਹੀ ਹੋਵੇਗੀ। ਇਹ ਮੰਨਿਆ ਜਾ ਸਕਦਾ ਹੈ ਕਿ ਕੇਜਰੀਵਾਲ ਅਤੇ ਉਸ ਦੇ ਸਾਥੀ ਨਿਜੀ ਤੌਰ 'ਤੇ ਭ੍ਰਿਸ਼ਟ ਨਹੀਂ ਹੋਣਗੇ, ਪਰ ਕੀ ਗੋਆ ਤੇ ਪੰਜਾਬ ਵਿਚ ਚਲਾਈਆਂ ਗਈਆਂ ਚੋਣ ਮੁਹਿੰਮਾਂ ਸੌ ਅਤੇ ਹਜ਼ਾਰ ਰੁਪਏ ਦੇ ਚੰਦੇ ਨਾਲ ਚੱਲੀਆਂ ਹੋਣਗੀਆਂ? ਸਿਰਫ ਹੱਦ ਦਰਜੇ ਦੀ ਮਾਸੂਮੀਅਤ ਹੀ ਇਸ ਤਰ੍ਹਾਂ ਦੇ ਦਾਅਵਿਆਂ 'ਤੇ ਯਕੀਨ ਕਰ ਸਕਦੀ ਹੈ। ਮੇਰਾ ਮੰਨਣਾ ਹੈ ਕਿ ਜੇ ਇਹ ਪਾਰਟੀ ਸਿਰਫ ਦਿੱਲੀ ਵਿਚ ਹੀ ਖ਼ੁਦ ਨੂੰ ਸੀਮਤ ਰੱਖਦੀ ਤਾਂ ਅਜਿਹਾ ਕਰਨ ਦੀ ਨੌਬਤ ਉਸ ਦੇ ਸਾਹਮਣੇ ਘੱਟ ਆਉਂਦੀ। ਉਂਜ ਦਿੱਲੀ ਦੀਆਂ ਪਿਛਲੀਆਂ ਚੋਣਾਂ ਵਿਚ ਫਰਜ਼ੀ ਕੰਪਨੀਆਂ ਦੇ ਮਾਧਿਅਮ ਰਾਹੀਂ ਰੁਪਏ ਇਕੱਠੇ ਕਰਨ ਦੇ ਦੋਸ਼ ਉਸ 'ਤੇ ਲੱਗ ਚੁੱਕੇ ਹਨ। ਉਸ ਸਮੇਂ ਕਿਉਂਕਿ ਦਿੱਲੀ ਵਿਚ ਉਨ੍ਹਾਂ ਦੀ ਲਹਿਰ ਸੀ, ਇਸ ਲਈ ਇਹ ਦੋਸ਼ ਨਹੀਂ ਲੱਗੇ ਸਨ, ਪਰ ਅਜਿਹੀ ਸੁਖਦ ਸਥਿਤੀ ਸਦਾ ਨਹੀਂ ਰਹਿਣ ਵਾਲੀ ਹੈ।

ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ ਅਤੇ ਆਮ ਆਦਮੀ ਪਾਰਟੀ ਦੀ ਹਾਲਤ ਇਕ ਵਾਰ ਫਿਰ ਤਿੱਖੇ ਚੋਣ ਸੁਧਾਰਾਂ ਦੀ ਲੋੜ 'ਤੇ ਰੌਸ਼ਨੀ ਪਾਉਂਦੀ ਹੈ। ਇਸ ਤਰ੍ਹਾਂ ਦੀਆਂ ਸਮੱਸਿਆਵਾਂ ਵਿਚ ਕਾਂਗਰਸ ਅਤੇ ਭਾਜਪਾ ਵਰਗੀਆਂ ਪਾਰਟੀਆਂ ਵੀ ਫਸ ਸਕਦੀਆਂ ਹਨ। ਭਾਜਪਾ ਦੇ ਕੌਮੀ ਪ੍ਰਧਾਨ ਦਾ ਤਾਂ ਨਕਦੀ ਲੈਂਦੇ ਹੋਏ ਸਟਿੰਗ ਆਪ੍ਰੇਸ਼ਨ ਤੱਕ ਵੀ ਹੋ ਚੁੱਕਾ ਹੈ। ਜੇ ਚੋਣਾਂ ਦੀ ਫੰਡਿੰਗ ਦੇ ਮਸਲੇ ਨੂੰ ਕਿਸੇ ਵੀ ਤਰੀਕੇ ਨਾਲ ਪਾਰਦਰਸ਼ੀ ਕਰ ਦਿੱਤਾ ਜਾਵੇ ਤਾਂ ਸਿਆਸੀ ਧਨ ਦੀ ਜ਼ਰੂਰਤ ਖ਼ਤਮ ਹੋ ਜਾਏਗੀ ਅਤੇ ਉਸ ਸਥਿਤੀ ਵਿਚ ਨਿਜੀ ਧਨ ਜਮ੍ਹਾਂ ਕਰਨ ਵਾਲੇ ਨੇਤਾ ਉਸ ਦਾ ਸਹਾਰਾ ਨਹੀਂ ਲੈ ਸਕਣਗੇ। ਸਵਾਲ ਇਹ ਹੈ ਕਿ ਤੇਜ਼ੀ ਨਾਲ ਚੋਣ ਸੁਧਾਰ ਕਿਉਂ ਨਹੀਂ ਸ਼ੁਰੂ ਹੋ ਰਹੇ? ਤਜਰਬਾ ਦੱਸਦਾ ਹੈ ਕਿ ਇਸ ਨੂੰ ਲਟਕਾਈ ਰੱਖਣ 'ਚ ਵੱਡੀਆਂ ਹੀ ਨਹੀਂ, ਸਗੋਂ ਛੋਟੀਆਂ ਪਾਰਟੀਆਂ ਦਾ ਵੀ ਹਿਤ ਹੈ। ਇਹ ਅਜਿਹਾ ਹਮਾਮ ਹੈ, ਜਿਸ ਵਿਚ ਸਾਰੇ ਨੇਤਾ ਅਤੇ ਸਾਰੀਆਂ ਪਾਰਟੀਆਂ ਨੰਗੇ ਖੜ੍ਹੇ ਹਨ। ਨੁਕਸਾਨ ਜੇ ਕਿਸੇ ਨੂੰ ਹੋ ਰਿਹਾ ਹੈ ਤਾਂ ਉਹ ਭਾਰਤੀ ਲੋਕਤੰਤਰ ਦਾ ਹੈ।

# ਜਾਧਵ ਵਾਲੀ ਕੁੜਿੱਕੀ

*ਪਾਕਿਸਤਾਨੀ ਅਖਬਾਰ 'ਡਾਅਨ' ਵਿਚ ਅਸਿਸਟੈਂਟ ਐਡੀਟਰ ਵਜੋਂ ਤਾਇਨਾਤ ਉਘੇ ਕਾਲਮਨਵੀਸ ਸਾਇਰਿਲ ਅਲਮੇਡਾ ਨੇ ਕੁਲਭੂਸ਼ਣ ਜਾਧਵ ਮਾਮਲੇ ਬਾਰੇ ਪਾਕਿਸਤਾਨੀ ਅਤੇ ਭਾਰਤੀ ਸਰਕਾਰਾਂ ਦੀ ਪਹੁੰਚ ਬਾਰੇ ਟਿੱਪਣੀਆਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ। ਦੋਹਾਂ ਮੁਲਕਾਂ ਦੀ ਸਿਆਸਤ ਦੇ ਪ੍ਰਸੰਗ ਵਿਚ ਅਲਮੇਡਾ ਦੇ ਇਹ ਵਿਚਾਰ ਬੜੇ ਮਹੱਤਵਪੂਰਨ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ*

ਇਹ ਖੇਡ ਮੋਦੀ ਸਰਕਾਰ ਨੇ ਸ਼ੁਰੂ ਕੀਤੀ ਸੀ। ਇਸ ਦਾ ਅੰਤ ਕੁਲਭੂਸ਼ਣ ਜਾਧਵ ਸੰਕਟ ਅਤੇ ਕੌਮਾਂਤਰੀ ਕਾਨੂੰਨਾਂ ਦੀਆਂ ਘੁੰਮਣਘੇਰੀਆਂ ਦੇ ਰੂ-ਬ-ਰੂ ਹੋਣ ਦੇ ਰੂਪ ਵਿਚ ਹੋ ਰਿਹਾ ਹੈ।

**ਸਾਇਰਿਲ ਅਲਮੇਡਾ**

ਸੰਕਟ ਬਾਰੇ ਚਰਚਾ ਤੋਂ ਪਹਿਲਾਂ ਇਸ ਦੀ ਪੈਦਾਇਸ਼ ਬਾਰੇ ਜਾਣਨਾ ਜ਼ਰੂਰੀ ਹੈ। ਦੋਵਾਂ ਦੇਸ਼ਾਂ ਵਿਚੋਂ ਕੋਈ ਵੀ ਨਹੀਂ ਮੰਨੇਗਾ ਕਿ ਇਹ ਪੈਦਾਇਸ਼ 70 ਸਾਲ ਪੁਰਾਣੀ ਹੈ। ਭਾਰਤ ਤੇ ਪਾਕਿਸਤਾਨ ਦਰਮਿਆਨ ਖਿੱਚੋਤਾਣ ਤੇ ਦੁਸ਼ਮਣੀ ਦੀ ਸ਼ੁਰੂਆਤ ਕਿਸ ਨੇ ਕੀਤੀ, ਕਿਉਂ ਤੇ ਕਦੋਂ ਕੀਤੀ, ਇਹ ਤਰਕਾਂ ਦਾ ਨਾ ਮੁੱਕਣ ਵਾਲਾ ਸਿਲਸਿਲਾ ਹੈ। ਇਸ ਲਈ ਦੋਵਾਂ ਵਿਚੋਂ ਕੋਈ ਵੀ ਧਿਰ ਸੌਖਿਆਂ ਮੰਨਣ ਵਾਲੀ ਨਹੀਂ ਹੈ।

ਪਰ ਮੋਦੀ ਪਹਿਲੇ ਨੇਤਾਵਾਂ ਵਰਗਾ ਨਹੀਂ। ਉਹ ਵੱਖਰੀ ਚੀਜ਼ ਹੈ। ਜਾਂ ਘੱਟੋ-ਘੱਟ ਉਸ ਵਿਚ ਕੁਝ ਵੱਖਰਾ ਅਜ਼ਮਾਉਣ ਦੀ ਦਲੇਰੀ ਤੇ ਇੱਛਾ ਤਾਂ ਹੈ ਹੈ, ਤੇ ਅਸਲ ਕਹਾਣੀ ਵੀ ਇਥੋਂ ਹੀ ਸ਼ੁਰੂ ਹੁੰਦੀ ਹੈ। ਜਦੋਂ ਕਸ਼ਮੀਰ ਵਿਚ ਹਿੰਸਕ ਉਬਾਲਾ ਵਧਣਾ ਸ਼ੁਰੂ ਹੋਇਆ ਤਾਂ ਪਾਕਿਸਤਾਨ ਨੂੰ ਆਪਣੇ ਲਈ ਮੌਕਾ ਨਜ਼ਰ ਆਇਆ। ਮੁੰਬਈ ਦੇ 26/11 ਕਾਂਡ ਦੇ ਦਿਨਾਂ ਤੋਂ ਪਾਕਿਸਤਾਨ ਦਾ ਰੁਖ ਹਿਫਾਜ਼ਤੀ ਸੀ। ਉਸ ਨੂੰ ਹਰ ਸਮੇਂ ਆਪਣਾ ਬਚਾਅ ਕਰਨਾ ਪੈ ਰਿਹਾ ਸੀ। ਕੌਮਾਂਤਰੀ ਮੰਚਾਂ, ਚਾਹੇ ਉਹ ਕਿਤੇ ਵੀ ਹੋਣ, ਉਤੇ ਜਾਂ ਤਾਂ ਆਪਣੇ ਗ਼ੈਰ-ਰਾਜਕੀ ਤੱਤਾਂ (ਦਹਿਸ਼ਤੀ ਅਨਸਰਾਂ) ਲਈ ਉਸ ਨੂੰ ਝਾੜ-ਝੰਬ ਸਹਿਣੀ ਪੈਂਦੀ ਸੀ, ਜਾਂ ਫਿਰ ਇਸ ਦੇ ਸ਼ਿਕਵਿਆਂ ਵੱਲ ਕੋਈ ਧਿਆਨ ਹੀ ਨਹੀਂ ਦਿੱਤਾ ਜਾਂਦਾ।

ਪਾਕਿਸਤਾਨ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੇ ਘਾਣ ਤੇ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਦੀ ਗੱਲ ਕਰਦਾ ਸੀ ਤਾਂ ਉਸ ਵੱਲ ਇਸ ਤਰ੍ਹਾਂ ਝਾਕਿਆ ਜਾਂਦਾ ਸੀ- 'ਤੂੰ ਕੀ ਗੱਲ ਕਰ ਰਿਹੈਂ, ਪਹਿਲਾਂ ਆਪਣੇ ਆਪ ਨੂੰ ਸਾਂਭ!' ਉਸ ਦੀ ਆਪਣੀ ਧਰਤੀ 'ਤੇ ਵੀ ਹਾਲਾਤ ਠੀਕ ਨਹੀਂ ਸਨ। ਦੇਸ਼ ਅੰਦਰ ਥਾਂ-ਥਾਂ ਬੰਬ ਧਮਾਕੇ ਹੋ ਰਹੇ ਸਨ। ਦੇਸ਼ ਦਹਿਸ਼ਤਗਰਦੀ ਦੀ ਲਪੇਟ ਵਿਚ ਆਇਆ ਹੋਇਆ ਸੀ। 'ਪਹਿਲਾਂ ਆਪਣਾ ਘਰ ਠੀਕ ਕਰੋ, ਕਸ਼ਮੀਰ ਦਾ ਫ਼ਿਕਰ ਛੱਡੋ' ਪੂਰਾ ਸੰਸਾਰ ਇਹੀ ਸਲਾਹ ਦੇ ਰਿਹਾ ਸੀ।

ਫਿਰ ਪਾਕਿਸਤਾਨ ਵਿਚ ਅਤਿਵਾਦੀਆਂ ਦੇ ਸਫ਼ਾਏ ਲਈ 'ਜ਼ਰਬ-ਏ-ਅਜ਼ਬ' ਓਪਰੇਸ਼ਨ ਹੋਇਆ ਜਿਸ ਦੀ ਸਫ਼ਲਤਾ ਕਾਰਨ ਦੇਸ਼ ਅੰਦਰ ਕੁਝ ਸਥਿਰਤਾ ਕਾਇਮ ਹੋਈ। ਦੇਸ਼ ਅੰਦਰ ਵਿਸ਼ਵਾਸ ਮੁੜ ਜਾਗਿਆ ਅਤੇ ਫਿਰ ਅਚਾਨਕ ਨਵਾਂ ਮੌਕਾ ਮਿਲ ਗਿਆ।

ਕਸ਼ਮੀਰ ਫਿਰ ਉਬਲਣਾ ਸ਼ੁਰੂ ਹੋ ਗਿਆ ਜਿਸ ਲਈ ਮੋਦੀ ਤੇ ਉਸ ਦੇ ਹੰਕਾਰ ਜਾਂ ਮੁਫ਼ਤੀ ਬਾਪ-ਬੇਟੀ ਦੇ ਲਾਲਚ ਨੂੰ ਕਸੂਰਵਾਰ ਠਹਿਰਾਇਆ ਗਿਆ, ਪਰ ਕਸ਼ਮੀਰ ਬਾਰੇ ਨਵੀਂ ਪਹੁੰਚ ਨੇ ਹਾਲਾਤ ਫਿਰ ਪੁਰਾਣੇ ਰੂਪ ਵਿਚ ਬਦਲ ਦਿੱਤੇ। ਜਿਉਂ ਹੀ ਕਸ਼ਮੀਰ ਵਿਚ ਹਿੰਸਾ ਵਧੀ, ਪਾਕਿਸਤਾਨ ਨੇ ਇਹ ਮੁੱਦਾ ਉਭਾਰਨਾ ਸ਼ੁਰੂ ਕਰ ਦਿੱਤਾ। ਇਸ ਨੇ ਭਾਵੇਂ ਕੋਈ ਵੀ ਮੰਤਵ ਪੂਰਾ ਕੀਤਾ ਹੋਵੇ, ਪਰ ਅਸਲ ਗੱਲ ਇਹ ਸੀ ਕਿ ਇਹ ਮੁੱਦਾ ਉਭਾਰਨਾ ਹੁਣ ਕਾਨੂੰਨੀ ਤੌਰ 'ਤੇ ਜਾਇਜ਼ ਸੀ। ਕਸ਼ਮੀਰ ਨੂੰ ਸਰਸਰੀ ਨਜ਼ਰੇ ਦੇਖਣ 'ਤੇ ਹੀ ਪਤਾ ਲੱਗ ਜਾਂਦਾ ਸੀ ਕਿ ਭਾਰਤ ਨੇ ਆਪਣਾ ਕੰਮ ਆਪ ਖ਼ਰਾਬ ਕਰ ਲਿਆ ਹੈ। ਦਬਾਏ ਹੋਏ ਕਸ਼ਮੀਰੀਆਂ ਲਈ ਪਾਕਿਸਤਾਨ ਵੱਲੋਂ ਉਠਾਈ ਆਵਾਜ਼ ਭਾਰਤ ਵੱਲੋਂ ਕੀਤੇ ਜਾ ਰਹੇ ਪ੍ਰਾਪੇਗੰਡੇ ਦਾ ਜਵਾਬ ਦੇਣ ਵਿਚ ਮਦਦਗਾਰ ਸਾਬਤ ਹੋਈ।

ਜੇ ਭਾਰਤ ਮੰਨਦਾ ਸੀ ਕਿ ਮੁੰਬਈ ਹਮਲਿਆਂ ਬਾਰੇ ਲਏ ਉਸ ਦੇ ਸਟੈਂਡ ਅਤੇ ਪਾਕਿਸਤਾਨੀ ਢਿੱਲ ਮੱਠ ਕਾਰਨ ਗੱਲਬਾਤ ਅੱਗੇ ਨਹੀਂ ਚੱਲ ਸਕਦੀ ਤਾਂ ਕਸ਼ਮੀਰ ਅੰਦਰਲੀ ਹਿੰਸਾ ਇਸ ਸਟੈਂਡ ਨੂੰ ਬਦਲਣ ਵਿਚ ਮਦਦਗਾਰ ਸਾਬਤ ਹੋ ਸਕਦੀ ਸੀ। ਪਾਕਿਸਤਾਨ ਅਜਿਹਾ ਹੀ ਸੋਚ ਰਿਹਾ ਸੀ, ਪਰ ਮੋਦੀ ਨੇ ਇਸ ਸਮੇਂ ਉਹ ਰਾਹ ਚੁਣਿਆ ਜਿਸ ਦੀ ਕਿਸੇ ਨੇ ਤਵੱਕੋ ਤਕ ਨਹੀਂ ਸੀ ਕੀਤੀ। ਪਾਕਿਸਤਾਨ ਦੇ ਜਵਾਬ ਦਾ ਜਵਾਬ ਦੇਣ ਲਈ ਉਸ ਨੇ ਬਲੋਚਿਸਤਾਨ ਨੂੰ ਮੁੱਦਾ ਬਣਾ ਲਿਆ। ਅਚਾਨਕ ਭਾਰਤ ਨੇ ਹਰ ਮੰਚ ਉਤੇ ਦੋਸ਼ ਲਾਉਣਾ ਸ਼ੁਰੂ ਕਰ ਦਿੱਤਾ ਕਿ ਪਾਕਿਸਤਾਨ, ਬਲੋਚਿਸਤਾਨ ਉਤੇ ਕਹਿਰ ਢਾਹ ਰਿਹਾ ਹੈ। ਕਾਨੂੰਨੀ ਜਾਂ ਕੂਟਨੀਤਕ ਪੱਧਰ 'ਤੇ ਇਹ ਭਾਰਤੀ ਸਟੈਂਡ ਬੇਤੁਕਾ ਜਾਪਦਾ ਸੀ।

ਬਲੋਚਿਸਤਾਨ, ਕਸ਼ਮੀਰ ਨਹੀਂ ਹੈ; ਭਾਵੇਂ ਭਾਰਤ ਨੇ ਦੋਵਾਂ ਦੀ ਤੁਲਨਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਇਸ ਨੂੰ ਕਿਤੇ ਵੀ ਪ੍ਰਵਾਨ ਨਹੀਂ ਕੀਤਾ ਗਿਆ। ਕੌਮਾਂਤਰੀ ਮੰਚ 'ਤੇ ਕੋਈ ਵੀ ਇਹ ਮੰਨਣ ਲਈ ਰਾਜ਼ੀ ਨਹੀਂ ਹੋਵੇਗਾ, ਪਰ ਮੋਦੀ ਦੀ ਬਾਂਹ ਮਰੋੜੂ ਰਣਨੀਤੀ ਦਾ ਇਕ ਪੱਖ ਉਹ ਵੀ ਸੀ ਜਿਸ ਵੇਲੇ ਕਿਸੇ ਨੇ ਧਿਆਨ ਹੀ ਨਹੀਂ ਸੀ ਦਿੱਤਾ, ਜਾਂ ਜਿਸ ਨੂੰ ਕਿਸੇ ਨੇ ਕਿਆਸਿਆ ਹੀ ਨਹੀਂ ਸੀ; ਉਹ ਸੀ: ਪਾਕਿਸਤਾਨੀ ਜਵਾਬ।

ਕੌਮਾਂਤਰੀ ਮੰਚਾਂ ਉਤੇ ਭਾਰਤ ਅਤੇ ਪਾਕਿਸਤਾਨ ਵੱਲੋਂ ਇਕ ਦੂਜੇ ਖ਼ਿਲਾਫ਼ ਤਲਵਾਰਾਂ ਕੱਢਦੇ ਰਹਿਣਾ ਕੁੱਲ ਮਿਲਾ ਕੇ ਨੁਕਸਾਨ ਰਹਿਤ ਕਵਾਇਦ ਜਾਪਦਾ ਹੈ, ਪਰ ਇਸ ਨਾਲ ਦੋਵਾਂ ਧਿਰਾਂ ਨੂੰ ਤਕਰਾਰ ਕਰਨ ਲਈ ਕੋਈ ਨਾ ਕੋਈ ਮੁੱਦਾ ਮਿਲ ਜਾਂਦਾ ਹੈ ਜਿਸ ਨੂੰ ਉਹ ਆਪੋ ਆਪਣੇ ਲੋਕਾਂ ਸਾਹਮਣੇ ਜਿੱਤ ਵਜੋਂ ਪੇਸ਼ ਕਰਦੇ ਹਨ। ਬਲੋਚਿਸਤਾਨ ਦੇ ਮਾਮਲੇ ਵਿਚ ਇਹ ਕੁਝ ਇਸ ਤਰ੍ਹਾਂ ਨਹੀਂ ਚੱਲਿਆ। ਪਾਕਿਸਤਾਨ ਨੇ ਮਾਮਲਾ ਹੋਰ ਉਲਝਾਉਣ 'ਤੇ ਭਾਰਤ ਦੇ 'ਗਲ ਗੂਠਾ' ਦੇਣ ਦਾ ਰਾਹ ਚੁਣਿਆ। ਇਸ ਨੇ ਕੁਲਭੂਸ਼ਣ ਜਾਧਵ ਵਾਲਾ ਪੱਤਾ ਸਾਹਮਣੇ ਲਿਆਂਦਾ। ਇਸ ਰਾਹੀਂ ਇਸ ਨੇ ਜ਼ਾਹਿਰ ਕਰ ਦਿੱਤਾ ਕਿ ਮੋਦੀ ਦੀ ਰਣਨੀਤੀ ਦੀ ਪ੍ਰਭਾਵਹੀਣਤਾ ਨੂੰ ਸਾਬਤ ਕਰਨ ਤੋਂ ਉਹ ਹੋਰ ਵੀ ਅੱਗੇ ਜਾਣ ਵਾਲਾ ਹੈ।

ਦੋਹਾਂ ਮੁਲਕਾਂ ਵੱਲੋਂ ਪ੍ਰਤੀਕਿਰਿਆ ਜ਼ਾਹਿਰ ਕਰਨ ਅਤੇ ਪੂਰਵ ਧਾਰਨਾ ਤਹਿਤ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਦਾ ਜਵਾਬ ਦਿੱਤੇ ਬਿਨਾਂ ਰਹਿ ਜਾਣ ਦੀ ਭਾਵਨਾ ਦੋਵਾਂ ਵਾਸਤੇ ਉਨ੍ਹਾਂ ਗ਼ਲਤੀਆਂ ਦਾ ਸਬੱਬ ਬਣਦੀ ਹੈ ਜਿਨ੍ਹਾਂ ਦੇ ਸਿੱਟੇ ਪੂਰੀ ਤਰ੍ਹਾਂ ਅਣਕਿਆਸੇ ਹੋ ਸਕਦੇ ਹਨ।

ਕੁਲਭੂਸ਼ਣ ਜਾਧਵ ਨੇ ਕੀ ਉਹ ਸਭ ਕੁਝ ਕੀਤਾ ਹੈ ਜਿਸ ਦਾ ਉਹ ਦੋਸ਼ੀ ਦਸਿਆ ਗਿਆ ਹੈ, ਉਸ ਉਪਰ ਬਹਿਸ ਹੋ ਸਕਦੀ ਹੈ। ਦਰਅਸਲ, ਉਸ ਦਾ ਜੋ ਅਹੁਦਾ ਰਿਹਾ ਜਾਂ ਜਿਥੇ ਉਸ ਨੂੰ ਤਾਇਨਾਤ ਕੀਤਾ ਗਿਆ, ਉਹ ਸਭ ਕੁਝ ਜਾਸੂਸੀ ਦੀ ਕਲਾ ਨਾਲ ਉਸ ਦੇ ਜੁੜੇ ਹੋਣ ਦਾ ਸੰਕੇਤ ਦਿੰਦਾ ਹੈ। ਭਾਰਤ ਨੇ ਇਹ ਸਮਝ ਕੇ ਗ਼ਲਤੀ ਕੀਤੀ ਕਿ ਜਾਧਵ ਜਿਥੇ ਹੈ, ਉਥੇ ਉਹ ਕਦੇ ਫੜਿਆ ਨਹੀਂ ਜਾ ਸਕੇਗਾ। ਭਾਰਤ ਵੱਲੋਂ ਇਹ ਵੀ ਸਮਝ ਲਿਆ ਗਿਆ ਕਿ ਕਿਸੇ ਨਾ ਕਿਸੇ ਤਰ੍ਹਾਂ ਜਾਸੂਸੀ ਯੁੱਧਾਂ ਦੇ ਅਣਕਹੇ ਨਿਯਮ ਜਾਧਵ ਵਾਲੀ ਥਾਂ 'ਤੇ ਵੀ ਲਾਗੂ ਰਹਿਣਗੇ। ਜਦੋਂ ਉਹ ਫੜਿਆ ਵੀ ਗਿਆ ਤਾਂ ਵੀ ਇਹ ਸਮਝ ਲਿਆ ਗਿਆ ਕਿ ਕੋਈ ਨਾ ਕੋਈ ਸੌਦੇਬਾਜ਼ੀ ਸਿਰੇ ਚੜ੍ਹ ਜਾਵੇਗੀ।

ਕੂਟਨੀਤਕ ਜੰਗ ਵਿਚ ਇਕ ਵਾਰ ਜਦੋਂ ਭਾਰਤ ਨੇ ਨਿਯਮ ਬਦਲਣ ਦੀ ਕੋਸ਼ਿਸ਼ ਵਿਚ ਕਸ਼ਮੀਰ ਨਾਲ ਬਲੋਚਿਸਤਾਨ ਨਾਲ ਮੇਲਣ ਦੀ ਜੁਰਅਤ ਦਿਖਾਈ ਤਾਂ ਉਸ ਨੇ ਦੂਜੇ ਖੇਤਰ ਵਿਚ ਪਾਕਿਸਤਾਨ ਲਈ ਵੀ ਨਿਯਮ ਬਦਲਣ ਦੇ ਦਰਵਾਜ਼ੇ ਖੋਲ੍ਹ ਦਿੱਤੇ। ਉਂਜ, ਪਾਕਿਸਤਾਨ ਨੇ ਇਹ ਸੋਚਣ ਤੇ ਕਿਆਸਣ ਪੱਖੋਂ ਗ਼ਲਤੀ ਕੀਤੀ ਕਿ ਉਹ ਭਾਰਤ ਨੂੰ ਸਬਕ ਸਿਖਾ ਦੇਵੇਗਾ ਅਤੇ ਇਸ ਨਾਲ ਮਾਮਲਾ ਮੁੱਕ ਜਾਵੇਗਾ।

ਭਾਰਤ ਨੇ ਜਾਧਵ ਨੂੰ ਫੜਨ ਅਤੇ ਸਜ਼ਾ ਸੁਣਾਏ ਜਾਣ 'ਤੇ ਗੁੱਸੇ ਹੋਣਾ ਹੀ ਸੀ। ਇਹ ਪ੍ਰਤੀਕਿਰਿਆ ਠੀਕ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਦੀ ਪਾਕਿਸਤਾਨ ਚਾਹੁੰਦਾ ਸੀ, ਪਰ ਪਾਕਿਸਤਾਨ ਨੇ ਇਹ ਨਹੀਂ ਸੀ ਸੋਚਿਆ ਕਿ ਭਾਰਤ ਕੁਝ ਨਵਾਂ ਵੀ ਕਰ ਦਿਖਾਏਗਾ। ਇਸ ਦੀ ਇਕ ਵਜ੍ਹਾ ਇਹ ਹੋ ਸਕਦੀ ਹੈ ਕਿ ਸਰਕਾਰ ਨੂੰ ਸਲਾਹ ਦੇਣ ਵਾਲਿਆਂ ਨੇ ਇਹ ਸੋਚਣ ਦੀ ਖੇਚਲ ਹੀ ਨਹੀਂ ਕੀਤੀ ਕਿ ਜਦੋਂ ਵਿਦੇਸ਼ੀ ਨਾਗਰਿਕ ਨੂੰ ਮੌਤ ਦੀ ਸਜ਼ਾ ਸੁਣਾਉਣੀ ਹੋਵੇ, ਭਲੇ ਹੀ ਉਹ ਜਾਸੂਸ ਕਿਉਂ ਨਾ ਹੋਵੇ, ਤਾਂ ਕੁਝ ਨਾ ਕੁਝ ਪਾਰਦਰਸ਼ਤਾ ਤਾਂ ਵਰਤਣੀ ਹੀ ਪੈਂਦੀ ਹੈ। ਕੁਝ ਹੱਦ ਤਕ ਇਹ ਮਾਮਲਾ ਸਰਕਾਰ ਅਤੇ ਫ਼ੌਜ ਦਰਮਿਆਨ ਤਾਲਮੇਲ ਦੀ ਘਾਟ ਦਾ ਵੀ ਰਿਹਾ। ਜਦੋਂ ਕਾਨੂੰਨ ਤੇ ਕੌਮੀ ਸੁਰੱਖਿਆ ਵਿਚੋਂ ਇਕ ਨੂੰ ਤਰਜੀਹ ਦੇਣੀ ਹੋਵੇ ਤਾਂ ਸਰਕਾਰ ਤੇ ਫ਼ੌਜ ਦਰਮਿਆਨ ਸਹਿਯੋਗ ਹੋਣਾ ਨਿਹਾਇਤ ਜ਼ਰੂਰੀ ਹੁੰਦਾ ਹੈ, ਪਰ ਇਹ ਪੁਰਾਣੀ ਸੰਸਥਾਗਤ ਬੁਰਾਈ ਹੈ ਕਿ ਦੂਜੇ ਪੱਖ ਦੇ ਸਾਰੇ ਬਦਲਾਂ ਨੂੰ ਸੋਚੇ ਬਿਨਾਂ ਹੀ ਕਿਸੇ ਵਿਸ਼ੇਸ਼ ਨਤੀਜੇ ਦੀ ਭਾਲ ਕੀਤੀ ਜਾਂਦੀ ਹੈ।

ਪਾਕਿਸਤਾਨ, ਕੌਮਾਂਤਰੀ ਅਦਾਲਤ ਨਾਲ ਬੰਨ੍ਹਿਆ ਹੋਇਆ ਨਹੀਂ ਹੈ, ਪਰ ਜਾਧਵ ਦਾ ਮਾਮਲਾ ਛੋਟਾ ਕਾਨੂੰਨੀ ਮਸਲਾ ਨਹੀਂ ਸੀ। ਇਹ ਭਾਰਤ ਨੂੰ ਸਬਕ ਸਿਖਾਉਣ ਬਾਰੇ ਸੀ। ਇਹ ਧਾਰਨਾਵਾਂ ਦੀ ਲੜਾਈ ਸੀ ਜਿਸ ਦੇ ਪਹਿਲੇ ਗੇੜ ਵਿਚ ਪਾਕਿਸਤਾਨ ਮਾਰ ਖਾ ਗਿਆ। ਜਾਧਵ ਮਾਮਲੇ ਵਿਚ ਇਹ ਵੀ ਦਾ ਇਰਾਦਾ ਭਾਰਤ ਨੂੰ ਬਲੋਚਿਸਤਾਨ ਤੋਂ ਪਿੱਛੇ ਧਕੇਲਣ ਅਤੇ ਨਾਲ ਹੀ ਪੂਰੀ ਦੁਨੀਆਂ ਨੂੰ ਇਹ ਦੱਸਣ ਦਾ ਸੀ ਕਿ ਭਾਰਤ ਕਿਸ ਕਿਸਮ ਦੀਆਂ ਸ਼ਰਾਰਤਾਂ ਕਰਦਾ ਆ ਰਿਹਾ ਹੈ, ਪਰ ਹੁਣ ਅਸੀਂ ਆਲਮੀ ਅਦਾਲਤ ਦੀ ਬੇਹੱਦ ਜਟਿਲ ਅਤੇ ਗੰਭੀਰ ਕਾਨੂੰਨੀ ਦੁਨੀਆਂ ਵਿਚ ਉਲਝ ਚੁੱਕੇ ਹਾਂ। ਸਾਨੂੰ ਉਥੇ ਨਹੀਂ ਹੋਣਾ ਚਾਹੀਦਾ ਸੀ, ਪਰ ਜਦੋਂ ਤੁਸੀਂ ਕੁਝ ਅਣਕਿਆਸਿਆ ਕਰਨਾ ਚਾਹੋ ਤਾਂ ਇਹ ਮੁਸੀਬਤ ਵੀ ਬਣ ਸਕਦਾ ਹੈ। ਅਜਿਹਾ ਕੁਝ ਪਾਕਿਸਤਾਨ ਨਾਲ ਵੀ ਵਾਪਰਿਆ ਹੈ।

# ਰੋਹਿੰਗੀਆ ਫਿਰਕਾ ਹੋਇਆ ਹਾਲੋਂ ਬੇਹਾਲ

ਇਕੀਵੀਂ ਸਦੀ ਤਕ ਪਹੁੰਚਦਿਆਂ ਵਿਗਿਆਨ ਬਹੁਤ ਤਰੱਕੀ ਕਰ ਗਿਆ ਹੈ। ਇਸ ਦੇ ਬਾਵਜੂਦ ਮਨੁੱਖ ਬਦਲਿਆ ਨਹੀਂ ਹੈ। ਨਸਲਕੁਸ਼ੀ ਦੀਆਂ ਵਾਰਦਾਤਾਂ, ਗੁਲਾਮੀ ਦਾ ਵਰਤਾਰਾ, ਬਲਾਤਕਾਰ, ਕਤਲੋਗਾਰਤ ਤੇ ਖੂਨੀ ਲੜਾਈਆਂ ਦੀਆਂ ਘਟਨਾਵਾਂ ਨਾਲ ਇਤਿਹਾਸ ਭਰਿਆ ਪਿਆ ਹੈ। ਅੱਜ ਦੁਨੀਆਂ ਦੀ ਅੱਧੀ ਆਬਾਦੀ ਕਿਸੇ ਨਾ ਕਿਸੇ ਬਾਹਰੀ ਜਾਂ ਅੰਦਰੂਨੀ ਲੜਾਈ ਵਿਚ ਉਲਝੀ ਹੋਈ ਹੈ। ਥਾਂ ਥਾਂ ਹਾਵੀ ਫਿਰਕੇ ਕਮਜ਼ੋਰ ਜਾਂ ਘੱਟ-ਗਿਣਤੀ ਫਿਰਕਿਆਂ ਉਤੇ ਗਲਬਾ ਪਾਉਣ ਲਈ ਅਸਹਿ ਅਤੇ ਅਕਹਿ ਜ਼ੁਲਮ ਕਰ ਰਹੇ ਹਨ।

ਮਿਆਂਮਾਰ (ਪੁਰਾਣਾ ਨਾਂ ਬਰਮਾ) ਦੀ ਅਰਾਕਾਨ ਵਾਦੀ ਵਿਚ ਰਹਿਣ ਵਾਲੇ ਰੋਹਿੰਗੀਆ ਫਿਰਕੇ ਨੂੰ ਸੰਯੁਕਤ ਰਾਸ਼ਟਰ ਅਤੇ ਅਮਨੈਸਟੀ

ਸੁਰਿੰਦਰ ਪਾਲ ਢਿੱਲੋਂ

ਇੰਟਰਨੈਸ਼ਨਲ ਦੀਆਂ ਰਿਪੋਰਟਾਂ ਮੁਤਾਬਿਕ ਦੁਨੀਆਂ ਦਾ ਸਭ ਤੋਂ ਵੱਧ ਪੀੜਤ ਫਿਰਕਾ ਐਲਾਨਿਆ ਜਾ ਚੁੱਕਿਆ ਹੈ।

ਤਕਰੀਬਨ ਡੇਢ ਕਰੋੜ ਆਬਾਦੀ ਵਾਲਾ ਇਹ ਸੁੰਨੀ ਮੁਸਲਿਮ ਭਾਈਚਾਰਾ ਮਿਆਂਮਾਰ ਦੇ ਰਖਾਈਨ ਖਿੱਤੇ ਵਿਚ ਵਸਦਾ ਹੈ। ਇਸ ਦੇ ਆਲੇ ਦੁਆਲੇ ਦੇ ਖੇਤਰ ਵਿਚ ਬਹੁ-ਗਿਣਤੀ ਹਿੰਦੂ ਬੋਧੀਆਂ ਦੀ ਹੈ ਜੋ ਮਿਆਂਮਾਰ ਦੇ ਮੂਲ ਵਸਨੀਕ ਵੀ ਹਨ। ਮਿਆਂਮਾਰ ਵਿਚ ਪ੍ਰਚਲਿਤ ਬਰਮੀ ਕੌਮੀਅਤ ਕਾਨੂੰਨ ਤਹਿਤ ਇਸ ਮੁਲਕ ਦੇ 135 ਫਿਰਕਿਆਂ ਵਿਚੋਂ ਸਿਰਫ ਰੋਹਿੰਗੀਆ ਨੂੰ ਹੀ ਦੇਸ਼ ਦੀ ਨਾਗਰਿਕਤਾ ਦੇ ਹੱਕ ਤੋਂ ਵਾਂਝਾ ਰੱਖਿਆ ਗਿਆ ਹੈ। ਸੋ, ਰੋਹਿੰਗੀਆ ਲੋਕ ਕਿਸੇ ਵੀ ਦੇਸ਼ ਦੇ ਨਾਗਰਿਕ ਨਹੀਂ ਹਨ। ਪੂਰੀ ਦੁਨੀਆਂ ਵਿਚ ਕੋਈ ਵੀ ਅਜਿਹੀ ਮਿੱਟੀ ਨਹੀਂ ਜਿਸ ਨੂੰ ਉਹ ਕਾਨੂੰਨੀ ਤੌਰ 'ਤੇ ਆਪਣੀ ਕਹਿ ਸਕਦੇ ਹੋਣ। ਜੇ ਉਹ ਨਾਗਰਿਕ ਹੀ ਨਹੀਂ ਹਨ ਤਾਂ ਉਨ੍ਹਾਂ ਕੋਲ ਕੋਈ ਰਾਜਨੀਤਿਕ ਹੱਕ ਵੀ ਕਿਵੇਂ ਹੋ ਸਕਦਾ ਹੈ? ਇਨ੍ਹਾਂ ਲੋਕਾਂ ਦੀ ਨਸਲਕੁਸ਼ੀ ਕਰਨ ਜਾਂ ਮਿਆਂਮਾਰ ਵਿਚੋਂ ਬਾਹਰ ਧੱਕਣ ਦੀਆਂ ਇਸ ਸਦੀ ਵਿਚ ਹੀ ਘੱਟੋ ਘੱਟ ਤਿੰਨ ਕੋਸ਼ਿਸ਼ਾਂ ਹੋ ਚੁੱਕੀਆਂ ਹਨ। ਪਹਿਲੀ ਕੋਸ਼ਿਸ਼ 2012 ਤੇ ਦੂਜੀ 2015 ਵਿਚ ਅਪ੍ਰਤੱਖ ਰਾਜਸੀ ਹਮਾਇਤ ਨਾਲ ਕੀਤੀ ਗਈ ਸੀ। ਇਸ ਸਮੇਂ ਖਿੱਤੇ ਦੇ ਹਿੰਦੂ ਬੋਧੀ, ਮੁਸਲਮਾਨ ਰੋਹਿੰਗਿਆਂ ਨੂੰ ਕੱਟਣ, ਵੱਢਣ ਅਤੇ ਖਦੇੜਨ ਲਈ ਵਰਤੇ ਗਏ ਸਨ।

ਤੀਜੀ ਅਤਿ ਮਾਰੂ ਕੋਸ਼ਿਸ਼ 2016 ਵਿਚ ਕੀਤੀ ਗਈ ਜਿਸ ਦੌਰਾਨ ਮੁਲਕ ਦੀ ਫ਼ੌਜ ਦੀ ਵਰਤੋਂ ਕੀਤੀ ਗਈ। ਉਨ੍ਹਾਂ ਉਤੇ ਇੰਨਾ ਤਸ਼ੱਦਦ ਕੀਤਾ ਗਿਆ ਕਿ ਸਾਰੀ ਦੁਨੀਆਂ ਕੁਰਲਾ ਉਠੀ ਸੀ। ਰੋਹਿੰਗੀਆ ਲੋਕਾਂ ਨੂੰ ਭੱਜਣ ਲਈ ਕੋਈ ਥਾਂ ਨਹੀਂ ਸੀ। ਸਿਰਫ ਬੰਗਲਾਦੇਸ਼ ਵਿਚ ਹੀ ਸਿਰ ਛੁਪਾਇਆ ਜਾ ਸਕਦਾ ਸੀ, ਪਰ ਬੰਗਲਾਦੇਸ਼ ਸਰਕਾਰ ਨੇ ਵੀ ਅੱਗਿਓਂ ਫ਼ੌਜ ਤਾਇਨਾਤ ਕਰ ਦਿੱਤੀ। ਰੋਹਿੰਗੀਆ ਲੋਕ ਮਿਆਂਮਾਰ ਅਤੇ ਬੰਗਲਾਦੇਸ਼ ਦੀ ਫ਼ੌਜ ਵਿਚਕਾਰ ਫਸ ਗਏ। ਇਸ ਦੌਰਾਨ ਅਣਗਿਣਤ ਲੋਕ ਮਾਰੇ ਗਏ। ਬਹੁਤ ਸਾਰੇ ਲੋਕ ਸਮਰੱਥਾ ਤੋਂ ਵੱਧ ਭਰੀਆਂ ਕਿਸ਼ਤੀਆਂ ਸਮੇਤ ਸਮੁੰਦਰ ਵਿਚ ਡੁੱਬ ਗਏ।

ਕੁਝ ਲੋਕ ਰਖਾਈਨ ਖੇਤਰ ਦੇ ਬੀਆਬਾਨ ਵਿਚ ਲੁਕ ਗਏ। ਕੌਮਾਂਤਰੀ ਦਬਾਅ ਕਾਰਨ ਇਨ੍ਹਾਂ ਨੂੰ ਮਾਰਨਾ ਤਾਂ ਬੰਦ ਕਰ ਦਿੱਤਾ ਗਿਆ, ਪਰ ਹੁਣ ਇਨ੍ਹਾਂ ਵਿਚੋਂ ਤਕਰੀਬਨ ਇਕ ਲੱਖ ਲੋਕਾਂ ਨੂੰ ਸਖਤ ਸੁਰੱਖਿਆ ਵਾਲੇ ਕੈਂਪਾਂ ਵਿਚ ਰੱਖਿਆ ਹੋਇਆ ਹੈ। ਇਥੇ ਇਨ੍ਹਾਂ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਤੋੜਨ ਲਈ ਉਹੀ ਤਰੀਕੇ ਅਪਨਾਏ ਜਾ ਰਹੇ ਹਨ ਜੋ ਅੱਜ ਤੋਂ 5,000 ਸਾਲ ਪਹਿਲਾਂ ਆਰੀਆ ਲੋਕਾਂ ਨੇ ਹਾਰੇ ਹੋਏ ਜੰਗੀ ਕੈਦੀਆਂ ਅਤੇ ਦ੍ਰਾਵਿੜ ਸੂਰਬੀਰਾਂ ਨੂੰ ਤੋੜਨ ਲਈ ਅਪਨਾਏ ਸਨ। ਇਨ੍ਹਾਂ ਵਾੜਿਆਂ ਵਿਚ ਡੱਕੇ ਰੋਹਿੰਗੀਆ ਲੋਕਾਂ ਉਤੇ ਤਸ਼ੱਦਦ ਕੀਤਾ ਜਾ ਰਿਹਾ ਹੈ। ਇਨ੍ਹਾਂ ਨੂੰ ਕੋਈ ਮਨੁੱਖੀ ਅਧਿਕਾਰ ਨਹੀਂ ਹੈ। ਕੋਈ ਵੀ ਦੇਸ਼ ਇਨ੍ਹਾਂ ਨੂੰ ਢੋਈ ਦੇਣ ਲਈ ਤਿਆਰ ਨਹੀਂ। ਮਿਆਂਮਾਰ ਸਮੇਤ ਪੂਰੀ ਦੁਨੀਆਂ ਨਾਲੋਂ ਇਨ੍ਹਾਂ ਦਾ ਨਾਤਾ ਟੁੱਟ ਚੁੱਕਾ ਹੈ। ਹਿੰਦੁਸਤਾਨੀ ਭਾਸ਼ਾ ਵਿਚ ਇਹ ਲੋਕ 'ਅਜਾਤ' ਤਾਂ ਬਣਾਏ ਹੀ ਜਾ ਚੁੱਕੇ ਹਨ ਤੇ 'ਅਛੂਤ' ਬਣਨ ਤੋਂ ਸਿਰਫ ਇਕ ਕਦਮ ਪਿੱਛੇ ਹਨ।

ਸਭ ਤੋਂ ਵੱਧ ਦੁੱਖ ਦੀ ਗੱਲ ਇਹ ਹੈ ਕਿ ਵਿਸ਼ਵ ਸ਼ਾਂਤੀ ਨੋਬੇਲ ਪੁਰਸਕਾਰ ਜੇਤੂ ਆਂਗ ਸਾਨ ਸੂ ਚੀ ਵੀ ਇਸ ਬਾਰੇ ਖਾਮੋਸ਼ ਹੈ। ਉਸ ਨੇ ਵੀ ਰੋਹਿੰਗੀਆ ਲੋਕਾਂ ਲਈ ਹਾਅ ਦਾ ਨਾਅਰਾ ਨਹੀਂ ਮਾਰਿਆ।

ਅਸਲੀਅਤ ਇਹ ਹੈ ਕਿ ਰੋਹਿੰਗੀਆ ਭਾਈਚਾਰਾ ਫਿਰਕਾਪ੍ਰਸਤੀ ਦੀ ਸਿਆਸਤ ਦਾ ਸ਼ਿਕਾਰ ਹੈ। ਮਿਆਂਮਾਰ ਵਿਚ 1960 ਤੋਂ ਫ਼ੌਜ ਦਾ ਰਾਜ ਰਿਹਾ ਹੈ ਤੇ ਇਹ ਰਾਜ ਬੜੀ ਸਖ਼ਤੀ ਅਤੇ ਬੇਕਿਰਕੀ ਨਾਲ ਚਲਾਇਆ ਜਾ ਰਿਹਾ ਹੈ। ਫ਼ੌਜੀ ਰਾਜ ਕਾਇਮ ਰੱਖਣ ਲਈ ਫ਼ੌਜੀ ਜਰਨੈਲ ਮੁਲਕ ਦੇ 135 ਫਿਰਕਿਆਂ ਨੂੰ ਇਕ ਦੂਜੇ ਨਾਲ ਲੜਾਈ ਰੱਖਣ ਦੀ ਨੀਤੀ ਅਪਣਾਉਂਦੇ ਹਨ। ਫਿਰ ਵੀ ਇਸ ਰਾਜ ਤੋਂ ਮੁਕਤੀ ਅਤੇ ਆਜ਼ਾਦੀ ਲਈ ਵਿਰੋਧੀ ਸੁਰਾਂ ਉਠਦੀਆਂ ਹੀ ਰਹਿੰਦੀਆਂ ਹਨ। ਆਂਗ ਸਾਨ ਸੂ ਚੀ ਵਰ੍ਹਿਆਂ ਤੋਂ ਲੋਕਤੰਤਰੀ ਸਰਕਾਰ ਦੀ ਸਥਾਪਤੀ ਲਈ ਲੜਾਈ ਦੀ ਅਗਵਾਈ ਕਰਦੀ ਆ ਰਹੀ ਹੈ ਤੇ ਕੁਝ ਹੱਦ ਤਕ ਕਾਮਯਾਬ ਵੀ ਹੋਈ ਹੈ, ਪਰ ਹਾਲੇ ਵੀ ਸਿਆਸਤ 'ਤੇ ਫ਼ੌਜ ਦਾ ਗਲਬਾ ਕਾਇਮ ਹੈ। ਆਪਣਾ ਦਬਦਬਾ ਕਾਇਮ ਰੱਖਣ ਲਈ ਫ਼ੌਜ ਨੇ ਰੋਹਿੰਗੀਆ ਨੂੰ ਮੋਹਰਾ ਬਣਾ ਲਿਆ ਹੈ।



ਹੁਣ ਵੱਡਾ ਸਵਾਲ ਇਹ ਹੈ ਕਿ ਇੰਨੇ ਫਿਰਕਿਆਂ ਵਿਚੋਂ ਸਿਰਫ ਰੋਹਿੰਗੀਆ ਮੁਸਲਿਮਾਂ ਨੂੰ ਹੀ ਮੋਹਰਾ ਕਿਉਂ ਬਣਾਇਆ ਗਿਆ ਹੈ? ਇਸ ਸਵਾਲ ਦਾ ਜਵਾਬ ਰੋਹਿੰਗੀਆ ਫਿਰਕੇ ਦੇ ਇਤਿਹਾਸ ਅਤੇ ਫ਼ੌਜੀ ਹਾਕਮਾਂ ਦੇ ਤਰਕ ਵਿਚ ਹੀ ਲੁਕਿਆ ਹੈ। ਦਰਅਸਲ, ਮਿਆਂਮਾਰ ਵਿਚ ਰੋਹਿੰਗੀਆ ਹੀ ਇਕੋ ਇਕ ਅਜਿਹਾ ਫਿਰਕਾ ਹੈ ਜੋ ਦੇਸ਼ ਦਾ ਮੂਲਵਾਸੀ ਨਹੀਂ ਹੈ। ਇਨ੍ਹਾਂ ਦਾ ਮੌਜੂਦਾ ਖੇਤਰ ਰਖਾਈਨ ਹੈ ਜੋ ਕਿਸੇ ਵੇਲੇ ਅਰਾਕਾਨ ਵਾਦੀ ਵਜੋਂ ਜਾਣਿਆ ਜਾਂਦਾ ਸੀ। ਇਹ ਬਹੁਤ ਹੀ ਉਪਜਾਊ ਅਤੇ ਸੁੰਦਰ ਖੇਤਰ ਹੈ। ਇਸ ਖੇਤਰ ਵਿਚ ਬਰਮੀ ਮੂਲ ਦੇ ਹਿੰਦੂ ਬੋਧੀ ਲੰਮੇ ਸਮੇਂ ਤੋਂ ਵਸਦੇ ਆ ਰਹੇ ਸਨ। ਪੰਦਰਵੀਂ ਸਦੀ ਤਕ ਇਸ ਖੇਤਰ ਵਿਚ ਮੁਸਲਮਾਨਾਂ ਦੀ ਆਬਾਦੀ ਨਾਂ-ਮਾਤਰ ਹੀ ਸੀ।

ਇਸ ਖੇਤਰ ਦਾ ਜਲਾਵਤਨ ਰਾਜਾ ਮਿਨ ਸਾਅ ਮੂਨ ਅਖੰਡ ਭਾਰਤ ਦੇ ਚਿਟਾਗੌਂਗ ਖੇਤਰ ਵਿਚ ਛੁਪਿਆ ਹੋਇਆ ਸੀ। 1430 ਵਿਚ ਉਸ ਨੇ ਬੰਗਾਲ ਸਲਤਨਤ ਦੀ ਮਦਦ ਨਾਲ ਅਰਾਕਾਨ ਵਾਦੀ ਵਿਚ ਆਪਣੇ ਰਾਜ ਮਰਾਕ ਊ ਯੂ ਉਤੇ ਫਿਰ ਕਬਜ਼ਾ ਕਰ ਲਿਆ। ਉਸ ਨੇ ਆਪਣੇ ਨਾਲ ਹੀ ਬੰਗਾਲ ਤੋਂ ਬਹੁਤ ਸਾਰੇ ਮੁਸਲਮਾਨ ਸਲਾਹਕਾਰ, ਫ਼ੌਜੀ, ਮਦਦਗਾਰ, ਵਪਾਰੀ ਅਤੇ ਕਿਸਾਨ ਵੀ ਲਿਆਂਦੇ ਜੋ ਅਰਾਕਾਨ ਵਾਦੀ ਵਿਚ ਹੀ ਵਸ ਗਏ। ਇਸ ਤਰ੍ਹਾਂ ਇਸ ਖੇਤਰ ਵਿਚ ਮੁਸਲਮਾਨਾਂ ਦੀ ਆਬਾਦੀ ਵਧਣ ਲੱਗੀ। 1785 ਵਿਚ ਬਰਮਾ ਦੇ ਕਾਨਗੌਂਗ ਸ਼ਾਹੀ ਘਰਾਣੇ ਨੇ ਇਸ ਖੇਤਰ ਉਤੇ ਕਬਜ਼ਾ ਕਰ ਲਿਆ ਤੇ ਇੰਨੀ ਮਾਰ-ਧਾੜ ਕੀਤੀ ਕਿ ਖੇਤਰ ਲਗਭਗ ਵੀਰਾਨ ਹੋ ਗਿਆ। ਫਿਰ 1869 ਵਿਚ ਇਸ ਖੇਤਰ ਉਤੇ ਬ੍ਰਿਟਿਸ਼ਾਂ ਨੇ ਕਬਜ਼ਾ ਕਰ ਲਿਆ ਤੇ ਇਸ ਨੂੰ ਬੰਗਾਲ ਪ੍ਰੈਜ਼ੀਡੈਂਸੀ ਵਿਚ ਮਿਲਾ ਲਿਆ। ਬ੍ਰਿਟਿਸ਼ਾਂ ਨੇ ਇਸ ਉਪਜਾਊ ਖੇਤਰ ਨੂੰ ਆਬਾਦ ਕਰਨਾ ਸ਼ੁਰੂ ਕਰ ਦਿੱਤਾ। ਇਸ ਕੰਮ ਲਈ ਕਾਮੇ ਤੇ ਪ੍ਰਬੰਧਕ ਬੰਗਾਲ ਤੋਂ ਲਿਜਾ ਕੇ ਉਤੇ ਵਸਾਉਣੇ ਸ਼ੁਰੂ ਕਰ ਦਿੱਤੇ। ਸਿੱਟੇ ਵਜੋਂ ਮੁਸਲਮਾਨ ਆਬਾਦੀ ਹੋਰ ਜ਼ਿਆਦਾ ਵਧਣ ਲੱਗੀ ਜਿਸ ਨਾਲ ਖਿੱਤੇ ਦਾ ਆਬਾਦੀ ਸੰਤੁਲਨ ਵਿਗੜ ਗਿਆ। ਮੂਲ ਵਸਨੀਕ ਬੋਧੀਆਂ ਨੂੰ ਇਹ ਬਹੁਤ ਬੁਰਾ ਲੱਗਦਾ ਸੀ। ਇਸ ਤਰ੍ਹਾਂ ਦੋਵਾਂ ਫਿਰਕਿਆਂ ਵਿਚ ਤਣਾਅ ਸ਼ੁਰੂ ਹੋ ਗਿਆ ਜੋ ਛੋਟੀਆਂ ਮੋਟੀਆਂ ਝੜਪਾਂ ਅਤੇ ਲੜਾਈਆਂ ਦਾ ਕਾਰਨ ਬਣਦਾ ਰਿਹਾ।

ਬ੍ਰਿਟਿਸ਼ਾਂ ਨੇ ਬਰਮਾ ਨੂੰ 1948 ਵਿਚ ਆਜ਼ਾਦ ਕਰ ਦਿੱਤਾ। ਉਦੋਂ ਤਕ ਅਰਾਕਾਨ ਖੇਤਰ ਵਿਚ ਰੋਹਿੰਗੀਆ ਆਬਾਦੀ ਹਿੰਦੂ ਬੋਧੀਆਂ ਨਾਲੋਂ ਬਹੁਤ ਜ਼ਿਆਦਾ ਵਧ ਚੁੱਕੀ ਸੀ ਤੇ ਉਹ ਬੋਧੀਆਂ ਉਤੇ ਹਾਵੀ ਹੋ ਚੁੱਕੇ ਸਨ। ਆਪਣੀ ਪਛਾਣ ਬਣਾਉਣ ਹਿਤ ਉਨ੍ਹਾਂ ਨੇ ਅਰਾਕਾਨ ਦੇ ਪੁਰਾਣੇ ਨਾਂ ਹਾਂਸ਼ਾਂਗ ਤੋਂ ਆਪਣੇ ਫਿਰਕੇ ਦਾ ਨਾਂ ਰੋਹਿੰਗੀਆ ਬਣਾ ਲਿਆ ਜਿਸ ਦਾ ਅਰਥ ਹੈ ਹਾਂਸ਼ਾਂਗ ਦੇ ਵਾਸੀ। ਅੰਗਰੇਜ਼ਾਂ ਵੱਲੋਂ ਬਰਮਾ ਛੱਡਣ ਦਾ ਫਾਇਦਾ ਚੁੱਕਣ ਖਾਤਰ ਰੋਹਿੰਗੀਆ ਲੋਕਾਂ ਨੇ ਪਾਕਿਸਤਾਨ ਦੀ ਤਰਜ਼ ਉਤੇ ਅਰਾਕਾਨ ਨੂੰ ਵੱਖਰਾ ਰਾਸ਼ਟਰ ਬਣਾਉਣ ਹਿੱਤ ਅਰਾਕਾਨ ਮੁਸਲਿਮ ਲੀਗ ਬਣਾ ਲਈ, ਪਰ ਕਾਮਯਾਬ ਨਾ ਹੋ ਸਕੇ। ਇਸੇ ਮਕਸਦ ਨਾਲ ਉਨ੍ਹਾਂ ਨੇ 1956 ਵਿਚ ਇਸ ਸੰਸਥਾ ਨੂੰ ਮੁਜਾਹਿਦ ਪਾਰਟੀ ਵਿਚ ਬਦਲ ਲਿਆ ਤੇ ਸੰਘਰਸ਼ ਜਾਰੀ ਰੱਖਿਆ।

ਸੱਤਰਵਿਆਂ ਵਿਚ ਜਨਰਲ ਨੀ ਵਿਨ ਨੇ ਰਾਜਪਲਟੇ ਰਾਹੀਂ ਮਿਆਂਮਾਰ ਉਤੇ ਕਬਜ਼ਾ ਕਰ ਲਿਆ ਅਤੇ ਰਾਜ ਪ੍ਰਬੰਧ ਚਲਾਉਣ ਲਈ ਉਚ ਫ਼ੌਜੀ ਅਫ਼ਸਰਾਂ ਦੀ ਜੁੰਡਲੀ ਸਥਾਪਿਤ ਕਰ ਲਈ। ਇਸ ਜੁੰਡਲੀ ਨੇ ਆਪਣਾ ਰਾਜ ਪੱਕੇ ਪੈਰੀਂ ਸਥਾਪਿਤ ਕਰਨ ਅਤੇ ਇਸ ਕਾਇਮ ਰੱਖਣ ਲਈ ਅਪਣਾਈ ਨੀਤੀ ਤਹਿਤ ਦੇਸ਼ ਵਿਚ ਨਿਰੰਤਰ ਗ੍ਰਹਿ ਯੁੱਧ ਨੂੰ ਚਲਾਈ ਰੱਖਣਾ ਸੀ। ਉਨ੍ਹਾਂ ਨੇ ਦੇਸ਼ ਦੇ ਸਾਰੇ ਫਿਰਕਿਆਂ ਨੂੰ ਇਕ ਦੂਜੇ ਖਿਲਾਫ ਲੜਨ ਲਈ ਮਜਬੂਰ ਕਰ ਦਿੱਤਾ ਅਤੇ ਘੱਟ-ਗਿਣਤੀਆਂ ਨਾਲ ਵਿਤਕਰਾ ਤੇ ਧੱਕੇਸ਼ਾਹੀ ਕਰਨੀ ਤੇ ਕਰਵਾਉਣੀ ਸ਼ੁਰੂ ਕਰ ਦਿੱਤੀ। ਹੁਣ ਲੋਕ ਆਪਸ ਵਿਚ ਲੜ ਰਹੇ ਹਨ ਅਤੇ ਫ਼ੌਜੀ ਜੁੰਡਲੀ ਤੇ ਉਨ੍ਹਾਂ ਦੇ ਸਹਿਯੋਗੀ ਐਸ਼ ਕਰ ਰਹੇ ਹਨ। ਇਹ ਸੁਚਾਰੂ ਗੁੰਡਾਗਰਦੀ ਫਰੇਬ ਅਤੇ ਸੀਨਾਜ਼ੋਰੀ ਨਾਲ ਚਲਾਈ ਜਾ ਰਹੀ ਹੈ।

ਰੋਹਿੰਗੀਆ ਲੋਕ ਇਸ ਮਾਰੂ ਨੀਤੀ ਦੇ ਸਭ ਤੋਂ ਵੱਡੇ ਸ਼ਿਕਾਰ ਹਨ। ਇਸ ਫਿਰਕੇ ਨੇ ਮਿਆਂਮਾਰ ਤੋਂ ਆਜ਼ਾਦ ਹੋਣ ਲਈ ਸੰਘਰਸ਼ ਵਿੱਢਿਆ ਹੈ। ਰੋਹਿੰਗੀਆ ਲੋਕਾਂ ਦੇ ਪਿਛੋਕੜ ਅਤੇ ਵਿਰਾਸਤ ਦੀਆਂ ਜੜ੍ਹਾਂ ਮੌਜੂਦਾ ਬੰਗਲਾਦੇਸ਼ ਦੇ ਚਿਟਾਗੌਂਗ ਖੇਤਰ ਨਾਲ ਜੁੜਦੀਆਂ ਹਨ। ਉਨ੍ਹਾਂ ਦੀ ਬੋਲੀ ਵੀ ਚਿਟਾਗੌਂਗ ਬੰਗਲਾ ਨਾਲ ਵਧੇਰੇ ਮਿਲਦੀ ਜੁਲਦੀ ਹੈ। ਮਿਆਂਮਾਰ ਦੀ ਫ਼ੌਜੀ ਜੁੰਡਲੀ ਨੇ ਉਨ੍ਹਾਂ ਨੂੰ 'ਸਭ ਤੋਂ ਵੱਧ ਖ਼ਤਰਨਾਕ ਅੰਦਰੂਨੀ ਦੁਸ਼ਮਣ' ਐਲਾਨਿਆ ਹੋਇਆ ਹੈ। ਇਸੇ ਧਾਰਨਾ ਤਹਿਤ ਰੋਹਿੰਗੀਆ ਭਾਈਚਾਰੇ ਉਤੇ ਹਰ ਜ਼ੁਲਮ ਨੂੰ ਵਾਜਬ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

# ਫਤਵਿਆਂ ਦੀ ਸਿਆਸਤ

ਫਤਵਾ ਇਸਲਾਮ ਨਾਲ ਜੁੜੀ ਅਜਿਹੀ ਵਿਵਸਥਾ ਹੈ ਜਿਸ ਵਿਚ ਇਸਲਾਮ ਦਾ ਗਿਆਨ ਰੱਖਣ ਵਾਲੇ ਵਿਦਵਾਨਾਂ ਦੀ ਕਮੇਟੀ ਅਤੇ ਧਾਰਮਿਕ ਮਾਮਲਿਆਂ ਦੇ ਜਾਣਕਾਰ, ਮਤਲਬ ਮੁਫ਼ਤੀ ਰਾਹੀਂ ਆਪਣੇ ਪੈਰੋਕਾਰਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤਾ ਜਾਂਦਾ ਹੈ। ਆਮ ਤੌਰ 'ਤੇ ਫਤਵਾ ਲੈਣ ਜਾਂ ਦੇਣ ਦੀ ਹਾਲਤ ਉਸ ਸਮੇਂ ਪੈਦਾ ਹੁੰਦੀ ਹੈ ਜਦ ਕੁਰਾਨ ਸ਼ਰੀਫ ਅਤੇ ਸ਼ਰੀਅਤ ਰਾਹੀਂ ਦੌਰ-ਏ-ਹਾਜ਼ਰ ਵਿਚ ਕਿਸੇ ਸਵਾਲ ਦਾ ਢੁਕਵਾਂ ਜਵਾਬ ਨਾ ਮਿਲ ਰਿਹਾ ਹੋਵੇ। ਕਿਸੇ ਮੁਫ਼ਤੀ ਜਾਂ ਧਾਰਮਿਕ ਵਿਦਵਾਨਾਂ ਦੀ ਫਤਵਾ ਕਮੇਟੀ ਰਾਹੀਂ ਜੇ ਫਤਵਾ ਜਾਰੀ ਕੀਤਾ ਜਾਂਦਾ ਹੈ, ਉਹ ਕੁਰਾਨ ਸ਼ਰੀਫ ਅਤੇ ਸ਼ਰੀਅਤ ਦੀਆਂ ਸਿੱਖਿਆਵਾਂ ਤੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਹੀ ਹੋਣਾ ਚਾਹੀਦਾ ਹੈ। ਫਤਵੇ ਨੂੰ ਧਾਰਮਿਕ ਹੁਕਮ ਦੇ

ਤਨਵੀਰ ਜਾਫ਼ਰੀ
ਅਨੁਵਾਦ: ਨਿਰਮਲ ਪ੍ਰੇਮੀ
ਫੋਨ: +91-94631-61691

ਰੂਪ ਵਿਚ ਸਮਝਣ ਦੀ ਥਾਂ ਸਿਰਫ ਧਾਰਮਿਕ ਰੌਸ਼ਨੀ ਵਿਚ ਦਿੱਤੀ ਸਲਾਹ ਸਮਝਿਆ ਜਾਂਦਾ ਹੈ ਜਿਸ 'ਤੇ ਅਮਲ ਕਰਨਾ ਜਾਂ ਨਾ ਕਰਨਾ ਕੋਈ ਜ਼ਰੂਰੀ ਨਹੀਂ, ਪਰ ਭਾਰਤ ਵਿਚ ਅਨੇਕਾਂ ਵਾਰ ਕਈ ਪੇਸ਼ੇਵਰ ਕਿਸਮ ਦੇ ਮੁਲਾਣਿਆਂ ਰਾਹੀਂ ਸਮੇਂ ਸਮੇਂ 'ਤੇ ਅਜਿਹੇ ਫਤਵੇ ਜਾਰੀ ਕੀਤੇ ਗਏ ਜਿਨ੍ਹਾਂ ਨੇ ਫਤਵਿਆਂ ਦਾ ਅਜਿਹਾ ਮਜ਼ਾਕ ਬਣਾ ਦਿੱਤਾ ਕਿ ਭਾਰਤ ਦੇ ਕਿਸੇ ਟੀ.ਵੀ. ਚੈਨਲ ਨੇ 'ਫਤਿਹ ਦਾ ਫਤਵਾ' ਸੀਰੀਅਲ ਹੀ ਚਲਾ ਛੱਡਿਆ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਕਿਸੇ ਧਰਮ ਗੁਰੂ ਦਾ ਇਹ ਫਰਜ਼ ਹੈ ਕਿ ਉਹ ਆਪਣੇ ਪੈਰੋਕਾਰਾਂ ਨੂੰ ਸਹੀ ਮਾਰਗ 'ਤੇ ਚੱਲਣ ਦੀ ਸਲਾਹ ਦੇਵੇ, ਪਰ ਉਸ ਨੂੰ ਇਹ ਅਧਿਕਾਰ ਨਹੀਂ ਕਿ ਉਹ ਧਰਮ ਗੁਰੂ ਜਾਂ ਮੁਫ਼ਤੀ ਸੌੜੇ ਸਿਆਸੀ ਹਿਤਾਂ ਲਈ ਕੋਈ ਅਜਿਹਾ ਪੱਖਪਾਤੀ ਫਤਵਾ ਜਾਰੀ ਕਰੇ ਜੋ ਨਾ ਕੇਵਲ ਇਸਲਾਮ ਦੀ ਬਦਨਾਮੀ ਦਾ ਕਾਰਨ ਬਣੇ।

ਭਾਰਤ ਵਿਚ ਫਤਵਿਆਂ ਦਾ ਸਿਆਸੀਕਰਨ 1970 ਦੇ ਦਹਾਕੇ ਵਿਚ ਉਸ ਸਮੇਂ ਸ਼ੁਰੂ ਹੋਇਆ ਜਦ ਦਿੱਲੀ ਦੀ ਸ਼ਾਹੀ ਜਾਮਾ ਮਸਜਿਦ ਦੇ ਇਮਾਮ ਮੌਲਾਨਾ ਅਬਦੁੱਲਾ ਬੁਖਾਰੀ ਰਾਹੀਂ 1977 ਦੀਆਂ ਚੋਣਾਂ ਵਿਚ ਜਨਤਾ ਪਾਰਟੀ ਦੇ ਪੱਖ ਵਿਚ ਮੁਸਲਮਾਨਾਂ ਤੋਂ ਵੋਟ ਦਿੱਤੇ ਜਾਣ ਬਾਰੇ ਫਤਵਾ ਜਾਰੀ ਕੀਤਾ ਗਿਆ। ਉਦੋਂ ਤੋਂ ਹੁਣ ਤੱਕ ਫਤਵਾਬਾਜ਼ੀ ਸਿਆਸਤ ਦਾ ਰੂਪ ਧਾਰਨ ਕਰ ਚੁੱਕੀ ਹੈ। ਵੱਖ-ਵੱਖ ਫਿਰਕਿਆਂ ਨਾਲ ਸਬੰਧਤ ਮੁਸਲਮਾਨਾਂ ਦੇ ਧਰਮ ਗੁਰੂ ਆਪੋ-ਆਪਣੇ ਪੈਰੋਕਾਰਾਂ ਨੂੰ ਫਤਵੇ ਜਾਰੀ ਕਰਦੇ ਆ ਰਹੇ ਹਨ। ਨਤੀਜੇ ਵਜੋਂ ਅੱਜ ਮੁਲਕ ਵਿਚ ਇਨ੍ਹਾਂ ਫਤਵਿਆਂ ਨੂੰ ਗੰਭੀਰਤਾ ਨਾਲ ਘੱਟ, ਪਰ ਮਜ਼ਾਕ ਦੇ ਰੂਪ ਵਿਚ ਜ਼ਿਆਦਾ ਲਿਆ ਜਾਣ ਲੱਗਾ ਹੈ।

ਪਿਛੇ ਜਿਹੇ ਕੋਲਕਾਤਾ ਦੀ ਟੀਪੂ ਸੁਲਤਾਨ ਮਸਜਿਦ ਦੇ ਸ਼ਾਹੀ ਇਮਾਮ ਸੱਯਦ ਮੁਹੰਮਦ ਨੂਰ-ਉਲ ਹਸਨ ਬਰਕਤੀ ਰਾਹੀਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਪੱਛਮੀ ਬੰਗਾਲ ਦੇ ਇਕ ਭਾਜਪਾ ਨੇਤਾ ਖਿਲਾਫ ਜਾਰੀ ਕੀਤਾ ਗਿਆ। ਆਪਣੇ ਬਿਆਨ ਵਿਚ ਬਰਕਤੀ ਨੇ ਕਿਹਾ ਕਿ ਨੋਟਬੰਦੀ ਕਾਰਨ ਹਰ ਰੋਜ਼ ਲੋਕਾਂ ਨੂੰ ਦੁਖੀ ਹੋਣਾ ਪੈ ਰਿਹਾ ਹੈ, ਸਮੱਸਿਆਵਾਂ ਵੀ ਝੱਲਣੀਆਂ ਪੈ ਰਹੀਆਂ ਹਨ, ਮੋਦੀ ਨੋਟਬੰਦੀ ਦੇ ਨਾਂ 'ਤੇ ਸਮਾਜ ਅਤੇ ਭੋਲੀ ਭਾਲੀ ਜਨਤਾ ਨੂੰ ਬੇਵਕੂਫ ਬਣਾ ਰਿਹਾ ਹੈ, ਹੁਣ ਕੋਈ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਬਣਾਉਣਾ ਨਹੀਂ ਚਾਹੁੰਦਾ। ਇਹ ਪਹਿਲਾ ਮੌਕਾ ਸੀ ਜਦ ਕਿਸੇ ਧਰਮ ਗੁਰੂ ਰਾਹੀਂ ਮੁਲਕ ਦੇ ਪ੍ਰਧਾਨ ਮੰਤਰੀ ਨੂੰ ਵੀ ਫਤਵੇਬਾਜ਼ੀ ਦਾ ਨਿਸ਼ਾਨਾ ਬਣਾਇਆ ਗਿਆ ਹੋਵੇ। ਇਸ ਤੋਂ ਪਹਿਲਾਂ ਉਹ ਪੱਛਮੀ ਬੰਗਾਲ ਭਾਜਪਾ ਦੇ ਪ੍ਰਧਾਨ ਦਿਲੀਪ ਘੋਸ਼ ਖਿਲਾਫ ਵੀ ਵਿਵਾਦ ਵਾਲਾ ਫਤਵਾ ਜਾਰੀ ਕਰ ਚੁੱਕਾ ਹੈ।



ਸੱਯਦ ਮੁਹੰਮਦ ਨੂਰ-ਉਲ ਹਸਨ ਬਰਕਤੀ

ਦਰਅਸਲ, ਭਾਜਪਾ ਨੇਤਾ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਖਿਲਾਫ ਹੋਛੀ ਟਿੱਪਣੀ ਕੀਤੀ ਸੀ। ਇਸ 'ਤੇ ਸ਼ਾਹੀ ਇਮਾਮ ਨੇ ਫਤਵੇ ਵਿਚ ਕਿਹਾ ਕਿ ਇਸ ਆਗੂ ਨੇ ਪਿਆਰੀ ਮੁੱਖ ਮੰਤਰੀ ਅਤੇ ਮੁਲਕ ਦੀ ਧਰਮ ਨਿਰਪੱਖ ਨੇਤਾ ਖਿਲਾਫ ਟਿੱਪਣੀ ਕੀਤੀ ਹੈ, ਇਸ ਲਈ ਇਸ ਆਗੂ ਉਤੇ ਪੱਥਰ ਸੁੱਟਣੇ ਚਾਹੀਦੇ ਅਤੇ ਬੰਗਾਲ ਤੋਂ ਬਾਹਰ ਕੱਢਣਾ ਚਾਹੀਦਾ ਹੈ। ਫਤਵੇ ਦੀ ਭਾਸ਼ਾ ਨਾ ਸਿਰਫ ਕੱਟੜਤਾ ਦਾ ਇਜ਼ਹਾਰ ਕਰਦੀ ਹੈ, ਬਲਕਿ ਇਸ ਦੀ ਭਾਸ਼ਾ ਤੋਂ ਇਹ ਵੀ ਜ਼ਾਹਿਰ ਹੁੰਦਾ ਹੈ ਕਿ ਅੱਜ ਦੇ ਦੌਰ ਵਿਚ ਵੀ ਕੁਝ ਮੌਲਾਨਾ ਤਾਲਿਬਾਨ ਬਾਲੇ ਦਿਸ਼ਾ ਨਿਰਦੇਸ਼ਾਂ ਤੋਂ ਪ੍ਰਭਾਵਿਤ ਹਨ।

ਅੱਜ ਦੇ ਦੌਰ ਵਿਚ ਪੱਥਰ ਮਾਰਨ ਜਿਹੀਆਂ ਗੱਲਾਂ ਕਰਨੀਆਂ ਜਾਂ ਆਪਣੇ ਪੈਰੋਕਾਰਾਂ ਨੂੰ ਇਸ ਲਈ ਉਕਸਾਉਣਾ ਨਿਸ਼ਚਿਤ ਰੂਪ ਨਾਲ ਇਸਲਾਮ ਦਾ ਮਜ਼ਾਕ ਉਡਾਉਣਾ ਅਤੇ ਇਸਲਾਮ ਤੇ ਮੁਸਲਮਾਨਾਂ ਦੀ ਹਾਲਤ ਨੂੰ ਸ਼ੱਕੀ ਬਣਾਉਣਾ ਹੈ। ਜੇ ਕੋਈ ਮੁਸਲਮਾਨ ਕਿਸੇ ਨੂੰ ਆਪਣਾ ਧਰਮ ਗੁਰੂ, ਇਮਾਮ ਜਾਂ ਮੁਫ਼ਤੀ ਮੰਨ ਕੇ ਉਸ ਦੇ ਪਿਛੇ ਖੜ੍ਹਾ ਹੋ ਕੇ ਨਮਾਜ਼ ਪੜ੍ਹਦਾ ਹੋਵੇ ਜਾਂ ਉਸ ਦੇ ਧਾਰਮਿਕ ਦਿਸ਼ਾ ਨਿਰਦੇਸ਼ਾਂ ਨੂੰ ਸਤਿਕਾਰ ਦਿੰਦਾ ਹੋਵੇ, ਇਸ ਦਾ ਅਰਥ ਇਹ ਤਾਂ ਹਰਗਿਜ਼ ਨਹੀਂ ਹੈ ਕਿ ਉਹੀ ਮੁਸਲਮਾਨ ਉਸ ਧਰਮ ਗੁਰੂ ਦੇ ਰਾਜਨੀਤਿਕ ਦਿਸ਼ਾ-ਨਿਰਦੇਸ਼ਾਂ ਦਾ ਵੀ ਪਾਲਣ ਕਰੇ?

ਕਿਸੇ ਵੀ ਆਦਮੀ ਦੀ ਧਾਰਮਿਕ, ਸਮਾਜਿਕ ਅਤੇ ਸਿਆਸੀ ਸੋਚ ਤੇ ਫੈਸਲਿਆਂ ਵਿਚ ਫਰਕ ਹੋ ਸਕਦਾ ਹੈ। ਵੈਸੇ ਵੀ ਲੋਕਤੰਤਰ ਵਿਚ ਸਿਆਸੀ ਫੈਸਲੇ ਕਰਨੇ ਜਾਂ ਕਿਸੇ ਦਾ ਵਿਰੋਧ ਕਰਨਾ ਤੇ ਪੱਖ ਪੂਰਨਾ ਕਿਸੇ ਆਦਮੀ ਦਾ ਨਿੱਜੀ ਫੈਸਲਾ ਹੈ। ਫਤਵਿਆਂ ਸਬੰਧੀ ਇਕ ਹੋਰ ਗੌਰ ਕਰਨ ਲਾਇਕ ਤੱਥ ਇਹ ਵੀ ਹੈ ਕਿ ਇਸਲਾਮ ਕਈ ਅੱਡ ਅੱਡ ਵਰਗਾਂ ਵਿਚ ਵੰਡਿਆ ਹੋਇਆ ਹੈ। ਲਿਹਾਜ਼ਾ ਕਿਸੇ ਇਕ ਵਰਗ ਦੇ ਮੁਫ਼ਤੀ ਜਾਂ ਧਰਮ ਗੁਰੂ ਰਾਹੀਂ ਜਾਰੀ ਕੀਤੇ ਕਿਸੇ ਫਤਵੇ ਦਾ ਆਦਰ ਕਿਸੇ ਦੂਸਰੇ ਵਰਗ ਦਾ ਮੁਸਲਮਾਨ ਕਰੇ, ਇਹੋ ਜਿਹੀ ਕੋਈ ਬੰਦਿਸ਼ ਨਹੀਂ ਹੈ।

ਹਿੰਦੂ ਧਰਮ ਵਿਚ ਵੀ ਕਈ ਧਰਮ ਗੁਰੂਆਂ ਰਾਹੀਂ ਸਮੇਂ ਸਮੇਂ 'ਤੇ ਆਪਣੇ ਪੈਰੋਕਾਰਾਂ ਅਤੇ ਸਮਰਥਕਾਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਜਾਂਦੇ ਹਨ। ਇਸ ਨਾਲ ਵੀ ਸਮਾਜ ਵਿਚ ਬੇਚੈਨੀ ਵਧਦੀ ਹੈ। ਇਥੋਂ ਤੱਕ ਕਿ ਇਨ੍ਹਾਂ ਦੇ ਬੋਲ ਕਈ ਵਾਰ ਇੰਨੇ ਬੇਤੁਕੇ ਹੁੰਦੇ ਹਨ ਜੋ ਮੁਲਕ ਦੇ ਕਾਇਦੇ-ਕਾਨੂੰਨ ਅਤੇ ਸਰਕਾਰੀ ਯੋਜਨਾਵਾਂ ਨੂੰ ਵੀ ਢਾਹ ਲਾਉਂਦੇ ਹਨ; ਮਸਲਨ, ਭਾਜਪਾ ਦੇ ਸੰਸਦ ਮੈਂਬਰ ਸ਼ਾਖਸੀ ਮਹਾਰਾਜ ਨੇ ਮੁਸਲਮਾਨਾਂ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਚਾਰ ਬੀਵੀਆਂ ਤੇ ਚਾਲੀ ਬੱਚੇ ਮੁਲਕ ਨੂੰ ਮਨਜ਼ੂਰ ਨਹੀਂ। ਇਹ ਨਿਸ਼ਚੇ ਹੀ ਮੁਸਲਮਾਨਾਂ ਨੂੰ ਬਦਨਾਮ ਕਰਨ ਵਾਲਾ ਅਤੇ ਮੁਲਕ ਦੇ ਹਿੰਦੂਆਂ ਨੂੰ ਮੁਸਲਮਾਨਾਂ ਦੀ ਵਧਦੀ ਵਸੋਂ ਦਾ ਝੂਠਾ ਡਰ ਦਿਖਾਉਣ ਦੀ ਗਰਜ਼ ਨਾਲ ਦਿੱਤਾ ਗਿਆ ਬਿਆਨ ਹੈ।

ਫਿਲਹਾਲ ਸਾਰੇ ਧਰਮ ਗੁਰੂਆਂ ਨੂੰ ਚਾਹੀਦਾ ਹੈ ਕਿ ਉਹ ਫਜ਼ੂਲ ਦੇ ਗੈਰਕਾਨੂੰਨੀ ਫਤਵਿਆਂ ਤੋਂ ਬਾਜ਼ ਆਉਣ ਕਿਉਂਕਿ ਭਾਰਤੀ ਸਮਾਜ ਹੁਣ ਇਹੋ ਜਿਹੇ ਫਤਵਿਆਂ ਅਤੇ ਫਤਵੇ ਵਾਲਿਆਂ ਨੂੰ ਗੰਭੀਰਤਾ ਨਾਲ ਲੈਣ ਦੇ ਬਜਾਏ ਇਨ੍ਹਾਂ ਨੂੰ ਤਮਾਸ਼ਾ ਸਮਝਣ ਲੱਗਾ ਹੈ।

*ਹਿੰਦੂ ਧਰਮ ਵਿਚ ਵੀ ਕਈ ਧਰਮ ਗੁਰੂਆਂ ਵੱਲੋਂ ਆਪਣੇ ਪੈਰੋਕਾਰਾਂ ਅਤੇ ਸਮਰਥਕਾਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਜਾਂਦੇ ਹਨ। ਇਸ ਨਾਲ ਵੀ ਸਮਾਜ ਵਿਚ ਬੇਚੈਨੀ ਵਧਦੀ ਹੈ। ਮਸਲਨ, ਭਾਜਪਾ ਦੇ ਸੰਸਦ ਮੈਂਬਰ ਸ਼ਾਖਸੀ ਮਹਾਰਾਜ ਨੇ ਮੁਸਲਮਾਨਾਂ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਚਾਰ ਬੀਵੀਆਂ ਤੇ ਚਾਲੀ ਬੱਚੇ ਮੁਲਕ ਨੂੰ ਮਨਜ਼ੂਰ ਨਹੀਂ। ਇਹ ਨਿਸ਼ਚੇ ਹੀ ਮੁਸਲਮਾਨਾਂ ਨੂੰ ਬਦਨਾਮ ਕਰਨ ਵਾਲਾ ਅਤੇ ਮੁਲਕ ਦੇ ਹਿੰਦੂਆਂ ਨੂੰ ਮੁਸਲਮਾਨਾਂ ਦੀ ਵਧਦੀ ਵਸੋਂ ਦਾ ਝੂਠਾ ਡਰ ਦਿਖਾਉਣ ਦੀ ਗਰਜ਼ ਨਾਲ ਦਿੱਤਾ ਗਿਆ ਬਿਆਨ ਹੈ।*

# ਦੂਸਰੀ ਪਹਿਲੀ ਸ਼ਾਦੀ

## ਪਾਕਿਸਤਾਨੀ ਸ਼ਾਇਰਾ ਫਹਮੀਦਾ ਰਿਆਜ਼ ਦੀ ਜ਼ਬਾਨੀ

*ਫਹਮੀਦਾ ਰਿਆਜ਼ ਪਾਕਿਸਤਾਨ ਦੀ ਤਰੱਕੀਪਸੰਦ ਸ਼ਾਇਰਾ ਹੈ। ਉਹਦਾ ਜਨਮ (28 ਜੁਲਾਈ 1946) ਯੂ.ਪੀ. ਦੇ ਸ਼ਹਿਰ ਮੇਰਠ ਦਾ ਹੈ। ਅਯੂਬ ਖਾਨ ਦੀ ਹਕੂਮਤ ਵੇਲੇ ਜਦੋਂ ਵਿਦਿਆਰਥੀ ਜਥੇਬੰਦੀਆਂ ਉਤੇ ਪਾਬੰਦੀ ਲਾਈ ਗਈ ਸੀ ਤਾਂ ਇਸ ਖਿਲਾਫ ਆਵਾਜ਼ ਬੁਲੰਦ ਕਰਨ ਵਾਲਿਆਂ ਵਿਚ ਉਹ ਮੋਹਰੀ ਸੀ। ਇਸ ਦਿਲਚਸਪ ਲੇਖ ਵਿਚ ਉਸ ਨੇ ਔਰਤ ਪ੍ਰਤੀ ਮਰਦ ਪ੍ਰਧਾਨ ਸਮਾਜ ਦੇ ਨਜ਼ਈਏ ਦੀ ਬਾਤ ਬਹੁਤ ਸੋਹਣੇ ਢੰਗ ਨਾਲ ਪਾਈ ਹੈ। -ਸੰਪਾਦਕ*

... ਕਿੱਸਾ ਇਉਂ ਸੀ ਕਿ ਇਹ ਮੇਰੀ ਦੂਸਰੀ ਸ਼ਾਦੀ ਸੀ; ਬਲਕਿ ਇੰਜ ਕਹਿਣਾ ਚਾਹੀਦੈ ਕਿ ਘਰਦਿਆਂ ਨੇ ਤਾਂ ਮੇਰੀ ਸ਼ਾਦੀ 1966 ਵਿਚ ਕਰ ਦਿੱਤੀ ਸੀ, ਪਰ ਮੈਂ ਆਪਣੀ ਸ਼ਾਦੀ 1975 ਵਿਚ ਕੀਤੀ।

ਉਸ ਵਕਤ ਮੇਰੀ ਇਕ ਧੀ ਸੀ। ਮੇਰੀ ਉਮਰ ਵੀ ਵੀਹਾਂ ਵਰ੍ਹਿਆਂ ਦੀ ਹੋ ਚੁੱਕੀ ਸੀ। ਮੈਂ ਖੁਦ ਖਾਦੀ-ਕਮਾਉਂਦੀ ਔਰਤ ਸਾਂ ਜੋ ਆਪਣਾ ਆਪ ਹੀ ਨਹੀਂ, ਸਗੋਂ ਇਕ ਛੋਟੇ ਜਿਹੇ ਘਰ ਦਾ ਬੋਝ ਅਸਾਨੀ ਨਾਲ ਉਠਾ ਲਵੇ। ਇਸ ਦੇ ਬਾਵਜੂਦ ਸਾਡੇ ਸਮਾਜ ਵਿਚ ਕਿਉਂਕਿ ਔਰਤ ਦਾ ਇਕੱਲਿਆਂ ਰਹਿਣਾ ਪਸੰਦ ਨਹੀਂ ਕੀਤਾ ਜਾਂਦਾ, ਦੂਜਾ ਇਸ ਲਈ ਵੀ ਕਿ ਮੈਨੂੰ ਇਕੱਲਤਾ ਤੋਂ ਵਹਿਸ਼ਤ ਵੀ ਹੁੰਦੀ ਸੀ, ਮੈਂ ਆਪਣੀ ਵੱਡੀ ਭੈਣ ਦੇ ਟੱਬਰ ਨਾਲ ਰਹਿੰਦੀ ਸਾਂ। ਉਨ੍ਹਾਂ ਦੇ ਸੱਤਾਂ ਅੱਠਾਂ ਬੱਚਿਆਂ ਵਿਚ ਮੇਰਾ ਵਕਤ ਗੁਜ਼ਰ ਰਿਹਾ ਸੀ। ਮੇਰਾ ਭਣਵਈਆ ਮੇਰੀ ਭੈਣ ਨਾਲੋਂ ਉਮਰ ਵਿਚ ਕਾਫੀ ਵੱਡਾ ਹੈ, ਇਸ ਲਈ ਮੇਰੇ ਅੱਬੂ ਵਾਂਗ ਸੀ। ਭੈਣ ਵੀ ਬੜੇ ਮਜ਼ੇ ਦੇ ਕਰੈਕਟਰ ਵਾਲੀ- ਘੜੀ ਵਿਚ ਪਿਆਰ ਦਾ ਦੇਵਤਾ, ਤੇ ਘੜੀ ਵਿਚ ਗੁੱਸੇ ਨਾਲ ਅੱਗ ਭਬੂਕਾ...।

ਜਦੋਂ ਮੈਂ ਸ਼ਾਦੀ ਦਾ ਫੈਸਲਾ ਕੀਤਾ ਤਾਂ ਮੇਰੇ ਗੁਮਾਨ ਵਿਚ ਵੀ ਨਹੀਂ ਸੀ ਕਿ ਇੰਨੀ ਜ਼ਿੰਦਗੀ ਗੁਜ਼ਾਰਨ ਤੋਂ ਬਾਅਦ ਮੇਰੇ ਵਰਗੀ ਮਸ਼ਹੂਰ ਸ਼ਾਇਰਾ ਤੇ ਅਦਬੀ ਸ਼ਖਸੀਅਤ ਨਾਲ ਵੀ ਘਰ ਦੇ ਲੋਕ ਅਤੇ ਖਾਨਦਾਨ ਵਾਲੇ ਬਿਲਕੁਲ ਉਸੇ ਤਰ੍ਹਾਂ ਵਰਤਾਉ ਕਰਨਗੇ ਜੋ ਉਹ ਕਿਸੇ ਸੋਲ੍ਹਾਂ ਵਰ੍ਹਿਆਂ ਦੀ ਕੁੜੀ ਨਾਲ ਕਰਦੇ ਜੀਹਦਾ ਪਹਿਲਾ ਪਹਿਲਾ ਇਸ਼ਕ ਘਰਦਿਆਂ ਸਾਹਮਣੇ ਖੁੱਲ੍ਹ ਗਿਆ ਹੋਵੇ!

ਮੈਂ ਅਤੇ ਜ਼ਫ਼ਰ ਆਪੋ-ਆਪਣੀ ਧੁਨ ਵਿਚ ਮਗਨ ਆਪਣੇ ਬੜੇ ਵੱਕਾਰ ਨਾਲ ਘਰ ਵਾਲਿਆਂ ਨੂੰ ਸ਼ਾਦੀ ਦੇ ਫੈਸਲੇ ਦੀ ਇਤਲਾਹ ਦੇਣ ਲਈ ਗਏ। ਜ਼ਾਹਿਰ ਹੈ ਕਿ ਭੈਣ ਮੇਰੀ ਬਹੁਤੀ ਨਜ਼ਦੀਕੀ ਸੀ, ਤੇ ਜਦੋਂ ਗੱਲ ਚੱਲ ਰਹੀ ਸੀ ਤਾਂ ਇਹ ਮੈਂ ਭੈਣ ਨੂੰ ਪਹਿਲਾਂ ਹੀ ਦੱਸ ਦਿੱਤੀ ਸੀ; ਪਰ ਅਸੀਂ ਦੋਵੇਂ ਘਰ ਦੇ ਮਰਦਾਂ ਨੂੰ ਬਕਾਇਦਾ ਇਤਲਾਹ ਦੇਣਾ ਚਾਹੁੰਦੇ ਸਾਂ। ਜਦੋਂ ਮੇਰੀ ਭੈਣ ਨੂੰ ਇਲਮ ਹੋਇਆ ਕਿ ਉਸ ਦਿਨ ਮੈਂ ਜ਼ਫਰ ਨੂੰ ਉਨ੍ਹਾਂ ਦੇ ਘਰ ਇਸ ਇਰਾਦੇ ਨਾਲ ਲੈ ਕੇ ਆਈ ਹਾਂ, ਉਨ੍ਹਾਂ ਦਾ ਮੂੰਹ ਚਿੱਟਾ ਫਟਕ ਹੋ ਗਿਆ। ਉਹਨੇ ਸਾਡੀ ਦੋਹਾਂ ਦੀ ਮਿੰਨਤ-ਸਮਾਜਤ ਕੀਤੀ ਕਿ ਅਸੀਂ ਦੋਵੇਂ ਭਣਵੱਈਏ ਦੇ ਸਾਹਮਣੇ ਬੇਸ਼ਰਮੀ ਦੀ ਇਹ ਗੱਲ ਖੁਦ ਨਾ ਕਰੀਏ। ਉਹ ਹੌਲੀ ਜਿਹੀ ਆਪੇ ਗੱਲ ਕਰੇਗੀ ਤੇ ਉਨ੍ਹਾਂ ਦੀ ਰਾਏ ਪੁੱਛੇਗੀ; ਤੇ ਫਿਰ ਜ਼ਫ਼ਰ ਦੇ ਬਦਲੇ ਉਨ੍ਹਾਂ ਦੇ ਵਾਲਦੈਨ ਨੂੰ ਮੇਰੇ ਘਰ ਵਾਲਿਆਂ ਦੇ ਕੋਲ ਸ਼ਾਦੀ ਦਾ ਪੈਗ਼ਾਮ ਲੈ ਕੇ ਆਉਣਾ ਪਵੇਗਾ।

ਇਹ ਗੱਲ ਅਸਾਂ ਦੋਹਾਂ ਲਈ ਬੜੀ ਹਸਾਉਣ ਵਾਲੀ ਸੀ। ਅਸੀਂ ਦੋਵੇਂ ਤਾਂ ਆਪਣੇ ਆਪ ਨੂੰ ਅਫ਼ਲਾਤੂਨ ਸਮਝਦੇ ਸਾਂ ਤੇ ਅਕਸਰ ਔਕਾਤ ਦਰ ਹਕੀਕਤ ਮੁਲਕੀ ਸੂਰਤ-ਏ-ਹਾਲ ਉਤੇ ਜ਼ੋਰਦਾਰ ਬਹਿਸਾਂ ਕਰਦੇ ਰਹਿੰਦੇ ਸਾਂ। ਸ਼ਾਦੀ ਸਾਡੇ ਦੋਹਾਂ ਲਈ ਉਮਰ ਦੇ ਉਸ ਮੁਕਾਮ 'ਤੇ ਮਹਿਜ਼ ਇਕ ਜ਼ਰੂਰੀ ਰਸਮ ਤੋਂ ਜ਼ਿਆਦਾ ਹੈਸੀਅਤ ਨਹੀਂ ਸੀ ਰੱਖਦੀ। ਫਿਰ ਜ਼ਫ਼ਰ ਸਿਆਸੀ ਕਾਰਕੁਨ ਸੀ ਅਤੇ ਵਰ੍ਹਿਆਂ ਤੋਂਅਟਾਪਣੇ ਘਰ ਤੋਂ ਦੂਰ ਸੀ। ਲੜਕਪਨ ਵਿਚ ਉਹਦੀ ਸ਼ਾਦੀ ਕਰ ਦਿੱਤੀ ਗਈ ਸੀ। ਤੀਹਾਂ ਵਰ੍ਹਿਆਂ ਦੀ ਉਮਰ ਤੱਕ ਪਹੁੰਚਦਿਆਂ ਪਹੁੰਚਦਿਆਂ ਉਹ ਪੰਜ ਬੱਚਿਆਂ ਦਾ ਬਾਪ ਵੀ ਬਣ ਚੁੱਕਾ ਸੀ, ਪਰ ਉਹ ਮੇਰੇ ਨਾਲ ਸ਼ਾਦੀ ਕਰ ਹੀ ਇਸ ਲਈ ਰਿਹਾ ਸੀ ਕਿ ਸਾਡੇ ਸਮਾਜ ਵਿਚ ਔਰਤ ਮਰਦ ਨੂੰ ਇਕੱਠਿਆਂ ਰਹਿਣ ਲਈ ਰਿਵਾਜ਼ਾਂ ਦਾ ਲਿਹਾਜ਼ ਕਰਨਾ ਪੈਂਦਾ ਹੈ। ਉਹ ਖੁਦ ਬੜਾ ਹਿੰਮਤ ਵਾਲਾ ਬਾਗੀ ਹੈ, ਤਦ ਵੀ ਉਹਦੇ ਰਿਸ਼ਤੇਦਾਰਾਂ ਤੇ ਖਸੂਸਨ ਔਰਤ ਦੇ ਬੱਚਿਆਂ ਨੂੰ ਸਮਾਜ ਵਿਚ ਖਾਹ-ਮਖਾਹ ਬਹੁਤ ਬੇਇਜ਼ਤੀ ਤੇ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਵਰਨਾ ਕੀ ਸ਼ਾਦੀ ਤੇ ਕੀ ਵਿਆਹ...! ਇਹ ਲਫ਼ਜ਼ ਹੀ ਸਾਡੇ ਦੋਹਾਂ ਲਈ ਦੁੱਖਾਂ ਪਰੇਸ਼ਾਨੀਆਂ ਤੇ ਅੱਥਰੂਆਂ ਦੀ ਅਲਾਮਤ ਬਣ ਕੇ ਰਹਿ ਗਿਆ ਸੀ।

ਧੀ ਦੀ ਮਾਂ ਬਣਨ ਤੋਂ ਬਾਅਦ ਬਾਕਾਇਦਾ ਧੂਮ-ਧਾਮ ਦੀ ਸ਼ਾਦੀ ਦਾ ਖਿਆਲ ਹੀ ਮੇਰੇ ਲਈ ਬਹੁਤ ਨਾਗਵਾਰ ਸੀ। ਅਸਾਂ ਤਾਂ ਬੱਸ ਜ਼ਰੂਰੀ ਕਾਗਜ਼ ਉਤੇ ਦਸਤਖਤ ਕਰਨੇ ਸਨ। ਘਰ ਵਾਲਿਆਂ ਦਾ ਰਵੱਈਆ ਵੇਖ ਕੇ ਅਸੀਂ ਹੈਰਾਨ ਪ੍ਰੇਸ਼ਾਨ ਰਹਿ ਗਏ ਅਤੇ ਬਾਅਦ ਦੇ ਵਾਕਿਆਤ ਨਾਲ ਮੇਰੇ ਦਿਮਾਗ ਤੋਂ ਅਦਬੀ ਸ਼ਖਸੀਅਤ ਹੋਣ ਦੀ ਸਾਰੀ ਹਵਾ ਹੀ ਨਿਕਲ ਗਈ...।

ਅਚਾਨਕ ਮੈਂ ਇਸ ਹਕੀਕਤ ਦੇ ਸਾਹਮਣੇ ਖੜ੍ਹੀ ਸਾਂ ਕਿ ਬਾਹਰ ਦੀ ਦੁਨੀਆਂ ਵਿਚ ਮੇਰੀ ਕਿੰਨੀ ਵੱਡੀ ਸ਼ਖਸੀਅਤ ਹੋਵੇ, ਪਰ ਘਰ ਦੇ ਅੰਦਰ ਮੈਂ ਮਹਿਜ਼ ਔਰਤ ਸਾਂ ਜੋ ਮਰਦਾਂ ਦੇ ਇਸ ਸਮਾਜ ਵਿਚ ਸਾਰੀ ਉਮਰ ਹੀ ਨਾਬਾਲਿਗ ਤੇ ਬੇਅਕਲ ਸਮਝੀ ਜਾਂਦੀ ਹੈ। ਨਤੀਜਾ ਉਹੀ ਹੋਇਆ ਜੀਹਦੀ ਮੈਨੂੰ ਕੋਈ ਉਮੀਦ ਨਹੀਂ ਸੀ; ਮਤਲਬ ਮੇਰੇ ਸਭ ਰਿਸ਼ਤੇਦਾਰਾਂ ਨੇ ਇਸ ਰਿਸ਼ਤੇ ਦੀ ਮੁਖਾਲਫ਼ਤ ਕੀਤੀ। ਮੇਰੇ ਭਣਵੱਈਏ ਨੇ ਮੈਨੂੰ ਘਰੋਂ ਕੱਢ ਦਿੱਤਾ। ਮੈਂ ਆਪਣੀ ਛੋਟੀ ਭੈਣ ਦੇ ਘਰ ਗਈ, ਉਹਦਾ ਖਾਵੰਦ ਉਮਰ ਵਿਚ ਮੇਰੇ ਜਿੱਡਾ ਹੀ ਹੈ, ਪਰ ਉਹ ਕਿਉਂਕਿ ਮਰਦ ਸੀ, ਇਸ ਲਈ ਉਹਨੂੰ ਯਕੀਨ ਸੀ ਕਿ ਉਹ ਮੇਰੇ ਨਾਲੋਂ ਵੱਧ ਅਕਲਮੰਦ ਤੇ ਜ਼ਿੰਮੇਵਾਰ ਇਨਸਾਨ ਹੈ; ਹਾਲਾਂਕਿ ਮੈਂ ਉਹਦੇ ਨਾਲੋਂ ਕਿਤੇ ਜ਼ਿਆਦਾ ਪੜ੍ਹੀ-ਲਿਖੀ ਸਾਂ, ਤੇ ਮੈਂ ਦੁਨੀਆਂ ਵੇਖੀ ਹੋਈ ਸੀ। ਸਮਾਜ ਦਾ ਮੇਰਾ ਤਜਰਬਾ ਉਹਦੇ ਮੁਕਾਬਲੇ ਕਿਤੇ ਜ਼ਿਆਦਾ ਵਸੀਹ ਸੀ, ਤੇ ਬਗਾਵਤ ਕਰ ਕੇ ਗਹਿਰਾ ਵੀ, ਪਰ ਉਹਨੇ ਵੀ ਮੈਨੂੰ ਨਾਬਾਲਿਗ ਬੱਚੀ ਸਮਝ ਕੇ ਬੜੇ ਠੰਢੇ ਤਰੀਕੇ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ, ਤੇ ਕਿਹਾ ਕਿ ਮੈਂ ਇਸ ਸ਼ਾਦੀ ਦੀ ਇਜਾਜ਼ਤ ਦੇ ਦਿਆਂਗਾ, ਪਰ



ਪਹਿਲਾਂ ਮੈਂ ਲੜਕੇ ਬਾਰੇ ਛਾਣ-ਬੀਣ ਕਰ ਲਵਾਂ।

ਮੈਂ ਉਹਨੂੰ ਕਿਹਾ- ਨੰਬਰ ਇਕ, ਮੈਂ ਉਹਦੇ ਕੋਲੋਂ ਇਜਾਜ਼ਤ ਲੈਣ ਨਹੀਂ ਆਈ, ਬਲਕਿ ਉਹਨੂੰ ਆਪਣਾ ਫੈਸਲਾ ਦੱਸਣ ਆਈ ਹਾਂ ਜੋ ਪੂਰੀ ਜ਼ਿੰਮੇਵਾਰੀ ਨਾਲ ਲਿਆ ਹੈ; ਤੇ ਦੂਸਰੀ ਗੱਲ, ਛਾਣ-ਬੀਣ ਦੋ ਚੀਜ਼ਾਂ ਦੀ ਹੀ ਹੁੰਦੀ ਹੈ- ਇਕ ਇਹ ਕਿ ਦੁਲਹੇ ਦੀ ਜ਼ਿੰਦਗੀ ਵਿਚ ਕੋਈ ਹੋਰ ਔਰਤ ਤਾਂ ਨਹੀਂ? ਤੇ ਦੂਜੀ ਇਹ ਕਿ ਉਹਦੀ ਤਨਖਾਹ ਕਿੰਨੀ ਹੈ?... ਲਿਹਾਜ਼ਾ ਦੋਹਾਂ ਗੱਲਾਂ ਦਾ ਜਵਾਬ ਇਹ ਹੈ ਕਿ ਉਹ ਸ਼ਾਦੀਸ਼ੁਦਾ ਹੈ ਅਤੇ ਪੰਜਾਂ ਬੱਚਿਆਂ ਦਾ ਬਾਪ ਹੈ, ਤੇ ਉਹਦੇ ਕੋਲ ਨੌਕਰੀ ਕੋਈ ਨਹੀਂ ਜੋ ਤਨਖਾਹ ਦਾ ਸਵਾਲ ਪੈਦਾ ਹੋਵੇ। ਹੁਣ ਇਸ ਤੋਂ ਵੱਧ ਛਾਣ-ਬੀਣ ਦਾ ਕੀ ਮੌਕਾ ਰਹਿ ਜਾਂਦਾ ਹੈ...! ਇਸ ਗੱਲ 'ਤੇ ਉਹ ਇਸ ਕਦਰ ਨਾਰਾਜ਼ ਹੋਇਆ ਕਿ ਉਹ ਅੱਜ ਤੱਕ ਸਾਡੇ ਨਾਲ ਗੱਲ ਨਹੀਂ ਕਰਦਾ; ਕਿਉਂਕਿ ਉਹ ਉਦੋਂ ਲਾਜਵਾਬ ਹੋ ਗਿਆ ਸੀ।

ਘਰ ਵਾਲਿਆਂ ਦੀ ਮੁਕੰਮਲ ਮੁਖਾਲਫ਼ਤ ਦੇ ਖਿਲਾਫ਼ ਮੈਂ ਤੇ ਜ਼ਫਰ ਤਕੜੀ ਤਰ੍ਹਾਂ ਲੜੇ, ਤੇ ਮੈਂ ਆਪਣੀ ਮਾਂ ਨੂੰ ਦੱਸਿਆ ਕਿ ਜੇ ਉਹ ਰਾਜ਼ੀ ਨਾ ਹੋਈ ਤਾਂ ਅਸੀਂ ਕਚਿਹਰੀ ਵਿਚ ਸ਼ਾਦੀ ਕਰ ਲਵਾਂਗੇ। ਮਜਬੂਰ ਹੋ ਕੇ ਉਨ੍ਹਾਂ ਹਥਿਆਰ ਸੁੱਟ ਦਿੱਤੇ, ਤੇ ਮੇਰਾ ਇਕ ਚਾਚਾ ਰਾਜ਼ੀ ਹੋ ਗਿਆ ਕਿ ਨਿਕਾਹ ਦੀ ਰਸਮ ਉਹਦੇ ਘਰ ਹੋ ਜਾਏ। ਮੈਂ ਆਪਣੀ ਤਨਖਾਹ ਪੇਸ਼ਗੀ ਲਈ ਅਤੇ ਦਿਨ ਰਾਤ ਇਕ ਕਰ ਕੇ ਛੋਟਾ ਜਿਹਾ ਕਮਰਾ ਕਿਰਾਏ 'ਤੇ ਲੈ ਲਿਆ ਜੀਹਦੇ ਵਿਚ ਕੋਈ ਸਾਮਾਨ ਨਹੀਂ ਸੀ। ਇਕ ਕਾਊਚ ਜੋ ਮੈਂ ਕਦੇ ਖਰੀਦਿਆ ਸੀ ਅਤੇ ਆਪਣੀ ਇਕ ਪੁਰਾਣੀ ਲਿਖਣ ਵਾਲੀ ਮੇਜ਼ ਉਹਦੇ ਵਿਚ ਰੱਖ ਦਿੱਤੀ। ਜਿਸ ਦਿਨ ਮੇਰੀ ਸ਼ਾਦੀ ਹੋਣੀ ਸੀ, ਉਹ ਦਿਨ ਮੈਂ ਉਸ ਕਮਰੇ ਵਿਚ ਗਈ ਅਤੇ ਝਾੜੂ, ਪਾਣੀ ਦੀ ਸੁਰਾਹੀ ਤੇ ਗਲਾਸ ਖਰੀਦ ਕੇ ਉਥੇ ਰੱਖ ਆਈ। ਵਾਪਸੀ 'ਤੇ ਬਚੇ ਹੋਏ ਪੈਸਿਆਂ ਦੀਆਂ ਢੇਰ ਸਾਰੀਆਂ ਲਾਲ ਚੂੜੀਆਂ ਖਰੀਦ ਕੇ ਪਹਿਨ ਲਈਆਂ।

ਮੇਰੀ ਭੈਣ ਨੇ ਮੇਰੇ ਲਈ ਲਾਲ ਕੰਨੀ ਵਾਲੀ ਸਾੜ੍ਹੀ ਖਰੀਦੀ ਹੋਈ ਸੀ, ਉਹ ਮੈਂ ਪਾ ਲਈ ਅਤੇ ਗਲ ਦੇ ਕੱਪੜੇ ਲਾਹ ਕੇ ਟੋਕਰੀ ਵਿਚ ਰੱਖੇ, ਤੇ ਉਹ ਟੋਕਰੀ ਲੈ ਕੇ ਭੈਣ ਦੇ ਘਰੋਂ ਚਾਚੇ ਦੇ ਘਰ ਚਲੀ ਗਈ ਜਿਥੇ ਸ਼ਾਮ ਨੂੰ ਜ਼ਫਰ ਨੇ ਕਾਜ਼ੀ ਤੇ ਦੋ ਗਵਾਹਾਂ ਨੂੰ ਲੈ ਕੇ ਆਉਣਾ ਸੀ।

ਇਸ ਸ਼ਾਦੀ ਵਿਚ ਮੇਰੀਆਂ ਦੋਹਾਂ ਭੈਣਾਂ ਨੂੰ ਮੇਰੇ ਭਣਵੱਈਆਂ ਨੇ ਸ਼ਰੀਕ ਹੋਣ ਦੀ ਇਜਾਜ਼ਤ ਨਹੀਂ ਦਿੱਤੀ। ਘਰ ਵਿਚ ਕੋਈ ਔਰਤ ਨਹੀਂ ਸੀ। ਸਿਰਫ਼ ਮੇਰੀ ਮਾਂ ਤਮਾਮ ਗੁੱਸੇ ਦੇ ਬਾਵਜੂਦ ਆ ਗਈ ਸੀ, ਤੇ ਗਜ਼ਬਨਾਕ ਗੁੱਸੇ ਦੀ ਮੂਰਤ ਬਣੀ ਤਖਤਪੋਸ਼ ਉਤੇ ਚੁੱਪ-ਚਾਪ ਬੈਠੀ ਰਹੀ।

ਉਸ ਵੇਲੇ ਮੈਨੂੰ ਇੰਜ ਲੱਗ ਰਿਹਾ ਸੀ, ਜਿਵੇਂ ਸਾਰੀ ਜ਼ਿੰਦਗੀ ਦੀ ਤਾਰੀਖ ਆਪਣੇ ਆਪ ਨੂੰ ਦੁਹਰਾਏਗੀ, ਸਭ ਕੁਝ ਹੁੰਦਿਆਂ ਹੁੰਦਿਆਂ ਰਹਿ ਜਾਏਗਾ, ਤੇ ਜ਼ਫਰ ਉਥੇ ਨਹੀਂ ਪਹੁੰਚ ਸਕੇਗਾ, ਪਰ ਸਾਰੀ ਜ਼ਿੰਦਗੀ ਦੀ ਤਾਰੀਖ ਨੂੰ ਗ਼ਲਤ ਸਾਬਤ ਕਰਦਿਆਂ ਜ਼ਫ਼ਰ ਪਹੁੰਚ ਗਿਆ। ਫਿਰ ਮੇਰੇ ਚਾਚੇ ਨੇ ਉਹਨੂੰ ਅਤੇ ਉਹਦੇ ਦੋਸਤਾਂ ਨੂੰ ਚਾਹ ਪਿਆਈ ਤੇ ਰਸਮ ਨੂੰ ਮੁਨਾਸਬ ਰੰਗ ਦੇਣ ਲਈ ਥੋੜ੍ਹੀ ਜਹੀ ਮਠਿਆਈ ਵੀ ਸਾਹਮਣੇ ਰੱਖੀ।

ਮੈਂ ਦੂਜੇ ਕਮਰੇ ਵਿਚ ਸਾਂ, ਤੇ ਬਾਰੀ ਵਿਚੋਂ ਸਭ ਕੁਝ ਵੇਖ ਰਹੀ ਸਾਂ। ਕਾਗਜ਼ ਉਤੇ ਦਸਤਖਤ ਤੋਂ ਬਾਅਦ ਮੇਰੇ ਕੋਲੋਂ ਰਿਹਾ ਨਾ ਗਿਆ, ਤੇ ਉਮਰ ਭਰ ਦੀ ਬੇਯਕੀਨੀ ਨੂੰ ਕੁਚਲ ਦੇਣ ਲਈ ਮੈਂ ਵੀ ਉਠ ਕੇ ਉਸ ਕਮਰੇ ਵਿਚ ਆ ਗਈ, ਜਿਥੇ ਮੇਰੀ ਮਾਂ, ਚਾਚਾ, ਭਣਵੱਈਆ ਤੇ ਜ਼ਫ਼ਰ ਬੈਠੇ ਹੋਏ ਸਨ। ਮੈਂ ਆ ਕੇ ਬੈਠੀ ਹੀ ਸਾਂ ਕਿ ਆਦਤ ਦੇ ਮੁਤਾਬਕ ਜ਼ਫਰ ਨੇ ਆਪਣੇ ਲਈ ਸਿਗਰਟ ਸੁਲਗਾਇਆ, ਤੇ ਇਕ ਮੈਨੂੰ ਵੀ ਦਿੱਤਾ।

ਅਜੇ ਮੈਂ ਸਿਗਰਟ ਹੱਥ ਵਿਚ ਫੜਿਆ ਹੀ ਸੀ, ਮੇਰੀ ਮਾਂ ਦੇ ਗੁੱਸੇ ਦਾ ਜਵਾਲਮੁਖੀ ਫਟ ਪਿਆ, ਤੇ ਉਨ੍ਹਾਂ ਕਿਹਾ- "ਤੁਸੀਂ ਦੋਵੇਂ ਬੇਸ਼ਰਮ ਹੋ, ਕੁਝ ਤਾਂ ਲਿਹਾਜ਼ ਕੀਤਾ ਹੁੰਦਾ...।"

ਮੈਂ ਸੱਚਮੁੱਚ ਹੈਰਾਨ ਰਹਿ ਗਈ, ਤੇ ਅੱਜ ਤੱਕ ਨਹੀਂ ਸਮਝ ਸਕੀ ਕਿ ਉਸ ਖਾਸ ਵਕਤ ਸਿਗਰਟ ਪੀਣ ਦਾ, ਅਜਿਹਾ ਕੀ ਬੇਸ਼ਰਮੀ ਦਾ ਮਤਲਬ ਨਿਕਲਦਾ ਸੀ ਜਿਸ ਨੇ ਮੇਰੀ ਮਾਂ ਦੇ ਇਖਲਾਕ ਨੂੰ ਇੰਨਾ ਜ਼ਖ਼ਮੀ ਕਰ ਦਿੱਤਾ...! ਪਤਾ ਨਹੀਂ ਉਨ੍ਹਾਂ ਦਾ ਤਸੱਵਰ ਕਿਥੇ ਦਾ ਕਿਥੇ ਜਾ ਪਹੁੰਚਿਆ ਹੋਵੇਗਾ।

ਉਸ ਤੋਂ ਬਾਅਦ ਅਸੀਂ ਦੋਵੇਂ ਜਾਣ ਲਈ ਉਠੇ, ਮੈਂ ਉਤਾਰੇ ਹੋਏ ਕੱਪੜਿਆਂ ਦੀ ਟੋਕਰੀ ਚੁੱਕੀ ਅਤੇ ਅਸੀਂ ਦੋਵੇਂ ਸਕੂਟਰ ਕਰ ਕੇ ਆਪਣੇ ਨਵੇਂ ਘਰ ਆ ਗਏ। ਕਮਰੇ ਵਿਚ ਧੂੜ ਹੀ ਧੂੜ ਜੰਮੀ ਹੋਈ ਸੀ, ਸਾਫ਼ ਕਰਨ ਦਾ ਵਕਤ ਨਹੀਂ ਸੀ ਮਿਲਿਆ। ਸੋ, ਪਹਿਲਾਂ ਕੰਮ ਇਹ ਕੀਤਾ ਕਿ ਕਮਰੇ ਵਿਚ ਝਾੜੂ ਦਿੱਤਾ... ਤੇ ਫਿਰ ਖਾਲੀ ਕਮਰੇ ਵਿਚ ਕਾਊਚ 'ਤੇ ਬਹਿ ਕੇ ਬਹੁਤ ਦੇਰ ਤੱਕ ਬੇਯਕੀਨੀ ਨਾਲ ਇਕ ਦੂਜੇ ਨੂੰ ਵੇਖਦੇ ਰਹੇ!

# ਹੀਰ ਅਤੇ ਇਸ ਦਾ ਵਾਰਸ

ਇਕਬਾਲ ਸਲਾਹੁਦੀਨ
ਲਿਪੀ ਅੰਤਰ: ਅਜਮੇਰ ਕਵੈਂਟਰੀ

ਜਿਹੜੀ ਇਜ਼ਤ, ਸ਼ੁਹਰਤ ਤੇ ਅਜ਼ਮਤ (ਵਡਿਆਈ) ਸੱਯਦ ਵਾਰਸ ਸ਼ਾਹ ਦੀ ਕਿਤਾਬ 'ਹੀਰ' ਨੂੰ ਮਿਲੀ ਏ, ਪੰਜਾਬੀ ਅਦਬ (ਸਾਹਿਤ) ਵਿਚ ਕਿਸੇ ਹੋਰ ਕਿਤਾਬ ਨੂੰ ਨਸੀਬ ਨਹੀਂ ਹੋਈ। ਵਾਰਸ ਸ਼ਾਹ ਨੇ 'ਹੀਰ' ਨੂੰ ਐਸੇ ਖੂਬਸੂਰਤ ਅੰਦਾਜ਼ ਨਾਲ ਪੇਸ਼ ਕੀਤਾ ਕਿ ਇਹ ਪੰਜਾਬੀਆਂ ਦੇ ਦਿਲ ਵਿਚ ਘਰ ਕਰ ਗਈ। ਇਹ ਕਿਤਾਬ ਕੋਈ ਇਸ਼ਕੀਆ ਦਾਸਤਾਨ ਈ ਨਹੀਂ, ਆਪਣੇ ਦੌਰ ਦੀ ਸਿਆਸੀ, ਸਮਾਜੀ ਤੇ ਮੁਆਸ਼ਰਤੀ (ਸਮਾਜੀ) ਮੰਜ਼ਰਨਗਾਰੀ (ਦ੍ਰਿਸ਼ ਚਿਤਰਨ) ਅਤੇ ਤਾਰੀਖ (ਇਤਿਹਾਸ) ਵੀ ਏ। ਕਿਤਾਬ ਵਿਚ ਪੰਜਾਬ ਦੀ ਤਹਿਜ਼ੀਬ ਜਿਊਂਦੀ ਜਾਗਦੀ ਨਜ਼ਰ ਆਉਂਦੀ ਏ। ਇਸ ਹਵਾਲੇ ਨਾਲ ਅਸੀਂ ਹੀਰ ਵਾਰਸ ਸ਼ਾਹ ਨੂੰ 'ਆਈਨਾ-ਏ--ਪੰਜਾਬ' (ਪੰਜਾਬ ਦਾ ਸ਼ੀਸ਼ਾ ਜਾਂ ਅਕਸ) ਵੀ ਕਹਿ ਸਕਨੇ ਆਂ। 'ਹੀਰ' ਤਮਸੀਲ ਨਿਗਾਰੀ (ਅਲੰਕਾਰਕ ਚਿਤਰਨ) ਦਾ ਬੜਾ ਖੂਬਸੂਰਤ ਨਮੂਨਾ ਏ। ਆਲਮੀ ਅਦਬ ਵਿਚ ਇਸ ਕਿਤਾਬ ਦਾ ਮੁਕਾਮ ਬੜਾ ਉਚਾ ਏ।

ਸਾਦਗੀ, ਹਕੀਕਤ ਬਿਆਨੀ ਤੇ ਜੋਸ਼ ਉਹ ਖੂਬੀਆਂ ਨੇ ਜਿਹੜੀਆਂ ਕਿਸੇ ਸ਼ਾਇਰ ਨੂੰ ਅਜ਼ੀਮ ਸ਼ਾਇਰ ਬਣਾ ਦਿੰਦੀਆਂ ਨੇ। ਇਨ੍ਹਾਂ ਖੂਬੀਆਂ ਦਾ ਈ ਕਮਾਲ ਏ ਕਿ ਅੱਜ ਪੰਜਾਬ ਦਾ ਬੱਚਾ ਬੱਚਾ ਵਾਰਸ ਅਤੇ ਉਹ ਦੀ ਤਖਲੀਕ (ਸਿਰਜਣਾ) 'ਹੀਰ' ਦਾ ਜਾਣੂ ਏ। ਵਾਰਸ ਨੂੰ ਅਦਬ ਵਿਚ ਜੋ ਮੁਕਾਮ ਹਾਸਲ ਹੋਇਆ, ਉਸ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਏ ਕਿ ਵਾਰਸ ਤੋਂ ਬਾਅਦ ਵਾਲੇ ਦੌਰ ਦੇ ਪੰਜਾਬੀ ਅਦੀਬਾਂ ਤੇ ਸ਼ਾਇਰਾਂ ਨੇ ਵਾਰਸ ਨੂੰ ਅਕੀਦਤ ਦਾ ਖਰਾਜ (ਸ਼ਰਧਾ ਦੇ ਫੁੱਲ) ਪੇਸ਼ ਕੀਤਾ ਏ ਅਤੇ ਰਹਿੰਦੀ ਦੁਨੀਆਂ ਤੀਕ ਇਹ ਸਿਲਸਿਲਾ ਜਾਰੀ ਰਹੇਗਾ। ਸਾਡੇ ਆਲੋਚਕਾਂ ਤੇ ਖੋਜੀਆਂ ਸਭ ਤੋਂ ਜ਼ਿਆਦਾ ਵਾਰਸ ਸ਼ਾਹ 'ਤੇ ਲਿਖਿਆ ਹੈ ਅਤੇ ਅਜੇ ਗੱਲ ਮੁੱਕੀ ਨਹੀਂ ਹੈ। ਇਨ੍ਹਾਂ ਕਈ ਸੌ ਲੇਖਾਂ ਦੇ ਬਾਵਜੂਦ ਵਾਰਸ ਦੇ ਕਲਾਮ ਅਤੇ ਹਿਆਤੀ ਦੇ ਬਹੁਤ ਸਾਰੇ ਪਹਿਲੂ ਅਜਿਹੇ ਨੇ ਜਿਨ੍ਹਾਂ ਉਤੇ ਲਿਖਣ ਅਤੇ ਖੋਜ ਦੀ ਗੁੰਜਾਇਸ਼ ਅਤੇ ਜ਼ਰੂਰਤ ਅੱਜ ਵੀ ਮੌਜੂਦ ਏ। ਇਹ ਸਭ ਕੁਝ ਪੰਜਾਬੀ ਅਦਬ ਵਿਚ ਸਿਰਫ਼ ਵਾਰਸ ਸ਼ਾਹ ਦੇ ਈ ਫਨ ਤੇ ਫਕਰ (ਕਲਾ ਤੇ ਸੋਚ) ਦਾ ਕਮਾਲ ਏ।

ਵਾਰਸ ਸ਼ਾਹ ਦੇ ਹਾਲਾਤ-ਏ-ਜ਼ਿੰਦਗੀ ਅਜੇ ਸਾਡੇ ਖੋਜਕਾਰਾਂ ਦੀ ਨਜ਼ਰ ਤੋਂ ਉਹਲੇ ਨੇ। ਉਨ੍ਹਾਂ ਦੇ ਕਲਾਮ ਤੋਂ ਇਸ਼ਾਰੇ ਲੈ ਕੇ ਅਤੇ ਕੁਝ ਤਾਰੀਖੀ ਕੜੀਆਂ ਮਿਲਾ ਕੇ ਬਾਅਜ਼ ਦਾਨਸ਼ਵਰਾਂ (ਸੂਝਵਾਨਾਂ) ਨੇ ਵਾਰਸ ਸਾਹ ਦੀ ਜ਼ਿੰਦਗੀ ਦੇ ਹਾਲਾਤ ਘੋਖਣ ਦੀ ਕੋਸ਼ਿਸ਼ ਕੀਤੀ ਏ। ਇਹ ਕੋਸ਼ਿਸ਼ ਕਦਰ ਦੇ ਕਾਬਲ ਤਾਂ ਹੈ, ਪਰ ਇਹਨੂੰ ਅਸੀਂ ਇਤਬਾਰਯੋਗ ਨਹੀਂ ਆਖ ਸਕਦੇ, ਕਿਉਂਕਿ ਕੁਤਬ ਦਿਆਂ ਬੇਟਿਆਂ ਵਰਗੇ ਅਲਫਾਜ਼ ਸ਼ਾਇਰ ਅਕਸਰ ਮੁਹਾਵਰੇ ਦੇ ਤੌਰ 'ਤੇ ਗੱਲ ਉਤੇ ਜ਼ੋਰ ਦੇਣ ਲਈ ਵੀ ਇਸਤੇਮਾਲ ਕਰਦੇ ਨੇ। ਪੰਜਾਬੀ ਅਦਬ ਦੇ ਖੋਜੀਆਂ ਨੇ ਹੁਣ ਤੀਕ ਜੋ ਖੋਜ ਕੀਤੀ ਏ, ਉਸ ਮੁਤਾਬਕ ਵਾਰਸ ਸ਼ਾਹ ਦੇ ਵਾਲਦ ਦਾ ਨਾਂ ਕੁਤਬ ਸ਼ਾਹ ਸੀ, ਉਹ ਜੰਡਿਆਲਾ ਸ਼ੇਰ ਖਾਂ ਜ਼ਿਲ੍ਹਾ ਸ਼ੇਖੂਪੁਰਾ ਵਿਚ ਪੈਦਾ ਹੋਏ। ਕਸੂਰ ਵਿਚ ਮੌਲਵੀ ਗੁਲਾਮ ਮੁਹੱਈਉਦੀਨ ਜਾਂ ਮੌਲਵੀ ਗੁਲਾਮ ਮੁਰਤਜ਼ਾ ਕੋਲੋਂ ਜ਼ਾਹਰੀ ਅਲੂਮ (ਇਲਮ ਦਾ ਬਹੁ ਵਚਨ) ਸਿੱਖੇ। ਬਾਬਾ ਫਰੀਦ-ਉਦ-ਦੀਨ ਮਸਊਦ ਦੀ ਦਰਗਾਹ ਤੋਂ ਰੂਹਾਨੀ ਫੈਜ਼ (ਲਾਭ) ਪਾਇਆ।



*ਪਾਕਿਸਤਾਨੀ ਚਿੱਤਰਕਾਰ ਅਬਦੁਰ ਰਹਿਮਾਨ ਚੁਗਤਾਈ ਵੱਲੋਂ ਬਣਾਇਆ ਹੀਰ ਰਾਂਝੇ ਦਾ ਚਿੱਤਰ।*

ਵਾਰਸ ਸ਼ਾਹ ਨੇ ਉਮਰ ਦਾ ਇਕ ਹਿੱਸਾ ਮਲਕਾ ਹਾਂਸ ਵਿਚ ਗੁਜ਼ਾਰਿਆ ਤੇ ਇਥੋਂ ਦੀ ਇਕ ਮਸੀਤ ਦੇ ਹੁਜਰੇ (ਕੋਠੜੇ) ਵਿਚ ਬੈਠ ਕੇ 'ਹੀਰ' ਵਰਗੀ ਸ਼ਾਹਕਾਰ ਕਿਤਾਬ ਜੋੜੀ। ਉਨ੍ਹਾਂ ਦੀ ਕਿਤਾਬ 'ਹੀਰ 1180 ਹਿਜਰੀ ਦੀ ਏ। ਵਾਰਸ ਸ਼ਾਹ ਮਲਕਾ ਹਾਂਸ ਤੋਂ ਵਾਪਸ ਜੰਡਿਆਲੇ ਚਲੇ ਗਏ ਤੇ ਰਾਹ ਵਿਚ ਕਸੂਰ ਠਹਿਰ ਕੇ ਆਪਣੇ ਉਸਤਾਦ ਨੂੰ ਮਿਲੇ। ਇਸ ਗੱਲ ਦਾ ਪਤਾ ਵੀ ਮਿਲਿਆ ਏ ਕਿ ਆਪ ਹਜ਼ਰਤ ਬੁਲ੍ਹੇ ਸ਼ਾਹ ਹੋਰਾਂ ਦੇ ਹਮਅਸਰ (ਸਮਕਾਲੀ) ਹਮਸਬਕ (ਹਮਜਮਾਤੀ) ਅਤੇ ਉਸਤਾਦ ਭਰਾ ਸਨ। ਖੋਜੀਆਂ ਦੇ ਅੰਦਾਜ਼ੇ ਮੁਤਾਬਕ ਵਾਰਸ ਸ਼ਾਹ ਨੇ 1722 ਈਸਵੀ ਨੂੰ ਵਫਦ ਪਾਈ। ਆਪ ਜੰਡਿਆਲਾ ਸ਼ੇਰ ਖਾਂ ਵਿਚ ਦਫ਼ਨ ਹੋਏ।

ਵਾਰਸ ਸ਼ਾਹ ਪੰਜਾਬੀ ਦੇ ਅਜ਼ੀਮ ਅਤੇ ਮਹਾਨਤਮ ਸ਼ਾਇਰ ਨੇ। ਉਹ ਕਲਾਮ ਦੇ ਬਾਦਸ਼ਾਹ ਨੇ ਅਤੇ ਉਨ੍ਹਾਂ ਦੀ ਹਕੂਮਤ ਪੰਜਾਬੀ ਸ਼ਾਇਰੀ ਉਤੇ ਹਮੇਸ਼ਾ ਰਹੇਗੀ।

ਮੀਆਂ ਮੁਹੰਮਦ ਬਖਸ਼ ਆਖਦੇ ਨੇ:

ਵਾਰਸ ਸ਼ਾਹ ਸੁਖਨ ਦਾ ਵਾਰਸ
ਨਿੰਦੇ ਕੌਣ ਉਨ੍ਹਾਂ ਨੂੰ।
ਹਰਫ਼ ਉਹਦੇ 'ਤੇ ਉਂਗਲ ਧਰਨੀ
ਨਾਹੀਂ ਕਦਰ ਅਸਾਂ ਨੂੰ।

ਵਾਰਸ ਸ਼ਾਹ ਤੇ ਉਨ੍ਹਾਂ ਦੀ ਹੀਰ

ਵਾਰਸ ਨੇ 'ਹੀਰ' ਨੂੰ ਆਪਣੇ ਸ਼ਾਇਰਾਨਾ ਕਮਾਲ ਨਾਲ ਹਮੇਸ਼ਾ ਲਈ ਅਮਰ ਬਣਾ ਦਿੱਤਾ ਏ। ਜ਼ਬਾਨ ਤੇ ਬਿਆਨ ਦੇ ਜ਼ਾਇਕੇ ਦੇ ਹਵਾਲੇ ਨਾਲ ਹੀਰ ਵਾਰਸ ਸ਼ਾਹ ਉਹ ਉਚੀ ਸੁੱਚੀ ਕਿਤਾਬ ਏ ਜਿਹਦੇ ਵਿਚ ਪੰਜਾਬੀ ਜ਼ਬਾਨ, ਲਹਿਜ਼ੇ ਦੀ ਕੋਮਲਤਾ, ਸ਼ਾਇਰੀ ਦੀ ਚਮਕ-ਦਮਕ ਸਿਖਰ 'ਤੇ ਨਜ਼ਰ ਆਉਂਦੀ ਏ। ਹੀਰ ਪੰਜਾਬੀ ਜ਼ਬਾਨ ਦੀ ਉਹ ਪੁਰਾਣੀ ਦੌਲਤ ਏ ਜਿਹਨੂੰ ਪੰਜਾਬੀ ਜ਼ਬਾਨ ਦਾ ਤਾਜ ਮਹੱਲ ਆਖਿਆ ਜਾਵੇ ਤਾਂ ਮੁਨਾਸਬ ਏ। ਇਸ ਕਿਤਾਬ ਨੇ ਪੰਜਾਬੀ ਦੇ ਬੇਸ਼ੁਮਾਰ ਠੇਠ ਲਫ਼ਜ਼, ਤਰਕੀਬਾਂ, ਮੁਹਾਵਰੇ ਤੇ ਕਹਾਵਤਾਂ ਨੂੰ ਹਮੇਸ਼ਾ ਲਈ ਮਹਿਫ਼ੂਜ਼ ਕਰ ਦਿੱਤਾ ਏ ਅਤੇ ਜਦੋਂ ਤੱਕ ਪੰਜਾਬੀ ਜ਼ਬਾਨ ਜ਼ਿੰਦਾ ਏ, ਪੰਜਾਬੀ ਪੜ੍ਹਨ ਵਾਲੇ ਹੀਰ ਵਾਰਸ ਸ਼ਾਹ ਤੋਂ ਮਹਿਜ਼ੂਜ਼ (ਖੁਸ਼) ਹੁੰਦੇ ਰਹਿਣਗੇ।

ਗੁਰਮਤਿ ਵਿਚਾਰ

# ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ



ਡਾ. ਗੁਰਨਾਮ ਕੌਰ, ਕੈਨੇਡਾ

ਇਹ ਗਉੜੀ ਰਾਗ ਵਿਚ ਗੁਰੂ ਰਾਮਦਾਸ ਦਾ ਸ਼ਬਦ ਹੈ ਜਿਸ ਵਿਚ ਉਹ ਦੱਸਦੇ ਹਨ ਕਿ ਗੁਰੂ ਨੂੰ ਬਹੁਤ ਖੁਸ਼ੀ ਹੁੰਦੀ ਹੈ ਜਦੋਂ ਕੋਈ ਮਨੁੱਖ ਗੁਰੂ ਦੇ ਸਿੱਖ ਦੇ ਮੂੰਹ ਵਿਚ ਭੋਜਨ ਪਾਉਂਦਾ ਹੈ। ਇਹ ਖੁਸ਼ੀ ਉਸੇ ਤਰ੍ਹਾਂ ਦੀ ਹੈ ਜਿਵੇਂ ਹਰ ਇੱਕ ਮਾਂ ਨੂੰ ਹੁੰਦੀ ਹੈ ਜਦੋਂ ਉਸ ਦਾ ਬੱਚਾ, ਉਸ ਦਾ ਪੁੱਤਰ ਕੋਈ ਚੰਗੀ ਚੀਜ਼ ਖਾਂਦਾ ਹੈ, ਜਿਸ ਤਰ੍ਹਾਂ ਮੱਛੀ ਨੂੰ ਪਾਣੀ ਵਿਚ ਨਹਾ ਕੇ ਖੁਸ਼ੀ ਹੁੰਦੀ ਹੈ। ਇਸੇ ਤਰ੍ਹਾਂ ਜਦੋਂ ਕੋਈ ਗੁਰੁਸਿੱਖ ਦੀ ਸੇਵਾ ਕਰਦਾ ਹੈ ਤਾਂ ਗੁਰੂ ਖੁਸ਼ ਹੁੰਦਾ ਹੈ:

ਮਾਤਾ ਪ੍ਰੀਤਿ ਕਰੇ ਪੁਤੁ ਖਾਇ॥
ਮੀਨੇ ਪ੍ਰੀਤਿ ਭਈ ਜਲਿ ਨਾਇ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥੧॥
(ਪੰਨਾ ੧੬੪)

ਗੁਰੂ ਰਾਮਦਾਸ ਦੱਸਦੇ ਹਨ ਕਿ ਹਰ ਇੱਕ ਮਨੁੱਖ ਨੂੰ ਖੁਸ਼ੀ ਹੁੰਦੀ ਹੈ ਜਦੋਂ ਉਹ ਖੱਟੀ-ਕਮਾਈ ਕਰਕੇ ਮਾਇਆ ਇਕੱਠੀ ਕਰਦਾ ਹੈ, ਦੌਲਤ ਕਮਾਉਂਦਾ ਹੈ। ਪਰ ਗੁਰੂ ਦੇ ਸਿੱਖ ਨੂੰ ਉਦੋਂ ਅਥਾਹ ਖੁਸ਼ੀ ਹੁੰਦੀ ਹੈ ਜਦੋਂ ਉਸ ਦਾ ਗੁਰੂ ਉਸ ਨੂੰ ਪ੍ਰੇਮ ਨਾਲ ਗਲੇ ਲਾਉਂਦਾ ਹੈ, ਉਸ ਨੂੰ ਪਿਆਰ ਦਿੰਦਾ ਹੈ ਅਤੇ ਗੁਰਸਿੱਖ ਗੁਰੂ ਨੂੰ ਗਲੇ ਲੱਗ ਕੇ ਮਿਲਦਾ ਹੈ-ਭਾਵ ਗੁਰੂ ਦੇ ਸਿੱਖ ਲਈ ਗੁਰੂ ਦਾ ਪ੍ਰੇਮ ਸਭ ਤੋਂ ਵੱਡੀ ਦੌਲਤ ਹੈ, ਦੁਨੀਆਂ ਦੀ ਹੋਰ ਕੋਈ ਦੌਲਤ ਇਸ ਦਾ ਮੁਕਾਬਲਾ ਨਹੀਂ ਕਰ ਸਕਦੀ। ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਰੱਬ ਦੇ ਭਗਤ ਨੂੰ, ਅਕਾਲ ਪੁਰਖ ਦੇ ਸੇਵਕ ਨੂੰ ਖੁਸ਼ੀ ਉਦੋਂ ਹੁੰਦੀ ਹੈ ਜਦੋਂ ਉਹ ਕਿਸੇ ਮਹਾਂ ਪੁਰਖ/ਗੁਰਸਿੱਖ ਦੇ ਪੈਰ ਚੁੰਮਦਾ ਹੈ:

ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ॥
ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ॥
ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ॥
(ਪੰਨਾ ੧੬੪)

ਗੁਰਸਿਖ ਗੁਰਮੁਖਿ ਦਾ ਪਰਾਇਵਾਚੀ ਸ਼ਬਦ ਹੈ ਕਿਉਂਕਿ ਗੁਰਮੁਖਿ ਉਹ ਹੈ ਜੋ ਗੁਰੂ ਦੀ ਸਿੱਖਿਆ ਤੇ ਗੁਰੂ ਦੇ ਦੱਸੇ ਰਸਤੇ 'ਤੇ ਚੱਲਦਾ ਹੈ। ਗੁਰਸਿੱਖ ਵੀ ਉਹ ਹੀ ਕਹਾਉਣ ਦਾ ਹੱਕਦਾਰ ਹੈ ਜੋ ਆਪਣਾ ਜੀਵਨ ਗੁਰੂ ਦੀ ਸਿੱਖਿਆ ਅਨੁਸਾਰ ਚਲਾਉਂਦਾ ਹੈ। ਗੁਰੂ ਦੇ ਸਿੱਖ ਕੋਲੋਂ ਗੁਰੂ ਤਵੱਕੋ ਕਰਦਾ ਹੈ ਕਿ ਉਹ ਗੁਰੂ ਨੂੰ ਪਿੱਠ ਨਾ ਦਿਖਾਵੇ। ਗੁਰਮਤਿ ਅਨੁਸਾਰ ਗੁਰੂ ਸ਼ਬਦ ਹੈ, ਗੁਰੂ ਦੀ ਬਾਣੀ ਹੀ ਗੁਰੂ ਹੈ, ਜਿਸ ਦਾ ਸਿੱਟਾ ਇਹ ਕੱਢ ਸਕਦੇ ਹਾਂ ਕਿ ਗੁਰਸਿੱਖ ਨੇ ਆਪਣਾ ਜੀਵਨ ਬਾਣੀ ਵਿਚ ਦੱਸੇ ਨਿਯਮਾਂ ਅਨੁਸਾਰ ਢਾਲਣਾ ਹੈ, ਗੁਰਸ਼ਬਦ ਦਾ ਅਨੁਸਾਰੀ ਹੋ ਕੇ ਚੱਲਣਾ ਹੈ। ਗੁਰਮੁਖਿ ਅਤੇ ਗੁਰਸਿੱਖ ਪਰਾਇਵਾਚੀ ਸ਼ਬਦ ਹਨ ਇਸ ਦਾ ਖੁਲਾਸਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਹੋ ਜਾਂਦਾ ਹੈ।

ਗੁਰੂ ਰਾਮਦਾਸ ਗਉੜੀ ਕੀ ਵਾਰ ਵਿਚ ਦੱਸਦੇ ਹਨ ਕਿ ਜੋ ਮਨੁੱਖ ਪੂਰੇ ਗੁਰੂ ਦਾ ਹੁਕਮ ਨਹੀਂ ਮੰਨਦਾ, ਉਹ ਮਨਮੁਖਿ ਹੈ ਜੋ ਆਪਣੇ ਮਨ ਦੀਆਂ ਇਛਾਵਾਂ ਅਨੁਸਾਰ ਚੱਲਦਾ ਹੈ। ਮਨ ਪਿੱਛੇ ਲੱਗ ਕੇ ਤੁਰਨ ਵਾਲਾ ਮਨੁੱਖ ਮੂਰਖ ਤੇ ਮਾਇਆ ਦਾ ਠੱਗਿਆ ਹੋਇਆ ਹੈ (ਮਨਮੁਖਿ ਨੂੰ ਮੂਰਖ ਇਸ ਲਈ ਕਿਹਾ ਹੈ ਕਿਉਂਕਿ ਗੁਰਬਾਣੀ ਅਨੁਸਾਰ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਆਦਿ ਬਿਰਤੀਆਂ ਮਨ 'ਤੇ ਭਾਰੂ ਹੋ ਜਾਂਦੀਆਂ ਹਨ ਅਤੇ ਆਪਣੇ ਮਨ ਦੀ ਮੱਤ ਅਨੁਸਾਰ ਚੱਲਣ ਵਾਲਾ ਮਨੁੱਖ ਇਨ੍ਹਾਂ ਬਿਰਤੀਆਂ ਦੇ ਪਿੱਛੇ ਲੱਗ ਕੇ ਤੁਰਦਾ ਹੈ ਜੋ ਮਨੁੱਖ ਤੋਂ ਗਲਤ ਕੰਮ ਕਰਵਾਉਂਦੀਆਂ ਹਨ)। ਉਸ ਦੇ ਮਨ ਵਿਚ ਝੂਠ ਹੈ ਅਤੇ ਉਹ ਸੱਚ ਨੂੰ ਵੀ ਝੂਠ ਹੀ ਸਮਝਦਾ ਹੈ ਜਿਸ ਕਰਕੇ ਉਸ ਦੇ ਗਲ ਵਿਚ ਬੇਅਰਥ ਝਗੜੇ ਪੈ ਜਾਂਦੇ ਹਨ। ਅਜਿਹਾ ਮਨੁੱਖ ਊਲ-ਜਲੂਲ ਬੋਲ ਕੇ ਰੋਟੀ-ਰੋਜ਼ੀ ਕਮਾਉਣ ਦੇ ਕਈ ਤਰ੍ਹਾਂ ਦੇ ਉਪਰਾਲੇ ਕਰਦਾ ਹੈ ਪਰ ਉਸ ਦੇ ਬਚਨ ਕਿਸੇ ਨੂੰ ਚੰਗੇ ਨਹੀਂ ਲੱਗਦੇ ਕਿਉਂਕਿ ਉਸ ਦੇ ਬੋਲ ਝੂਠ 'ਤੇ ਆਧਾਰਤ ਹੁੰਦੇ ਹਨ। ਅਜਿਹਾ ਮਨੁੱਖ ਤਰ੍ਹਾਂ ਤਰ੍ਹਾਂ ਦੇ ਲੋਕਾਂ ਕੋਲ ਜਾ ਕੇ ਉਨ੍ਹਾਂ ਨਾਲ ਮੇਲ-ਮਿਲਾਪ ਵੀ ਕਰਨਾ ਚਾਹੁੰਦਾ ਹੈ ਪਰ ਸਫਲ ਨਹੀਂ ਹੁੰਦਾ ਕਿਉਂਕਿ ਅਜਿਹੇ ਮਨੁੱਖ ਦੀ ਸੱਚਾਈ ਹਰ ਇੱਕ ਨੂੰ ਪਤਾ ਹੁੰਦੀ ਹੈ।

ਗੁਰਮੁਖਿ ਗੁਰੂ ਦੇ ਸਨਮੁਖ ਹੋ ਕੇ ਚੱਲਦਾ ਹੈ ਅਤੇ ਮਨਮੁਖ ਤੋਂ ਵੱਖਰਾ ਰਹਿੰਦਾ ਹੈ। ਉਹ ਗੁਰੂ ਦੀ ਸੰਗਤਿ ਕਰਦਾ ਹੈ ਅਤੇ ਗੁਰੂ ਤੋਂ ਸਿੱਖਿਆ ਲੈਂਦਾ ਹੈ। ਮਨਮੁਖ ਸਤਿਗੁਰੂ ਦੀ ਨਿੰਦਿਆ ਕਰਦਾ ਹੈ ਜਿਸ ਕਰਕੇ ਜੋ ਅਕਲ ਉਸ ਕੋਲ ਹੁੰਦੀ ਹੈ, ਉਹ ਵੀ ਗਵਾ ਲੈਂਦਾ ਹੈ। ਗੁਰਮੁਖਿ ਸਤਿਗੁਰੂ ਦੀ ਵਡਿਆਈ ਕਰਦਾ ਹੈ। ਗੁਰਸਿੱਖ ਦਾ ਪਹਿਲਾ ਕੰਮ ਇਹ ਕਿ ਉਹ ਗੁਰੂ ਦੇ ਬਚਨ ਨੂੰ ਸੁਣੇ ਅਤੇ ਉਸ ਉਤੇ ਅਮਲ ਕਰੇ ਕਿਉਂਕਿ ਇਹ ਸਭ ਤੋਂ ਵੱਧ ਪ੍ਰਮਾਣਿਕ ਸਿੱਖਿਆ ਹੈ ਜੋ ਗੁਰਸਿੱਖ ਨੂੰ ਚੰਗੇ ਰਸਤੇ 'ਤੇ ਪਾਉਂਦੀ ਹੈ; ਗੁਰੂ ਦਾ ਬਚਨ ਸਭ ਸ਼ਾਸਤਰਾਂ ਤੋਂ ਉਪਰ ਹੈ, ਇਸੇ ਲਈ ਗੁਰਸਿੱਖ ਨੂੰ ਪੂਰੇ ਗੁਰੂ ਦੀ ਵਡਿਆਈ ਚੰਗੀ ਲਗਦੀ ਹੈ:

ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ
ਅਗਿਆਨੁ ਮੁਠਾ ਬਿਖੁ ਮਾਇਆ॥
ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ
ਅਣਹੋਦੇ ਝਗੜੇ ਦਯਿ
ਓਸ ਦੈ ਗਲਿ ਪਾਇਆ॥
ਓਹੁ ਗਲ ਫਰੋਸੀ ਕਰੇ ਬਹੁਤੇਰੀ
ਓਸ ਦਾ ਬੋਲਿਆ ਕਿਸੈ ਨ ਭਾਇਆ॥
ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ
ਓਸੁ ਨਾਲਿ ਮੁਹੁ ਜੋੜੇ
ਓਸੁ ਭੀ ਲਛਣੁ ਲਾਇਆ॥
ਗੁਰਮੁਖਿ ਹੋਇ ਸੁ ਅਲਿਪਤੋ ਵਰਤੈ
ਓਸ ਦਾ ਪਾਸੁ ਛਡਿ
ਗੁਰ ਪਾਸਿ ਬਹਿ ਜਾਇਆ॥
ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ
ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ॥
ਪਹਿਲਾ ਆਗਮੁ ਨਿਗਮੁ
ਨਾਨਕੁ ਆਖਿ ਸੁਣਾਏ
ਪੂਰੇ ਗੁਰ ਕਾ ਬਚਨੁ ਉਪਰਿ ਆਇਆ॥
ਗੁਰਸਿਖਾ ਵਡਿਆਈ ਭਾਵੈ ਗੁਰ ਪੂਰੇ ਕੀ
ਮਨਮੁਖਾ ਓਹ ਵੇਲਾ ਹਥਿ ਨ ਆਇਆ॥੨॥
(ਪੰਨਾ ੩੦੩-੪)

ਗੁਰੂ ਨੇ ਸਿੱਖ ਨੂੰ ਉਦਮੀ ਹੋਣ, ਅਕਾਲ ਪੁਰਖ ਦਾ ਨਾਮ ਸਿਮਰਨ ਕਰਨ, ਉਸ ਨਾਲ ਜੁੜੇ ਰਹਿਣ ਅਤੇ ਨਾਲ ਹੀ ਸਰੀਰਕ ਤੰਦਰੁਸਤੀ, ਸਰੀਰਕ ਸਫਾਈ ਦੀ ਤਾਕੀਦ ਕੀਤੀ ਹੈ ਤਾਂ ਕਿ ਉਸ ਦੇ ਉਦਮ ਵਿਚ ਕਿਸੇ ਕਿਸਮ ਦਾ ਵਿਘਨ ਨਾ ਪਵੇ। ਇਸੇ ਵਾਰ ਦੇ ਅਗਲੇ ਸਲੋਕ ਵਿਚ ਗੁਰੂ ਰਾਮਦਾਸ ਉਪਦੇਸ਼ ਦਿੰਦੇ ਹਨ ਕਿ ਜੋ ਮਨੁੱਖ ਖੁਦ ਨੂੰ ਗੁਰੂ ਸਤਿਗੁਰੂ ਦਾ ਸਿੱਖ ਅਖਵਾਉਂਦਾ ਹੈ ਜਾਂ ਜਿਸ ਨੂੰ ਦੁਨੀਆਂ ਵਾਲੇ ਵੀ ਗੁਰੂ ਦਾ ਸੱਚਾ ਸਿੱਖ ਮੰਨਦੇ ਹਨ, ਉਹ ਗੁਰਸਿੱਖ ਰੋਜ਼ ਸਵੇਰੇ ਉਠ ਕੇ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹੈ, ਰੋਜ਼ ਮਿਹਨਤ ਕਰਦਾ ਹੈ, ਉਦਮ ਕਰਦਾ ਹੈ, ਇਸ਼ਨਾਨ ਕਰਦਾ ਹੈ ਅਤੇ ਫਿਰ ਨਾਮ-ਰੂਪੀ ਅੰਮ੍ਰਿਤ ਦੇ ਸਰੋਵਰ ਵਿਚ ਟੁੱਭੀ ਲਾਉਂਦਾ ਹੈ। ਸਤਿਗੁਰੂ ਦੀ ਸਿੱਖਿਆ ਅਨੁਸਾਰ ਅਕਾਲ ਪੁਰਖ ਦੇ ਨਾਮ ਦਾ ਜਾਪ ਜਪਦਾ ਹੈ। ਜਾਪ ਜਪਣ ਨਾਲ ਉਸ ਦੇ ਮਨ ਵਿਚੋਂ ਹਰ ਤਰ੍ਹਾਂ ਦੇ ਵਿਕਾਰ ਦੂਰ ਹੋ ਜਾਂਦੇ ਹਨ, ਪਾਪ-ਕਰਮ ਕਰਨ ਦੀ ਪ੍ਰੇਰਨਾ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ ਆਦਿ ਵਿਕਾਰਾਂ ਤੋਂ ਹੀ ਮਿਲਦੀ ਹੈ। ਇਸ ਲਈ ਜਦੋਂ ਨਾਮ ਦਾ ਜਾਪ ਜਪਣ ਨਾਲ ਉਸ ਦੇ ਮਨ ਵਿਚੋਂ ਵਿਕਾਰ ਦੂਰ ਹੋ ਜਾਂਦੇ ਹਨ ਤਾਂ ਪਾਪ-ਕਰਮ ਆਪਣੇ ਆਪ ਬੰਦ ਹੋ ਜਾਂਦੇ ਹਨ ਅਤੇ ਉਹ ਵਿਕਾਰਾਂ ਅਤੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ। ਫਿਰ ਦਿਨ ਚੜ੍ਹੇ ਸਤਿਗੁਰੂ ਦੀ ਬਾਣੀ ਦਾ ਕੀਰਤਨ ਕਰਦਾ ਹੈ ਅਤੇ ਬੈਠਦਿਆਂ-ਉਠਦਿਆਂ, ਰੋਜ਼ ਦੀ ਕਿਰਤ-ਕਮਾਈ ਕਰਦਿਆਂ ਅਕਾਲ ਪੁਰਖ ਨੂੰ ਯਾਦ ਕਰਦਾ ਹੈ, ਨਾਮ ਦਾ ਸਿਮਰਨ ਕਰਦਾ ਹੈ।

ਇਸ ਤਰ੍ਹਾਂ ਦੀ ਜੀਵਨ-ਸ਼ੈਲੀ ਬਣਾਉਣ ਵਾਲਾ ਮਨੁੱਖ ਸਤਿਗੁਰੂ ਨੂੰ ਚੰਗਾ ਲੱਗਦਾ ਹੈ। ਇਸ ਵਿਚ ਅਕਾਲ ਪੁਰਖ ਦੀ ਮਿਹਰ ਵੀ ਸ਼ਾਮਲ ਹੈ। ਜਿਸ ਉਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ ਉਹ ਮਨੁੱਖ ਗੁਰੂ ਦੀ ਸ਼ਰਨ ਵਿਚ ਆਉਂਦਾ ਹੈ ਅਤੇ ਫਿਰ ਉਸ ਨੂੰ ਗੁਰੂ ਸਿੱਖਿਆ ਦਿੰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਹ ਅਜਿਹੇ ਗੁਰਸਿੱਖ ਦੇ ਚਰਨਾਂ ਦੀ ਧੂੜ ਮੰਗਦੇ ਹਨ ਜੋ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਆਪ ਉਸ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹੈ ਅਤੇ ਹੋਰਾਂ ਨੂੰ ਨਾਮ ਦਾ ਜਾਪ ਕਰਨ ਦੀ ਪ੍ਰੇਰਨਾ ਕਰਦਾ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ
ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ
ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥

ਉਪਰ ਗੁਰੂ ਰਾਮਦਾਸ ਦੀ ਬਾਣੀ ਵਿਚੋਂ ਜੋ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ, ਉਸ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਦਾ ਸਿੱਖ ਹੋਣ ਦਾ ਅਰਥ ਹੈ ਗੁਰੂ ਦੇ ਦੱਸੇ ਉਪਦੇਸ਼ 'ਤੇ ਹਰ ਸਮੇਂ ਚੱਲਣਾ, ਉਸ ਅਕਾਲ ਪੁਰਖ ਨੂੰ ਸਦਾ ਯਾਦ ਰੱਖਣਾ, ਨਾਮ ਸਿਮਰਨ ਰਾਹੀਂ ਮਨ ਵਿਚੋਂ ਵਿਸ਼ੇ ਵਿਕਾਰਾਂ ਨੂੰ ਦੂਰ ਕਰਨਾ ਹੈ ਅਤੇ ਸਰੀਰ ਦੀ ਤੰਦਰੁਸਤੀ ਵਾਸਤੇ ਸਵੇਰੇ ਉਠ ਕੇ ਇਸ਼ਨਾਨ ਕਰਨਾ ਹੈ।

ਗੁਰਮਤਿ ਅਨੁਸਾਰ (ਇਹ ਹੀ ਸਿੱਖ ਧਰਮ ਹੈ) ਸੁਚੱਜਾ ਜੀਵਨ ਜਿਉਣ ਲਈ ਮਨ ਤੇ ਸਰੀਰ ਦੋਵੇਂ ਸਾਫ-ਸੁਥਰੇ ਅਤੇ ਤੰਦਰੁਸਤ ਹੋਣੇ ਚਾਹੀਦੇ ਹਨ। ਇਸ ਦੇ ਨਾਲ ਹੀ ਕਿਰਤ ਕਮਾਈ ਕਰਦਿਆਂ ਵੀ ਉਸ ਅਕਾਲ ਪੁਰਖ ਨੂੰ ਸਦਾ ਯਾਦ ਰੱਖਣਾ ਹੈ (ਉਸ ਨਾਲ ਜੁੜ ਕੇ ਹੀ ਮਨੁੱਖ ਈਮਾਨਦਾਰੀ ਦੀ ਕਮਾਈ ਕਰ ਸਕਦਾ ਹੈ)। ਇਸ ਰਸਤੇ 'ਤੇ ਸਿਰਫ ਆਪ ਹੀ ਨਹੀਂ ਚੱਲਣਾ ਬਲਕਿ ਦੂਸਰਿਆਂ ਨੂੰ ਵੀ ਇਸ 'ਤੇ ਚੱਲਣ ਲਈ ਪ੍ਰੇਰਨਾ ਹੈ। ਇਸ ਵਿਚ ਅਧਿਆਤਮਕ ਪ੍ਰਾਪਤੀਆਂ ਲਈ ਕਿਸੇ ਏਕਾਂਤ ਦੀ ਲੋੜ ਨਹੀਂ ਹੈ। ਦੂਸਰਿਆਂ ਨੂੰ ਗੁਰੂ ਦੇ ਰਸਤੇ 'ਤੇ ਤੋਰਨਾ ਸੰਗਤਿ ਵਿਚ ਹੀ ਸੰਭਵ ਹੈ। ਇਸ ਵਿਚ ਅਕਾਲ ਪੁਰਖ ਦੀ ਮਿਹਰ ਵੀ ਸ਼ਾਮਲ ਹੈ, ਮਿਹਰ ਦਾ ਪਾਤਰ ਹੋਣ ਲਈ ਅਕਾਲ ਪੁਰਖ ਦੇ ਮਨ ਨੂੰ ਚੰਗੇ ਲੱਗਣ ਵਾਲੇ ਕੰਮ ਕਰਨੇ ਹੁੰਦੇ ਹਨ।

ਗੁਰਸਿੱਖ ਕਿਹੋ ਜਿਹਾ ਹੁੰਦਾ ਹੈ ਜਾਂ ਹੋਣਾ ਚਾਹੀਦਾ ਹੈ, ਇਸ ਦਾ ਹਵਾਲਾ ਸਾਨੂੰ ਗੁਰੂ ਅਰਜਨ ਦੇਵ ਦੀ ਬਾਣੀ ਵਿਚੋਂ ਵੀ ਮਿਲ ਜਾਂਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਗੁਰਮਤਿ ਅਨੁਸਾਰ ਮਨੁੱਖ ਜਾਂ ਸਿੱਖ ਨੂੰ ਗੁਰੂ ਦੇ ਮਾਰਗ 'ਤੇ ਚੱਲਣ ਦਾ ਆਦੇਸ਼ ਹੈ ਅਤੇ ਇਸ ਮਾਰਗ ਦਾ ਗਿਆਨ ਹਾਸਲ ਕਰਨ ਲਈ ਗੁਰੂ ਦੀ ਜ਼ਰੂਰਤ ਹੈ। ਗੁਰੂ ਕੌਣ ਜਾਂ ਕਿਹੋ ਜਿਹਾ ਹੁੰਦਾ ਹੈ, ਇਸ ਦੀ ਵਿਆਖਿਆ ਗੁਰਬਾਣੀ ਵਿਚ ਬਾਖੂਬੀ ਕੀਤੀ ਹੋਈ ਮਿਲ ਜਾਂਦੀ ਹੈ। ਗੁਰੂ ਦਾ ਫਰਜ਼ ਜਾਂ ਕਾਰਜ ਹੈ ਮਨੁੱਖ ਅਰਥਾਤ ਸਿੱਖ ਦੇ ਮਨ ਨੂੰ ਅਕਾਲ ਪੁਰਖ ਨਾਲ ਜੋੜਨਾ ਅਤੇ ਨਾਮ-ਮਾਰਗ 'ਤੇ ਚੱਲਣ ਦੀ ਜਾਚ ਦੱਸਣਾ। ਅਸਲ ਵਿਚ ਸਿੱਖੀ ਜਾਂ ਗੁਰਮਤਿ ਇੱਕ ਜੀਵਨ ਜਾਚ ਹੈ, ਜਿਸ ਨੂੰ ਇਸ ਸੰਸਾਰ ਵਿਚ, ਮਨੁੱਖੀ ਸਮਾਜ ਵਿਚ ਵਿਚਰਦਿਆਂ ਆਪਣੇ ਸਮਾਜਿਕ ਫਰਜ਼ਾਂ, ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਅਪਨਾਉਣਾ ਹੈ। ਗੁਰੂ ਅਰਜਨ ਦੇਵ ਇਸ ਜੀਵਨ ਜਾਚ ਵੱਲ ਸੰਕੇਤ ਕਰਦਿਆਂ ਕਹਿੰਦੇ ਹਨ ਕਿ ਗੁਰੂ ਨੇ ਮੇਰੇ ਮਨ ਅੰਦਰ ਅਕਾਲ ਪੁਰਖ ਦੀ ਸਿਫਤਿ-ਸਾਲਾਹ ਦਾ ਸ਼ਬਦ ਵਸਾ ਦਿੱਤਾ ਹੈ ਅਤੇ ਇਸ ਸ਼ਬਦ ਦੀ ਬਰਕਤਿ ਨਾਲ ਮੈਂ ਸਾਰੇ ਸੁੱਖਾਂ ਦਾ ਸਿਰਮੌਰ ਸੁੱਖ ਆਤਮਕ ਸੁੱਖ ਲੱਭ ਲਿਆ ਹੈ। ਗੁਰੂ ਨੇ ਮੇਰੇ ਸਿਰ ਉਤੇ ਮਿਹਰ ਭਰਿਆ ਹੱਥ ਰੱਖਿਆ ਹੈ ਅਤੇ ਮਿਹਰ ਸਦਕਾ ਮੈਨੂੰ ਅਕਾਲ ਪੁਰਖ ਦੇ ਦਰਸ਼ਨ ਹੋ ਗਏ ਹਨ ਅਰਥਾਤ ਮੇਰੀ ਸੁਰਤ ਪਰਮਾਤਮ-ਸੁਰਤਿ ਨਾਲ ਇਕਸੁਰ ਹੋ ਗਈ ਹੈ।

ਗੁਰੂ ਅਰਜਨ ਦੇਵ ਫਰਮਾਉਂਦੇ ਹਨ ਕਿ ਮੈਂ ਕੋਸ਼ਿਸ਼ ਕਰਕੇ ਗੁਰੂ ਦੇ ਸਿੱਖਾਂ ਨੂੰ ਲੱਭ ਲੱਭ ਕੇ ਮਿਲਦਾ ਹਾਂ, ਉਸ ਧਰਮ ਦੇ ਕੇਂਦਰ ਵਿਚ ਇਕੱਠੇ ਕਰਨ ਲਈ। ਉਨ੍ਹਾਂ ਦੀ ਸੰਗਤਿ ਵਿਚ ਬੈਠਣਾ ਮੈਂ ਧਰਮਸਾਲ ਬਣਾਈ ਹੈ ਜਿਥੇ ਮੈਂ ਉਸ ਸਦੀਵੀ ਹਸਤੀ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹਾਂ। ਜਿਹੜਾ ਗੁਰਸਿੱਖ ਲੱਭ ਪਵੇ, ਮੈਂ ਉਸ ਦੀ ਸੇਵਾ ਕਰਦਾ ਹਾਂ, ਉਸ ਦੇ ਪੈਰ ਧੋਂਦਾ ਹਾਂ, ਉਸ ਨੂੰ ਪੱਖਾ ਝੱਲਦਾ ਹਾਂ ਅਤੇ ਪੂਰੇ ਸਤਿਕਾਰ ਨਾਲ ਉਸ ਦੇ ਚਰਨਾਂ ਵਿਚ ਨਿਵਦਾ ਹਾਂ।

ਗੁਰੂ ਅਰਜਨ ਦੇਵ ਦੱਸਦੇ ਹਨ ਕਿ ਗੁਰੂ ਜਿਸ ਜਿਸ ਨੂੰ ਵੀ ਉਸ ਪਰਮਹਸਤੀ ਦੇ ਨਾਮ-ਸਿਮਰਨ ਦੀ ਬੇੜੀ ਵਿਚ ਬਿਠਾਉਂਦਾ ਹੈ, ਉਹ ਸਭ ਵਿਕਾਰਾਂ ਤੋਂ ਬਚ ਜਾਂਦੇ ਹਨ। ਇਸੇ ਲਈ ਮੈਂ ਵੀ ਇਹ ਸਾਰੀਆਂ ਗੱਲਾਂ ਸੁਣ ਕੇ ਗੁਰੂ ਦੇ ਓਟ ਆਸਰੇ ਵਿਚ ਆ ਗਿਆ ਹਾਂ। ਗੁਰੂ ਨੇ ਮੈਨੂੰ ਇਹ ਦ੍ਰਿੜ ਕਰਵਾ ਦਿੱਤਾ ਹੈ ਕਿ ਆਪ ਅਕਾਲ ਪੁਰਖ ਦਾ ਨਾਮ ਸਿਮਰਨ ਕਰਨਾ ਅਤੇ ਦੂਸਰਿਆਂ ਨੂੰ ਕਰਵਾਉਣਾ ਹੈ, ਵੰਡ ਕੇ ਖਾਣਾ ਅਰਥਾਤ ਦਾਨ ਕਰਨਾ ਅਤੇ ਸਾਫ-ਸੁਥਰਾ ਪਵਿੱਤਰ ਜੀਵਨ ਜਿਉਣਾ-ਇਹ ਸਹੀ ਜੀਵਨ ਜਾਚ ਹੈ, ਜ਼ਿੰਦਗੀ ਜਿਉਣ ਦਾ ਸਹੀ ਅਤੇ ਸੁਚੱਜਾ ਮਾਰਗ ਹੈ:

ਮੈ ਸੁਖੀ ਹੂੰ ਸੁਖੁ ਪਾਇਆ॥
ਗੁਰਿ ਅੰਤਰਿ ਸਬਦੁ ਵਸਾਇਆ॥
ਸਤਿਗੁਰਿ ਪੁਰਖਿ ਵਿਖਾਲਿਆ
ਮਸਤਕਿ ਧਰਿ ਕੈ ਹਥੁ ਜੀਉ॥੯॥
ਮੈ ਬਧੀ ਸਚੁ ਧਰਮਸਾਲ ਹੈ॥
ਗੁਰਸਿਖਾ ਲਹਦਾ ਭਾਲਿ ਕੈ॥
ਪੈਰ ਧੋਵਾ ਪਖਾ ਫੇਰਦਾ
ਤਿਸੁ ਨਿਵ ਨਿਵ ਲਗਾ ਪਾਇ ਜੀਉ॥੧੦॥
ਸੁਣਿ ਗਲਾ ਗੁਰ ਪਹਿ ਆਇਆ॥
ਨਾਮੁ ਦਾਨੁ ਇਸਨਾਨੁ ਦਿੜਾਇਆ॥
ਸਭੁ ਮੁਕਤੁ ਹੋਆ ਸੈਸਾਰੜਾ
ਨਾਨਕ ਸਚੀ ਬੇੜੀ ਚਾੜਿ ਜੀਉ॥
(ਪੰਨਾ ੭੩-੪)

ਭਾਈ ਗੁਰਦਾਸ ਦੀਆਂ ਵਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ। ਭਾਈ ਗੁਰਦਾਸ ਨੇ ਗੁਰਮਤਿ ਸਿਧਾਂਤਾਂ ਨੂੰ ਸੌਖਿਆਂ ਕਰਕੇ ਸਮਝਾਉਣ ਦਾ ਉਪਰਾਲਾ ਕੀਤਾ ਹੈ। ਉਨ੍ਹਾਂ ਨੇ ਗੁਰੂ, ਗੁਰਮੁਖਿ, 'ਗੁਰਮਤਿ ਦਾ ਗਾਡੀ ਰਾਹ' ਅਤੇ ਗੁਰਸਿੱਖ ਤੇ ਸਿੱਖੀ ਬਾਰੇ ਕਾਫੀ ਹਵਾਲੇ ਦਿੱਤੇ ਹਨ। ਭਾਈ ਗੁਰਦਾਸ ਛੇਵੀਂ ਵਾਰ ਦੀ 16ਵੀਂ ਪਉੜੀ ਵਿਚ ਅਕਾਲ ਪੁਰਖ ਦੀ ਸਿਫਤਿ ਕਰਦੇ ਹਨ ਕਿ ਜਿਸ ਨੇ ਆਪਣੇ ਸਰੂਪ ਵਿਚ ਗੁਰੂ ਦਾ ਸਰੂਪ ਬਣਾਇਆ ਹੈ ਅਤੇ ਗੁਰੂ ਵੀ ਧੰਨ ਹੈ। ਉਹ ਸਿੱਖ ਧੰਨ ਹੈ ਅਤੇ ਚੰਗੇ ਕਰਮਾਂ ਵਾਲਾ ਹੈ ਜੋ ਗੁਰੂ ਦੀ ਸਿੱਖਿਆ ਨੂੰ ਸੁਣਦਾ ਹੈ ਅਤੇ ਗੁਰੂ ਦੀ ਸ਼ਰਨ ਵਿਚ ਆਉਂਦਾ ਹੈ। ਗੁਰੂ ਦਾ ਰਸਤਾ ਸਿਫਤਯੋਗ ਹੈ ਜਿਸ 'ਤੇ ਗੁਰਮੁਖਿ ਚਲਦਾ ਹੈ ਅਤੇ ਸਤਿਸੰਗਤਿ ਵਿਚ ਪਹੁੰਚਦਾ ਹੈ। ਸੱਚੇ ਗੁਰੂ ਦੇ ਚਰਨ ਧੰਨ ਹਨ ਅਤੇ ਧੰਨ ਹੈ ਉਹ ਸੀਸ ਜੋ ਗੁਰੂ ਦੇ ਚਰਨਾਂ 'ਤੇ ਝੁਕਦਾ ਹੈ। ਗੁਰੂ ਦੇ ਦਰਸ਼ਨ ਦੀ ਇੱਕ ਝਲਕ ਵੀ ਮਿਲ ਜਾਵੇ ਤਾਂ ਵੱਡੇ ਭਾਗਾਂ ਵਾਲੀ ਗੱਲ ਹੈ ਅਤੇ ਗੁਰੂ ਦਾ ਉਹ ਸਿੱਖ ਵੀ ਚੰਗੀ ਕਿਸਮਤ ਵਾਲਾ ਹੈ ਜਿਸ ਨੂੰ ਗੁਰੂ ਦੇ ਦਰਸ਼ਨ ਨਸੀਬ ਹੁੰਦੇ ਹਨ। ਗੁਰੂ ਆਪਣੇ ਸਿੱਖ ਦੇ ਮਨ ਅੰਦਰ ਪ੍ਰੇਮਾ-ਭਗਤੀ ਦੀ ਭਾਵਨਾ 'ਤੇ ਪ੍ਰਸੰਨ ਹੁੰਦਾ ਹੈ ਅਤੇ ਅਜਿਹੇ ਸਿੱਖ ਨੂੰ ਨੇੜੇ ਲਾਉਂਦਾ ਹੈ। ਗੁਰਮਤਿ ਅਰਥਾਤ ਗੁਰੂ ਦਾ ਰਸਤਾ ਅਜਿਹਾ ਹੈ ਜਿਸ 'ਤੇ ਚੱਲਣ ਨਾਲ ਦਵੈਤ-ਭਾਵ ਖਤਮ ਹੋ ਜਾਂਦਾ ਹੈ।

ਗੁਰਬਾਣੀ ਗਿਆਨ

## ਹੀਰਾ ਲਾਲ ਅਮੋਲਕੁ ਹੈ ਭਾਰੀ...

**ਜੈਤਸਰੀ ਮਹਲਾ ੪**
ਹੀਰਾ ਲਾਲ ਅਮੋਲਕੁ ਹੈ ਭਾਰੀ
ਬਿਨੁ ਗਾਹਕ ਮੀਕਾ ਕਾਖਾ॥
ਰਤਨ ਗਾਹਕੁ ਗੁਰੁ ਸਾਧੂ ਦੇਖਿਓ
ਤਬ ਰਤਨੁ ਬਿਕਾਨੋ ਲਾਖਾ॥
ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ
ਦੀਨ ਦਇਆਲ ਮਿਲਾਇਓ ਗੁਰੁ ਸਾਧੂ
ਗੁਰਿ ਮਿਲਿਐ ਹੀਰੁ ਪਰਾਖਾ॥ਰਹਾਉ॥
ਮਨਮੁਖ ਕੋਠੀ ਅਗਿਆਨੁ ਅੰਧੇਰਾ
ਤਿਨ ਘਰਿ ਰਤਨੁ ਨ ਲਾਖਾ॥
ਤੇ ਊਝੜਿ ਭਰਮਿ ਮੁਏ ਗਾਵਾਰੀ
ਮਾਇਆ ਭੁਅੰਗ ਬਿਖੁ ਚਾਖਾ॥
ਹਰਿ ਹਰਿ ਸਾਧ ਮੇਲਹੁ ਜਨ ਨੀਕੇ
ਹਰਿ ਸਾਧੂ ਸਰਣਿ ਹਮ ਰਾਖਾ॥
ਹਰਿ ਅੰਗੀਕਾਰੁ ਕਰਹੁ ਪ੍ਰਭ ਸੁਆਮੀ
ਹਮ ਪਰੇ ਭਾਗਿ ਤੁਮ ਪਾਖਾ॥
ਜਿਹਵਾ ਕਿਆ ਗੁਣ ਆਖਿ ਵਖਾਣਹ
ਤੁਮ ਵਡ ਅਗਮ ਵਡ ਪੁਰਖਾ॥
ਜਨ ਨਾਨਕ ਹਰਿ ਕਿਰਪਾ ਧਾਰੀ
ਪਾਖਾਣੁ ਡੁਬਤ ਹਰਿ ਰਾਖਾ॥

ਗੁਰਦੇਵ ਜੀ ਇਸ ਸ਼ਬਦ ਵਿਚ ਆਖਦੇ ਹਨ, ਹੀਰਾ ਲਾਲ ਅਮੋਲਕੁ ਹੈ ਭਾਰੀ, ਭਾਈ ਉਸ ਅਕਾਲ ਪੁਰਖ ਪ੍ਰਭੂ ਦਾ ਨਾਮ ਅਮੋਲਕੁ ਹੈ, ਭਾਰੀ ਭਾਵ ਬਹੁਤ ਹੀ ਕੀਮਤੀ ਹੀਰਾ ਹੈ, ਲਾਲ ਹੈ; ਬਿਨੁ ਗਾਹਕੁ ਮੀਕਾ ਕਾਖਾ, ਪਰ ਗਾਹਕ ਤੋਂ ਬਿਨਾ ਇਹ ਬਹੁਤ ਹੀ ਵਡਮੁਲਾ ਹੀਰਾ ਕੱਖ ਦੇ ਬਰਾਬਰ ਹੋਇਆ ਪਿਆ ਹੈ; ਰਤਨ ਗਾਹਕੁ ਗੁਰੁ ਸਾਧੂ ਦੇਖਿਓ, ਪਰ ਜਦੋਂ ਇਸ ਰਤਨ ਦਾ ਗਾਹਕ ਗੁਰੂ ਮਿਲ ਪਿਆ ਤਾਂ ਇਸ ਰਤਨ ਦਾ ਮੁਲ ਲੱਖਾਂ ਵਿਚ ਪੈ ਗਿਆ।

ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ
ਦੀਨ ਦਇਆਲ ਮਿਲਾਇਓ ਗੁਰੁ ਸਾਧੂ
ਗੁਰਿ ਮਿਲਿਐ ਹੀਰੁ ਪਰਾਖਾ॥ਰਹਾਉ॥

ਗੁਰੂ ਰਾਮਦਾਸ ਜੀ ਇਸ ਪਵਿਤਰ ਸ਼ਬਦ ਅੰਦਰ ਉਸ ਮਿਹਰਵਾਨ ਪ੍ਰਭੂ ਦੇ ਨਾਮ ਰੂਪੀ ਹੀਰੇ ਦੀ ਉਪਮਾ ਕਰਦੇ ਹਨ, ਹੇ ਭਾਈ ਉਸ ਚੋਜੀ ਪ੍ਰੀਤਮ ਨੇ ਮੇਰੇ ਮਨ ਵਿਚ ਆਪਣਾ ਨਾਮ ਰੂਪੀ ਹੀਰਾ ਗੁਪਤ ਭਾਵ ਲੁਕਾ ਕੇ ਰੱਖਿਆ ਹੋਇਆ ਸੀ; ਦੀਨਾਂ ਉਤੇ ਦਿਆ ਕਰਨ ਵਾਲੇ ਉਸ ਹਰੀ ਪ੍ਰਭੂ ਨੇ ਮੈਨੂੰ ਗੁਰੂ ਮਿਲਾ ਦਿਤਾ ਅਤੇ ਗੁਰੂ ਮਿਲਣ ਨਾਲ ਮੈਨੂੰ ਉਸ ਹੀਰੇ ਦੀ ਕਦਰ ਭਾਵ ਸਮਝ ਪੈ ਗਈ।

ਮਨਮੁਖ ਕੋਠੀ ਅਗਿਆਨੁ ਅੰਧੇਰਾ
ਤਿਨ ਘਰਿ ਰਤਨੁ ਨ ਲਾਖਾ॥
ਤੇ ਊਝੜਿ ਭਰਮਿ ਮੁਏ ਗਾਵਾਰੀ
ਮਾਇਆ ਭੁਅੰਗ ਬਿਖੁ ਚਾਖਾ॥

ਸਤਿਗੁਰੂ ਜੀ ਆਖਦੇ ਹਨ, ਭਾਈ ਮਨ ਦੇ ਪਿਛੇ ਲੱਗ ਕੇ ਤੁਰਨ ਵਾਲੇ ਮਨਮੁਖਾਂ ਦੇ ਅੰਦਰ ਅਗਿਆਨ ਦਾ ਹਨੇਰਾ ਪਸਰਿਆ ਰਹਿੰਦਾ ਹੈ, ਤਾਂ ਹੀ ਤਾਂ ਉਨ੍ਹਾਂ ਨੇ ਆਪਣੇ ਹਿਰਦੇ ਰੂਪੀ ਘਰ ਵਿਚ ਪਿਆ ਰਤਨ ਕਦੀ ਵੇਖਿਆ ਹੀ ਨਹੀਂ; ਅਗਿਆਨ ਦੇ ਹਨੇਰੇ ਵਿਚ ਭਟਕ ਰਹੇ ਉਹ ਮਨੁਖ ਮਾਇਆ ਰੂਪੀ ਭੁਅੰਗ ਭਾਵ ਸੱਪਣੀ ਦੇ ਮੋਹ ਦਾ ਜ਼ਹਿਰ ਚਖਦੇ ਹਨ ਅਤੇ ਉਹ ਗਵਾਰ ਕੁਰਾਹੇ ਪੈ ਕੇ ਆਤਮਕ ਮੌਤ 'ਤੇ ਮਰੇ ਰਹਿੰਦੇ ਹਨ।

ਹਰਿ ਹਰਿ ਸਾਧ ਮੇਲਹੁ ਜਨ ਨੀਕੇ
ਹਰਿ ਸਾਧੂ ਸਰਣਿ ਹਮ ਰਾਖਾ॥
ਹਰਿ ਅੰਗੀਕਾਰੁ ਕਰਹੁ ਪ੍ਰਭ ਸੁਆਮੀ
ਹਮ ਪਰੇ ਭਾਗਿ ਤੁਮ ਪਾਖਾ॥

ਗੁਰਦੇਵ ਜੀ ਬੇਨਤੀ ਕਰਦੇ ਹਨ, ਹੇ ਮੇਰੇ ਹਰੀ ਪਰਮਾਤਮਾ ਜੀਓ, ਮੇਰੇ ਪ੍ਰਭੂ ਪ੍ਰੀਤਮ ਜੀਓ, ਮੈਨੂੰ ਆਪਣੇ ਪਿਆਰੇ ਸੰਤ ਜਨਾਂ ਦਾ ਮਿਲਾਪ ਦੇਹ; ਮੇਰੇ ਪ੍ਰਭ ਜੀਓ ਮੈਨੂੰ ਗੁਰੂ ਦੀ ਸ਼ਰਣ ਵਿਚ ਰੱਖੋ। ਹੇ ਪ੍ਰਭੂ! ਮਿਹਰ ਕਰੋ, ਮੈਨੂੰ ਅਪਣੇ ਚਰਨਾਂ ਨਾਲ ਜੋੜ ਲਵੋ। ਪਿਤਾ ਜੀ, ਮੈਂ ਹੋਰ ਸਾਰੇ ਪਾਸੇ ਛੱਡ ਕੇ ਆਪ ਦੀ ਸ਼ਰਣ ਆ ਪਿਆ ਹਾਂ।

ਜਿਹਵਾ ਕਿਆ ਗੁਣ ਆਖਿ ਵਖਾਣਹ
ਤੁਮ ਵਡ ਅਗਮ ਵਡ ਪੁਰਖਾ॥
ਜਨ ਨਾਨਕ ਹਰਿ ਕਿਰਪਾ ਧਾਰੀ
ਪਾਖਾਣੁ ਡੁਬਤ ਹਰਿ ਰਾਖਾ॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਰਾਮਦਾਸ ਜੀ ਆਖਦੇ ਹਨ, ਹੇ ਪ੍ਰਭੂ! ਅਸੀਂ ਜੀਵ ਇਸ ਜੀਭਾ ਨਾਲ ਤੇਰੇ ਕਿਹੜੇ ਕਿਹੜੇ ਗੁਣਾਂ ਦਾ ਵਰਣਨ ਕਰੀਏ; ਤੂੰ ਅਗਮ ਭਾਵ ਅਪਹੁੰਚ ਹੈਂ, ਵੱਡਾ ਪੁਰਖ ਹੈਂ; ਜਨ ਨਾਨਕ ਹਰਿ ਕਿਰਪਾ ਧਾਰੀ, ਦਾਸ ਨਾਨਕ ਆਖਦਾ ਹੈ, ਜਿਸ ਮਨੁਖ 'ਤੇ ਪ੍ਰਭੂ ਨੇ ਕਿਰਪਾ ਕੀਤੀ, ਉਸ ਪਾਖਾਣ ਭਾਵ ਪੱਥਰ ਰੂਪੀ ਜੀਵ ਨੂੰ ਭਵਜਲ ਵਿਚ ਡੁਬਣ ਤੋਂ ਬਚਾ ਲਿਆ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਪੰਥਕ ਮਸਲੇ:ਅਕਾਲ ਤਖਤ ਸਾਹਿਬ ਦੇ ਨਾਮ ਖੁਲ੍ਹੀ ਚਿੱਠੀ

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਮੈਨੂੰ ਪਤਾ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੋਂ ਬਿਨਾ ਅਕਾਲ ਤਖਤ ਸਾਹਿਬ ਤੱਕ ਨਹੀਂ ਪਹੁੰਚਿਆ ਜਾ ਸਕਦਾ। ਪਰ ਵਰਤਮਾਨ ਵਿਚ ਜਥੇਦਾਰ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ (ਬਾਦਲ) ਦੇ ਜਥੇਦਾਰ ਹੋਣ ਦੇ ਬਾਵਜੂਦ ਜਥੇਦਾਰੀ ਦੀ ਪੰਥਕ-ਸਾਖ ਗੁਆ ਚੁਕੇ ਹਨ। ਇਸ ਹਾਲਤ ਵਿਚ ਜਥੇਦਾਰ ਤੱਕ ਪਹੁੰਚਣ ਦੀ ਥਾਂ ਅਕਾਲ ਤਖਤ ਸਾਹਿਬ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਸੌਦੇ ਸਾਧ ਵਾਲੀ ਘਟਨਾ, ਸਰਬੱਤ ਖਾਲਸੇ ਵਾਲੀ ਘਟਨਾ, ਬੇਅਦਬੀ ਵਾਲੀ ਘਟਨਾ ਅਤੇ ਸਿਆਸਤਦਾਨਾਂ ਨੂੰ ਤਨਖਾਹ ਲਾਉਣ ਵਾਲੀ ਘਟਨਾ, ਕਿਸੇ ਨਾ ਕਿਸੇ ਤਰ੍ਹਾਂ ਸਿਆਸਤ ਨਾਲ ਜੁੜੀ ਹੋਈ ਸੀ। ਇਸ ਤੋਂ ਪਹਿਲਾਂ ਕਿ ਕੂਕਿਆਂ ਵਾਲੀ ਘਟਨਾ ਵੀ ਸਿਆਸਤ ਦੇ ਢਹੇ ਚੜ੍ਹ ਜਾਏ, ਇਸ ਬਾਰੇ ਕੁਝ ਗੱਲਾਂ ਅਕਾਲ ਤਖਤ ਸਾਹਿਬ ਦੀ ਕਚਹਿਰੀ ਵਿਚ ਲਿਆਉਣਾ ਚਾਹੁੰਦਾ ਹਾਂ।

ਪਤਾ ਨਹੀਂ ਕਦੋਂ ਤੇ ਕਿਵੇਂ ਜਥੇਦਾਰੀ ਸੰਸਥਾ ਨੇ ਇਹ ਪ੍ਰਵਾਨ ਕਰ ਲਿਆ ਕਿ ਜਥੇਦਾਰੀ ਸੰਸਥਾ ਦਾ ਹੁਕਮ ਹੀ ਮੰਨਿਆ ਜਾ ਸਕਦਾ ਹੈ, ਕੋਈ ਸਵਾਲ ਨਹੀਂ ਕੀਤਾ ਜਾ ਸਕਦਾ। ਹਾਲਾਂਕਿ ਜਥੇਦਾਰ ਦੀ ਭੂਮਿਕਾ ਸੰਵਾਦ ਤੋਂ ਸਮਾਧਾਨ ਦੀ ਯਾਤਰਾ ਹੀ ਰਹੀ ਹੈ ਅਤੇ ਰਹਿਣੀ ਵੀ ਚਾਹੀਦੀ ਹੈ। ਕੋਤਾਹੀ ਤੋਂ ਦੋਸ਼-ਮੁਕਤੀ ਤੱਕ ਨਾਲ ਜੁੜੇ ਹੋਏ ਪੰਥਕ-ਨੈਤਿਕਤਾ ਦੇ ਸਿੱਖ-ਤਾਣਾਬਾਣੇ ਨਾਲ ਸਿੱਖ-ਭਾਈਚਾਰੇ ਵੱਲੋਂ ਅੰਦਰੂਨੀ ਮਸਲੇ ਵਾਂਗ ਨਿਭਿਆ ਜਾ ਰਿਹਾ ਸੀ। ਇਹੋ ਜਿਹੀਆਂ ਸੰਭਾਵਨਾਵਾਂ ਨੂੰ ਕਿਸੇ ਕਿਸਮ ਦੀ ਦਖਲਅੰਦਾਜ਼ੀ ਤੋਂ ਮੁਕਤ ਰੱਖਣ ਲਈ ਜਥੇਦਾਰੀ-ਅਹੁਦੇ ਨੂੰ 1925 ਦੇ ਗੁਰਦੁਆਰਾ ਐਕਟ ਦੇ ਘੇਰੇ ਵਿਚ ਨਹੀਂ ਆਉਣ ਦਿੱਤਾ ਗਿਆ ਸੀ। ਇਸ ਨਾਲ ਨਿਭਣ ਦੇ ਯਤਨ ਤਾਂ ਹੋਏ, ਪਰ ਇਸ ਵੇਲੇ ਵੱਖ ਵੱਖ ਕਾਰਨਾਂ ਕਰਕੇ ਜਥੇਦਾਰੀ ਸੰਸਥਾ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੀ ਦੋਹਰੀ ਗੁਲਾਮੀ ਹੰਢਾਉਣ ਲਈ ਮਜਬੂਰ ਹੈ। ਹੁਣੇ ਹੀ ਦਮਦਮਾ ਸਾਹਿਬ ਦੇ ਜਥੇਦਾਰ ਨੂੰ ਕਾਰਜਕਾਰੀ ਜਥੇਦਾਰ ਲਾਇਆ ਗਿਆ ਹੈ। ਲਾਉਣ ਤੇ ਲੱਗਣ ਵਿਚ ਫਰਕ ਕੌਣ ਕਰੇ? ਇਹ ਵੱਖਰਾ ਮੁੱਦਾ ਹੈ ਅਤੇ ਇਸ ਬਾਰੇ ਜੇ ਅੰਦਰ ਬਹਿ ਕੇ ਸੋਚਿਆ ਜਾ ਸਕਦਾ ਹੋਵੇ ਤਾਂ ਸੋਚਣਾ ਜ਼ਰੂਰ ਚਾਹੀਦਾ ਹੈ।

ਮੇਰੇ ਸਾਹਮਣੇ ਇਸ ਵੇਲੇ ਮਸਲਾ ਕੂਕਾ ਆਗੂ ਠਾਕੁਰ ਦਲੀਪ ਸਿੰਘ ਵਲੋਂ ਹਵਨ ਕਰਵਾਉਣ ਅਤੇ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਨਾਲ ਜੁੜਿਆ ਹੋਇਆ ਹੈ। ਇਸ ਨੂੰ ਜਿਸ ਸ਼ਿੱਦਤ ਅਤੇ ਫੁਰਤੀ ਨਾਲ ਵਿਚਾਰ ਅਧੀਨ ਲਿਆਂਦਾ ਜਾ ਰਿਹਾ ਹੈ, ਉਸ ਤਰ੍ਹਾਂ ਅਕਾਲੀ ਆਗੂਆਂ ਵਲੋਂ ਹਵਨ ਕਰਾਏ ਜਾਣ ਦਾ ਮਸਲਾ ਕਿਉਂ ਨਹੀਂ ਵਿਚਾਰਿਆ ਗਿਆ ਸੀ? ਸਿਆਸੀ ਸਿੱਖਾਂ ਵਲੋਂ ਮਰਿਆਦਾ ਦਾ ਕਿੰਨਾ ਕੁ ਮਾਣ ਰੱਖਿਆ ਜਾਂਦਾ ਹੈ, ਇਹ ਕਿਸੇ ਤੋਂ ਗੁੱਝਾ ਨਹੀਂ ਹੈ। ਸੌਦਾ ਸਾਧ ਦੀ ਹਿੰਦੀ ਵਾਲੀ ਚਿੱਠੀ 'ਤੇ 'ਪਹੁੰਚ/ਪ੍ਰਾਪਤ' (Reached) ਲਿਖਣ ਦੀ ਥਾਂ 'ਪ੍ਰਵਾਨ' (Accepted) ਕਿਸ ਨੇ ਲਿਖਵਾਉਣ ਵੇਲੇ ਅਨਪੜ੍ਹਤਾ ਦਾ ਨਾਜਾਇਜ਼ ਫਾਇਦਾ ਉਠਾਇਆ ਸੀ? ਸਿਆਸੀ ਦਖਲਅੰਦਾਜ਼ੀ ਨਾਲ ਝੰਬੇ ਹੋਏ ਜਥੇਦਾਰ ਨੇ ਇਹ ਨੋਟਿਸ ਕਦੇ ਕਿਉਂ ਨਹੀਂ ਲਿਆ ਕਿ ਸਿਆਸਤਦਾਨ, ਸਿੱਖ ਸੰਸਥਾਵਾਂ ਦਾ ਅਪਹਰਣ ਕਰਕੇ ਵੀ ਦਖਲ ਨਾ ਦੇਣ ਦੀ ਸਿਆਸਤ ਕਰੀ ਜਾ ਰਹੇ ਹਨ। ਇਸ ਤਰ੍ਹਾਂ ਜਥੇਦਾਰੀ ਸੰਸਥਾ, ਗੁਰਦੁਆਰਾ ਪ੍ਰਬੰਧਨ ਸੰਸਥਾ ਅਤੇ ਸਿਆਸਤ ਦੀ ਸਿੱਖ ਸੰਸਥਾ, ਇਕ ਦੂਜੇ ਨੂੰ ਫੇਲ੍ਹ ਕਰਨ ਵਾਲੇ ਰਾਹ ਕਿਉਂ ਪਏ ਹੋਏ ਹਨ? ਕਿਸੇ ਨਾ ਕਿਸੇ ਨੂੰ ਤਾਂ ਇਹੋ ਜਿਹੇ ਪ੍ਰਸ਼ਨਾਂ ਬਾਰੇ ਸੋਚਣਾ ਹੀ ਪਵੇਗਾ।

ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਸੰਗਤੀ ਸੰਸਥਾ ਦਾ ਹੀ ਅੰਮ੍ਰਿਤ ਫਲ ਖਾਲਸਾ ਸੰਸਥਾ ਸੀ ਅਤੇ ਹੈ। ਜਿਵੇਂ ਜਿਵੇਂ ਪੰਥਕਤਾ ਦੀ ਆੜ ਵਿਚ ਸਿੱਖੀ ਨਾਲ ਜੁੜੇ ਹੋਇਆਂ ਨੂੰ ਤੋੜ ਤੋੜ ਸੁੱਟੀ ਜਾ ਰਹੇ ਹਾਂ, ਉਸ ਨਾਲ ਸਿੱਖ ਹਿਤੈਸ਼ੀਆਂ ਦਾ ਘੇਰਾ ਸੁੰਗੜਦਾ ਜਾ ਰਿਹਾ ਹੈ। ਸਿੱਖੀ ਵਿਚ ਦੂਜਿਆਂ ਨੂੰ ਨਾਲ ਲੈ ਕੇ ਤੁਰਨ ਦੀਆਂ ਸੰਭਾਵਨਾਵਾਂ ਨੂੰ ਪਹਿਲਾਂ ਹੀ ਬਹੁਤ ਸੱਟ ਵੱਜ ਚੁਕੀ ਹੈ। ਇਸ ਨਾਲ ਸਿੱਖ ਭਾਈਚਾਰੇ ਨੂੰ ਸ਼ੀਆ ਅਤੇ ਸੁੰਨੀਆਂ ਵਾਂਗ ਵੰਡੇ ਜਾਣ ਦਾ ਰਾਹ ਪੱਧਰਾ ਹੁੰਦਾ ਜਾ ਰਿਹਾ ਹੈ। 1925 ਦੇ ਗੁਰਦੁਆਰਾ ਐਕਟ ਨੇ ਕੀ ਦਿੱਤਾ, ਇਹ ਵਿਚਾਰਨਾ ਚਾਹੀਦਾ ਹੈ। ਪਰ ਗੁਰਦੁਆਰਾ ਐਕਟ ਨਾਲ ਕੀ ਗਵਾਇਆ? ਇਸ ਬਾਰੇ ਵੀ ਜ਼ਰੂਰ ਸੋਚਣਾ ਚਾਹੀਦਾ ਹੈ। ਉਦਾਸੀਆਂ ਨੂੰ ਪਹਿਲਾਂ ਅਸੀਂ ਪਰ੍ਹਾਂ ਧੱਕਿਆ ਅਤੇ ਫਿਰ ਉਹ ਆਪਣੇ ਡੇਰਿਆਂ ਦੀ ਮਾਲਕੀ ਬਚਾਉਣ ਲਈ ਆਪ ਹੀ ਦੂਰ ਹੋ ਗਏ। ਨਿਰਮਲਿਆਂ ਨੂੰ ਇਸੇ ਰਾਹ ਪਾਉਣ ਵਾਲੇ ਵੀ ਅਸੀਂ ਆਪ ਹੀ ਹਾਂ। ਬੰਦਈਆਂ ਨੂੰ ਕਿਸ ਨੇ ਦੂਰ ਕੀਤਾ? ਪੰਥਕਤਾ ਦਾ ਸ਼ਿਕੰਜਾ ਪੂਰੀ ਤਰ੍ਹਾਂ ਕੱਸਾਂਗੇ ਤਾਂ 82% ਸਿੱਖ, ਮੁੱਖਧਾਰਾ/ਕੇਂਦਰ ਵਿਚੋਂ ਨਿਕਲ ਕੇ ਹਾਸ਼ੀਏ 'ਤੇ ਚਲੇ ਜਾਣਗੇ। ਨਿਰੰਕਾਰੀਆਂ ਤੇ ਰਾਧਾਸਵਾਮੀਆਂ ਦੀ ਉਮਤ ਇਹੀ ਸਿੱਖ ਤਾਂ ਹੋ ਗਏ ਹਨ। ਜੋ ਇਨ੍ਹਾਂ ਕੋਲ ਨਹੀਂ ਜਾ ਸਕਦੇ, ਉਹ ਸੰਤਾਂ ਦੇ ਡੇਰਿਆਂ 'ਤੇ ਚਲੇ ਗਏ ਹਨ। ਸਹਿਜਧਾਰੀਆਂ ਨੂੰ ਕਾਨੂੰਨੀ ਤੌਰ 'ਤੇ ਕੱਢਣ ਦੀ ਲੋੜ ਸਿੱਖ ਸਿਆਸਤਦਾਨ ਦੀ ਸੀ ਜਾਂ ਸਜਿਹਧਾਰੀ ਸਿਆਸਤ ਕਰਨ ਵਾਲੇ ਡਾ. ਰਾਣੂ ਵਰਗਿਆਂ ਦੀ ਸੀ, ਪਰ ਇਹ ਹੋ ਗਿਆ ਹੈ ਤਾਂ ਇਸ ਦਾ ਸਿਆਸੀ ਲਾਹਾ ਆਰ.ਐਸ.ਐਸ. ਹੀ ਲਵੇਗੀ ਕਿਉਂਕਿ ਉਹ ਪੈਦਾ ਹੋਈ ਸਪੇਸ ਨੂੰ ਆਪਣੇ ਹੱਕ ਵਿਚ ਵਰਤਣ ਲਈ ਬਹੁਤ ਮਿਹਨਤ ਕਰਦੇ ਹਨ। ਕਦੇ ਸੋਚਣਾ ਵੀ ਚਾਹੀਦਾ ਹੈ ਕਿ ਸਿੱਖੀ ਹਰ ਕਿਸੇ ਨੂੰ ਨਾਲ ਜੋੜਨ ਦਾ ਨਾਮ ਸੀ ਅਤੇ ਪੰਥਕਤਾ ਤੋੜ ਤੋੜ ਕੇ ਸੁੱਟਣ ਵਾਲੇ ਰਾਹ ਕਿਉਂ ਪੈਂਦੀ ਜਾ ਰਹੀ ਹੈ?

ਇਸੇ ਦੀ ਨਿਰੰਤਰਤਾ ਵਿਚ ਕੂਕਾ ਆਗੂ ਠਾਕੁਰ ਦਲੀਪ ਸਿੰਘ ਦੀ ਗੱਲ ਕਰਨੀ ਚਾਹੁੰਦਾ ਹਾਂ। ਮੇਰੀ ਜਾਚੇ ਕੂਕਿਆਂ ਦਾ ਸਿੱਖ ਭਾਈਚਾਰੇ ਨੂੰ ਕਦੇ ਕੋਈ ਨੁਕਸਾਨ ਨਹੀਂ ਹੋਇਆ ਕਿਉਂਕਿ ਬਾਬਾ ਰਾਮ ਸਿੰਘ ਦੇ ਵੇਲੇ ਤੋਂ ਲੈ ਕੇ ਹੀ ਸਿੱਖ ਨਾਬਰੀ ਅਤੇ ਸਿੱਖ ਅਧਿਆਤਮਕਤਾ ਨਾਲ ਕੂਕਿਆਂ ਦੀ ਪੀਡੀ ਗੰਢ ਰਹੀ ਹੈ। ਮੇਰੀ ਪੜ੍ਹਤ ਵਿਚ ਕੂਕੇ ਡੇਰੇਦਾਰੀ ਦੀ ਨਿਰੰਤਰਤਾ ਵਿਚ ਰਹੇ ਹਨ ਅਤੇ ਪੰਥਕਤਾ ਨਾਲ ਟਕਰਾਉ ਵਿਚ ਆਉਣ ਤੋਂ ਸਦਾ ਬਚਦੇ ਰਹੇ ਹਨ। ਕੂਕਾ ਡੇਰੇਦਾਰੀ ਵਿਚ ਇਹੋ ਜਿਹਾ ਸਭਿਆਚਾਰ ਪੈਦਾ ਹੋ ਗਿਆ ਹੈ, ਜੋ ਪੰਥਕਤਾ ਦੇ ਮੇਚ ਨਹੀਂ ਆ ਸਕਦਾ। ਜੋ ਪੰਥਕਤਾ ਦੇ ਮੇਚ ਆ ਹੀ ਨਹੀਂ ਸਕਦਾ, ਉਸ ਨੂੰ ਪੰਥਕਤਾ ਵਿਚ ਕੱਸਣ ਦੀ ਕੋਸ਼ਿਸ਼ ਕਿਉਂ ਕਰ ਰਹੇ ਹਾਂ? ਕੂਕਾ ਲੀਡਰਸ਼ਿਪ ਪੰਥਕਤਾ ਨਾਲ ਟਕਰਾਉਣ ਦੇ ਕਦੇ ਵੀ ਹੱਕ ਵਿਚ ਨਹੀਂ ਸੀ। ਪਰ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਜੇ ਕੂਕਾ ਭਾਈਚਾਰੇ ਨੂੰ ਪੰਥਕਤਾ ਨਾਲ ਟਕਰਾਉਣ ਲਈ ਮਜਬੂਰ ਕੀਤਾ ਗਿਆ ਤਾਂ ਕੂਕਾ ਲੀਡਰਸ਼ਿਪ ਨੂੰ ਅੱਗੇ ਲੱਗਣਾ ਹੀ ਪਵੇਗਾ। ਕੂਕਿਆਂ ਨੂੰ ਹੱਥ ਪਾਉਣ ਲੱਗਿਆਂ ਇਹ ਨਹੀਂ ਭੁਲਣਾ ਚਾਹੀਦਾ ਕਿ ਅਸੀਂ ਨਿਰੰਕਾਰੀਆਂ, ਆਸ਼ੂਤੋਸੀਆਂ ਅਤੇ ਸਰਸਿਆਂ ਦਾ ਕੀ ਕਰ ਲਿਆ ਹੈ? ਜਥੇਦਾਰੀ ਸੰਸਥਾ ਤਾਂ ਸਪੋਕਸਮੈਨ ਅਖਬਾਰ ਦੇ ਮਾਲਕ ਦਾ ਕੁਝ ਨਹੀਂ ਕਰ ਸਕੀ? ਇਸ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਿੱਖਾਂ ਦੀ ਸ਼ਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਕਰਕੇ ਹੈ ਅਤੇ ਨਿਰਸੰਦੇਹ ਰਹਿਤ ਮਰਿਆਦਾ ਕਰਕੇ ਨਹੀਂ ਹੈ।

ਸਿੱਖ ਭਾਈਚਾਰਾ, ਇਕ ਸਭਿਆਚਾਰ ਵਿਚੋਂ ਨਿਕਲ ਕੇ ਬਹੁ ਸਭਿਆਚਾਰ ਵਿਚ ਪਰਵੇਸ਼ ਕਰ ਚੁਕਾ ਹੈ ਅਤੇ ਇਸ ਨੂੰ ਪਿੱਛਲਪੈਰੀਂ ਨਹੀਂ ਤੋਰਿਆ ਜਾ ਸਕਦਾ। ਇਸ ਨਾਲ ਜਿਸ ਤਰ੍ਹਾਂ ਸਿੱਖ ਹੋ ਕੇ ਨਿਭਿਆ ਜਾ ਸਕਦਾ ਹੈ, ਉਸ ਤਰ੍ਹਾਂ ਪੰਥਕ ਹੋ ਕੇ ਨਹੀਂ ਨਿਭਿਆ ਜਾ ਸਕਦਾ। ਤਾਂ ਤੇ ਠਾਕੁਰ ਦਲੀਪ ਸਿੰਘ ਵਰਗੇ ਮਸਲੇ ਨੂੰ ਸੰਭਲ ਕੇ ਹੱਥ ਪਾਉਣਾ ਚਾਹੀਦਾ ਹੈ। ਬਾਬਾ ਜਗਜੀਤ ਸਿੰਘ ਤੋਂ ਬਾਬਾ ਬੀਰ ਸਿੰਘ ਜਿਸ ਤਰ੍ਹਾਂ ਸਿੱਖੀ ਦੇ ਵੱਧ ਨੇੜੇ ਸੀ, ਉਸੇ ਤਰ੍ਹਾਂ ਬਾਬਾ ਦਲੀਪ ਸਿੰਘ, ਬਾਬਾ ਉਦੈ ਸਿੰਘ ਨਾਲੋਂ ਸਿੱਖੀ ਦੇ ਵੱਧ ਨੇੜੇ ਹੈ। ਉਨ੍ਹਾਂ ਦੋਹਾਂ ਵਿਚਕਾਰ ਅਕਾਲ ਤਖਤ ਸਾਹਿਬ ਨੂੰ ਧਿਰ ਨਹੀਂ ਬਣਾਉਣਾ ਚਾਹੀਦਾ ਅਤੇ ਨਤੀਜਿਆਂ 'ਤੇ ਨਿਗਾਹ ਰੱਖਣੀ ਚਾਹੀਦੀ ਹੈ।

ਅਜਿਹੇ ਮਸਲੇ ਨਾਲ ਸਬੰਧਤ ਇਕ ਘਟਨਾ ਮੇਰੀ ਯਾਦ ਵਿਚ ਇਸ ਤਰ੍ਹਾਂ ਟਿਕੀ ਹੋਈ ਹੈ। ਬਾਬਾ ਪ੍ਰਤਾਪ ਸਿੰਘ ਆਪਣੇ ਅਨੁਆਈਆਂ ਸਮੇਤ ਜਿਸ ਵੇਲੇ ਖਾਲਸਾ ਕਾਲਜ, ਅੰਮ੍ਰਿਤਸਰ ਆਏ ਸਨ, ਉਸ ਵੇਲੇ ਪ੍ਰਿੰਸੀਪਲ ਤੇਜਾ ਸਿੰਘ, ਭਾਈ ਜੋਧ ਸਿੰਘ, ਪ੍ਰੋ. ਸਾਹਿਬ ਸਿੰਘ ਅਤੇ ਪ੍ਰਿੰਸੀਪਲ ਨਿਰੰਜਨ ਸਿੰਘ ਵਰਗੇ ਬਹੁਤ ਸਾਰੇ ਜਾਗੇ ਹੋਏ ਸਿੱਖ ਉਥੇ ਹਾਜ਼ਰ ਸਨ। ਸਾਰਿਆਂ ਨੇ ਰਲ ਕੇ ਬਾਬਾ ਜੀ ਨੂੰ ਬੇਨਤੀ ਕੀਤੀ ਸੀ ਕਿ ਜੇ ਤੁਸੀਂ ਆਪਣੇ ਆਪ ਨੂੰ ਗੁਰੂ ਨਹੀਂ ਸਮਝਦੇ ਤਾਂ ਇਹ ਰੇੜਕਾ ਮੁਕਾ ਕਿਉਂ ਨਾ ਦੇਈਏ? ਉਹ ਸਟੇਜ ਤੋਂ ਇੰਨਾ ਕਹਿਣਾ ਮੰਨ ਗਏ ਕਿ ਜੋ ਸਟੇਜ ਸਕੱਤਰ ਕਹਿੰਦੇ ਹਨ, ਉਸ ਨਾਲ ਉਹ ਸਹਿਮਤ ਹਨ। ਜਦੋਂ ਇਹ ਮੌਕਾ ਪੈਦਾ ਹੋਇਆ ਤਾਂ ਨਿਧਾਨ ਸਿੰਘ ਆਲਮ ਨੇ ਉਚੀ ਉਚੀ ਬੋਲਦਿਆਂ ਨੱਚਣਾ ਸ਼ੁਰੂ ਕਰ ਦਿੱਤਾ, "ਸਤਿਗੁਰਾ! ਸਾਨੂੰ ਜਿਉਂਦਿਆਂ ਨੂੰ ਕਿਉਂ ਮਾਰਦੇ ਹੋ? ਤੁਹਾਨੂੰ ਕੀ ਪਤਾ ਹੈ ਕਿ ਤੁਸੀਂ ਕੀ ਹੋ?" ਕੂਕੇ ਨੱਚਦੇ ਰਹੇ ਤੇ ਗੱਲ ਉਥੇ ਦੀ ਉਥੇ ਰਹਿ ਗਈ। ਸਮਾਂ ਬਦਲ ਗਿਆ ਹੈ, ਪਰ ਸਥਿਤੀ ਨਹੀਂ ਬਦਲੀ। ਕੂਕੇ ਵੈਸੇ ਹੀ ਦੁਫਾੜ ਹੋ ਕੇ ਕਮਜ਼ੋਰ ਹੋਣ ਵਾਲੇ ਰਾਹ ਪੈ ਗਏ ਹਨ।

ਕੂਕਿਆਂ ਦੀਆਂ ਲੜਾਈਆਂ 'ਤੇ ਸੁਖਜੀਤ ਨੇ ਕੁਝ ਕਹਾਣੀਆਂ ਲਿਖੀਆਂ ਸਨ ਅਤੇ ਉਸ ਨਾਲ ਵੀ ਇਹੀ ਸਥਾਪਤ ਹੁੰਦਾ ਸੀ ਕਿ ਕੂਕਾ ਵਿਸ਼ਵਾਸ, ਡੇਰੇਦਾਰੀ ਤੱਕ ਸਿਮਟ ਗਿਆ ਹੈ ਅਤੇ ਸਾਰੇ ਝਗੜੇ ਜਾਇਦਾਦ ਦੀ ਮਾਲਕੀ ਦੇ ਹਨ। ਕੂਕਿਆਂ ਨੇ ਸਿੱਖ ਸੰਗੀਤ ਅਤੇ ਹਾਕੀ ਦੇ ਖੇਤਰ ਵਿਚ ਵੱਡੀਆਂ ਮੱਲਾਂ ਮਾਰੀਆਂ ਹਨ ਅਤੇ ਇਸ ਨਾਲ ਸਿੱਖਾਂ ਦੀ ਸ਼ਾਨ ਵਿਚ ਵਾਧਾ ਹੀ ਹੋਇਆ ਹੈ। ਸਾਡੇ ਕੋਲ ਸਿੱਖ ਵਿਰਾਸਤ ਵਿਚ ਜਾਇਦਾਦਾਂ ਦੇ ਝਗੜਿਆਂ ਨੂੰ ਲੈ ਕੇ ਮਿਸਲ ਮਾਡਲ ਪਿਆ ਹੈ। ਕੂਕਾ ਮਿਸਲ, ਨਿਰੰਕਾਰੀ ਮਿਸਲ, ਨਿਰਮਲਾ ਮਿਸਲ, ਰਾਧਾਸਵਾਮੀ ਮਿਸਲ ਅਤੇ ਉਦਾਸੀ ਮਿਸਲ ਵਰਗੇ ਮਿਸਲ ਮਾਡਲਾਂ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਰਲ-ਬੈਠ ਕੇ ਹੱਲ ਹੋ ਸਕਦੀਆਂ ਹਨ। ਇਹ ਮਾਡਲ ਬੇਸ਼ੱਕ ਸਿਆਸੀ ਸਨ, ਪਰ ਇਸ ਵੇਲੇ ਇਸ ਮਾਡਲ ਨੂੰ ਸਿਆਸਤ ਮੁਕਤ ਰੱਖ ਕੇ ਹੀ ਵਰਤਿਆ ਜਾਣਾ ਚਾਹੀਦਾ ਹੈ। ਇਸ ਮਾਡਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਰੱਖਣ ਵਾਲੀਆਂ ਧਾਰਮਿਕ ਸੰਸਥਾਵਾਂ ਨੂੰ ਨਾਲ ਲੈ ਕੇ ਤੁਰਿਆ ਜਾ ਸਕਦਾ ਹੈ।

ਇਹ ਸੁਝਾਅ ਹਨ ਅਤੇ ਇਨ੍ਹਾਂ ਨੂੰ ਧਿਆਨ ਵਿਚ ਰੱਖ ਕੇ ਜੇ ਸਿੱਖ ਸੰਵਾਦ ਸ਼ੁਰੂ ਹੋ ਸਕੇ ਤਾਂ ਵਰਤਮਾਨ ਦੇ ਹਾਣ ਦਾ ਕੋਈ ਨਾ ਕੋਈ ਹੱਲ ਨਿਕਲ ਸਕਦਾ ਹੈ। ਇਹ ਨਹੀਂ ਭੁਲਣਾ ਚਾਹੀਦਾ ਕਿ ਗੁਰੂ ਜੀ ਮਿਹਰ ਕਰਕੇ ਕਿਸੇ ਵੀ ਸਿੱਖ ਤੋਂ ਕੋਈ ਵੀ ਕੰਮ ਲੈ ਸਕਦੇ ਹਨ। ਇਹੋ ਜਿਹੀ ਸੁੱਚਮ ਦਾ ਬਿਰਦ ਪਾਲਣ ਦੀ ਨੈਤਿਕਤਾ ਸੰਸਥਾ ਪ੍ਰਬੰਧਕਾਂ ਨੂੰ ਨਿਭਾਉਣੀ ਚਾਹੀਦੀ ਹੈ।

*-ਬਲਕਾਰ ਸਿੰਘ*
*ਪ੍ਰੋਫੈਸਰ ਆਫ ਐਮੀਨੈਂਸ*
*ਪਟਿਆਲਾ।*

**ਪੰਥਕ ਮਸਲੇ**

# ਜਰਮਨੀ ਦੇ ਗੁਰਦੁਆਰੇ ਵਿਚ ਸਿੱਖਾਂ ਦੀ ਲੜਾਈ

ਵਟਸ ਐਪ ਅਤੇ ਫੇਸ ਬੁਕ ਨੇ ਸਾਰੀ ਦੁਨੀਆਂ ਵਿਚ ਲਾਲਾ ਲਾਲਾ ਕਰ ਦਿਤੀ ਹੈ ਕਿ ਜਰਮਨੀ ਦੇ ਫਰੈਂਕਫਰਟ ਸ਼ਹਿਰ ਦੇ ਸਭ ਤੋਂ ਵੱਡੇ ਗੁਰਦੁਆਰੇ ਸਿੱਖ ਸੈਂਟਰ ਅੰਦਰ 15 ਮਈ ਨੂੰ ਸਿੱਖਾਂ ਦੇ ਦੋ ਧੜਿਆਂ ਵਿਚ ਜੰਮ ਕੇ ਹੋਈ ਲੜਾਈ ਵਿਚ ਦਸਤਾਰਾਂ ਵੀ ਲੱਥੀਆਂ, ਸਿਰ ਵੀ ਪਾਟੇ ਅਤੇ ਅੱਧੀ ਦਰਜਨ ਸਿੱਖਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਵੀ ਲੈ ਲਿਆ। ਪਰ ਸਾਡੀ ਕੌਮ ਨੂੰ ਚਿੰਤਾ ਇਹ ਪਈ ਹੋਈ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਹੈ ਕਿ ਪੁਲਿਸ ਸਣੇ ਜੁੱਤੀਆਂ ਗੁਰਦੁਆਰੇ ਅੰਦਰ ਕਿਉਂ ਆਈ ਅਤੇ ਗੁਰੂ ਘਰ ਦੀ ਮਰਿਆਦਾ ਭੰਗ ਕਿਉਂ ਹੋਈ? ਵਾਹ ਨੀ ਮੇਰੀਏ ਭੋਲੀਏ ਕੌਮੇ, ਤੇਰੀ ਸੋਚਣ ਸ਼ਕਤੀ ਨੂੰ ਵੀ ਖੋਰਾ ਲੱਗ ਗਿਆ ਲਗਦਾ ਹੈ। ਭਲਾ ਕੋਈ ਪੁਛੇ ਕਿ ਪੁਲਿਸ ਆਪਣੇ ਆਪ ਹੀ ਆ ਗਈ ਸੀ ਜਾਂ ਪੁਲਿਸ ਨੂੰ ਸੁਪਨਾ ਆਇਆ ਸੀ ਕਿ ਸਿੱਖਾਂ ਦੇ ਧਰਮ ਅਸਥਾਨ ਵਿਚ ਅੱਜ ਫਿਰ ਦੋ-ਦੋ ਹੱਥ ਹੋਣਗੇ ਤੇ ਅਸੀਂ ਵੀ ਚੱਲ ਕੇ ਇਨ੍ਹਾਂ ਦਾ ਧਾਰਮਿਕ ਮੈਚ ਵੇਖ ਆਈਏ! ਪਰ ਹਾਂ ਇਕ ਗੱਲ ਜ਼ਰੂਰ ਹੈ ਕਿ ਜਰਮਨੀ ਹੋਵੇ ਜਾਂ ਅਮਰੀਕਾ, ਪੁਲਿਸ ਦੇ ਕੰਨ ਜ਼ਰੂਰ ਖੜ੍ਹੇ ਰਹਿੰਦੇ ਹਨ ਕਿ ਸਿੱਖਾਂ ਦੇ ਗੁਰਦੁਆਰੇ ਵਿਚ ਦੋ ਚਾਰ ਹਫਤੇ ਖੈਰ-ਸੁਖ ਨਾਲ ਲੰਘ ਜਾਣ, ਇਹ ਕਿਵੇਂ ਹੋ ਸਕਦਾ ਹੈ?


ਸਿੱਖ ਕੌਮ ਜੀਓ, ਸਾਡੇ ਧਰਮ ਅਸਥਾਨਾਂ ਦੀ ਬੇਅਦਬੀ ਅਮਰੀਕਾ-ਜਰਮਨੀ ਦੀ ਪੁਲਿਸ ਜਾਂ ਕਾਨੂੰਨ ਨਹੀਂ ਕਰ ਰਹੇ, ਸਿੱਖਾਂ ਨੂੰ ਤਾਂ ਗੋਲਕਾਂ ਦੇ ਅਫਾਰੇ ਚੜ੍ਹੇ ਪਏ ਹਨ। ਮਾਇਆ ਅਤੇ ਚੌਧਰ ਦੀ ਭੁਖ ਨੇ ਸਿੱਖਾਂ ਨੂੰ ਆਤਮਕ ਤੌਰ 'ਤੇ ਮਾਰ ਛੱਡਿਆ ਹੈ, ਸਾਡੀਆਂ ਜ਼ਮੀਰਾਂ ਮਰ ਚੁਕੀਆਂ ਹਨ। ਦੋ ਧੜੇ, ਭਾਵ ਇੱਕ ਕਾਬਜ ਧੜਾ ਅਤੇ ਦੂਜਾ ਹਾਰਿਆ ਹੋਇਆ ਧੜਾ-ਹਰ ਵੇਲੇ ਲਲਕਾਰੇ ਮਾਰਦੇ ਰਹਿੰਦੇ ਹਨ ਕਿ ਜਿੱਤੇ ਹੋਏ ਧੜੇ ਨੂੰ ਕੱਢ ਕੇ ਆਪ ਕਿਵੇਂ ਕਾਬਜ ਹੋਈਏ ਅਤੇ ਜਾਂ ਸਾਨੂੰ ਕੱਢ ਕੇ ਇਹ ਧੜਾ ਕਿਵੇਂ ਕਾਬਜ ਹੋ ਗਿਆ ਹੈ। ਸ਼ਰਮ ਕਿਸ ਨੂੰ ਆਉਂਦੀ ਹੈ? ਆਮ ਸੰਗਤ ਨੂੰ। ਚੜ੍ਹਾਵਾ ਕਿਥੋਂ ਆਉਂਦਾ ਹੈ? ਆਮ ਸੰਗਤ ਤੋਂ। ਸਮਾਗਮ ਕਿਨ੍ਹਾਂ ਦੇ ਹੁੰਦੇ ਹਨ? ਆਮ ਸੰਗਤ ਦੇ। ਗੁਰੂ ਦਾ ਡਰ ਕਿਸ ਨੂੰ ਹੈ? ਆਮ ਸੰਗਤ ਨੂੰ, ਤਾਂ ਫਿਰ ਇਹ ਲੋਕ ਕੌਣ ਹਨ ਜੀ?

ਇਨ੍ਹਾਂ ਦੀ ਸ਼ਰਮ ਕਿਹੜੇ ਖੂਹ ਵਿਚ ਜਾ ਪਈ ਹੈ, ਇਹ ਬਹਿਰੂਪੀਏ ਕੌਣ ਹਨ ਅਤੇ ਕਿਥੋਂ ਆਏ ਹਨ? ਹੈ ਕੋਈ ਜੋ ਇਹ ਦਸ ਸਕਦਾ ਹੈ?

ਆਓ, ਜਰਾ ਦੂਜੇ ਪਾਸੇ ਵੀ ਝਾਤ ਮਾਰਦਿਆਂ ਸਿੱਖ ਕੌਮ ਦੇ ਮਹਾਨ ਪ੍ਰਚਾਰਕ ਭਾਈ ਪੰਥਪ੍ਰੀਤ ਸਿੰਘ ਦੀ ਵੀ ਗੱਲ ਕਰ ਲਈਏ। ਗੁਰਦੁਆਰਾ ਸਾਹਿਬ ਅੰਦਰ ਸਿੱਖਾਂ ਦੀਆਂ ਦਸਤਾਰਾਂ ਪੈਰਾਂ ਵਿਚ ਰੁਲ ਰਹੀਆਂ ਸਨ, ਸਿਰਾਂ ਵਿਚੋਂ ਖੂਨ ਵਗ ਰਿਹਾ ਸੀ, ਪਰ ਭਾਈ ਸਾਹਿਬ ਪਹਿਲੀ ਮੰਜ਼ਿਲ 'ਤੇ ਆਪਣੇ ਮੁਖਾਰਬਿੰਦ ਤੋਂ ਸੰਗਤਾਂ ਨੂੰ ਗੁਰਬਾਣੀ ਦਾ ਕਥਾ ਕੀਰਤਨ ਸਰਵਣ ਕਰਵਾ ਰਹੇ ਸਨ। ਕੀ ਗੁਰੂ ਘਰ ਦੇ ਕੀਰਤਨੀਆਂ ਜਾਂ ਪ੍ਰਚਾਰਕਾਂ ਦੀ ਇਹੋ ਹੀ ਰਹੁ ਰੀਤ ਹੈ ਅਤੇ ਭਾਈ ਸਾਹਿਬ ਕਿਹੜੀ ਗੁਰ ਮਰਿਆਦਾ ਦਾ ਪਾਲਣ ਕਰ ਕੇ ਆਪਣਾ ਕਿਹੜਾ ਧਰਮ ਨਿਭਾ ਰਹੇ ਸਨ? ਜਦ ਕਿ ਦੂਜੀ ਧਿਰ ਵਲੋਂ ਭਾਈ ਸਾਹਿਬ ਦੇ ਬੋਲਣ ਦਾ ਵਿਰੋਧ ਕੀਤਾ ਜਾ ਰਿਹਾ ਸੀ। ਪ੍ਰਬੰਧਕਾਂ ਨੇ ਪੁਲਿਸ ਵੀ ਭਾਈ ਸਾਹਿਬ ਦੇ ਬੋਲਣ ਤੋਂ ਪਹਿਲਾਂ ਹੀ ਬੁਲਾ ਰਖੀ ਸੀ ਤਾਂ ਭਾਈ ਪੰਥਪ੍ਰੀਤ ਸਿੰਘ ਬੋਲੇ ਹੀ ਕਿਉਂ?

ਗੱਲ ਤਾਂ ਦੋਹਾਂ ਧੜਿਆਂ ਦੇ ਹੰਕਾਰ ਦੀ ਹੀ ਸਿਰੇ ਚੜ੍ਹੀ। ਸ਼ਬਦ ਗੁਰੂ ਦੇ ਸਤਿਕਾਰ ਅਤੇ ਮਰਿਆਦਾ ਦੀਆਂ ਤਾਂ ਭਾਈ ਸਾਹਿਬ ਨੇ ਵੀ ਧੱਜੀਆਂ ਉਡਾ ਕੇ ਰੱਖ ਦਿੱਤੀਆਂ, ਪਰ ਸਾਡੀ ਕੌਮ ਦੇ ਭੋਲੇ ਲੋਕ ਅਜੇ ਵੀ ਬਾਹਰਲੇ ਮੁਲਕਾਂ ਦੀ ਪੁਲਿਸ ਨੂੰ ਹੀ ਪਾਣੀ ਪੀ ਪੀ ਕੇ ਕੋਸੀ ਜਾ ਰਹੇ ਹਨ।

ਲਓ ਜੀ, ਸਾਡੀ ਕੌਮ ਦੀ ਇੱਕ ਹੋਰ ਖਬਰ ਵੀ ਆ ਗਈ ਜੇ ਕਿ ਇਟਲੀ ਦੀ ਸਰਕਾਰ ਨੇ ਸਿੱਖਾਂ ਦੇ ਪੰਜਵੇਂ ਕੱਕਾਰ ਛੋਟੀ ਕਿਰਪਾਨ ਨੂੰ ਜਨਤਕ ਥਾਂਵਾਂ 'ਤੇ ਪਹਿਨ ਕੇ ਜਾਣ 'ਤੇ ਪਾਬੰਦੀ ਲਾ ਦਿੱਤੀ ਹੈ। ਸਿੱਖ ਕੌਮ ਜੀਓ, ਬਾਹਰਲੇ ਮੁਲਕਾਂ ਨੇ ਸਾਨੂੰ ਕਦੀ ਵੀ ਕੁਝ ਨਹੀਂ ਕਿਹਾ, ਅਸੀਂ ਆਪ ਹੀ ਆਏ ਦਿਨ ਆਪਣੀ ਹੈਂਕੜ ਅਤੇ ਹੰਕਾਰ ਸਦਕਾ ਆਪਣੇ ਗੁਰੂ ਘਰਾਂ ਅਤੇ ਧਰਮ ਦੇ ਚਿੰਨ੍ਹ ਕੱਕਾਰਾਂ ਦਾ ਅਪਮਾਨ ਵੀ ਕਰਵਾਈ ਜਾ ਰਹੇ ਹਾਂ ਅਤੇ ਰੌਲਾ ਵੀ ਪਾਈ ਜਾ ਰਹੇ ਹਾਂ। ਅਸੀਂ ਆਪਣੇ ਗੁਰੂ ਅਤੇ ਧਰਮ ਦੇ ਦੇਣਦਾਰ ਹਾਂ, ਅਸੀਂ ਗੁਨਾਹਗਾਰ ਹਾਂ ਆਪਣੇ ਸ਼ਬਦ ਗੁਰੂ ਦੇ, ਜਿਸ ਤੋਂ ਅਸੀਂ ਮਨਮੁਖ ਹੋ ਗਏ ਹਾਂ। ਅਸੀਂ ਜਿਸ ਵੀ ਮੁਲਕ ਵਿਚ ਜਾ ਕੇ ਸ਼ਰਣ ਲੈਂਦੇ ਹਾਂ ਭਾਵ ਰਹਿੰਦੇ ਹਾਂ, ਉਹ ਮੁਲਕ ਸੰਸਾਰ ਦਾ ਹਰ ਸੁਖ ਅਤੇ ਖੁਸ਼ੀ ਸਾਡੀ ਝੋਲੀ ਵਿਚ ਪਾ ਕੇ ਸਾਨੂੰ ਆਪਣੇ ਬਣਾ ਲੈਂਦਾ ਹੈ, ਪਰ ਅਸੀਂ ਉਸ ਮੁਲਕ ਦਾ ਜ਼ਰਾ ਜਿੰਨਾ ਵੀ ਸਤਿਕਾਰ ਨਹੀਂ ਕਰਦੇ ਅਤੇ ਆਪਣੀਆਂ ਮਨ ਆਈਆਂ ਤੋਂ ਬਾਜ ਨਹੀਂ ਆਉਂਦੇ। ਸਾਡੇ ਕੋਲ ਵੱਡੇ ਵੱਡੇ ਮਹਿਲਾਂ ਵਰਗੇ ਘਰ ਹਨ, ਮਹਿੰਗੀਆਂ ਕਾਰਾਂ, ਵੱਡੇ ਵੱਡੇ ਬਿਜਨਸ ਅਤੇ ਕਾਰੋਬਾਰ ਹਨ, ਬੇਸ਼ੁਮਾਰ ਧਨ ਦੌਲਤ ਅਤੇ ਬੈਂਕ ਬੈਲੈਂਸ ਹੈ। ਬੱਸ! ਇਥੇ ਆ ਕੇ ਹੀ ਬੰਦਾ ਚੱਕਰ ਵਿਚ ਪੈ ਜਾਂਦਾ ਹੈ ਕਿ ਸਭ ਕੁਝ ਤਾਂ ਮੇਰੇ ਕੋਲ ਹੈ ਪਰ ਚੌਧਰ ਕਿਉਂ ਨਹੀਂ? ਚੌਧਰ ਬੈਠੀ ਹੈ, ਗੁਰੂ ਘਰਾਂ ਵਿਚ। ਜਦ ਉਹ ਬੰਦਾ ਗੋਲਕਾਂ ਵਿਚ ਚੜ੍ਹ ਰਹੇ ਲੱਖਾਂ ਡਾਲਰਾਂ, ਪੌਂਡਾਂ, ਯੂਰੋ ਅਤੇ ਹੋਰ ਕਰੰਸੀਆਂ ਦੇ ਢੇਰ ਦੇਖਦਾ ਹੈ ਤਾਂ ਬੰਦੇ ਦਾ ਦੀਨ ਈਮਾਨ ਪਲਾਂ ਵਿਚ ਹੀ ਕਾਫੂਰ ਹੋ ਜਾਂਦਾ ਹੈ।




ਜਰਮਨੀ ਦੇ ਜਿਸ ਗੁਰਦੁਆਰੇ ਵਿਚ ਇਹ ਖਾਨਾ ਜੰਗੀ ਹੋਈ ਹੈ, ਉਹ ਗੁਰੂ ਘਰ ਜਰਮਨੀ ਦਾ ਹੀ ਨਹੀਂ ਸਗੋਂ ਯੂਰਪ ਦਾ ਇੱਕ ਅਹਿਮ ਅਤੇ ਵੱਡਾ ਗੁਰ ਅਸਥਾਨ ਮੰਨਿਆ ਜਾਂਦਾ ਹੈ। ਜ਼ਰੂਰੀ ਹੈ, ਸੰਗਤਾਂ ਵੀ ਭਾਰੀ ਗਿਣਤੀ ਵਿਚ ਆਉਂਦੀਆਂ ਹੋਣਗੀਆਂ। ਜੇ ਸੰਗਤਾਂ ਜ਼ਿਆਦਾ ਹਨ ਤਾਂ ਮਾਇਆ ਵੀ ਅਣਗਿਣਤ ਹੀ ਚੜ੍ਹਦੀ ਹੋਵੇਗੀ। ਮਾਇਆ ਵੀ ਹੋਵੇ, ਚੌਧਰ ਵੀ ਹੋਵੇ ਤਾਂ ਦਸਤਾਰਾਂ ਨਾ ਲੱਥਣ, ਸਿਰ ਨਾ ਪਾਟਣ! ਇਹ ਕਿਵੇਂ ਹੋ ਸਕਦਾ ਹੈ? ਇਹ ਲੋਕ ਤਾਂ ਗਿਠ ਗਿਠ ਉਚੇ ਉਠ ਕੇ ਆਖਦੇ ਹਨ, 'ਜਾਤ ਗੋਤ ਸਿੰਘਨ ਕੀ ਦੰਗਾ।' ਅੱਧੀ ਦਰਜਨ ਬੰਦੇ ਪੁਲਿਸ ਦੀ ਹਿਰਾਸਤ ਵਿਚ ਹਨ। ਕੋਰਟਾਂ ਵਿਚ ਕੇਸ ਚੱਲਣਗੇ ਅਤੇ ਇਹ ਪ੍ਰਬੰਧਕ ਬਣੇ ਚੌਧਰੀ ਸੰਗਤ ਦੀ ਮਾਇਆ ਦੀ ਖੇਹ ਉਡਾ ਕੇ ਮੇਲਾ ਵੀ ਵੇਖਣਗੇ ਅਤੇ ਲਲਕਾਰੇ ਵੀ ਮਾਰਨਗੇ।

ਇਹ ਕੋਈ ਪਹਿਲਾ ਜਾਂ ਆਖਰੀ ਗੁਰਦੁਆਰਾ ਨਹੀਂ ਹੈ, ਅਜੇ ਕੁਝ ਦਿਨ ਪਹਿਲਾਂ ਹੀ ਨਿਊ ਯਾਰਕ ਵਿਚ ਵੀ ਚੌਧਰਾਂ ਨੇ ਚੰਨ ਚਾੜ੍ਹੇ ਸਨ। ਖੈਰ, ਨਿਊ ਯਾਰਕ ਦੀਆਂ ਤਾਂ ਗੱਲਾਂ ਹੀ ਨਿਆਰੀਆਂ ਹਨ, ਉਥੋਂ ਦੇ ਖੇਲ ਤਮਾਸ਼ੇ ਤਾਂ ਆਏ ਦਿਨ ਦੁਨੀਆਂ ਵੇਖਦੀ ਰਹਿੰਦੀ ਹੈ, ਵੱਡਿਆਂ ਘਰਾਂ ਦੀਆਂ ਵੱਡੀਆਂ ਗੱਲਾਂ!

ਸਾਡੀ ਕੌਮ ਦੇ ਇਸ ਲਾਣੇ ਦਾ ਇਕ ਹੋਰ ਵੀ ਸੱਚ ਹੈ ਕਿ ਜਿਹੜਾ ਵੀ ਬੰਦਾ ਸੱਚ ਬੋਲਣਾ ਚਾਹਵੇ ਉਸ ਨੂੰ ਆਰ.ਐਸ.ਐਸ. ਦਾ ਏਜੰਟ ਆਖ ਕੇ ਭੰਡਣਾ, ਆਪਣੇ ਮੰਦੇ ਕਰਮਾਂ 'ਤੇ ਪਰਦੇ ਪਾ ਕੇ ਬਚੇ ਰਹਿਣਾ ਅਤੇ ਆਪਣੇ ਆਕਾਵਾਂ ਕੋਲੋਂ ਫੁਰਮਾਨ ਜਾਰੀ ਕਰਵਾ ਕੇ ਉਸ ਨੂੰ ਕੌਮ 'ਚੋਂ ਬਾਹਰ ਕੱਢਵਾ ਦੇਣਾ। ਪਤਾ ਨਹੀਂ ਇਸ ਲਾਣੇ ਨੂੰ ਕੌਮ ਕਿਉਂ ਨਹੀਂ ਪੁਛਦੀ ਕਿ ਤੁਸੀਂ ਕੌਣ ਹੋ, ਕਿਥੋਂ ਆਏ ਹੋ ਅਤੇ ਕਿਸ ਪਾਰਟੀ ਜਾਂ ਮੁਲਕ ਦੇ ਏਜੰਟ ਹੋ!

ਮੇਰੀ ਕੌਮ ਜੀਓ, ਜਿੰਨਾ ਚਿਰ ਤੁਸੀਂ ਚੜ੍ਹਾਵੇ ਚੜ੍ਹਾਉਂਦੇ ਰਹੋਗੇ, ਗੋਲਕਾਂ ਭਰਦੀਆਂ ਰਹਿਣਗੀਆਂ ਅਤੇ ਇਹ ਪੰਥ ਦੇ ਗੱਦਾਰ ਲੋਕ ਚੌਧਰੀ ਬਣਦੇ ਰਹਿਣਗੇ। ਫਿਰ ਗੁਰੂ ਘਰਾਂ ਵਿਚ ਪੱਗਾਂ ਵੀ ਲੱਥਣਗੀਆਂ, ਸਿਰ ਵੀ ਪਾਟਣਗੇ, ਪੁਲਿਸ ਵੀ ਆਉਂਦੀ ਰਹੇਗੀ ਕਿਉਂਕਿ ਸਾਡੀ ਕੌਮ ਨੂੰ ਗੋਲਕ ਤੇ ਚੌਧਰ ਦੀ ਭਿਆਨਕ ਬੀਮਾਰੀ ਲੱਗ ਚੁਕੀ ਹੈ ਅਤੇ ਇਸ ਬੀਮਾਰੀ ਦੀ ਜੜ੍ਹ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।


ਐਸ.ਐਸ. ਮੀਸ਼ਾ-4

# ਆਖਰੀ ਘੜੀਆਂ



ਸ਼ਾਇਰ ਸੋਹਨ ਸਿੰਘ ਮੀਸ਼ਾ ਦਾ ਪੰਜਾਬੀ ਕਾਵਿ-ਜਗਤ ਵਿਚ ਆਪਣਾ ਰੰਗ ਹੈ। ਉਸ ਦੀਆਂ 'ਚੁਰਸਤਾ', 'ਚੀਕ ਬੁਲਬੁਲੀ' ਅਤੇ 'ਲੀਕ' ਵਰਗੀਆਂ ਕਵਿਤਾਵਾਂ ਭੁਲਾਇਆਂ ਵੀ ਨਹੀਂ ਭੁਲਾਈਆਂ ਜਾ ਸਕਦੀਆਂ। ਇਨ੍ਹਾਂ ਕਵਿਤਾਵਾਂ ਵਿਚ ਉਸ ਬੰਦੇ ਦੀ ਬਾਤ ਹੈ ਜਿਹੜਾ ਖੁਦ ਨਾਲ ਬੜੀ ਭਿਅੰਕਰ ਲੜਾਈ ਵਿਚ ਪਿਆ ਹੋਇਆ ਹੈ। ਇਸ ਲੜਾਈ ਦੇ ਨਾਲ ਹੀ ਉਤਰਦੀ ਬੇਵਸੀ ਨੂੰ ਸ਼ਾਇਰ ਨੇ ਬਹੁਤ ਬਾਰੀਕੀ ਨਾਲ ਫੜਿਆ ਹੈ। ਇੰਨੀ ਹੀ ਸ਼ਿੱਦਤ ਨਾਲ ਇਸ ਸ਼ਾਇਰ ਬਾਰੇ ਸਾਡੇ ਸਹਿਯੋਗੀ ਗੁਰਦਿਆਲ ਸਿੰਘ ਬੱਲ ਨੇ ਇਸ ਲੰਮੇ ਲੇਖ ਵਿਚ ਇਨ੍ਹਾਂ ਕਵਿਤਾਵਾਂ ਅਤੇ ਪਿਛੋਕੜ ਵਿਚ ਕੰਮ ਕਰਦੀ ਸਿਆਸਤ ਬਾਰੇ ਗੁਫਤਗੂ ਰਚਾਈ ਹੈ। ਬੱਲ ਵੱਲੋਂ ਛੇੜੀਆਂ ਰਮਜ਼ਾਂ ਦੇ ਭੇਤ ਜਿਉਂ ਜਿਉਂ ਖੁੱਲ੍ਹਦੇ ਹਨ, ਸੱਚ ਸਿਰ ਭਾਰ ਹੁੰਦਾ ਜਾਪਣ ਲੱਗਦਾ ਹੈ। ਉਹ ਤੱਥਾਂ ਅਤੇ ਤਰਤੀਬਾਂ ਦੀ ਜੁਗਲਬੰਦੀ ਸਿਰਜਦਾ ਹੈ ਜਿਸ ਵਿਚ ਹਾਲਾਤ ਵਿਚ ਫਾਥੇ ਬੰਦੇ ਦੇ ਨਕਸ਼ ਉਘੜਨ ਲਗਦੇ ਹਨ। -ਸੰਪਾਦਕ

ਸੋਹਨ ਸਿੰਘ ਮੀਸ਼ਾ ਦੀ ਆਖਰੀ ਦਿਨਾਂ ਦੀ ਵਿਆਕੁਲ ਅਤੇ ਖੰਡਿਤ ਮਨੋਦਸ਼ਾ ਬਾਰੇ ਉਹਦੇ ਸਮਕਾਲੀਆਂ ਨੇ ਉਚੇਚੀਆਂ ਟਿੱਪਣੀਆਂ ਕੀਤੀਆਂ ਹਨ। ਉਹਦੇ ਮਨ ਦੀ ਥਾਹ ਦੇ ਨੇੜੇ-ਤੇੜੇ ਪੁੱਜਣ ਖਾਤਰ ਕੁਝ ਕੁ ਸਮਕਾਲੀਆਂ ਨੂੰ ਧਿਆਉਂਦੇ ਹਾਂ ਰਤਾ! ਪ੍ਰੇਮ ਪ੍ਰਕਾਸ਼ ਆਪਣੇ ਲੇਖ 'ਮੀਸ਼ੇ ਕਈ ਸਨ' ਵਿਚ ਲਿਖਦਾ ਹੈ: "ਉਹਦੇ ਅੰਦਰ ਵੱਡਾ ਦੁਖ ਪੰਜਾਬ ਅੰਦਰ ਹੋ ਰਹੇ ਕਤਲੇਆਮ, ਝੂਠੇ ਪੁਲਿਸ ਮੁਕਾਬਲਿਆਂ ਵਿਚ ਨੌਜਵਾਨਾਂ ਦੇ ਕਤਲ ਅਤੇ ਅਕਾਲ ਤਖਤ ਨੂੰ ਢਾਹੁਣ ਕਰ ਕੇ ਵਸਿਆ ਹੋਇਆ ਸੀ। ਮੀਸ਼ੇ ਬਾਰੇ ਮੈਨੂੰ ਖਬਰਾਂ ਰੇਡੀਓ ਸਟੇਸ਼ਨ 'ਤੇ ਆਏ ਨਵੇਂ ਕਵੀ ਜਸਵੰਤ ਦੀਦ ਕੋਲੋਂ ਵੀ ਮਿਲਦੀਆਂ ਰਹਿੰਦੀਆਂ। ਉਹਨੇ ਮੈਨੂੰ ਦੱਸਿਆ ਕਿ ਨਵਾਂ ਸਟੇਸ਼ਨ ਡਾਇਰੈਕਟਰ ਆਇਆ ਏ, ਬੜੀ ਕੁੱਤੀ ਚੀਜ਼ ਐ। ਕਲਰਕ ਤੋਂ ਡਾਇਰੈਕਟਰ



ਗੁਰਦਿਆਲ ਸਿੰਘ ਬੱਲ
ਫੋਨ: 647-982-6091

ਬਣਿਐ। ਮੀਸ਼ੇ ਨੂੰ ਜ਼ਲੀਲ ਕਰਨ 'ਤੇ ਤੁਲਿਆ ਹੋਇਐ। ਮੀਸ਼ਾ ਦੁਖੀ ਐ, ਉਹ ਹੁਣ ਤਕ ਪ੍ਰੋਡਿਊਸਰ ਈ ਐ! ਕਲਰਕ ਹੇਠੋਂ ਉਠ ਕੇ ਉਹਦੇ ਅਫਸਰ ਬਣ ਰਹੇ ਨੇ। ਉਹਨੇ ਮੀਸ਼ੇ ਦੀ ਡਿਊਟੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਪ੍ਰਸਾਰਨ 'ਤੇ ਲਾ ਦਿੱਤੀ ਏ। ਇਹ ਜਾਂਦਾ ਨਹੀਂ।"

ਫਿਰ ਗਲਤ ਜਾਂ ਪਤਾ ਨਹੀਂ ਠੀਕ ਸੂਚਨਾ ਦੇ ਆਧਾਰ 'ਤੇ ਪ੍ਰੇਮ ਪ੍ਰਕਾਸ਼ ਇਹ ਲਿਖਦਾ ਹੈ: "22 ਸਤੰਬਰ ਨੂੰ ਉਹਨੂੰ ਦਰਬਾਰ ਸਾਹਿਬ ਦੇ ਪ੍ਰਸਾਰਨ ਸੇਵਾ ਲਈ ਲਾਜ਼ਮੀ ਤੌਰ 'ਤੇ ਜਾਣ ਦਾ ਹੁਕਮ ਸੀ। 21 ਸਤੰਬਰ ਨੂੰ ਉਹ ਮਰ ਜਾਂਦਾ ਹੈ।... ਇਹ ਮੌਤ ਤਾਂ ਆਤਮ ਹੱਤਿਆ ਵਰਗੀ ਲਗਦੀ ਹੈ।"

ਇਨ੍ਹਾਂ ਹੀ ਦਿਨਾਂ ਬਾਰੇ ਸੁਰਜੀਤ ਪਾਤਰ ਨੇ 'ਸੂਰਜ ਮੰਦਰ ਦੀਆਂ ਪੌੜੀਆਂ' ਕਿਤਾਬ ਵਿਚ 'ਮੀਸ਼ੇ ਨਾਲ ਆਖਰੀ ਮਿਲਣੀ' ਲੇਖ ਵਿਚ ਲਿਖਿਆ ਹੈ: "ਉਦੋਂ ਮੈਨੂੰ ਪਤਾ ਨਹੀਂ ਸੀ, ਇਹ ਮੀਸ਼ੇ ਨਾਲ ਮੇਰੀ ਆਖਰੀ ਮਿਲਣੀ ਹੈ।... ਜਲੰਧਰ ਦੇ ਬੱਸ ਸਟੈਂਡ ਤੋਂ ਰਿਕਸ਼ੇ 'ਤੇ ਟੀ.ਵੀ. ਸੈਂਟਰ ਵੱਲ ਜਾ ਰਿਹਾ ਸਾਂ। ਮੇਰੇ ਕੋਲ ਮਰੂਤੀ ਵੈਨ ਰੁਕੀ। ਬਾਰੀ ਵਿਚੋਂ ਮੀਸ਼ਾ ਮੁਸਕਰਾ ਰਿਹਾ ਸੀ। ਮਸ਼ਹੂਰ ਮੀਸ਼ੀਅਨ ਮੁਸਕਰਾਹਟ, ਖੁਸ਼ੀ ਅਤੇ ਸ਼ਰਾਰਤ ਭਰੀ, ਦਿਲਕਸ਼। 'ਕਿਥੇ ਜਾ ਰਿਹੈਂ'? ਰਿਕਸ਼ੇ ਵਾਲੇ ਨੂੰ ਪੈਸੇ ਦੇ ਦੇ, ਏਧਰ ਆ ਜਾ'। ਵੈਨ ਵਿਚ ਬੈਠਦਿਆਂ ਕਹਿਣ ਲੱਗਾ- 'ਚੱਲ ਰੇਡੀਓ 'ਤੇ ਰਿਕਾਰਡਿੰਗ ਕਰਦੇ ਹਾਂ... ਪਰ ਪਹਿਲਾਂ ਘਰ ਚਲਦੇ ਆਂ'।... ਅਜੇ 10-11 ਹੀ ਵੱਜੇ ਸਨ, ਘਰ ਆ ਕੇ ਬੀਅਰ ਖੋਲ੍ਹ ਲਈ।"

ਸੁਰਜੀਤ ਪਾਤਰ ਮੀਸ਼ੇ ਦੀ ਉਸ ਦਿਨ ਉਖੜੀ ਹੋਈ ਮਨੋਦਸ਼ਾ ਵੇਖ ਕੇ ਉਦਾਸ ਹੁੰਦਾ ਹੈ ਅਤੇ ਉਦਾਸੀ ਦੇ ਆਲਮ ਵਿਚ ਕੁਝ ਹੀ ਦਿਨਾਂ ਬਾਅਦ ਫਰੀਦਕੋਟ ਹੋਣ ਵਾਲੇ ਕਵੀ ਦਰਬਾਰ ਵਿਚ ਮੁੜ ਮਿਲਣ ਦਾ ਵਾਅਦਾ ਕਰ ਕੇ ਸ਼ਾਮ ਨੂੰ ਲੁਧਿਆਣੇ ਪਰਤ ਜਾਂਦਾ ਹੈ। ਫਿਰ ਲਿਖਿਆ ਹੈ: "ਫਰੀਦਕੋਟ ਮੇਲੇ 'ਤੇ ਅਸੀਂ ਮੀਸ਼ੇ ਨੂੰ ਬਹੁਤ ਉਡੀਕਿਆ, ਪੂਰਨ ਚੰਦ ਵਡਾਲੀ ਅਤੇ ਪਿਆਰੇ ਲਾਲ ਕੱਵਾਲੀ ਗਾ ਰਹੇ ਸਨ-

ਮੱਝੀ ਆਈਆਂ, ਮੇਰਾ ਮਾਹੀ ਨਾ ਆਇਆ
ਰਾਂਝੇ ਨਹੀਂ ਸੀ ਰਹਿਣਾ, ਬੇਲੇ ਖੈਰ ਹੋਵੇ!

ਅਸੀਂ ਹੱਸਦੇ ਰਹੇ- ਮੀਸ਼ੇ ਨਹੀਂ ਸੀ ਰਹਿਣਾ, ਬੇਲੇ ਖੈਰ ਹੋਵੇ! ਕੁਝ ਚਿਰ ਬਾਅਦ ਕਿਸੇ ਨੇ ਖਬਰ ਦਿੱਤੀ- ਬੇਲੇ ਖੈਰ ਨਹੀਂ! ਕਿਸੇ ਨੂੰ ਵੀ ਯਕੀਨ ਨਾ ਆਇਆ। ਮੀਸ਼ੇ ਜਿਹਾ ਫੁਰਤੀਲਾ, ਸਚੇਤ, ਸੂਬਕ ਸ਼ਿਲਪੀ ਕਿਵੇਂ ਤਿਲਕ ਸਕਦਾ ਹੈ ਕਾਂਜਲੀ ਵਿਚ? ਕਿਵੇਂ ਮਰ ਸਕਦਾ ਹੈ ਏਨਾ ਪਿਆਰਾ ਤੇ ਸਾਰਥਿਕ ਕਵੀ, ਤੇ ਏਨੀ ਨਿਰਾਰਥਕ ਮੌਤ?... ਉਸ ਨੂੰ ਡੁੱਬਣ ਲਈ ਕਾਂਜਲੀ ਨਹੀਂ, ਕੋਈ ਗਹਿਰੀ ਕਵਿਤਾ ਚਾਹੀਦੀ ਸੀ। ਕੋਈ ਗਹਿਰੀ ਮੁਹੱਬਤ, ਕੋਈ ਹੁਨਰੀ ਵੰਗਾਰ, ਕੋਈ ਮਹਾਨ ਅਸੰਭਵ ਸੁਪਨਾ...!"

ਸੁਰਜੀਤ ਪਾਤਰ ਦੇ ਹਾਰ ਹੀ ਬਰਜਿੰਦਰ ਸਿੰਘ (ਹਮਦਰਦ) ਦੇ ਲੇਖ 'ਪਿਆਰੇ ਮੀਸ਼ਾ ਦੀ ਯਾਦ' ਦੀਆਂ ਸ਼ੁਰੂਆਤੀ ਸਤਰਾਂ 'ਤੇ ਜ਼ਰਾ ਗੌਰ ਫਰਮਾਓ: "ਮੀਸ਼ਾ ਚਲੇ ਗਿਆ, ਯਕੀਨ ਨਹੀਂ ਆਉਂਦਾ। ਹਾਲੇ ਕੱਲ੍ਹ ਹੀ ਤਾਂ ਉਹ ਸਾਡੇ ਕੋਲ ਸੀ। ਉਹਦੀ ਠਹਿਰੀ ਹੋਈ ਆਵਾਜ਼ ਫੋਨ 'ਤੇ ਸੁਣੀ ਸੀ। ਨਿੰਮਾ ਨਿੰਮਾ ਮੁਸਕਰਾਉਂਦਾ ਉਹ ਗੱਲ ਕਰ ਰਿਹਾ ਸੀ। ਰਾਤ ਦੀ ਖਾਮੋਸ਼ੀ ਵਿਚ ਉਸ 'ਤੇ ਮਸਤੀ ਦਾ ਆਲਮ ਤਾਰੀ ਸੀ। ਉਹ ਵਜਦ ਵਿਚ ਆ, ਝੂਮ ਰਿਹਾ ਸੀ। ਆਪਣੀ ਕਿਸੇ ਨਜ਼ਮ ਵਿਚੋਂ ਕੁਝ ਸੁਣਾ ਰਿਹਾ ਸੀ। ਉਹ ਹਰ ਸਮੇਂ ਮੇਰੇ ਨਾਲ ਸੀ- ਜਿਵੇਂ ਮੇਰੇ ਰੋਜ਼ਮਰਾ ਜੀਵਨ ਦਾ ਅੰਗ ਹੋਵੇ।"

ਇਨ੍ਹਾਂ ਹੀ ਦਿਨਾਂ ਬਾਰੇ ਪ੍ਰੇਮ ਪ੍ਰਕਾਸ਼ ਦੀ ਇਕ ਹੋਰ ਗਵਾਹੀ ਹੈ: "ਮੀਸ਼ੇ ਨੂੰ ਤਿੰਨ ਚੀਜ਼ਾਂ ਚੁੱਕੀ ਫਿਰਦੀਆਂ ਸਨ- ਨਵੀਂ ਮਰੂਤੀ, ਵਿਚ ਰੱਖੀ ਦਾਰੂ ਤੇ ਤੁਰਦੀਆਂ ਫਿਰਦੀਆਂ ਜ਼ਨਾਨੀਆਂ। ਉਹੀ ਉਹਨੂੰ ਬਟਾਲੇ ਲੈ ਗਈਆਂ ਸਨ ਅਤੇ ਉਹੀ ਕਪੂਰਥਲੇ ਦੀ ਕਾਂਜਲੀ ਲੈ ਗਈਆਂ।... ਜਿੰਦਣ ਮੀਸ਼ਾ ਡੁੱਬਿਆ, ਉਸ ਤੋਂ ਦੂਜੇ ਦਿਨ ਉਹਨੂੰ ਦਰਬਾਰ ਸਾਹਿਬ ਵਿਚ ਡਿਊਟੀ ਦੇਣ ਦਾ ਅੰਤਿਮ ਮੌਕਾ ਸੀ।"

ਪ੍ਰੇਮ ਪ੍ਰਕਾਸ਼ ਦੀਆਂ ਆਪਣੇ ਇਸ ਮਿੱਤਰ ਬਾਰੇ ਚੰਦ ਹੋਰ ਸਤਰਾਂ ਵੀ ਜ਼ਰਾ ਪੜ੍ਹੋ: "... ਅਸਲ ਵਿਚ ਮੈਨੂੰ ਉਹਦੇ ਮਰਨ ਦਾ ਏਨਾ ਸਦਮਾ ਨਹੀਂ ਸੀ, ਮੈਨੂੰ ਉਹਦੇ ਮਰਨ ਨਾਲ ਹੋਈ ਬਦਨਾਮੀ ਤੇ ਉਹਦੀ ਮਰਨ ਦੀ ਤਿਆਰੀ ਵੇਲੇ ਕੀਤੀਆਂ ਹਰਕਤਾਂ 'ਤੇ ਅਫਸੋਸ ਹੁੰਦਾ ਸੀ।... ਉਹਦੀ ਸੋਚ ਤੇ ਸ਼ੈਲੀ, ਸਾਰੇ ਕਵੀਆਂ ਨਾਲੋਂ ਵੱਖਰੀ ਤੇ ਸ੍ਰੇਸ਼ਠ ਲੱਗਦੀ ਸੀ।... ਪਰ ਉਹਦੀ ਮੌਤ ਨੇ ਉਹਦੀ ਸ਼ਾਇਰੀ ਦਾ ਬਹੁਤ ਨੁਕਸਾਨ ਕਰ ਦੇਣਾ ਏ।... ਅਸੀਂ ਸਾਰੇ ਝੰਡੇ ਚੁੱਕੀ ਜਾ ਰਹੇ ਜੇਤੂਆਂ ਦੇ ਝੰਡਿਆਂ ਨਾਲ ਭੱਜਦੇ ਤੇ ਖੁਸ਼ ਹੁੰਦੇ ਹਾਂ, ਹਾਰਿਆਂ ਤੇ ਦਾਗੀਆਂ ਤੋਂ ਛੇਤੀ ਸਬੰਧ ਤੋੜ ਲੈਂਦੇ ਹਾਂ। (ਅਖੇ) ਉਹਦੇ ਜਾਣ ਬਾਅਦ ਉਹਦੇ ਬੱਚਿਆਂ ਤੇ ਪਤਨੀ ਨੇ ਵੀ ਇਹੋ ਕੁਝ ਕੀਤਾ। ਨਾ ਉਸ ਬੰਦੇ ਦਾ ਜ਼ਿਕਰ ਤੇ ਨਾ ਉਹਦੀ ਸ਼ਾਇਰੀ ਦਾ। ਨਾ ਕੋਈ ਕਿਤਾਬ ਛਪਵਾਈ ਤੇ ਨਾ ਕੋਈ ਯਾਦ ਸਮਾਗਮ ਕੀਤਾ।"

ਪ੍ਰੇਮ ਪ੍ਰਕਾਸ਼ ਤੋਂ ਉਲਟ ਮੀਸ਼ੇ ਦੀ ਜ਼ਿੰਦਗੀ ਦੇ ਜ਼ੋਰਬੀਅਨ ਆਭਾਂ ਵਾਲੇ ਡਰਾਮੇ ਦੇ ਮੁਢਲੇ ਅਤੇ ਆਖਰੀ ਦ੍ਰਿਸ਼ਾਂ ਦੀ ਇਕ ਹੋਰ ਗਵਾਹੀ ਸਾਡੇ



ਕੋਲ ਪਿਛਲੀ ਅੱਧੀ ਸਦੀ ਤੋਂ ਸਾਡੇ ਕਰੀਬੀ ਬਜ਼ੁਰਗ ਮਿੱਤਰ ਹਰਭਜਨ ਸਿੰਘ ਹੁੰਦਲ ਦੀ ਹੈ: "1951 ਦੀ ਗੱਲ ਹੈ, ਮੈਂ ਰਣਧੀਰ ਕਾਲਜ ਕਪੂਰਥਲੇ ਦੀ ਗਿਆਰਵੀਂ ਸ਼੍ਰੇਣੀ ਵਿਚ ਦਾਖਲ ਹੋਇਆ।... ਥੋੜ੍ਹੇ ਤੇ ਮਾੜੇ ਕੱਪੜੇ, ਤੇ ਰੁੱਖੀ ਮਿੱਸੀ ਰੋਟੀ ਖਾ ਕੇ ਟੁੱਟੇ ਸਾਈਕਲਾਂ 'ਤੇ ਅਸੀਂ ਪਿੰਡਾਂ ਦੇ ਮੁੰਡੇ ਕਾਲਜ ਪੜ੍ਹਨ ਆਉਂਦੇ, ਮੀਸ਼ਾ ਸੋਹਣੇ ਕਪੜੇ ਪਾ ਕੇ ਆਉਂਦਾ। ਉਹਨੇ ਵਾਲ ਕਟਾਏ ਹੋਏ ਸਨ। ਉਹ ਚੁਸਤ ਵਿਖਾਈ ਦਿੰਦਾ ਸੀ। ਕੁੜੀਆਂ ਅਤੇ ਮੁੰਡਿਆਂ ਦੋਵਾਂ ਵਿਚ ਹਰਮਨ ਪਿਆਰਾ ਸੀ। ਉਹ ਨਟਖਟ ਅਤੇ ਸ਼ਰਾਰਤੀ ਸੀ।... ਜੋਗਿੰਦਰ ਸ਼ਮਸ਼ੇਰ ਕਮਿਊਨਿਸਟ ਪਾਰਟੀ ਦੇ ਸਕੱਤਰ ਵਜੋਂ ਕੰਮ ਕਰਦਾ ਸੀ ਅਤੇ ਵਿਦਿਆਰਥੀਆਂ ਵਿਚ ਉਹ ਬੜਾ ਹਰਮਨ ਪਿਆਰਾ ਸੀ। ਮੀਸ਼ਾ ਸਾਥੋਂ ਪਹਿਲਾਂ ਉਸ ਦਾ ਮੁਰੀਦ ਬਣ ਚੁੱਕਾ ਸੀ।"

ਇਨ੍ਹਾਂ ਬਿਰਤਾਂਤਾਂ ਤੋਂ ਭੋਰਾ ਸੰਦੇਹ ਵੀ ਨਹੀਂ ਰਹਿ ਜਾਂਦਾ ਕਿ ਮੀਸ਼ੇ ਦੇ ਮਨ ਅੰਦਰ ਮਿੱਤਰਾਂ ਨੂੰ ਮਿਲਣ ਅਤੇ ਜ਼ਿੰਦਗੀ ਦਾ ਹਰ ਪਲ ਰੱਜ ਕੇ ਜਿਊਣ ਦਾ 'ਜ਼ੋਰਬਾ ਦਿ ਗਰੀਕ' ਦੇ ਹਾਰ ਚਾਅ ਕਿਤਨਾ ਸੀ। ਇਸੇ ਪ੍ਰਥਾਏ ਹੁੰਦਲ ਦਾ ਕੁਝ ਹੋਰ ਵਿਸਥਾਰ ਵੇਖੋ: (ਮੀਸ਼ੇ ਨਾਲ) ਆਖਰੀ ਭਰਵੀਂ ਮੁਲਾਕਾਤ 1985 ਵਿਚ ਮੇਜਰ ਪਿਆਰਾ ਸਿੰਘ ਦੇ ਉਦਮ ਨਾਲ ਹੋਈ। ਪਿਆਰਾ ਸਿੰਘ ਦੀ ਯੂਨਿਟ ਓਪਰੇਸ਼ਨ ਬਲਿਊ ਸਟਾਰ ਕਾਰਨ ਜਲੰਧਰ ਠਹਿਰੀ ਹੋਈ ਸੀ ਅਤੇ ਇਕ ਸ਼ਾਮ ਉਸ ਨੇ ਸੱਦਾ ਭੇਜਿਆ ਕਿ ਅੱਜ ਦੀ ਸ਼ਾਮ ਮੀਸ਼ੇ ਦੇ ਘਰੇ ਉਸ ਨਾਲ ਬੈਠ ਕੇ ਮਨਾਈ ਜਾਵੇਗੀ।

ਦੋਸਤਾਂ ਦੀ ਮਹਿਫਲ ਵਿਚ ਬੈਠਿਆਂ ਉਹ ਬਾਦਸ਼ਾਹ ਹੁੰਦਾ ਸੀ। ਉਸ ਕਿਹਾ- ਮੈਂ ਰੇਡੀਓ ਦੀ ਨੌਕਰੀ ਛੱਡ ਦੇਣੀ ਹੈ। ਬੜੀ ਗੁਲਾਮੀ ਕੱਟੀ ਹੈ। ਚਾਰ ਦਿਨ ਆਜ਼ਾਦੀ ਦੀ ਹਵਾ ਲੈ ਲਵਾਂ। ਮੈਂ ਉਸ ਨੂੰ 'ਚੀਕ ਬੁਲਬੁਲੀ' ਕਵਿਤਾ ਯਾਦ ਕਰਾਈ ਤੇ ਕਿਹਾ: 'ਇਸ ਕਵਿਤਾ ਦੇ ਅਖੀਰ 'ਤੇ ਤੂੰ ਕਿਹਾ ਹੈ ਕਿ ਮੈਂ ਮਹਾਤਮਾ ਗਾਂਧੀ ਦੀ ਸੋਟੀ ਫੜ ਕੇ ਆਪਣੇ ਸਿਰ ਵਿਚ ਮਾਰਾਂਗਾ। ਤੂੰ ਇਹ ਸੋਟੀ ਖੋਹ ਕੇ ਮਹਾਤਮਾ ਦੇ ਸਿਰ ਵਿਚ ਨਹੀਂ ਸੀ ਮਾਰ ਸਕਦਾ?'

ਮੀਸ਼ਾ ਹੱਸ ਕੇ ਕਹਿਣ ਲੱਗਾ- ਇਹ ਕੰਮ ਤੂੰ ਕਰ ਸਕਦਾ ਸੀ...।

(ਅਖੇ) ਮੀਸ਼ਾ ਅਚਾਨਕ ਮਰ ਗਿਆ ਸੀ। ਉਸ ਨੂੰ ਰੇਡੀਓ ਦੀ ਨੌਕਰੀ ਤੇ ਭ੍ਰਿਸ਼ਟ ਮਾਹੌਲ ਲੈ ਬੈਠਾ।... ਉਹ ਪੰਜਾਬ ਦੇ ਮਾਹੌਲ ਤੋਂ ਦੁਖੀ ਸੀ, ਪਰ ਉਹਨੇ ਇਸ ਬਾਰੇ ਕਦੀ ਕੁਝ ਨਾ ਲਿਖਿਆ। ਹੋ ਰਹੇ ਨਾਟਕ ਵਿਚ ਦੋਸ਼ੀਆਂ ਉਤੇ ਉਂਗਲ ਰੱਖਣ ਦਾ ਸੁਆਲ ਸੀ, ਪਰ ਮੀਸ਼ਾ ਕਿਸੇ 'ਤੇ ਇਲਜ਼ਾਮ ਨਹੀਂ ਸੀ ਧਰ ਸਕਦਾ ਸੀ ਤੇ ਇਹ ਗੁੰਝਲਦਾਰ ਯਥਾਰਥ ਉਸ ਦੀ ਪਕੜ ਵਿਚ ਨਹੀਂ ਸੀ ਆ ਰਿਹਾ। ਉਹ ਵਿਲਕਦਾ ਸੀ, ਤੜਫਦਾ ਸੀ, ਪਰ ਲਿਖਦਾ ਨਹੀਂ ਸੀ। ਉਹ ਅੱਗੇ ਦੱਸਦਾ ਹੈ: ਉਸ ਦੀ ਸ਼ਾਇਰੀ ਦਾ ਆਰੰਭ ਕਮਿਊਨਿਸਟ ਲਹਿਰ ਦੇ ਪ੍ਰਭਾਵ ਅਧੀਨ ਹੋਇਆ ਸੀ। ਉਸ ਦੀ ਮੌਤ ਬੁਰਜੂਆ ਸੰਗਤ ਦੇ ਭੈੜੇ ਪ੍ਰਭਾਵਾਂ ਕਾਰਨ ਹੋਈ।

ਅਸੀਂ ਉਡੀਕਦੇ ਸੀ ਕਿ ਰੇਡੀਓ ਦੀ ਨੌਕਰੀ ਛੱਡ ਕੇ ਉਹ ਚੀਕ ਨਹੀਂ, ਚੌਕ ਵਿਚ ਖੜ੍ਹ ਕੇ ਬੁਲਬੁਲੀ ਮਾਰੇਗਾ, ਪਰ ਉਹ ਉਸ ਸ਼ੁਭ ਘੜੀ ਤੋਂ ਪਹਿਲਾਂ ਹੀ ਹੱਥ ਹਿਲਾਉਂਦਾ, ਮੁਸਕਰਾਉਂਦਾ, ਡੂੰਘੀ ਚੁੱਭੀ ਮਾਰ ਗਿਆ।

ਪ੍ਰੇਮ ਪ੍ਰਕਾਸ਼ ਤੋਂ ਜਮ੍ਹਾਂ ਹੀ ਉਲਟ ਹੁੰਦਲ ਦੱਸਦਾ ਹੈ: ਉਸ ਦੀ ਦਰਦਨਾਕ ਤੇ ਬੇਵਕਤ ਮੌਤ ਦੀ ਘਟਨਾ, ਰੂਸੀ ਲੇਖਕਾਂ ਸਰਗੇਈ ਯੈਸੇਨਿਨ ਤੇ ਮਾਇਕੋਵਸਕੀ ਦੀਆਂ ਮੌਤਾਂ ਵਾਂਗ ਭੁਲ-ਭਲਾ ਜਾਵੇਗੀ, ਪਰ ਉਸ ਦੀ ਸ਼ਾਇਰੀ ਸਦਾ ਜਿੰਦਾ ਰਹੇਗੀ।

ਸੋਹਣ ਸਿੰਘ ਤਾਂ ਧਰਤੀ ਉਤੇ
ਆਉਂਦੇ ਜਾਂਦੇ ਰਹਿਣੇ
ਮੀਸ਼ੇ ਵਰਗਾ ਜਦ ਵੀ ਆਉਂਦਾ,
ਆਉਂਦਾ ਇਕੋ ਵਾਰੀ।

ਸੋਹਣ ਸਿੰਘ ਮੀਸ਼ੇ ਜੀ ਹਸਤੀ ਅਤੇ ਹਯਾਤੀ ਬਾਰੇ ਪ੍ਰੇਮ ਪ੍ਰਕਾਸ਼ ਦਾ ਸਭ ਤੋਂ ਵੱਡਾ 'ਸਕੂਪ' ਤਾਂ ਰਹਿ ਹੀ ਗਿਆ ਸੀ... 'ਮੀਸ਼ੇ ਕਈ ਸਨ' ਲੇਖ ਵਿਚ ਪ੍ਰੇਮ ਪ੍ਰਕਾਸ਼ ਨੇ ਲਿਖਿਆ ਹੈ: 'ਮੀਸ਼ੇ ਦੇ ਮਰਨ ਬਾਅਦ ਸੁਰਜੀਤ ਹਾਂਸ ਨੇ ਉਸ ਦੇ ਕਿਰਦਾਰ ਦੀ ਬੜੀ ਡੂੰਘੀ ਵਿਆਖਿਆ ਕੀਤੀ। ਕਹਿੰਦਾ, ਉਹ ਸਾਰੀ ਉਮਰ ਆਪਣੇ ਪਿੱਛੇ ਦੀ ਗਰੀਬੀ ਲੁਕਾਉਂਦਾ ਰਿਹਾ। ਮਹਿੰਗੇ ਕੱਪੜੇ, ਮਹਿੰਗੀਆਂ ਸ਼ਰਾਬਾਂ, ਕਾਰ ਤੇ ਵੱਡੀ ਕੋਠੀ ਵਿਚ ਰਹਿਣਾ... ਸਭ ਏਸੇ ਦੁਖ ਦਾ ਇਜ਼ਹਾਰ ਐ। ਉਹਦਾ ਬਾਪੂ ਚੰਗਾ ਬੰਦੈ। ਉਹਨੂੰ ਮਸ਼ੀਨ ਚਲਾ ਕੇ ਕੱਛੇ ਕੁੜਤੇ ਸਿਊਂ ਕੇ ਖਾਣ ਵਿਚ ਕੋਈ ਸ਼ਰਮ ਨਹੀਂ।... ਉਹਨੇ ਇਕ ਵਾਰੀ ਮੀਸ਼ੇ ਨੂੰ ਧਮਕੀ ਦਿੱਤੀ, ਬਈ ਜੇ ਤੈਂ ਮੈਨੂੰ ਮਹੀਨੇ ਦੇ ਏਨੇ ਪੈਸੇ ਨਾ ਦਿੱਤੇ ਤਾਂ ਮੈਂ ਸਠਿਆਲੇ ਆ ਕੇ ਰਿਕਸ਼ਾ ਵਾਹੁਣ ਲੱਗ ਪੈਣੈ। ਉਦੋਂ ਮੀਸ਼ਾ ਤੇ ਸੁਰਜੀਤ ਹਾਂਸ ਸਠਿਆਲੇ ਕਾਲਜ ਵਿਚ ਪੜ੍ਹਾਉਂਦੇ ਸੀ।'

ਇਹ ਪੜ੍ਹਦਿਆਂ ਅਫਸੋਸ ਤਾਂ ਹੁੰਦਾ ਹੈ, ਪਰ ਬਾਅਦ ਇਹ ਸੋਚਦਿਆਂ ਧਰਵਾਸ ਵੀ ਹੁੰਦੀ ਹੈ ਕਿ ਮੀਸ਼ੇ ਦੀ ਚੰਗੀ ਕਿਸਮਤ ਨੂੰ ਉਹਦੇ ਕਿਰਦਾਰ ਦੀ ਬੜੀ 'ਡੂੰਘੀ ਵਿਆਖਿਆ' ਸੁਰਜੀਤ ਹਾਂਸ ਵਰਗਾ 'ਹਮਦਰਦ' ਦੋਸਤ ਕਰ ਰਿਹੈ। ਸਾਡੇ ਕੁਝ ਸੱਜਣਾਂ ਨੇ ਪਾਸ਼ ਅਤੇ ਡਾ. ਰਵਿੰਦਰ ਰਵੀ ਦੇ ਕਿਰਦਾਰ ਦੀ ਇਸ ਤੋਂ ਵੀ ਕਿਤੇ ਵੱਧ 'ਡੂੰਘੀ' ਅਤੇ 'ਵਿਗਿਆਨਕ' ਵਿਆਖਿਆ ਕੀਤੀ ਹੋਈ ਹੈ। ਜੇ ਕਿਤੇ ਮੀਸ਼ਾ ਇਨ੍ਹਾਂ ਦੀ ਜਾੜ੍ਹ ਹੇਠ ਆ ਜਾਂਦਾ ਤਾਂ ਉਹਦਾ ਕੀ ਬਣਦਾ!

ਡਾ. ਹਾਂਸ ਦੀ ਇਹ ਜਜਮੈਂਟ ਪੜ੍ਹਦਿਆਂ 'ਜੁਰਮ ਤੇ ਸਜ਼ਾ' ਦਾ ਚੇਤੇ ਆ ਗਿਆ ਹੈ...

ਦਾਸਤੋਵਸਕੀ ਸੁਰਜੀਤ ਹਾਂਸ ਵਰਗਾ ਜ਼ਿੰਮੇਵਾਰ ਤੇ ਉਸਾਰੂ ਚਿੰਤਕ ਭਲੇ ਹੀ ਨਾ ਹੋਵੇ, ਪਰ ਦੁਨੀਆਂ ਭਰ ਦੇ ਸਿਰਜਣਾਤਮਿਕ ਸਾਹਿਤ ਵਿਚ ਉਸ ਦਾ ਕੋਈ ਸਾਨੀ ਨਹੀਂ। ਇਨਸਾਨ ਦੇ ਅੰਦਰੂਨੀ ਮਾਨਸਿਕ ਜਗਤ ਦੇ ਦਵੰਦਾਂ ਅਤੇ ਗਹਿਰਾਈਆਂ ਦੀ ਥਾਹ ਪਾਉਣ ਦੇ ਮਾਮਲੇ ਵਿਚ ਉਹ 'ਰੁਸਤਮ-ਏ-ਜਮਾਂ' ਹੈ। 'ਜੁਰਮ ਅਤੇ ਸਜ਼ਾ' ਦੀ ਰਚਨਾ ਉਹਨੇ ਬੜੀ ਇਕਾਗਰਤਾ ਨਾਲ ਕੀਤੀ। ਨਾਵਲ ਦੀ ਕਥਾ ਵਿਚ 'ਮਹਾਂਮਾਨਵ' ਬਣਨ ਦਾ ਇੱਛੁਕ ਨੌਜਵਾਨ ਰਾਸਕੋਲਨੀਕੋਵ ਆਪਣੀ ਪਿਆਰੀ ਭੈਣ ਨੂੰ ਪੜ੍ਹਾਉਣ ਅਤੇ ਵਡੇਰੀ ਉਮਰ ਦੇ ਕਿਸੇ ਅਹਿਮਕ ਭੱਦਰ ਪੁਰਸ਼ ਨਾਲ 'ਨਰਕ ਵਿਆਹ' ਤੋਂ ਬਚਾਉਣ ਲਈ ਲੋੜੀਂਦੀ ਰਾਸ਼ੀ ਜੁਟਾਉਣ ਖਾਤਰ ਵਿਆਜੂ ਪੈਸੇ ਦੇਣ ਵਾਲੀ ਸਿਰੇ ਦੀ ਲੋਭੀ ਤੇ ਕੰਜੂਸ, ਪਹਿਲਾਂ ਹੀ ਮਰਨਾਊ ਪਈ ਬਜ਼ੁਰਗ ਔਰਤ ਦੀ ਇਹ ਸੋਚ ਕੇ ਹੱਤਿਆ ਕਰ ਦਿੰਦਾ ਹੈ ਕਿ ਚਲੋ ਉਹਦਾ ਕੀ ਹੈ, ਧਰਤੀ 'ਤੇ ਵਾਧੂ ਭਾਰ ਹੀ ਹੈ; ਨਾਲੇ ਉਹ ਚੁਕਿਆ ਜਾਵੇਗਾ, ਨਾਲੇ ਉਸ ਲਈ ਤੇ ਉਸ ਦੀ ਭੈਣ ਲਈ ਪੈਸੇ ਦਾ ਜੁਗਾੜ ਹੋ ਜਾਵੇਗਾ; ਪਰ ਉਹ ਕਾਰਾ ਕਰ ਕੇ ਉਸ ਦੀ ਆਤਮਾ ਕੰਬ ਉਠਦੀ ਹੈ। ਪ੍ਰੇਸ਼ਾਨ ਮਾਨਸਿਕ ਅਵਸਥਾ ਵਿਚ ਉਹ ਸ਼ਰਾਬਖਾਨੇ ਜਾ ਵੜਦਾ ਹੈ। ਅੱਗਿਓਂ ਕਾਫੀ ਸਿਆਣੀ ਉਮਰ ਦਾ ਮਾਰਮੇਲਾਦੋਵ ਉਸ ਤੋਂ ਕਿਤੇ ਵੱਧ 'ਪ੍ਰੇਸ਼ਾਨ' ਹੈ। ਉਸ ਦੀ ਵੱਡੇ ਖਾਨਦਾਨੀ ਪਿਛੋਕੜ ਵਾਲੀ ਡਾਢੀ ਨੇਕ ਰੂਹ ਦੂਜੀ ਪਤਨੀ ਕੈਟਰੀਨਾ ਟੀ.ਬੀ. ਦੀ ਅੰਤਿਮ ਅਵਸਥਾ ਵਿਚ ਹੋਣ ਕਰ ਕੇ ਮੌਤ ਕਿਨਾਰੇ ਹੈ। ਬੱਚੇ ਭੁੱਖੇ ਹਨ, ਘਰੇ ਕਈ ਦਿਨਾਂ ਤੋਂ ਖਾਣ ਲਈ ਕੁਝ ਵੀ ਨਹੀਂ ਹੈ। ਉਹ ਆਪਣੇ ਪਤੀ ਦੀ ਪਹਿਲੀ ਪਤਨੀ ਤੋਂ ਮਤਰੇਈ ਧੀ ਸੋਨੀਆ ਨੂੰ ਫਿਟਕਾਰਦੀ ਹੈ। ਮਰੀਅਮ ਰੂਹ ਸੋਨੀਆ ਘਰੋਂ ਪੇਸ਼ਾ ਕਰਨ ਨਿਕਲ ਜਾਂਦੀ ਹੈ ਅਤੇ 14 ਰੂਬਲ ਕਮਾ ਕੇ ਪਰਤਦੀ ਹੈ। ਮਾਰਮੇਲਾਦੋਵ ਆਪਣੀ ਧੀ ਤੋਂ ਪੈਸੇ ਖੋਹ ਕੇ ਰਾਸਕੋਲਨੀਕੋਵ ਦੇ ਅਹਾਤੇ ਵਿਚ ਦਾਖਲ ਹੋਣ ਤੋਂ ਪਹਿਲਾਂ ਦਾਰੂ ਪੀ ਬੈਠਾ ਹੈ। ਦਾਸਤੋਵਸਕੀ ਦੀ ਕਥਾ ਦੇ ਪਲਾਟ ਦੀ ਚਤੁਰਾਈ ਵੇਖੋ ਕਿ ਮਾਰਮੇਲਾਦੋਵ ਉਸ ਨੂੰ ਵਿੰਹਦਿਆਂ ਇਕ ਦਮ ਉਸ ਅੰਦਰ ਆਪਣੇ ਆਤਮਿਕ ਸੰਤਾਪ ਨਾਲ ਜੁੜਦੀ ਕੋਈ ਲੁਕਵੀਂ 'ਸਾਂਝ' ਤਾੜ ਲੈਂਦਾ ਹੈ ਅਤੇ ਆਪਣੇ 'ਕੌਤਿਕ' ਦੀ ਕਹਾਣੀ ਸੁਣਾਉਣ ਲਈ ਹੋਰ ਕਿਸੇ ਕੋਲ ਨਹੀਂ ਜਾਂਦਾ, ਸਿੱਧਾ ਰਾਸਕੋਲਨੀਕੋਵ ਦੇ ਮੂਹਰੇ ਹੀ ਜਾ ਬਹਿੰਦਾ ਹੈ। ਬਸ ਪਲਾਂ ਵਿਚ ਹੀ ਤੰਦ ਜੁੜ ਜਾਣੀ ਹੈ!... ਤੇ ਅਗਲੇ ਦਿਨ ਹੀ ਬਜ਼ੁਰਗ ਨੇ ਸ਼ਰਾਬੀ ਹਾਲਤ ਵਿਚ ਕਿਸੇ ਅਮੀਰਜ਼ਾਦੇ ਦੀ ਘੋੜਾ-ਗੱਡੀ ਹੇਠਾਂ ਆ ਕੇ ਦਰੜਿਆ ਜਾਣੈ।... ਹੁਣ ਅੱਗਿਓਂ ਰਾਸਕੋਲਨੀਕੋਵ ਅਤੇ ਸੋਨੀਆ ਜਾਣਨ ਕਿ ਉਨ੍ਹਾਂ ਆਪਣੀ ਜ਼ਮੀਰ ਨੂੰ 'ਦੋਸ਼ ਮੁਕਤ' ਕਰਨ ਲਈ ਗੁਨਾਹ ਦਾ ਇਕਬਾਲ ਕਰਨਾ ਜਾਂ ਨਹੀਂ ਕਰਨਾ; ਤੇ ਜੇ ਕਰਨਾ ਤਾਂ ਆਪਣੀ ਰੂਹ ਦੀ ਸ਼ਾਂਤੀ ਲਈ ਸਜ਼ਾ ਕਿਸ ਤਰ੍ਹਾਂ ਦੀ ਪਾਉਣੀ ਹੈ! ਕਮਾਲ ਦੀ ਗੱਲ, ਪੈਗੰਬਰ ਆਪ ਵਿਚੋਂ ਪਾਸੇ ਹੀ ਹੋ ਜਾਂਦਾ ਹੈ।

ਦਾਸਤੋਵਸਕੀ ਦੀ 'ਚਲਾਕੀ' ਜ਼ਰਾ ਵੇਖੋ- ਉਹ ਪੰਜਾਬ ਦੇ ਸਾਡੇ ਸਮਿਆਂ ਦੇ ਸਿਰਮੌਰ ਚਿੰਤਕ ਡਾ. ਸੁਰਜੀਤ ਹਾਂਸ ਅਤੇ ਦਿਗੰਬਰ ਮਨੋਵਿਗਿਆਨਕ ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੇ ਉਲਟ ਮਾਰਮੇਲਾਦੋਵ ਦੇ ਕਿਰਦਾਰ ਦੀ 'ਬੜੀ ਡੂੰਘੀ ਵਿਆਖਿਆ' ਪੇਸ਼ ਕਰਦਿਆਂ ਉਸ ਨੂੰ ਤਰਸ ਜਾਂ

(ਬਾਕੀ ਅਗਲੇ ਸਫੇ 'ਤੇ)

*ਹਰਭਜਨ ਸਿੰਘ ਹੁੰਦਲ ਲਿਖਦਾ ਹੈ: "1951 ਦੀ ਗੱਲ ਹੈ, ਮੈਂ ਰਣਧੀਰ ਕਾਲਜ ਕਪੂਰਥਲੇ ਦਾਖਲ ਹੋਇਆ... ਥੋੜ੍ਹੇ ਤੇ ਮਾੜੇ ਕੱਪੜੇ। ਰੁੱਖੀ ਮਿੱਸੀ ਰੋਟੀ ਖਾ ਕੇ ਟੁੱਟੇ ਸਾਈਕਲਾਂ 'ਤੇ ਅਸੀਂ ਪਿੰਡਾਂ ਦੇ ਮੁੰਡੇ ਕਾਲਜ ਪੜ੍ਹਨ ਆਉਂਦੇ, ਮੀਸ਼ਾ ਸੋਹਣੇ ਕਪੜੇ ਪਾ ਕੇ ਆਉਂਦਾ। ਉਹ ਚੁਸਤ ਵਿਖਾਈ ਦਿੰਦਾ। ਕੁੜੀਆਂ ਅਤੇ ਮੁੰਡਿਆਂ ਦੋਵਾਂ ਵਿਚ ਹਰਮਨ ਪਿਆਰਾ ਸੀ। ਉਹ ਨਟਖਟ ਅਤੇ ਸ਼ਰਾਰਤੀ ਸੀ... ਜੋਗਿੰਦਰ ਸ਼ਮਸ਼ੇਰ ਕਮਿਊਨਿਸਟ ਪਾਰਟੀ ਦੇ ਸਕੱਤਰ ਵਜੋਂ ਕੰਮ ਕਰਦਾ ਸੀ ਅਤੇ ਵਿਦਿਆਰਥੀਆਂ ਵਿਚ ਉਹ ਬੜਾ ਹਰਮਨ ਪਿਆਰਾ ਸੀ। ਮੀਸ਼ਾ ਸਾਥੋਂ ਪਹਿਲਾਂ ਉਸ ਦਾ ਮੁਰੀਦ ਬਣ ਚੁੱਕਾ ਸੀ।"*



ਮੀਸ਼ਾ (ਵਿਚਕਾਰ) ਐਮ.ਐਸ. ਰੰਧਾਵਾ (ਖੱਬੇ) ਅਤੇ ਆਸਿਫ ਸ਼ਾਹਕਾਰ ਨਾਲ।

ਤਿਰਸਕਾਰ ਦਾ ਪਾਤਰ ਬਣਾਉਣਾ ਤਾਂ ਪਾਸੇ, ਉਸ ਉਪਰ ਕੋਈ ਜਜਮੈਂਟ ਪਾਸ ਨਹੀਂ ਕਰਦਾ, ਬਲਕਿ ਇਹ ਕੰਮ ਆਪਣੇ ਪਾਠਕਾਂ 'ਤੇ ਛੱਡ ਦਿੰਦਾ ਹੈ।

ਕਹਿਣ ਦਾ ਭਾਵ, ਸਰਜੀਤ ਹਾਂਸ ਅਤੇ ਪ੍ਰੇਮ ਪ੍ਰਕਾਸ਼ ਨੇ ਜਿਹੜੀ ਡੂੰਘੀ ਵਿਆਖਿਆ ਕੀਤੀ ਹੈ, ਉਹ ਗਲਤ ਹੈ। ਇਨਸਾਨੀ ਜਾਮੇ ਵਿਚ ਮੀਸ਼ੇ, ਅੰਮ੍ਰਿਤਾ ਸ਼ੇਰਗਿੱਲ ਜਾਂ ਸਿਆਲਾਂ ਦੀ ਹੀਰ ਰੂਪੀ ਕਿਸੇ ਅਲੋਕਾਰ ਵਰਤਾਰੇ ਦਾ ਅਜਿਹੇ ਉਪਯੋਗਵਾਦੀ ਨੁਕਤਾ-ਨਿਗ੍ਹਾ ਤੋਂ ਲੇਖਾ ਜੋਖਾ ਠੀਕ ਨਹੀਂ ਹੈ... ਵਰਨਾ ਇਹ ਤਾਂ ਉਹੋ ਗੱਲ ਹੋਈ ਜਿਸ ਦਾ ਮੀਸ਼ੇ ਨੂੰ ਸ਼ੁਰੂ ਤੋਂ ਭੈਅ ਸੀ। ਇਸ ਬਾਰੇ ਉਸ ਦਾ ਇਕਬਾਲ ਜ਼ਰਾ ਵੇਖੋ:

ਛੱਡ ਕੇ ਜੱਗ ਭੀੜਾ ਸਨਮਾਨੇ ਰਾਹਾਂ ਨੂੰ,
ਤੂੰ ਜਿਸ ਔਝੜ ਪੈਂਡੇ ਕਦਮ ਵਧਾਇਆ ਹੈ
ਇਹ ਪੈਂਡਾ ਹੈ ਮੱਲਿਆ ਸੁੰਨ-ਮਸਾਣਾਂ ਨੇ
ਇਸ ਪੈਂਡੇ ਦਾ ਸਾਥੀ ਤੇਰਾ ਸਾਇਆ ਹੈ।
ਤੇਜ਼ ਹਵਾਵਾਂ ਤੋੜ ਕੇ ਤੇਰੇ ਹੋਠਾਂ ਤੋਂ
ਤੇਰੇ ਬੋਲ ਖਲਾਵਾਂ ਵਿਚ ਗਵੌਣੇ ਨੇ
ਪੈੜ ਨਹੀਂ ਪਲ ਰਹਿਣੀ ਤਪਦੀਆਂ ਰੇਤਾਂ 'ਤੇ
ਪੈਰ ਉਠਦਿਆਂ ਸਾਰ ਨਿਸ਼ਾਨ ਮਿਟੌਣੇ ਨੇ।
ਧੂਦਲ ਉਡ ਕੇ ਆਉਣੀ ਹੈ ਜੱਗ ਰਾਹਾਂ ਦੀ
ਇਸ ਧੂਦਲ ਨੇ ਤੇਰਾ ਮੂੰਹ ਸਿਰ ਭਰਨਾ ਹੈ
ਤੇਰੇ ਦਿਲ ਦੀ ਸਾਰ ਕਿਸੇ ਨੂੰ ਹੋਣੀ ਨਹੀਂ
ਤੂੰ ਇਕਲਾਪਾ ਆਪਣੇ ਹੱਡੀਂ ਜਰਨਾ ਹੈ
ਇਸ ਪੈਂਡੇ ਜੇ ਕੋਈ ਸਬੱਬੀਂ ਮਿਲਿਆ ਵੀ
ਉਸ ਤੋਂ ਤੇਰੇ ਬੋਲ ਪਛਾਣੇ ਜਾਣੇ ਨਹੀਂ
ਆਪਣਾ ਹੀ ਮੂੰਹ ਤਕਣਾ ਚਾਹਿਆ ਸ਼ੀਸ਼ੇ ਵਿਚ
ਤੈਥੋਂ ਆਪਣੇ ਨਕਸ਼ ਸਿਆਣੇ ਜਾਣੇ ਨਹੀਂ।

ਮੀਸ਼ਾ ਚੜ੍ਹਦੀ ਉਮਰੇ ਖੱਬੇ ਦਾਅ ਦੇ ਆਪਣੇ ਕੁਝ ਗੁਸੈਲ ਮਿੱਤਰਾਂ ਤੋਂ ਜ਼ਿਹਨੀ ਅਤੇ ਆਤਮਿਕ ਤੌਰ 'ਤੇ ਨਿਰੰਤਰ ਆਤੰਕਿਤ ਰਿਹਾ- ਸਰਕਾਰੀ ਨੌਕਰੀ ਨੇ ਵੀ ਉਸ ਨੂੰ ਕੁੜਿੱਕੀ ਵਿਚ ਰੱਖਿਆ, ਤੇ ਫਿਰ ਜਦੋਂ ਸਾਹ ਜ਼ਰਾ ਕੁ ਸੌਖਾ ਆਉਣ ਲੱਗਾ ਤਾਂ ਪਹਿਲਾਂ ਕਾਦਰ ਦੀ ਕਰੋਪੀ ਨੇ ਗੁੱਝੀਆਂ ਸੱਟਾਂ ਮਾਰੀਆਂ, ਫਿਰ ਜਲਦੀ ਬਾਅਦ ਹੀ ਉਹ ਸੱਜੇ ਦਾਅ ਤੋਂ ਪੰਜਾਬ ਦੀ ਧਰਤੀ 'ਤੇ ਸਵਰਗ ਉਤਾਰਨ ਲਈ ਬਜ਼ਿਦ, ਪਹਿਲੇ ਮਿੱਤਰਾਂ ਤੋਂ ਕਿਤੇ ਵੱਧ ਕਹਿਰੀ 'ਯੁਵਕਾਂ' ਦੀ ਦਹਿਸ਼ਤ ਤੋਂ ਬੁਰੀ ਤਰ੍ਹਾਂ ਆਤੰਕਿਤ ਹੋ ਗਿਆ।

ਆਪਣੇ ਧੀਮੀ ਸੁਰ ਵਾਲੇ ਨਿਮਰ ਸੁਭਾਅ ਦੇ ਉਲਟ ਕਾਂਜਲੀ ਝੀਲ ਅੰਦਰ 'ਚੀਕ ਬੁਲਬੁਲੀ' ਜਾ ਮਾਰਨ ਤੋਂ ਪਹਿਲਾਂ ਉਹਨੇ ਆਪਣੇ ਬੰਦ ਕਮਰੇ ਵਿਚ ਡਰਦਿਆਂ-ਡਰਦਿਆਂ ਇਕੋ ਇਕ ਮਿਨੀ 'ਚੀਕ' ਜੇ ਮਾਰੀ, ਉਸ 'ਤੇ ਵੀ ਗੌਰ ਫਰਮਾਓ:

ਪੁੱਛਦੀ ਲਹੂ ਲੁਹਾਨ ਹੋ ਧਰਤੀ ਪੰਜਾਬ ਦੀ
ਕੱਟੋਂਗੇ ਕਦ ਕੁ ਤੀਕ ਮੇਰਾ ਬੰਦ ਬੰਦ ਹੋਰ
ਪਾਇਆ ਦਿਨੇ ਹਨੇਰ ਹੈ ਮੱਸਿਆ ਦੀ ਰਾਤ ਦਾ
ਹੁਣ ਇਸ ਤੋਂ ਵੱਧ ਕੀ ਤੁਸੀਂ ਚਾੜ੍ਹੋਗੇ ਚੰਦ ਹੋਰ!

ਮੀਸ਼ਾ ਸੰਤ ਸੀ... ਹਾਂ, ਕਦੀ ਕਦੀ ਨਿਸਚੇ ਹੀ ਉਹ ਮਲਾਮਤੀ ਸਾਧ ਬਣਿਆ ਨਜ਼ਰ ਜ਼ਰੂਰ ਆਉਂਦਾ ਸੀ। ਉਹਦੀਆਂ 'ਚੁਰਸਤਾ', 'ਚੀਕ ਬੁਲਬੁਲੀ' ਅਤੇ 'ਲੀਕ' ਵਰਗੀਆਂ ਨਜ਼ਮਾਂ ਜ਼ਰਾ ਵਧੇਰੇ ਹਮਦਰਦੀ ਅਤੇ ਗਹੁ ਨਾਲ ਪੜ੍ਹੇ ਜਾਣ ਦੀ ਜ਼ਰੂਰਤ ਹੈ। ਸਭ ਦਾ ਭਲਾ ਇਸੇ ਵਿਚ ਹੈ; ਨਹੀਂ ਤਾਂ ਮੀਸ਼ੇ ਨੇ ਕਿਹੜਾ ਦੁਬਾਰਾ ਕਹਿਣ ਆਉਣਾ ਹੈ! ਉਹਨੇ ਤਾਂ ਜਿਊਂਦਿਆਂ ਵੀ ਕਦੀ ਜ਼ੋਰ ਦੇ ਕੇ ਕੁਝ ਨਹੀਂ ਸੀ ਕਿਹਾ।

ਇਸੇ ਦੌਰਾਨ ਜਸਵੰਤ ਦੀਦ ਦਾ ਲਿਖਿਆ ਲੇਖ 'ਇਕ ਇਹ ਵੀ ਮੀਸ਼ਾ' ਨਿਗ੍ਹਾ ਵਿਚੋਂ ਲੰਘਿਆ। ਦੀਦ ਅਨੁਸਾਰ, ਮੀਸ਼ੇ ਦੇ ਚਾਰ ਸੁਪਨੇ ਸਨ: ਆਪਣਾ ਸੋਹਣਾ ਮਕਾਨ, ਬੀਵੀ ਜਲੰਧਰ ਪ੍ਰਿੰਸੀਪਲ, ਬੇਟਾ ਘੁੱਗੀ ਇੰਜੀਨੀਅਰ ਅਤੇ ਬੇਟੀ ਰੀਨਾ ਡਾਕਟਰ। ਇਹ ਚਾਰੋਂ ਸੁਪਨੇ ਉਹਦੇ ਮਰਨ ਬਾਅਦ ਪੂਰੇ ਹੋਏ। ਮਿਸਜ਼ ਮੀਸ਼ਾ ਰਿਜਨਲ ਸੈਂਟਰ ਜਲੰਧਰ ਪ੍ਰਿੰਸੀਪਲ ਬਣ ਗਏ। ਬੇਟਾ ਘੁੱਗੀ ਅਮਰੀਕੀ ਕੰਪਨੀ ਨੇ ਇੰਜੀਨੀਅਰ ਸਲੈਕਟ ਕਰ ਲਿਆ, ਰੀਨਾ ਡਾਕਟਰ ਬਣ ਗਈ ਅਤੇ ਉਹਦੇ ਹੋਣਹਾਰ ਬੇਟੇ ਨੇ ਉਹਦੇ ਮਕਾਨ ਵਾਲਾ ਸੁਪਨਾ ਪੂਰਾ ਕੀਤਾ। ਬਾਹਰ ਕਾਲੀ ਸੰਗਮਰਮਰ 'ਤੇ ਸੁਨਹਿਰੀ ਅੱਖਰਾਂ ਵਿਚ ਲਿਖਿਆ- ਸ.ਸ. ਮੀਸ਼ਾ। ਮੈਡਮ ਮੀਸ਼ਾ ਸਾਧਨਾ, ਸਾਦਗੀ ਤੇ ਸੰਜਮ ਦੀ ਤਸਵੀਰ। ਇਕ ਵਾਰ ਕਿਸੇ ਨੇ ਸਵਾਲ ਕੀਤਾ ਸੀ- ਮੀਸ਼ਾ ਗੈਰ-ਔਰਤਾਂ ਨਾਲ ਸਬੰਧ ਰੱਖਦਾ, ਤੁਹਾਨੂੰ ਬੁਰਾ ਨਹੀਂ ਲਗਦਾ? ਜਵਾਬ ਸੀ- ਕਈ ਤਾਂ ਇਨ੍ਹਾਂ ਨੂੰ ਮੈਥੋਂ ਖੋਹ ਕੇ ਲੈ ਜਾਣ ਦੀ ਹੱਦ ਤਕ ਕਬਜ਼ਾ ਕਰਨਾ ਚਾਹੁੰਦੀਆਂ ਨੇ, ਪਰ ਮੈਨੂੰ ਪਤਾ ਹੈ, ਉਹ ਕਰ ਨਹੀਂ ਸਕਦੀਆਂ। ਇਹ ਜਿੰਨੇ ਮੇਰੇ ਹਨ, ਮੇਰੇ ਹੀ ਰਹਿਣਗੇ। ਜੋ ਕੁਝ ਬਾਹਰ ਵੰਡ ਰਹੇ ਨੇ, ਉਸ ਦੀ ਮੈਨੂੰ ਲੋੜ ਕੋਈ ਨਹੀਂ।



*ਸੋਹਣ ਸਿੰਘ ਮੀਸ਼ਾ 1981 ਵਿਚ ਜਗਤਪੁਰੀਏ ਮਹਿੰਦਰ ਸਿੰਘ ਦੁਸਾਂਝ ਨਾਲ।*

***ਮੈਡਮ ਮੀਸ਼ਾ ਅਮਰੀਕਾ ਤੋਂ ਜਲੰਧਰ ਅਰਬਨ ਅਸਟੇਟ-1, ਆਪਣੇ ਘਰੇ ਆਏ। ਉਨ੍ਹਾਂ ਛੋਟੀ ਜਿਹੀ ਪੁਸਤਕ ਦਿੱਤੀ। ਮੀਸ਼ੇ ਦੀ ਦੋਹਤੀ ਦੀਆਂ ਕਵਿਤਾਵਾਂ। ਉਹਦਾ ਨਾਂ ਮੀਰਾ ਮਰਵਾਹ ਹੈ। ਇਹ ਅਮਰੀਕਾ ਵਿਚ ਨੌਵੀਂ ਜਮਾਤ ਵਿਚ ਪੜ੍ਹਦੀ ਹੈ। ਬੜੀ ਜ਼ਹੀਨ ਕੁੜੀ ਹੈ। ਪਤਾ ਨਹੀਂ ਕਦੋਂ ਕਵਿਤਾਵਾਂ ਲਿਖਣ ਲਗ ਪਈ। ਅੰਗਰੇਜ਼ੀ ਵਿਚ ਲਿਖਦੀ ਐ। ਸਾਰਾ ਸਕੂਲ ਇਹਦੀਆਂ ਕਵਿਤਾਵਾਂ ਦੀ ਗੱਲ ਕਰਦਾ। ਇਹਦੀਆਂ ਕਵਿਤਾਵਾਂ ਦੀ ਕਿਤਾਬ ਸਕੂਲ ਵਾਲਿਆਂ ਛਾਪੀ ਹੈ। ਮੀਰਾ ਨੇ ਕਿਤਾਬ ਆਪਣੇ ਨਾਨੇ ਸ.ਸ. ਮੀਸ਼ਾ ਨੂੰ ਸਮਰਪਿਤ ਕੀਤੀ ਹੈ: "ਮੈਨੂੰ ਇਹ ਦੱਸਦਿਆਂ ਮਾਣ ਮਹਿਸੂਸ ਹੁੰਦਾ ਹੈ ਕਿ ਮੈਂ ਪੰਜਾਬੀ ਦੇ ਨਾਮਵਰ ਸ਼ਾਇਰ ਸੋਹਣ ਸਿੰਘ ਮੀਸ਼ਾ ਦੀ ਗਰੈਂਡਡਾਟਰ ਹਾਂ।"***

ਮੈਡਮ ਮੀਸ਼ਾ ਕਈ ਵਾਰ ਕਿਸੇ ਪਹੁੰਚੇ ਹੋਏ ਰਿਸ਼ੀ ਦੀ ਰੂਹ ਜਾਪਦੇ। ਵੈਰਾਗ ਦੇ ਤਪ ਨਾਲ ਚਮਕਦਾ ਚਿਹਰਾ। ਹੱਥਾਂ ਵਿਚ ਮੀਸ਼ੇ ਦੇ ਨਾਮ ਦੀ ਮਾਲਾ। ਹਰ ਮਣਕਾ- ਮੀਸ਼ਾ ਜੀ, ਮੀਸ਼ਾ ਜੀ! ਮਹਾਨ ਇਤਾਲਵੀ ਪੱਤਰਕਾਰ ਓਰੀਆਨਾ ਫਲਾਸੀ ਦੀ ਚਰਚਿਤ ਇੰਟਰਵਿਊ ਵਿਚ ਦਿੱਤੀ ਗਵਾਹੀ ਅਨੁਸਾਰ, ਅਰਨੈਸਟ ਹੈਮਿੰਗਵੇ ਦੇ ਬਿਨਾ ਦਸਿਆਂ 'ਚੀਕ ਬੁਲਬੁਲੀ' ਮਾਰ ਜਾਣ ਤੋਂ ਕਈ ਵਰ੍ਹਿਆਂ ਬਾਅਦ ਉਹਦੀ ਮਹਿਬੂਬ ਪਤਨੀ ਮੇਰੀ ਹੈਮਿੰਗਵੇ ਦੇ ਹਾਰ ਹੀ।

ਪਿੱਛੇ ਜਿਹੇ ਮੈਡਮ ਮੀਸ਼ਾ ਅਮਰੀਕਾ ਤੋਂ ਜਲੰਧਰ ਅਰਬਨ ਅਸਟੇਟ-1, ਆਪਣੇ ਘਰੇ ਆਏ। ਉਨ੍ਹਾਂ ਛੋਟੀ ਜਿਹੀ ਪੁਸਤਕ ਦਿੱਤੀ। ਮੀਸ਼ੇ ਦੀ ਦੋਹਤੀ ਦੀਆਂ ਕਵਿਤਾਵਾਂ। ਉਹਦਾ ਨਾਂ ਮੀਰਾ ਮਰਵਾਹ ਹੈ। ਇਹ ਅਮਰੀਕਾ ਵਿਚ ਨੌਵੀਂ ਜਮਾਤ ਵਿਚ ਪੜ੍ਹਦੀ ਹੈ। ਬੜੀ ਜ਼ਹੀਨ ਕੁੜੀ ਹੈ। ਪਤਾ ਨਹੀਂ ਕਦੋਂ ਕਵਿਤਾਵਾਂ ਲਿਖਣ ਲਗ ਪਈ। ਅੰਗਰੇਜ਼ੀ ਵਿਚ ਲਿਖਦੀ ਐ। ਸਾਰਾ ਸਕੂਲ ਇਹਦੀਆਂ ਕਵਿਤਾਵਾਂ ਦੀ ਗੱਲ ਕਰਦਾ। ਇਹਦੀਆਂ ਕਵਿਤਾਵਾਂ ਦੀ ਕਿਤਾਬ ਸਕੂਲ ਵਾਲਿਆਂ ਨੇ ਛਾਪੀ ਹੈ। ਮੀਰਾ ਨੇ ਇਹ ਕਿਤਾਬ ਆਪਣੇ ਨਾਨੇ ਸ.ਸ. ਮੀਸ਼ਾ ਨੂੰ ਸਮਰਪਿਤ ਕੀਤੀ ਹੈ: "ਮੈਨੂੰ ਇਹ ਦੱਸਦਿਆਂ ਮਾਣ ਮਹਿਸੂਸ ਹੁੰਦਾ ਹੈ ਕਿ ਮੈਂ ਪੰਜਾਬੀ ਦੇ ਨਾਮਵਰ ਸ਼ਾਇਰ ਸੋਹਣ ਸਿੰਘ ਮੀਸ਼ਾ ਦੀ ਗਰੈਂਡਡਾਟਰ ਹਾਂ।"

ਮੀਸ਼ੇ ਬਾਰੇ ਹੁਣ ਬਥੇਰੀ ਗੱਲ ਹੋ ਗਈ ਹੈ ਅਤੇ ਹੁਣ ਇਸ ਬਿਰਤਾਂਤ ਨੂੰ ਮੀਸ਼ੇ ਦੇ ਅਤੇ ਆਪਣੇ ਉਮਰ ਭਰ 'ਜ਼ੋਰਬੀਅਨ' ਸਪਿਰਿਟ ਅਨੁਸਾਰ ਜਿਊਣ ਦੀ ਕੋਸ਼ਿਸ਼ ਕਰਦੇ ਰਹਿਣ ਵਾਲੇ ਮਿੱਤਰ ਮੇਜਰ ਪਿਆਰਾ ਸਿੰਘ ਦੇ ਆਪਣੇ ਯਾਰ ਲਈ 'ਇਬਾਦਤਨੁਮਾ' ਗੀਤ ਨਾਲ ਖਤਮ ਕਰ ਦੇਈਏ:

ਸਾਰੇ ਜੱਗ ਤੋਂ ਨਿਰਾਲਾ ਮਿੱਰਾ ਯਾਰ ਮੀਸ਼ਾ।
ਛਲਕਦਾ ਪਿਆਲਾ ਮਿੱਰਾ ਯਾਰ ਮੀਸ਼ਾ।
ਚੇਤਰ ਦੀ ਧੁਪੜੀ ਦਾ ਨਿੱਘ ਢੂੰਡਦੀ
ਸੂਰਜੀ ਕਿਰਨਮਾਲਾ ਮਿੱਰਾ ਯਾਰ ਮੀਸ਼ਾ।
ਜਿੰਦ੍ਹੀ ਮੁਸਕੜੀ ਫੁੱਲ ਚੰਬੇ ਤੋਂ ਕੋਮਲ
ਉਹ ਦਿਲ ਦਾ ਹਿਮਾਲਾ ਮਿੱਰਾ ਯਾਰ ਮੀਸ਼ਾ।
ਜੋ ਸਮਿਆਂ ਦੀ ਜੀਭਾ ਰਿਹਾ ਪੱਛਦਾ
ਉਹ ਡੰਗਦਾਰ ਛਾਲਾ ਮਿੱਰਾ ਯਾਰ ਮੀਸ਼ਾ।
ਜੋ 'ਵਸਤਰ ਹੰਢਾਅ ਕੱਚ' ਦੇ ਤੁਰ ਗਿਆ
ਦਿਲਾਂ ਦਾ ਸ਼ਿਵਾਲਾ ਮਿੱਰਾ ਯਾਰ ਮੀਸ਼ਾ।
'ਚੁਰੱਸਤੇ' ਵਿਚੋਂ ਭਟਕਣਾ ਕੇਹੀ ਹੋਈ
ਮਿਰੇ ਅੱਲਾ ਤਾਲਾ ਮਿੱਰਾ ਯਾਰ ਮੀਸ਼ਾ।
ਸਾਹਾਂ ਦੇ ਜਾਮੇ ਵਿਚ ਕਾਮਲ ਕਲੰਦਰ
ਅਜਬ ਸ਼ਾਨ ਵਾਲਾ ਮਿੱਰਾ ਯਾਰ ਮੀਸ਼ਾ।

***(ਸਮਾਪਤ)***

# ਬੱਬਰ ਕਰਮ ਸਿੰਘ ਆਸ਼ਟ

**ਵਾਸਦੇਵ ਸਿੰਘ ਪਰਹਾਰ**
**ਫੋਨ: 206-434-1155**

ਬੱਬਰ ਕਰਮ ਸਿੰਘ ਆਸ਼ਟ ਪੁੱਤਰ ਭਗਵਾਨ ਸਿੰਘ, ਪਿੰਡ ਹਰੀਪੁਰ ਦਾ ਜੰਮਪਲ ਸੀ। ਹਰੀਪੁਰ ਹੱਦਬਸਤ ਨੰਬਰ 63 ਰਕਬਾ 1034 ਹੈਕਟੇਅਰ ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਚ ਪੈਂਦਾ ਹੈ। ਇਹ ਥਾਣਾ ਆਦਮਪੁਰ ਤੋਂ ਤਿੰਨ ਕੁ ਮੀਲ ਦੱਖਣ ਵੱਲ ਹੈ। ਬੱਬਰ ਕਰਮ ਸਿੰਘ ਆਪਣੇ ਸਹੁਰੇ ਪਿੰਡ ਮਾਣਕੋ ਰਹਿੰਦਾ ਸੀ, ਇਸ ਲਈ ਬੱਬਰ ਅਕਾਲੀ ਟਰਾਇਲ ਕੇਸ ਵਿਚ ਉਸ ਦਾ ਪਿੰਡ ਮਾਣਕੋ ਹੀ ਲਿਖਿਆ ਮਿਲਦਾ ਹੈ। ਉਹ ਅੰਮ੍ਰਿਤਧਾਰੀ ਸਿੰਘ ਸੀ ਅਤੇ ਆਏ-ਗਏ ਬੱਬਰਾਂ ਦੀ ਲੰਗਰ-ਪਾਣੀ ਦੀ ਸੇਵਾ ਵੀ ਕਰਦਾ ਸੀ।

ਮਾਣਕੋ ਤੋਂ ਅੱਧ ਕੁ ਮੀਲ ਚੜ੍ਹਦੇ ਪਾਸੇ ਦੇ ਪਿੰਡ ਘੁੜਿਆਲ ਦਾ ਸੂਬੇਦਾਰ ਗੇਂਦਾ ਸਿੰਘ ਪੁਆਰ ਪੁਲਿਸ ਦਾ ਪੱਕਾ ਝੋਲੀ ਚੁੱਕ ਸੀ। ਉਸ ਅਤੇ ਉਸ ਪਿੰਡ ਦੇ ਪੰਡਿਤ ਰਾਮ ਰਤਨ ਨੇ ਪਿੰਡ ਵਿਚ ਅਮਨ ਸਭਾ ਬਣਾਈ ਹੋਈ ਸੀ ਜਿਸ ਦਾ ਪ੍ਰਧਾਨ ਸੂਬੇਦਾਰ ਗੇਂਦਾ ਸਿੰਘ ਅਤੇ ਸੈਕਟਰੀ ਪੰਡਿਤ ਰਾਮ ਰਤਨ ਸੀ। ਅਮਨ ਸਭਾ ਦਾ ਪ੍ਰਧਾਨ ਹੁੰਦਿਆਂ ਸੂਬੇਦਾਰ ਜਿਸ ਨੂੰ ਮਰਜ਼ੀ ਥਾਣੇ ਸਦਵਾ ਕੇ ਪੁਲਿਸ ਤੋਂ ਬੇਇਜਤੀ ਕਰਵਾ ਦਿੰਦਾ। ਆਪਣੇ ਘਰ ਅੱਗੇ ਸੱਥ ਵਿਚ ਬੈਠ ਕੇ ਸ਼ੇਖੀਆਂ ਮਾਰਦਾ ਰਹਿੰਦਾ ਕਿ ਬੱਬਰ ਮਾੜੇ-ਧੀੜਿਆਂ ਨੂੰ ਮਾਰਦੇ ਹਨ, ਕਿਤੇ ਮੇਰੇ ਨਾਲ ਦੋ ਹੱਥ ਕਰ ਕੇ ਦੇਖਣ! ਲੋਕ ਉਸ ਨੂੰ ਰਾਵਣ ਆਖਦੇ ਸਨ।

ਘੁੜਿਆਲ ਦਾ ਹੀ ਬੱਬਰ ਨੰਦ ਸਿੰਘ ਰਾਮਗੜ੍ਹੀਆ ਪਿੰਡ ਦੇ ਗੁਰਦੁਆਰੇ ਦਾ ਪ੍ਰਧਾਨ ਸੀ। ਉਹ ਗੁਰੂ ਕੇ ਬਾਗ ਮੋਰਚੇ ਵਿਚ ਜਥਾ ਲੈ ਕੇ ਗਿਆ ਸੀ ਜਿਥੇ ਪੁਲਿਸ ਨੇ ਉਸ ਨੂੰ ਬਹੁਤ ਬੁਰੀ ਤਰ੍ਹਾਂ ਮਾਰਿਆ ਕੁੱਟਿਆ ਸੀ। ਉਸ ਨੇ ਸੂਬੇਦਾਰ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਅੱਗਿਓਂ ਪੁੱਠਾ ਹੀ ਬੋਲਿਆ। ਇਸ ਕਰ ਕੇ ਨੰਦ


***27 ਫਰਵਰੀ 1926 ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਫਾਂਸੀ ਲਾਏ ਛੇ ਬੱਬਰਾਂ ਦੀਆਂ ਮ੍ਰਿਤਕ ਦੇਹਾਂ ਨਾਲ ਜੇਲ੍ਹ ਤੋਂ ਬਾਹਰ ਲੋਕਾਂ ਦਾ ਇਕੱਠ***

ਸਿੰਘ ਨੇ ਅਨੂਪ ਸਿੰਘ ਮਾਣਕੋ, ਬਤਨ ਸਿੰਘ ਪੰਡੋਰੀ ਨਿੱਜਰਾਂ, ਕਰਮ ਸਿੰਘ ਮਾਣਕੋ ਅਤੇ ਬਾਬੂ ਸੰਤਾ ਸਿੰਘ ਛੋਟੀ ਹਰੀਉਂ ਨੂੰ ਨਾਲ ਲੈ ਕੇ 17 ਅਪਰੈਲ 1923 ਨੂੰ ਸ਼ਾਮ ਵੇਲੇ ਸੂਬੇਦਾਰ ਨੂੰ ਮਾਰ-ਮੁਕਾਇਆ। ਸੂਬੇਦਾਰ ਆਪਣੇ ਘਰ ਅੱਗੇ ਥੜ੍ਹੇ 'ਤੇ ਬੈਠਾ ਗੱਪਾਂ ਮਾਰ ਰਿਹਾ ਸੀ। ਬੱਬਰਾਂ ਨੇ ਨੰਦ ਸਿੰਘ ਨੂੰ ਆਖਿਆ ਸੀ ਕਿ ਉਹ ਸੂਬੇਦਾਰ ਨੂੰ ਪਛਾਣਦਾ ਹੈ, ਇਸ ਲਈ ਪਹਿਲਾਂ ਉਹ ਹੀ ਉਸ 'ਤੇ ਗੋਲੀ ਚਲਾਏਗਾ। ਨੰਦ ਸਿੰਘ ਨੇ ਆਪਣੀ ਬੰਦੂਕ ਉਸ ਵੱਲ ਅਜੇ ਤਾਣੀ ਹੀ ਸੀ ਕਿ ਸੂਬੇਦਾਰ ਨੇ ਫੁਰਤੀ ਨਾਲ ਉਠ ਕੇ ਬੰਦੂਕ ਦੀ ਨਾਲੀ ਉਪਰ ਨੂੰ ਚੁੱਕ ਦਿੱਤੀ ਅਤੇ ਨੰਦ ਸਿੰਘ ਨਾਲ ਗੁੱਥਮ-ਗੁੱਥਾ ਹੋ ਗਿਆ। ਅਨੂਪ ਸਿੰਘ ਨੇ ਇਕ ਗੋਲੀ ਉਸ ਦੇ ਢਿੱਡ ਵਿਚ ਮਾਰੀ ਜਿਸ ਨਾਲ ਉਹ ਡਿੱਗ ਪਿਆ। ਕਰਮ ਸਿੰਘ ਨੇ ਵੀ ਉਸ ਦੇ ਢਿੱਡ ਵਿਚ ਕਿਰਪਾਨ ਮਾਰੀ ਅਤੇ ਰਤਨ ਸਿੰਘ ਪੰਡੋਰੀ ਨਿੱਜਰਾਂ ਨੇ ਉਸ ਦੇ ਸਿਰ ਵਿਚ ਪਿਸਤੌਲ ਦੀਆਂ ਤਿੰਨ ਗੋਲੀਆਂ ਮਾਰੀਆਂ। ਕੋਲ ਬੈਠੇ ਲੋਕ ਸਭ ਤਿੱਤਰ ਹੋ ਗਏ। ਬੱਬਰ ਬੜੇ ਆਰਾਮ ਨਾਲ ਬਾਹਰ ਵੱਲ ਗਏ ਅਤੇ ਐਲਾਨ ਕੀਤਾ ਕਿ ਅਸੀਂ ਬੱਬਰ ਕਰਮ ਸਿੰਘ ਦੌਲਤਪੁਰ, ਬੱਬਰ ਧੰਨਾ ਸਿੰਘ ਬਹਿਬਲਪੁਰ ਅਤੇ ਬੱਬਰ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਹਾਂ। ਅਸੀਂ ਅੰਗਰੇਜ਼ ਸਰਕਾਰ ਦੇ ਇਸ ਪਿੱਠੂ ਦਾ ਸੁਧਾਰ ਕੀਤਾ ਹੈ ਅਤੇ ਕਿਸੇ ਦਿਨ ਪੰਡਿਤ ਰਾਮ ਰਤਨ ਨੂੰ ਵੀ ਨਰਕ ਪਹੁੰਚਾਵਾਂਗੇ।

ਬੱਬਰਾਂ ਦੀ ਸੁਪਰੀਮ ਕੌਂਸਲ ਨੇ ਇਹ ਫੈਸਲਾ ਕੀਤਾ ਹੋਇਆ ਸੀ ਕਿ ਕਤਲ ਦੀ ਹਰ ਵਾਰਦਾਤ ਮੌਕੇ ਉਪਰੋਕਤ ਤਿੰਨ ਬੱਬਰਾਂ ਦੇ ਨਾਂਵਾਂ ਦਾ ਐਲਾਨ ਕੀਤਾ ਜਾਇਆ ਕਰੇਗਾ ਤਾਂ ਕਿ ਪੁਲਿਸ ਹੋਰ ਕਿਸੇ ਨੂੰ ਤੰਗ ਨਾ ਕਰੇ, ਪਰ ਇਸ ਕੇਸ ਵਿਚ ਪੁਲਿਸ ਨੇ ਪਿੰਡ ਘੁੜਿਆਲ ਦੇ ਲੋਕਾਂ ਉਤੇ 18 ਅਪਰੈਲ ਤੋਂ 7 ਮਈ 1923 ਤੱਕ ਬਹੁਤ ਅਤਿਆਚਾਰ ਕੀਤੇ। ਪੁਲਿਸ ਵਾਲੇ ਲੋਕਾਂ ਨੂੰ ਕੜਕਦੀ ਧੁੱਪ ਵਿਚ ਨੰਗੇ ਪਿੰਡੇ ਲੰਮੇ ਪਾ ਕੁੱਟ ਕੇ ਕਾਤਲਾਂ ਬਾਰੇ ਪੁੱਛਦੇ। ਕਈਆਂ ਨੂੰ ਭਾਵੇਂ ਪਤਾ ਸੀ ਕਿ ਵਾਰਦਾਤ ਵਿਚ ਨੰਦ ਸਿੰਘ ਹੈ ਸੀ, ਪਰ ਉਸ ਦਾ ਨਾਂ ਕਿਸੇ ਨਾ ਲਿਆ।

ਵਾਰਦਾਤ ਤੋਂ ਪਹਿਲਾਂ ਬਾਬੂ ਸੰਤਾ ਸਿੰਘ ਛੋਟੀ ਹਰੀਉਂ ਨੇ ਅਨੂਪ ਸਿੰਘ ਨੂੰ ਪੁੱਛਿਆ ਸੀ ਕਿ ਕੋਈ ਹੋਰ ਬੰਦਾ ਵੀ ਹੈ ਜੋ ਇਸ ਵਾਰਦਾਤ ਵਿਚ ਸਾਡਾ ਸਾਥ ਦੇਵੇ, ਤਾਂ ਉਸ ਨੇ ਕਿਹਾ ਕਿ ਕਰਮ ਸਿੰਘ ਉਸ ਨੂੰ ਕਹਿੰਦਾ ਰਹਿੰਦਾ ਹੈ ਕਿ ਉਹ ਵੀ ਬੱਬਰਾਂ ਨਾਲ ਮਿਲ ਕੇ ਆਪਣੇ ਇਲਾਕੇ ਵਿਚ ਝੋਲੀ ਚੁੱਕਾਂ ਦਾ ਸੁਧਾਰ ਕਰ ਕੇ ਦੇਸ਼ ਸੇਵਾ ਦਾ ਕੰਮ ਕਰਨਾ ਚਾਹੁੰਦਾ ਹੈ। ਸੋ, ਅਨੂਪ ਸਿੰਘ ਉਸ ਨੂੰ ਨਾਲ ਲੈ ਆਇਆ। ਇਹ ਉਸ ਵੱਲੋਂ ਕਿਸੇ ਵਾਰਦਾਤ ਦੀ ਪਹਿਲੀ ਕਾਰਵਾਈ ਸੀ। ਇਸ ਪਿਛੋਂ ਉਹ ਆਪਣੇ ਟੱਬਰ ਸਮੇਤ ਲਾਹੌਰ ਵੱਲ ਖਿਸਕ ਚੱਲਿਆ ਸੀ ਕਿ ਜਲੰਧਰ ਛਾਉਣੀ ਰੇਲਵੇ ਸਟੇਸ਼ਨ 'ਤੇ ਉਸ ਨੂੰ ਉਸ ਦੇ ਪਿੰਡ ਦੇ ਜਗਤ ਸਿੰਘ ਪੁੱਤਰ ਨੱਥਾ ਸਿੰਘ ਨੇ ਗ੍ਰਿਫਤਾਰ ਕਰਵਾ ਦਿੱਤਾ। ਪੁਲਿਸ ਨੇ ਉਸ ਨੂੰ ਬਹੁਤ ਤਸੀਹੇ ਦਿੱਤੇ, ਪਰ ਉਸ ਨੇ ਕਤਲ 'ਚ ਸ਼ਾਮਲ ਹੋਣਾ ਨਾ ਮੰਨਿਆ।

ਇਸ ਵਾਰਦਾਤ ਵਿਚ ਸ਼ਾਮਲ ਅਨੂਪ ਸਿੰਘ ਮਾਣਕੋ ਅਤੇ ਬਤਨ ਸਿੰਘ ਪੰਡੋਰੀ ਨਿੱਜਰਾਂ ਵਾਅਦਾ ਮੁਆਫ ਬਣ ਕੇ ਬਚ ਗਏ ਅਤੇ ਬਾਬੂ ਸੰਤਾ ਸਿੰਘ, ਕਰਮ ਸਿੰਘ ਅਤੇ ਨੰਦ ਸਿੰਘ ਘੁੜਿਆਲ ਨੂੰ ਫਾਂਸੀ ਦੀ ਸਜ਼ਾ ਹੋਈ। ਇਸ ਕੇਸ ਵਿਚ ਗੇਂਦਾ ਸਿੰਘ ਪੁੱਤਰ ਰਾਮ ਚੰਦ ਘੁੜਿਆਲ, ਸੁੰਦਰ ਸਿੰਘ ਪੁੱਤਰ ਹਠੂ ਘੁੜਿਆਲ, ਹਰੀਦਾਸ ਚੇਲਾ ਜਵਾਹਰ ਦਾਸ ਘੁੜਿਆਲ ਅਤੇ ਪੰਡਿਤ ਰਾਮ ਰਤਨ ਪੁੱਤਰ ਰਾਜ ਕਿਸ਼ਨ ਬਤੌਰ ਗਵਾਹ ਪੇਸ਼ ਹੋਏ। ਕਰਮ ਸਿੰਘ ਨੂੰ ਗ੍ਰਿਫਤਾਰ ਕਰਾਉਣ ਲਈ ਲੰਬੜਦਾਰ ਗੇਂਦਾ ਸਿੰਘ ਨੂੰ ਇਕ ਮੁਰੱਬਾ ਜ਼ਮੀਨ ਇਨਾਮ ਵਿਚ ਮਿਲਿਆ। ਅਨੂਪ ਸਿੰਘ ਅਤੇ ਬਤਨ ਸਿੰਘ ਨੇ ਬਤੌਰ ਸੁਲਤਾਨੀ ਗਵਾਹ ਕਤਲ ਦਾ ਪੂਰਾ ਹਾਲ ਬਿਆਨ ਕੀਤਾ।

ਬੱਬਰ ਕਰਮ ਸਿੰਘ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਪਿੰਡ ਹਰੀਪੁਰ ਵਾਲਿਆਂ ਨੇ ਬੱਬਰ ਦੇ ਨਾਂ 'ਤੇ ਪਿੰਡ ਦੇ ਹਾਈ ਸਕੂਲ ਦਾ ਨਾਮ ਬੱਬਰ ਕਰਮ ਸਿੰਘ ਮੈਮੋਰੀਅਲ ਹਾਈ ਸਕੂਲ ਰੱਖਿਆ ਹੋਇਆ ਹੈ। 27 ਫਰਵਰੀ 1926 ਨੂੰ ਲਾਹੌਰ ਜੇਲ੍ਹ ਅੰਦਰ ਛੇ ਬੱਬਰਾਂ ਨੂੰ ਫਾਂਸੀ ਲਾਇਆ ਗਿਆ। ਜੇਲ੍ਹ ਤੋਂ ਬਾਹਰ ਲੋਕਾਂ ਦਾ ਠਾਠਾਂ ਮਾਰਦਾ ਸਮੁੰਦਰ ਆ ਜੁੜਿਆ। ਲੋਕ ਲਾਸ਼ਾਂ ਦਾ ਸਸਕਾਰ ਰਾਮੂੰ ਦੇ ਬਾਗ ਵਿਚ ਕਰਨਾ ਚਾਹੁੰਦੇ ਸਨ, ਪਰ ਸਰਕਾਰ ਜੇਲ੍ਹ ਦੇ ਸ਼ਮਸ਼ਾਨਘਾਟ ਵਿਚ ਕਰਨਾ ਚਾਹੁੰਦੀ ਸੀ।

ਅਖੀਰ ਸਰਦਾਰ ਬਹਾਦਰ ਮਹਿਤਾਬ ਸਿੰਘ, ਐਡਵੋਕੇਟ ਸਰਦੂਲ ਸਿੰਘ ਕਵੀਸ਼ਰ ਅਤੇ ਖਿਲਾਫਤੀ ਲੀਡਰ ਮੌਲਾਨਾ ਜਫਰ ਅਲੀ ਗਵਰਨਰ ਨੂੰ ਜਾ ਮਿਲੇ ਅਤੇ ਉਸ ਤੋਂ ਜੇਲ੍ਹ ਅਧਿਕਾਰੀਆਂ ਦੇ ਨਾਮ ਲਿਖਤੀ ਆਰਡਰ ਲੈ ਆਏ ਕਿ ਲਾਸ਼ਾਂ ਇਨ੍ਹਾਂ ਦੇ ਹਵਾਲੇ ਕਰ ਦਿੱਤੀਆਂ ਜਾਣ। ਜੇਲ੍ਹ ਤੋਂ ਲਾਸ਼ਾਂ ਗੁਰਦੁਆਰਾ ਡੇਰਾ ਸਾਹਿਬ ਲਿਜਾਈਆਂ ਗਈਆਂ। 6-7 ਮੀਲ ਤੱਕ ਰਾਮੂੰ ਦੇ ਬਾਗ ਦੇ ਸ਼ਮਾਸ਼ਾਨਘਾਟ ਤੱਕ ਫੁੱਲਾਂ ਨਾਲ ਸਜਾਈਆਂ ਛੇ ਅਰਥੀਆਂ ਮਗਰ ਹਜ਼ਾਰਾਂ ਲੋਕ ਨਾਲ ਗਏ। ਛੇਆਂ ਲਈ ਇਕੋ ਅੰਗੀਠਾ ਬਣਾ ਕੇ ਉਨ੍ਹਾਂ ਦੇ ਸਰੀਰਾਂ ਨੂੰ ਅਗਨੀ ਦੇ ਹਵਾਲੇ ਕੀਤਾ ਗਿਆ।


***ਬੱਬਰ ਕਰਮ ਸਿੰਘ ਦੀ ਯਾਦ 'ਚ ਜਲੰਧਰ ਦੇ ਪਿੰਡ ਹਰੀਪੁਰ 'ਚ ਬਣਿਆ ਸਕੂਲ***

## ਭੁੱਲ ਦੀ ਸੋਧ

ਪੰਜਾਬ ਟਾਈਮਜ਼ ਦੇ 20 ਮਈ ਦੇ ਅੰਕ ਵਿਚ ਛਪੇ ਗੁਲਾਮ ਮੁਸਤਫਾ ਡੋਗਰ (ਯੂ.ਕੇ.) ਦੇ ਲੇਖ 'ਸਿੱਖ ਅਤੇ ਮੁਸਲਮਾਨ: ਭਾਈਚਾਰਕ ਸਾਂਝ' ਵਿਚ ਜਨਾਬ ਡੋਗਰ ਦਾ ਫੋਨ ਨੰਬਰ ਛਾਪਣਾ ਗਲਤੀ ਨਾਲ ਰਹਿ ਗਿਆ ਸੀ। ਉਨ੍ਹਾਂ ਦਾ ਫੋਨ ਨੰਬਰ 00447878132209 ਹੈ। ਪਾਠਕਾਂ ਤੋਂ ਭੁੱਲ ਲਈ ਖਿਮਾ ਚਾਹੁੰਦੇ ਹਾਂ।

***-ਸੰਪਾਦਕ***

ਕਹਾਣੀ

# ਇਕ ਟੋਟਾ ਜੰਨਤ

***ਕਹਾਣੀਕਾਰ ਅਸ਼ੋਕ ਵਾਸਿਸ਼ਠ ਆਪਣੀਆਂ ਕਹਾਣੀਆਂ ਵਿਚ ਮਨੁੱਖੀ ਰਿਸ਼ਤਿਆਂ ਦੀਆਂ ਪੀਡੀਆਂ ਤੰਦਾਂ ਦੀ ਗੱਲ ਇੰਨੇ ਸਹਿਜ ਭਾਅ ਕਰਦੇ ਹਨ ਕਿ ਪਾਠਕ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਕਹਾਣੀ ਦਾ ਸੁਨੇਹਾ ਕਦੋਂ ਉਸ ਦੇ ਅੰਦਰ ਧੁਰ ਤੱਕ ਚਲਾ ਗਿਆ। ਇਹ ਕਹਾਣੀ ਬਹੁਤ ਹੀ ਗੁੰਝਲਦਾਰ ਰਿਸ਼ਤਿਆਂ ਦਾ ਵਿਖਿਆਨ ਹੈ। ਇਕ ਪਾਸੇ ਇਖਲਾਕ ਦਾ ਸਵਾਲ ਹੈ ਅਤੇ ਦੂਜੇ ਪਾਸੇ ਮਨੁੱਖੀ ਜਜ਼ਬਾਤ ਦਾ। ਪਾਠਕ ਸੋਚੀਂ ਪੈ ਜਾਂਦਾ ਹੈ ਕਿ ਕਿਹੜਾ ਰਿਸ਼ਤਾ ਮੂਲੋਂ ਹੀ ਗੈਰਵਾਜਬ ਹੈ ਤੇ ਕਿਹੜਾ ਉਚਾ-ਸੁੱਚਾ ਜਜ਼ਬਾਤੀ ਰਿਸ਼ਤਾ। -ਸੰਪਾਦਕ***

"ਮੰਮੀ, ਤੁਹਾਡਾ ਟਿਫਨ।"

"ਰੱਖ ਦੇ ਇਥੇ।"

"ਰੱਖ ਨਹੀਂ ਦੇ, ਲੈ ਕੇ ਜਾਣਾ ਏ, ਕਿੱਥੇ ਹੈ ਤੁਹਾਡਾ ਬੈਗ, ਮੈਂ ਆਪ ਪਾ ਦਿੰਦੀ ਹਾਂ ਉਸ ਵਿਚ।"

"ਨਹੀਂ ਮੈਂ ਪਾ ਲਊਂ, ਤੂੰ ਫਿਕਰ ਨਾ ਕਰ।"

"ਮੈਂ ਫਿਕਰ ਕਿਉਂ ਨਾ ਕਰਾਂ? ਵਾਰ-ਵਾਰ ਕਹਿਣਾ ਪੈਂਦਾ। ਫਿਰ ਵੀ ਤੁਸੀਂ ਟਿਫਨ ਲਿਜਾਣਾ ਭੁੱਲ ਜਾਂਦੇ ਓਂ।"

"ਲੈ ਜਾਊਂ ਮੇਰੀ ਅੰਮਾ!" ਸਵੀਟੀ ਦੀ ਜਿਦ ਅੱਗੇ ਹਾਰ ਮੰਨਦੀ ਸੁੱਖੀ ਕੁਰਸੀ ਤੋਂ ਉਠੀ ਤੇ ਟਿਫਨ ਬੈਗ ਵਿਚ ਰਖਦਿਆਂ ਬੋਲੀ, "ਲੈ ਹੁਣ ਤਾਂ ਖੁਸ਼ ਐਂ?"

"ਨਹੀਂ ਅਜੇ ਨਹੀਂ, ਸ਼ਾਮ ਨੂੰ ਦੇਖਾਂਗੀ, ਤੁਸੀਂ ਮੇਰਾ ਕਿਹਾ ਕਿੰਨਾ ਕੁ ਮੰਨਿਆ।"



**ਅਸ਼ੋਕ ਵਾਸਿਸ਼ਠ**
ਫੋਨ: 91-98106-28570

"ਇਹ ਵੀ ਕਹਿਣ ਵਾਲੀ ਗੱਲ ਐ! ਜੇ ਟਿਫਨ ਲਿਜਾ ਰਹੀ ਆਂ ਤਾਂ ਮਤਲਬ ਐ, ਮੈਂ ਰੋਟੀ ਖਾ ਲਵਾਂਗੀ।"

"ਹਾਂ, ਮਤਲਬ ਤਾਂ ਇਹੋ ਹੋਣਾ ਚਾਹੀਦਾ, ਪਰ ਇੰਜ ਹੁੰਦਾ ਨਹੀਂ, ਕਈ-ਕਈ ਦਿਨ ਟਿਫਨ ਭਰਿਆ ਹੀ ਵਾਪਸ ਆਉਂਦੈ। ਤੁਹਾਨੂੰ ਤਾਂ ਆਪਣਾ ਖਿਆਲ ਨਹੀਂ ਪਰ...।" ਕਹਿੰਦਿਆਂ ਸਵੀਟੀ ਰੁਕ ਗਈ ਤੇ ਉਹਦੀਆਂ ਅੱਖਾਂ 'ਚੋਂ ਪਰਲ ਪਰਲ ਹੰਝੂ ਕਿਰਨ ਲੱਗੇ।

"ਨਾ ਮੇਰੀ ਧੀ, ਇੰਜ ਨਹੀਂ ਰੋਈਦਾ। ਤੂੰ ਜਿੱਦਾਂ ਕਿਹੈ, ਮੈਂ ਓਦਾਂ ਈ ਕਰੂੰ, ਭੋਰਾ ਫਿਕਰ ਨਾ ਕਰ। ਮਜਾਲ ਏ, ਅੱਜ ਤੈਨੂੰ ਸ਼ਿਕਾਇਤ ਦਾ ਮੌਕਾ ਦਿਆਂ।" ਸਵੀਟੀ ਨੂੰ ਕਲਾਵੇ 'ਚ ਲੈਂਦਿਆਂ ਸੁੱਖੀ ਉਸ ਦਾ ਸਿਰ ਪਲੋਸਣ ਲੱਗੀ। ਉਸ ਦੀਆਂ ਗੱਲ੍ਹਾਂ 'ਤੇ ਪਈ ਹੰਝੂਆਂ ਦੀ ਲੀਕ ਤੱਕ, ਉਸ ਹੋਰ ਜੋਰ ਨਾਲ ਸਵੀਟੀ ਨੂੰ ਘੁੱਟ ਲਿਆ ਤੇ ਹੌਲੀ ਜਿਹੇ ਕਹਿਣ ਲੱਗੀ, "ਤੂੰ ਜਾਣਦੀ ਈ ਏਂ, ਮੈਂ ਇਨ੍ਹੀਂ ਦਿਨੀਂ ਕਿਹੜਾ ਸੰਤਾਪ ਹੰਢਾ ਰਹੀ ਆਂ! ਦੱਸ ਮੈਂ ਵੀ ਕੀ ਕਰਾਂ? ਮੁੜ-ਘਿੜ ਉਹ ਚੰਦਰਾ ਯਾਦ ਆਉਂਦਾ ਤੇ ਮੈਂ ਉਸ ਵਿਚ ਗੁਆਚ ਜਾਂਦੀ ਆਂ। ਪਤਾ ਹੀ ਨਹੀਂ ਲਗਦਾ ਕਦ ਦਿਨ ਖਤਮ ਹੋ ਗਿਆ ਤੇ ਕਦ ਘਰ ਪਰਤ ਵੀ ਆਉਨੀਂ ਆਂ, ਟਿਫਨ ਦੀ ਉਘ-ਸੁੱਘ ਹੀ ਨਹੀਂ ਰਹਿੰਦੀ, ਪਰ ਅੱਜ ਅਜਿਹਾ ਨਹੀਂ ਹੋਵੇਗਾ, ਵਾਅਦਾ ਰਿਹਾ।"

"ਮੈਂ ਜਾਣਦੀ ਹਾਂ ਮਾਂ, ਤੂੰ ਜਾਣ ਬੁਝ ਕੇ ਇੰਜ ਨਹੀਂ ਕਰਦੀ। ਹਾਲ ਮੇਰਾ ਵੀ ਤੇਰੇ ਜਿਹਾ ਏ, ਮੈਨੂੰ ਵੀ ਪਾਪਾ ਬਹੁਤ ਯਾਦ ਆਉਂਦੇ ਨੇ, ਹਰ ਵੇਲੇ ਸੁੱਤਿਆਂ ਜਾਗਦਿਆਂ, ਉਹ ਮੇਰੀਆਂ ਅੱਖਾਂ ਅੱਗੇ ਘੁੰਮਦੇ ਰਹਿੰਦੇ ਨੇ। ਪਾਪਾ ਸੱਚਮੁਚ ਬਹੁਤ ਚੰਗੇ ਸਨ, ਹਰ ਕਿਸੇ ਨਾਲ ਪਿਆਰ ਕਰਨ ਵਾਲੇ, ਲੜਾਈ-ਝਗੜਾ ਕਰਨਾ ਤਾਂ ਉਹ ਜਾਣਦੇ ਹੀ ਨਹੀਂ ਸਨ। ਦਫਤਰ ਵਾਲੇ ਵੀ ਬਹੁਤ ਯਾਦ ਪਏ ਕਰਦੇ ਨੇ, ਰਿਸ਼ਤੇਦਾਰਾਂ ਦੀ ਗੱਲ ਛੱਡੋ, ਉਨ੍ਹਾਂ ਤਾਂ ਯਾਦ ਕਰਨਾ ਹੀ ਹੋਇਆ।"

ਸਵੀਟੀ ਨੇ ਇਕ ਵਾਰ ਫਿਰ ਮਾਂ ਨੂੰ ਪਿਆਰ ਕੀਤਾ, ਕੰਧ 'ਤੇ ਲੱਗੀ ਘੜੀ ਦੇਖੀ, ਦਫਤਰ ਦਾ ਸਮਾਂ ਹੋ ਚੁਕਾ ਸੀ। ਮਾਂ ਦੇ ਬੈਗ ਵਿਚ ਪਏ ਟਿਫਨ ਨੂੰ ਦੇਖ ਉਸ ਨੂੰ ਸਕੂਨ ਮਿਲਿਆ ਤੇ "ਚੰਗਾ, ਹੁਣ ਮੈਂ ਚਲਦੀ ਹਾਂ, ਦਫਤਰ ਦਾ ਸਮਾਂ ਹੋ ਗਿਐ। ਆਪਣਾ ਖਿਆਲ ਰੱਖੀਂ।" ਕਹਿੰਦਿਆਂ ਮਾਂ ਦੇ ਗੱਲ ਲੱਗ ਉਹ ਚਲੀ ਗਈ।

---


"ਸੁੱਖੀ, ਕੀ ਕਰਦੀ ਪਈ ਏਂ?"

"ਕੁਝ ਨਹੀਂ, ਇਕ ਸੂਟ ਦੇ ਗਏ ਸਨ, ਬੀਜੀ ਜਾਂਦੇ ਹੋਏ, ਉਹ ਪ੍ਰੈਸ ਕਰ ਰਹੀ ਆਂ। ਤੁਸੀਂ ਦੱਸੋ, ਕੋਈ ਕੰਮ ਹੈ?"

"ਹਾਂ, ਕੰਮ ਤਾਂ ਬਹੁਤ ਹੈ ਤੇ ਉਹ ਵੀ ਤੇਰੇ ਗੋਚਰਾ, ਤੂੰ ਹੀ ਕਰਦੀ ਏਂ।"

"ਹੱਛਾ!" ਸੁੱਖੀ ਰਾਜ ਬਾਬੂ ਦੀ ਮਨਸ਼ਾ ਸਮਝ ਗਈ ਸੀ। ਇਹ ਤਾਂ ਰੋਜ ਦੀ ਗੱਲ ਸੀ। ਸ਼ਾਇਦ ਹੀ ਕਦੇ ਨਾਗਾ ਪੈਂਦਾ ਹੋਊ। ਬੀਜੀ ਘਰ ਨਾ ਹੁੰਦੇ ਤਾਂ ਦੋ-ਦੋ ਸ਼ਿਫਟਾਂ ਵੀ ਲੱਗ ਜਾਂਦੀਆਂ। ਦੋਵੇਂ ਇਕੱਲੇ ਸਨ, ਸਭ ਆਪੋ ਆਪਣੇ ਕੰਮਾਂ 'ਤੇ ਗਏ ਸਨ, ਬੀਜੀ ਦਾ ਭਰਾ ਕਲ੍ਹ ਆਇਆ ਸੀ ਤੇ ਜਾਂਦਾ ਹੋਇਆ ਉਹ ਉਨ੍ਹਾਂ ਨੂੰ ਵੀ ਇਹ ਆਖ ਆਪਣੇ ਨਾਲ ਲੈ ਗਿਆ, 'ਭੈਣ ਜੀ ਕੁਝ ਦਿਨ ਸਾਡੇ ਕੋਲ ਰਹਿ ਲੈਣਗੇ।' ਉਸ ਜਦ ਤੋਂ ਹੋਸ਼ ਸੰਭਾਲਿਆ, ਇਹੋ ਕੁਝ ਹੁੰਦਾ ਦੇਖਿਆ ਸੀ। ਕਹਿ ਨਹੀਂ ਸਕਦੀ, ਅਰੰਭ ਕਦੋਂ ਹੋਇਆ ਸੀ। ਇਕ ਧੁੰਦਲੀ ਜਿਹੀ ਯਾਦ ਬਾਕੀ ਸੀ, ਜਦੋਂ ਰਾਜ ਬਾਬੂ ਨੇ ਉਸ ਨੂੰ ਪਹਿਲੀ ਵਾਰ ਆਪਣੀਆਂ ਬਾਹਾਂ ਵਿਚ ਲਿਆ ਸੀ। ਪਿਤਾ ਜੀ ਉਸ ਸਮੇਂ ਕੰਮ 'ਤੇ ਗਏ ਹੋਏ ਸਨ। ਰਾਜ ਬਾਬੂ ਆਏ, ਪੁੱਛਣ ਲੱਗੇ, 'ਤੂੰ ਕੁਝ ਖਾਧਾ-ਪੀਤਾ ਵੀ ਏ ਸੁੱਖੀ?' ਉਨ੍ਹਾਂ ਉਸ ਦੀ ਪਿੱਠ ਪਲੋਸੀ, ਗੋਦ ਵਿਚ ਬਹਾਇਆ ਤੇ ਕਿੰਨੀ ਦੇਰ ਤਕ ਉਸ ਦਾ ਮੂੰਹ ਚੁੰਮਦੇ ਰਹੇ, ਪਿੰਡੇ 'ਤੇ ਹੱਥ ਫੇਰਦੇ ਰਹੇ। ਵਧੇਰੇ ਜੋਸ਼ ਆਉਂਦਾ ਤਾਂ ਹੋਰ ਘੁੱਟ ਲੈਂਦੇ, ਉਸ ਦੇ ਬਾਲ ਮਨ ਨੂੰ ਅਜੇ ਇਸ ਸਭ ਦੀ ਸੋਝੀ ਨਹੀਂ ਸੀ, ਇਹ ਉਨ੍ਹਾਂ ਦਿਨਾਂ ਦੀ ਗੱਲ ਏ ਜਦ ਇਕ ਨਵਾਂ ਜੀ ਉਨ੍ਹਾਂ ਦੇ ਘਰ ਆ ਰਿਹਾ ਸੀ। ਮਾਂ ਦੀ ਹਾਲਤ ਠੀਕ ਨਹੀਂ ਸੀ, ਉਹ ਹਸਪਤਾਲ ਦਾਖਲ ਸੀ। ਕੀ ਡਾਕਟਰ, ਕੀ ਨਰਸਾਂ ਤੇ ਕੀ ਘਰ ਵਾਲੇ-ਸਾਰੇ ਘਾਬਰੇ ਹੋਏ ਸਨ। ਪੂਰਾ ਯਤਨ ਕਰਨ 'ਤੇ ਵੀ ਜੱਚਾ ਅਤੇ ਬੱਚਾ ਦੇਖਦਿਆਂ ਹੀ ਦੇਖਦਿਆਂ ਕਾਲ ਵਸ ਹੋ ਗਏ ਸਨ।

ਇਸ ਦੁੱਖ ਦੀ ਘੜੀ ਰਾਜ ਬਾਬੂ ਪਿਤਾ ਜੀ ਦੇ ਅੰਗ-ਸੰਗ ਰਹੇ। ਸੱਚੀ ਗੱਲ ਤਾਂ ਇਹ ਹੈ ਕਿ ਪਿਤਾ ਜੀ ਤੋਂ ਛੁੱਟ ਰਾਜ ਬਾਬੂ ਦਾ ਵੀ ਇਸ ਦੁਨੀਆਂ ਵਿਚ ਕੋਈ ਨਹੀਂ ਸੀ। ਉਹ ਮਾਂ-ਪਿਓ ਬਾਹਰੇ ਸਨ। ਵੱਡੇ ਭਾਈ ਸਮਾਨ ਆਪਣੇ ਮਿੱਤਰ ਦੇ ਚਲਾਣੇ ਮਗਰੋਂ ਪਿਤਾ ਜੀ ਨੇ ਹੀ ਉਨ੍ਹਾਂ ਨੂੰ ਪਾਲਿਆ, ਪੜ੍ਹਾਇਆ-ਲਿਖਾਇਆ, ਪੈਰਾਂ 'ਤੇ ਖੜਾ ਕੀਤਾ ਤੇ ਵਿਆਹ ਕੀਤਾ। ਇਸ ਲਈ ਦੋਵੇਂ ਇਕ-ਦੂਜੇ ਦਾ ਸਹਾਰਾ ਸਨ। ਮਾਂ ਦੇ ਜਾਣ ਨਾਲ ਪਿਤਾ ਜੀ ਬੁਰੀ ਤਰ੍ਹਾਂ ਟੁੱਟ ਗਏ ਸਨ। ਉਨ੍ਹਾਂ ਦੇ ਮੂੰਹੋਂ ਵਾਰ-ਵਾਰ ਇਹੋ ਨਿਕਲਦਾ, 'ਇਸ ਮਾਂ ਬਾਹਰੀ ਬੱਚੀ ਦਾ ਕੀ ਬਣੂ! ਜੇ ਕਲ੍ਹ ਨੂੰ ਮੈਨੂੰ ਕੁਝ ਹੋ ਗਿਆ ਤਾਂ ਕੌਣ ਸਾਂਭੂ ਇਸ ਬਾਲੜੀ ਨੂੰ?'



"ਤੁਸੀਂ ਕੀ ਪਏ ਗੱਲਾਂ ਕਰਦੇ ਓ ਚਾਚਾ ਜੀ, ਸੁੱਖੀ ਮੇਰੀ ਵੀ ਤਾਂ ਲਗਦੀ ਏ ਕੁਝ! ਤੱਤੀ ਵਾ ਨਹੀਂ ਲੱਗਣ ਦਿਆਂਗਾ ਉਸ ਨੂੰ, ਫਿਕਰ ਨਾ ਕਰੋ ਤੁਸੀਂ।"

"ਗੱਲ ਤਾਂ ਤੇਰੀ ਸੋਲਾਂ ਆਨੇ ਠੀਕ ਹੈ, ਪਰ ਭਲਿਆ ਲੋਕਾ, ਵਕਤ ਦਾ ਕੁਝ ਪਤਾ ਨਹੀਂ ਹੁੰਦਾ।" ਰਾਜ ਬਾਬੂ ਵਲੋਂ ਹੌਸਲਾ ਦੇਣ 'ਤੇ ਵੀ ਪਿਤਾ ਜੀ ਦੇ ਮੂੰਹੋਂ ਬਦੋਬਦੀ ਇਹ ਬੋਲ ਨਿਕਲੇ ਸਨ।

---

ਸੁੱਖੀ ਮਸਾਂ ਸੱਤ-ਅੱਠ ਵਰ੍ਹਿਆਂ ਦੀ ਸੀ ਜਦ ਪਿਤਾ ਜੀ ਵੀ ਉਸ ਦਾ ਸਾਥ ਛੱਡ ਸੁਰਗਾਂ ਦੇ ਵਾਸੀ ਹੋ ਗਏ ਸਨ। ਰਾਜ ਬਾਬੂ ਨੇ ਉਨ੍ਹਾਂ ਦਾ ਮਕਾਨ ਕਿਰਾਏ 'ਤੇ ਦੇ ਦਿੱਤਾ ਤੇ ਉਹਨੂੰ ਆਪਣੇ ਘਰ ਲੈ ਗਏ। ਉਂਜ ਵੀ ਹੋਰ ਕੋਈ ਸਹਾਰਾ ਨਹੀਂ ਸੀ ਉਸ ਦਾ। ਰਾਜ ਬਾਬੂ ਨੇ ਹੀ ਉਸ ਨੂੰ ਪੜ੍ਹਾਇਆ, ਪਾਲਿਆ-ਪੋਸਿਆ ਤੇ ਪਿਤਾ ਦੀ ਜਿੰਮੇਵਾਰੀ ਨਿਭਾਈ। ਘਰ ਵਿਚ ਸਣੇ ਬੀਜੀ ਦੇ ਕਿਸੇ ਦੀ ਮਜਾਲ ਨਹੀਂ ਸੀ ਕਿ ਉਸ ਨੂੰ ਕੈਰੀ ਅੱਖ ਨਾਲ ਦੇਖੇ, ਉਸ ਨਾਲ ਮੰਦਾ ਬੋਲੇ ਜਾਂ ਬਦਸਲੂਕੀ ਕਰੇ। ਕਿਸੇ ਚੀਜ਼ ਦੀ ਥੋੜ੍ਹ ਨਹੀਂ ਸੀ। ਉਸ ਨੂੰ ਕਦੇ ਲੱਗਿਆ ਹੀ ਨਹੀਂ ਸੀ ਕਿ ਉਹ ਅਨਾਥ ਹੈ।

ਰਾਜ ਬਾਬੂ ਦੇ ਖਾਸ ਮੋਹ ਅਤੇ ਹਰ ਸਮੇਂ ਉਸ ਦਾ ਖਿਆਲ ਰੱਖਣ ਦੀ ਭਾਵਨਾ ਪਿਛੇ ਕੰਮ ਕਰਦਾ ਕਾਰਨ ਹੁਣ ਉਸ ਦੀਆਂ ਨਜ਼ਰਾਂ ਤੋਂ ਗੁੱਝਾ ਨਹੀਂ ਰਿਹਾ ਸੀ। ਪਹਿਲਾਂ-ਪਹਿਲ ਭਾਵੇਂ ਉਸ ਨੂੰ ਓਪਰਾ ਲਗਦਾ ਰਿਹਾ ਪਰ ਜਵਾਨੀ ਦੀਆਂ ਦਹਿਲੀਜ਼ਾਂ 'ਚ ਪੈਰ ਧਰਦੇ-ਧਰਦੇ ਉਹ ਨਾ ਕੇਵਲ ਗੇਝੇ ਪੈ ਗਈ ਸੀ ਸਗੋਂ ਉਸ ਨੂੰ ਚੰਗਾ-ਚੰਗਾ ਲੱਗਣ ਲੱਗਾ। ਉਂਜ ਵੀ ਉਹ ਕਰ ਕੁਝ ਨਹੀਂ ਸੀ ਸਕਦੀ। ਇਹ ਉਸ ਦੀ ਹੋਣੀ ਸੀ ਤੇ ਉਹਨੇ ਉਸ ਅੱਗੇ ਹਥਿਆਰ ਸੁੱਟ ਦੇਣ ਵਿਚ ਹੀ ਆਪਣੀ ਬਿਹਤਰੀ ਮੰਨ ਲਈ ਸੀ। ਬੱਚੇ ਵੱਡੇ ਹੋ ਚੁਕੇ ਸਨ। ਬੀਜੀ ਕਈ ਤਰ੍ਹਾਂ ਦੇ ਸਮਾਜੀ ਤੇ ਸਭਿਆਚਰਕ ਸੰਗਠਨਾਂ ਨਾਲ ਜੁੜੇ ਹੋਏ ਸਨ। ਉਨ੍ਹਾਂ ਪਾਸ ਇਹ ਜਾਣਨ ਲਈ ਸਮਾਂ ਹੀ ਨਹੀਂ ਸੀ ਕਿ ਪਿੱਛੋਂ ਘਰ ਵਿਚ ਕੀ ਹੁੰਦਾ ਹੈ ਤੇ ਕੀ ਨਹੀਂ! ਆਮ ਤੌਰ 'ਤੇ ਮੈਦਾਨ ਸਾਫ ਹੁੰਦਾ ਜਾਂ ਕਿਸੇ ਨਾ ਕਿਸੇ ਬਹਾਨੇ ਸਾਫ ਕਰ ਲਿਆ ਜਾਂਦਾ।

"ਚੰਗਾ ਹੁਣ ਤੂੰ ਵੀ ਆਰਾਮ ਕਰ" ਕਹਿ ਕੇ ਰਾਜ ਬਾਬੂ ਕੰਮ ਵਾਲੀ ਬਾਈ ਨੂੰ ਜਾਣ ਲਈ ਕਹਿ ਦਿੰਦੇ। ਸੁੱਖੀ ਨੂੰ ਬਿਸਤਰ 'ਤੇ ਸੁੱਟ ਰਾਜ ਬਾਬੂ ਬੁਰੀ ਤਰ੍ਹਾਂ ਚਿੰਬੜ ਜਾਂਦੇ ਉਸ ਨਾਲ। ਗੱਲ ਚੁੰਮਾ ਚੱਟੀ ਤੋਂ ਬਹੁਤ ਅੱਗੇ ਲੰਘ ਚੁਕੀ ਸੀ।

---

"ਕੀ ਸੋਚਿਐ ਤੁਸਾਂ, ਸੁੱਖੀ ਬਾਰੇ?"

"ਸੋਚਣਾ ਕੀ ਐ, ਠੀਕ-ਠਾਕ ਐ।"

"ਇਹ ਗੱਲ ਨਹੀਂ, ਉਹ ਹੁਣ ਵੱਡੀ ਹੋ ਗਈ ਏ, ਵਿਆਹ ਦੀ ਉਮਰ ਏ, ਤੁਸੀਂ ਸਾਰੀਆਂ ਜਿੰਮੇਵਾਰੀਆਂ ਪੂਰੀਆਂ ਕੀਤੀਆਂ ਹਨ, ਹੁਣ ਇਹ ਜਿੰਮੇਵਾਰੀ ਵੀ ਪੂਰੀ ਕਰ ਛੱਡੋ, ਰਾਜੀ ਖੁਸ਼ੀ ਆਪਣੇ ਘਰ ਜਾਵੇ, ਸੁਖੀਂ ਵੱਸੇ।"

"ਗੱਲ ਤਾਂ ਤੇਰੀ ਠੀਕ ਐ।" ਕਹਿਣ ਨੂੰ ਤਾਂ ਰਾਜ ਬਾਬੂ ਨੇ ਕਹਿ ਦਿੱਤਾ ਪਰ ਸੁੱਖੀ ਨਾਲੋਂ ਵਿਛੜਨ ਦੇ ਅਹਿਸਾਸ ਨੇ ਇਕ ਵਾਰ ਤਾਂ ਉਨ੍ਹਾਂ ਨੂੰ ਬੁਰੀ ਤਰ੍ਹਾਂ ਹਲੂਣ ਕੇ ਰੱਖ ਦਿੱਤਾ। ਉਹ ਸੋਚਾਂ ਵਿਚ ਪੈ ਗਏ, ਸੁੱਖੀ ਨੂੰ ਵਿਆਹੁਣ ਦੀ ਜਿੰਮੇਵਾਰੀ ਕਿਵੇਂ ਪੂਰੀ ਕੀਤੀ ਜਾਵੇ, ਉਹ ਵਿਆਹੀ ਵੀ ਜਾਵੇ ਤੇ ਉਨ੍ਹਾਂ ਦਾ ਸਾਥ ਵੀ ਨਾ ਛੁੱਟੇ। ਰਾਜ ਬਾਬੂ ਇਕ ਅਜੀਬ ਜਿਹੀ ਉਲਝਣ ਵਿਚ ਫਸ ਗਏ ਸਨ। ਉਨ੍ਹਾਂ ਦੀ ਉਲਝਣ ਬੀਜੀ ਦੀ ਸਮਝ ਤੋਂ ਬਾਹਰ ਸੀ, ਇਸ ਲਈ ਉਨ੍ਹਾਂ ਨੂੰ ਇਸ ਉਲਝਣ ਵਿਚ ਫਸਿਆਂ ਛੱਡ ਉਹ ਕਿਤੇ ਹੋਰ ਜਰੂਰੀ ਕੰਮ ਚਲੇ ਗਏ ਸਨ। ਰਾਜ ਬਾਬੂ ਅੰਦਰ ਗਏ, ਸੁੱਖੀ ਰਸੋਈ ਵਿਚ ਸੀ। "ਕੀ ਪਈ ਕਰਦੀ ਏਂ?"

"ਕੁਝ ਨਹੀਂ ਐਵੇਂ ਕੁਝ ਖਾਣ ਨੂੰ ਦਿਲ ਕਰਦਾ ਸੀ।"

"ਉਹ ਤਾਂ ਠੀਕ ਐ, ਘਰ ਵਿਚ ਬਾਈ ਦੇ ਹੁੰਦਿਆਂ ਤੈਨੂੰ ਆਪ ਇਹ ਸਭ ਕਰਨ ਦੀ ਕੀ ਲੋੜ ਏ?"

"ਕਦੇ-ਕਦਾਈਂ ਆਪਣਾ ਕੰਮ ਕਰ ਲੈਣਾ ਚਾਹੀਦੈ, ਬੰਦੇ ਦਾ ਕੁਝ ਘੱਟ ਨਹੀਂ ਜਾਂਦਾ ਹਜੂਰੇ ਆਲਾ।" ਸੁੱਖੀ ਦੇ ਮੋਹ ਭਿੰਨੇ ਬੋਲ ਸੁਣ ਰਾਜ ਬਾਬੂ ਖੁਸ਼ ਹੋਏ ਬਿਨਾ ਨਾ ਰਹੇ ਪਰ ਉਸ ਦੇ ਵਿਆਹ ਦੇ ਖਿਆਲ ਨੇ ਉਨ੍ਹਾਂ ਨੂੰ ਖੁਸ਼ ਰਹਿਣ ਨਾ ਦਿੱਤਾ।

"ਕਿਉਂ ਤੁਹਾਡੀ ਤਬੀਅਤ ਤਾਂ ਠੀਕ ਏ?" ਉਨ੍ਹਾਂ ਦੇ ਮੁਰਝਾਏ ਚਿਹਰੇ ਵੱਲ ਤੱਕਦਿਆਂ ਸੁੱਖੀ ਨੇ ਪੁਛਿਆ।

"ਮੇਰੀ ਤਬੀਅਤ ਠੀਕ ਐ, ਤੂੰ ਛੇਤੀ ਵਿਹਲੀ ਹੋ ਤੇ ਅੰਦਰ ਆ, ਤੇਰੇ ਨਾਲ ਇਕ ਜਰੂਰੀ ਗੱਲ ਕਰਨੀ ਐ।" ਏਨਾ ਕਹਿੰਦਿਆਂ ਰਾਜ ਬਾਬੂ ਨੇ ਹਸਰਤ ਭਰੀ ਨਿਗਾਹ ਨਾਲ ਸੁੱਖੀ ਨੂੰ ਤੱਕਿਆ ਤੇ ਬਾਹਰ ਚਲੇ ਗਏ।

"ਹਾਂ ਹੁਣ ਦੱਸੋ, ਕੀ ਗੱਲ ਏ?" ਕਮਰੇ ਵਿਚ ਦਾਖਲ ਹੁੰਦਿਆਂ ਸੁੱਖੀ ਨੇ ਪੁੱਛਿਆ।

ਰਾਜ ਬਾਬੂ ਨੇ ਗਹਿਰੀ ਨਜ਼ਰ ਨਾਲ ਉਸ ਨੂੰ ਤੱਕਿਆ ਤੇ ਹੌਲੀ ਜਿਹੇ ਉਨ੍ਹਾਂ ਦੇ ਮੂੰਹ 'ਚੋਂ ਨਿਕਲਿਆ, "ਤੇਰੇ ਬੀਜੀ ਵਿਆਹ ਦੀ ਗੱਲ ਕਰ ਰਹੇ ਸਨ।"

"ਕਿਸ ਦੇ ਵਿਆਹ ਦੀ ਗੱਲ! ਤੁਹਾਡੇ ਜਾਂ ਮੇਰੇ?" ਸੁੱਖੀ ਨੇ ਸਭ ਜਾਣਦਿਆਂ ਬੁਝਦਿਆਂ ਕਿਹਾ ਤੇ ਨਾਲ ਹੀ ਰਾਜ ਬਾਬੂ ਦੇ ਹਲਕੀ ਜਿਹੀ ਕੂਹਣੀ ਮਾਰ ਦਿੱਤੀ।

"ਐਵੇਂ ਕਮਲ ਨਾ ਕੁੱਟ, ਭਲਾ ਮੇਰੇ ਵਿਆਹ ਦੀ ਗੱਲ ਉਹ ਕਿਵੇਂ ਕਰ ਸਕਦੀ ਏ? ਉਹ ਤੇਰੇ ਵਿਆਹ ਦੀ ਗੱਲ ਕਰਦੀ ਸੀ।"

"ਤੇ ਫਿਰ ਇਸ ਵਿਚ ਉਦਾਸ ਹੋਣ ਵਾਲੀ ਕਿਹੜੀ ਗੱਲ ਐ? ਇਹ ਤਾਂ ਹੋਣਾ ਈ ਐ ਇਕ ਨਾ ਇਕ ਦਿਨ।"

"ਫੇਰ ਉਹੋ ਗੱਲ, ਅਖੇ, ਇਹ ਤਾਂ ਹੋਣਾ ਈ ਐ ਇਕ ਦਿਨ। ਤੂੰ ਕਿੰਨੇ ਆਰਾਮ ਨਾਲ ਕਹਿ ਦਿੱਤੀ ਏ ਏਨੀ ਵੱਡੀ ਗੱਲ, ਆਪਣੇ ਦਿਲ 'ਤੇ ਹੱਥ ਰੱਖ ਕੇ ਦੱਸ, ਕੀ ਇਹ ਉਦਾਸ ਹੋਣ ਵਾਲੀ ਗੱਲ ਨਹੀਂ?"

"ਉਦਾਸ ਹੋਣ ਵਾਲੀ ਗੱਲ ਜਰੂਰ ਐ, ਪਰ ਕੀਤਾ ਵੀ ਕੀ ਜਾ ਸਕਦੈ!"

"ਉਹ ਤਾਂ ਠੀਕ ਐ, ਪਰ ਤੈਥੋਂ ਵਿਛੜਨ ਨੂੰ ਦਿਲ ਨਹੀਂ ਕਰਦਾ।" ਰਾਜ ਬਾਬੂ ਨੇ ਆਪਣਾ ਦਿਲ ਫੋਲਿਆ। ਉਹ ਜਜ਼ਬਾਤ ਦੇ ਵਹਿਣ ਵਿਚ ਪੂਰੀ ਤਰ੍ਹਾਂ ਵਹਿ ਚੁਕੇ ਸਨ। ਉਨ੍ਹਾਂ ਖਿਚ ਕੇ ਸੁੱਖੀ ਨੂੰ ਆਪਣੀ ਹਿੱਕ ਨਾਲ ਲਾ ਲਿਆ। ਦੋਵੇਂ ਕਿੰਨੀ ਦੇਰ ਇਸ ਹਾਲਤ ਵਿਚ ਲੰਮੇ ਪਏ ਰਹੇ। ਰਾਜ ਬਾਬੂ ਦੇ ਕਲਾਵੇ ਦੀ ਜਕੜ ਥੋੜੀ ਢਿੱਲੀ ਹੋਈ ਤਾਂ ਸੁੱਖੀ ਨੇ ਉਠ ਕੇ ਆਪਣੇ ਕਪੜੇ ਠੀਕ ਕੀਤੇ, ਮੂੰਹ 'ਤੇ ਹੱਥ ਫੇਰਿਆ ਤੇ ਉਨ੍ਹਾਂ ਵੱਲ ਦੇਖਦਿਆਂ ਕਿਹਾ, "ਕਿਤੇ ਨਹੀਂ ਮੈਂ ਨੱਠ ਚੱਲੀ, ਭਲਾ ਕਦੇ ਨਹੁੰ ਵੀ ਮਾਸ ਨਾਲੋਂ ਵੱਖ ਹੋਏ ਨੇ। ਮੈਂ ਹਰ ਹਾਲ ਵਿਚ ਤੁਹਾਡੇ ਨਾਲ ਰਹਾਂਗੀ, ਫਿਕਰ ਕਰਨ ਦੀ ਕੋਈ ਲੋੜ ਨਹੀਂ। ਫੇਰ ਇਹ ਕਿਉਂ ਭੁੱਲਦੇ ਓਂ, ਇਹ ਮੇਰਾ ਪੇਕਾ ਘਰ ਵੀ ਤਾਂ ਏ, ਸਾਡੇ ਆਪਸੀ ਸਬੰਧ ਕੁਝ ਵੀ ਕਿਉਂ ਨਾ ਰਹੇ ਹੋਣ ਪਰ ਦੁਨੀਆਂ ਦੀ ਨਜ਼ਰਾਂ ਵਿਚ ਮੈਂ ਇਸ ਘਰ ਦੀ ਧੀ ਹਾਂ ਤੇ ਧੀ ਹੀ ਰਹਾਂਗੀ, ਤੇ ਧੀਆਂ ਆਖਰੀ ਸਾਹ ਤੀਕ ਪੇਕਿਆਂ ਦਾ ਮੋਹ ਨਹੀਂ ਤਜਦੀਆਂ।"

ਰਾਜ ਬਾਬੂ ਦੇ ਚਿਹਰੇ 'ਤੇ ਛਾਈ ਗਹਿਰੀ ਉਦਾਸੀ ਤੱਕ ਸੁੱਖੀ ਨੇ ਉਨ੍ਹਾਂ ਦੇ ਦੋਵੇਂ ਹੱਥ ਆਪਣੇ ਹੱਥਾਂ ਵਿਚ ਲੈਂਦਿਆਂ ਕਿਹਾ, "ਤੁਸੀਂ ਬਹੁਤ ਚੰਗੇ ਓਂ, ਭਾਵੇਂ ਤੁਹਾਡੇ ਨਾਲ ਮੇਰੇ ਜਿਨਸੀ ਸਬੰਧ ਰਹੇ ਤੇ ਇਹ ਗੱਲ ਸਾਡੇ ਦੋਹਾਂ ਤੋਂ ਬਿਨਾ ਹੋਰ ਕੋਈ ਨਹੀਂ ਜਾਣਦਾ ਪਰ ਤੁਹਾਡੀ ਸ਼ਖਸੀਅਤ ਦਾ ਇਕ ਹੋਰ ਪੱਖ ਵੀ ਏ, ਇਹ ਪੱਖ ਬਹੁਤ ਉਜਲ ਏ, ਤੁਸੀਂ ਜ਼ਿੰਦਗੀ ਦੇ ਹਰ ਮੋੜ 'ਤੇ ਮੇਰੀ ਢਾਲ ਬਣੇ, ਮੇਰੀ ਬਾਂਹ ਫੜੀ ਏ। ਤੁਸੀਂ ਹਰ ਕਸੌਟੀ 'ਤੇ ਖਰੇ ਉਤਰੇ ਓਂ। ਮੈਂ ਚਾਹੁੰਦੀ ਹਾਂ ਤੁਹਾਡੀ ਸ਼ਖਸੀਅਤ ਦਾ ਇਹ ਉਜਲਾ ਪੱਖ ਸਦਾ ਬਣਿਆ ਰਹੇ, ਤੁਸੀਂ ਬੇਫਿਕਰ ਹੋ ਕੇ ਆਪਣਾ ਇਹ ਕਾਜ ਵੀ ਪੂਰਾ ਕਰੋ।"

"ਠੀਕ ਹੈ ਫਿਰ।" ਏਨਾ ਕਹਿ ਰਾਜ ਬਾਬੂ ਬਾਹਰ ਚਲੇ ਗਏ।

---

"ਜੇ ਹੁਕਮ ਹੋਵੇ ਤਾਂ ਅਸੀਂ ਇਸ ਕੋਹੇਨੂਰ ਨੂੰ ਇਕ ਨਜ਼ਰ ਤੱਕ ਲਈਏ।"

ਸੁਹਾਗ ਰਾਤ ਦੀ ਸੇਜ 'ਤੇ ਬੈਠੀ ਸੱਜ ਵਿਆਹੀ ਦੁਲਹਨ ਦੀ ਠੋਡੀ ਫੜਦਿਆਂ ਲਾੜੇ ਨੇ ਕਿਹਾ।

"ਉਹ ਤਾਂ ਹਜੂਰੇ ਆਲਾ ਪਹਿਲਾਂ ਹੀ ਦੇਖ ਚੁਕੇ ਨੇ।"

"ਜਰੂਰ ਦੇਖਿਆ ਏ, ਤਹਾਡੇ ਦੀਦਾਰ ਕਰ ਚੁਕਾਂ, ਪਰ ਅੱਜ ਵਾਲੀ ਤਾਂ ਗੱਲ ਹੀ ਹੋਰ ਏ।"

ਸਵਰਾਜ ਨੇ ਆਪਣੀ ਨਵੀਂ ਵਿਆਹੀ ਲਾੜੀ ਦੇ ਥੋੜਾ ਹੋਰ ਨੇੜੇ ਸਰਕਦਿਆਂ ਉਸ ਦੇ ਸਿਰ 'ਤੇ ਨਾਂ ਲਈ ਕਢੇ ਘੁੰਡ ਦੀ ਰਹੀ-ਸਹੀ ਕਸਰ ਵੀ ਪੂਰੀ ਕਰ ਦਿੱਤੀ।

"ਤੁਸੀਂ ਵੀ ਨਾ ਬਸ, ਸਬਰ ਨਹੀਂ ਹੁੰਦਾ ਤੁਹਾਥੋਂ!"

"ਨਹੀਂ ਸਬਰ ਹੁੰਦਾ! ਲੰਮੀ ਇੰਤਜਾਰ ਕੀਤੀ ਏ, ਏਸ ਮੁਬਾਰਕ ਘੜੀ ਲਈ।" ਏਨਾ ਕਹਿ ਉਸ ਨੇ ਸੁੱਖੀ ਨੂੰ ਬਾਹਾਂ ਵਿਚ ਲੈ ਲਿਆ। ਸਿਆਲੇ ਦੀ ਲੰਮੀ ਰਾਤ ਨੇ ਬਹੁਤੀ ਦੇਰ ਉਨ੍ਹਾਂ ਦਾ ਸਾਥ ਨਾ ਦਿੱਤਾ, ਉਹ ਕਦ ਖਤਮ ਹੋ ਗਈ, ਪਤਾ ਹੀ ਨਾ ਲੱਗਾ। ਸੂਰਜ ਦੀਆਂ ਕਿਰਨਾਂ ਨੇ ਜਦ ਕਮਰੇ ਵਿਚਲੀ ਹਰ ਸ਼ੈ ਨੂੰ ਪ੍ਰਕਾਸ਼ਮਾਨ ਕਰਨ ਦਾ ਕੰਮ ਅਰੰਭਿਆ ਤਾਂ ਸੁੱਖੀ ਨੇ ਪੋਲੇ ਜਿਹੇ ਸਵਰਾਜ ਨੂੰ ਪਿੱਛੇ ਧਕਦਿਆਂ ਕਿਹਾ, 'ਆਜ ਕੀ ਮੁਲਾਕਾਤ ਬਸ ਇਤਨੀ।'

---

ਕੁੱਲੂ ਦੀ ਹਸੀਨ ਵਾਦੀ ਨੇ ਉਨ੍ਹਾਂ ਦੇ ਹਨੀਮੂਨ ਨੂੰ ਹੋਰ ਰੰਗੀਨ ਬਣਾ ਦਿੱਤਾ। ਭੁੰਤਰ ਪੁਜਣ ਸਾਰ ਜਦ ਸਵਰਾਜ ਨੇ ਦਸਿਆ, 'ਇਥੋਂ ਮਣੀਕਰਨ ਬਹੁਤੀ ਦੂਰ ਨਹੀਂ, ਸਿੱਧੀ ਸੜਕ ਜਾਂਦੀ ਏ, ਕੋਈ ਚਾਲੀ ਕਿੱਲੋਮੀਟਰ ਹੋਵੇਗਾ।' ਸੁੱਖੀ ਨੂੰ ਬਹੁਤ ਚੰਗਾ ਲੱਗਾ, "ਤਾਂ ਲੈ ਚਲੋ ਨਾ ਉਥੇ, ਬਹੁਤ ਨਾਂ ਸੁਣਿਐ, ਬਾਕੀ ਥਾਂਵਾਂ 'ਤੇ ਬਾਅਦ ਵਿਚ ਜਾਵਾਂਗੇ।"

ਸਵਰਾਜ ਬੋਲਿਆ, "ਤਥਾਸਤੂ।" ਤੇ ਉਨ੍ਹਾਂ ਮਣੀਕਰਣ ਲਈ ਚਾਲੇ ਪਾ ਦਿੱਤੇ। ਕੁੱਲੂ, ਮਨਾਲੀ ਅਤੇ ਰੋਹਤਾਂਗ ਦੱਰਾ ਆਦਿ ਦੇਖਦਿਆਂ-ਘੁੰਮਦਿਆਂ ਪੂਰਾ ਮਹੀਨਾ ਬੀਤ ਗਿਆ। ਦੋਹਾਂ ਜੀ ਭਰ ਕੇ ਅਨੰਦ ਮਾਣਿਆ ਤੇ ਵਾਪਸ ਦਿੱਲੀ ਆ ਗਏ।

ਪਹਿਲਾ ਸਾਲ ਹਾਸੇ ਖੇੜੇ ਵਿਚ ਬੀਤ ਗਿਆ ਤੇ ਜਾਂਦਾ ਹੋਇਆ ਸਵੀਟੀ ਦੇ ਰੂਪ ਵਿਚ ਬਹੁਮੁੱਲਾ ਤੋਹਫਾ ਉਨ੍ਹਾਂ ਦੀ ਝੋਲੀ ਵਿਚ ਪਾ ਗਿਆ। ਸੁੱਖੀ ਕਦੇ-ਕਦਾਈਂ ਪੇਕੇ ਘਰ ਦਾ ਫੇਰਾ ਮਾਰਦੀ ਤੇ ਰਾਜ ਬਾਬੂ ਨੂੰ ਮਿਲਣ ਲਈ ਵਿਸ਼ੇਸ਼ ਸਮਾਂ ਕੱਢ ਹੀ ਲੈਂਦੀ, ਇਸ ਲਈ ਉਹ ਵੀ ਖੁਸ਼ ਸਨ। ਸਵਰਾਜ ਬੈਂਕ ਮੈਨੇਜਰ ਸੀ, ਪੈਸੇ ਪੱਖੋਂ ਹੱਥ ਖੁੱਲ੍ਹਾ ਸੀ। ਦੇਖਦਿਆਂ ਹੀ ਦੇਖਦਿਆਂ ਬੰਗਲਾ ਬਣ ਗਿਆ, ਕਾਰ ਲੈ ਲਈ, ਤੇ ਹਰ ਉਹ ਸਾਮਾਨ ਜੁਟਾ ਲਿਆ ਗਿਆ ਜੋ ਜ਼ਿੰਦਗੀ ਮਾਣਨ ਲਈ ਜਰੂਰੀ ਹੁੰਦੈ।

ਸਵੀਟੀ ਨੇ ਚੰਗਾ ਕੱਦ ਕੱਢ ਲਿਆ ਸੀ, ਉਹ ਪੜ੍ਹ ਲਿਖ ਕੇ ਇਕ ਮਲਟੀ ਨੈਸ਼ਨਲ ਕੰਪਨੀ ਵਿਚ ਕਾਰਜਕਾਰੀ ਅਧਿਕਾਰੀ ਬਣ ਗਈ। ਸੁੱਖੀ ਘਰ ਵਿਚ ਇਕੱਲੀ ਉਕਤਾ ਜਾਂਦੀ, ਸਵਰਾਜ ਦੀ ਰਜਾਮੰਦੀ ਨਾਲ ਉਸ ਰਾਜ ਬਾਬੂ ਨੂੰ ਕਹਿ ਕੇ ਆਪਣੇ ਇਕੱਲ ਦਾ ਇਲਾਜ ਕਰ ਲਿਆ ਤੇ ਕਿਸੇ ਕੰਪਨੀ ਵਿਚ ਪਾਰਟ ਟਾਈਮ ਜਾਬ 'ਤੇ ਜਾਣ ਲੱਗ ਪਈ।

"ਸਵਰਾਜ, ਸਵੀਟੀ ਹੁਣ ਵੱਡੀ ਹੋ ਗਈ ਐ। ਕੰਮ ਵੀ ਕਰਨ ਜਾਂਦੀ ਹੈ, ਕੋਈ ਚੰਗਾ ਜਿਹਾ ਮੁੰਡਾ ਦੇਖ ਕੇ ਇਸ ਦੇ ਹੱਥ ਪੀਲੇ ਕਰਨ ਦੀ ਸੋਚੋ।" ਇਕ ਦਿਨ ਸੁੱਖੀ ਨੇ ਕਿਹਾ।

"ਲੈ, ਇਹ ਵੀ ਕਹਿਣ ਵਾਲੀ ਗੱਲ ਐ, ਰਾਜ ਬਾਬੂ ਨੂੰ ਕਹਿ, ਉਹ ਇਸ ਮਾਮਲੇ ਵਿਚ ਬਹੁਤ ਸੁਲਝੇ ਹੋਏ ਹਨ। ਕੋਈ ਨਾ ਕੋਈ ਸਾਕ ਜਰੂਰ ਲੱਭ ਲੈਣਗੇ।"

"ਗੱਲ ਤਾਂ ਤੁਹਾਡੀ ਠੀਕ ਐ, ਉਨ੍ਹਾਂ ਨੂੰ ਕਹਿਨੀਂ ਆਂ। ਮਸਲਾ ਹੱਲ ਸਮਝੋ।"

---

*(ਬਾਕੀ ਅਗਲੇ ਸਫੇ ’ਤੇ)*

# ਸੁੰਗੜਦਾ ਜਾ ਰਿਹਾ ਮਨੁੱਖ

## ਜ਼ਿੰਦਗੀ ਦਾ ਨਾਦ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਦੇ ਸ਼ੁਦਾਈ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਘਰ ਦੀਆਂ ਨਿਆਮਤਾਂ ਦੀ ਵਾਰਤਾ ਸੁਣਾ ਚੁਕੇ ਹਨ ਕਿ ਘਰ ਦਾ ਕੇਂਦਰ ਮਾਂ ਹੁੰਦੀ ਹੈ, ਬੁਢਾਪਾ ਉਹ ਅਵਸਥਾ ਏ ਜਦੋਂ ਜ਼ਿੰਦਗੀ, ਸਰੀਰਕ ਸਮਰੱਥਾ ਤੋਂ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੇ ਸਫਰ ਦੀ ਹਮਰਾਜ਼ ਬਣਦੀ ਏ। ਧੀਆਂ ਨੂੰ ਬੋਝ ਸਮਝਣ ਵਾਲਿਆਂ ਨੂੰ ਡਾ. ਭੰਡਾਲ ਨੇ ਸਵਾਲ ਕੀਤਾ ਸੀ ਕਿ ਜੇ ਧੀਆਂ ਨਾ ਹੁੰਦੀਆਂ ਤਾਂ ਕੀ ਮਨੁੱਖ ਦੀ ਹੋਂਦ ਸੰਭਵ ਹੁੰਦੀ? ਉਨ੍ਹਾਂ ਮੋਹ-ਪਿਆਰ ਦੀ ਗੱਲ ਕਰਦਿਆਂ ਕਿਹਾ ਸੀ ਕਿ ਮੁਹੱਬਤ ਅਮੁੱਲ ਏ, ਇਹ ਤਾਂ ਦਿਲਾਂ ਦਾ ਸੌਦਾ ਏ, ਜੋ ਨਫੇ/ਨੁਕਸਾਨ ਦੀ ਤੱਕੜੀ 'ਚ ਨਹੀਂ ਤੁੱਲਦਾ। ਫੁੱਲਾਂ ਦੀ ਵਾਰਤਾ ਸੁਣਾਉਂਦਿਆਂ ਉਨ੍ਹਾਂ ਕਿਹਾ ਸੀ, ਮਨਾਂ 'ਚ ਖੁਸ਼ੀ ਦੇ ਦੀਵੇ ਜਗਾਉਣ ਵਾਲਾ ਚਮਨ ਦਾ ਫੁੱਲ ਕਮਰੇ 'ਚ ਜਾਂਦਿਆਂ ਹੀ ਮੁਰਝਾ ਜਾਂਦਾ ਏ। ਉਨ੍ਹਾਂ ਨਸੀਹਤ ਕੀਤੀ ਕਿ ਫੁੱਲ ਨਾ ਤੋੜੋ। ਇਨ੍ਹਾਂ ਨਾਲ ਗੁਲਜ਼ਾਰਾਂ ਨੂੰ ਭਾਗ ਲਗਣ ਦਿਉ। ਪਿਛਲੇ ਲੇਖ ਵਿਚ ਵਿਛੋੜੇ ਦੇ ਸੱਲ੍ਹ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਸੀ ਕਿ ਵਿਛੋੜਾ ਕੋਈ ਵੀ ਹੋਵੇ, ਵਿਛੋੜਾ ਹੀ ਹੁੰਦਾ ਏ। 'ਕੱਲੀ ਕੂੰਜ ਵਿਛੜ ਗਈ ਡਾਰੋਂ' ਦਾ ਦਰਦ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਅਜੋਕੇ ਸਮਿਆਂ ਵਿਚ ਰਿਸ਼ਤਿਆਂ ਦੀ ਟੁੱਟ-ਭੱਜ 'ਤੇ ਗਿਲ੍ਹਾ ਕੀਤਾ ਹੈ, ਕੇਹੇ ਵਕਤ ਆ ਗਏ ਨੇ ਕਿ ਅਸੀਂ ਖੁਸ਼ੀ ਦੇ ਪਲ ਸਾਂਝੇ ਕਰਨਾ ਵੀ ਮੁਨਾਸਬ ਨਹੀਂ ਸਮਝਦੇ ਜਦ ਕਿ ਖੁਸ਼ੀ ਵੰਡਿਆਂ ਦੂਣ ਸਵਾਈ ਹੁੰਦੀ ਏ। ਫਿਰ ਕੌਣ ਦੁੱਖ ਸਾਂਝੇ ਕਰਨ ਦਾ ਹੀਆ ਕਰੇਗਾ?...ਮਾਰੂਥਲ ਫੈਲ ਰਿਹਾ ਏ, ਸ਼ਹਿਰ ਵੱਡਾ ਹੋ ਰਿਹਾ ਏ, ਮਹਿਲ ਉਸਰ ਰਹੇ ਨੇ ਪਰ ਘਰ ਸੁੰਗੜ ਰਿਹਾ ਏ, ਪਰਿਵਾਰ ਨਿੱਕਾ ਹੋ ਰਿਹਾ ਏ ਅਤੇ ਮਨੁੱਖ ਬੌਣਾ। -ਸੰਪਾਦਕ***



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

ਅੱਜ ਤੋਂ 25-30 ਸਾਲ ਪਹਿਲਾਂ ਦਾ ਸਮਾਂ। ਪਿੰਡ 'ਚ ਗੁਆਂਢੀਆਂ ਦੀ ਕੁੜੀ ਦਾ ਵਿਆਹ। ਪਿੰਡ ਦੀ ਧੀ ਦੇ ਵਿਆਹ ਦਾ ਹਰ ਇੱਕ ਨੂੰ ਚਾਅ। ਆਪਣੀ ਸਮਰੱਥਾ ਅਨੁਸਾਰ, ਵਿਆਹ ਦੇ ਹਰ ਕਾਰਜ 'ਚ ਸਹਾਈ ਹੋ ਰਿਹਾ ਪਿੰਡ ਦਾ ਹਰ ਸ਼ਖਸ। ਸਭ ਦੇ ਮਨਾਂ ਵਿਚ ਕਾਰਜ ਨੂੰ ਸੁਚਾਰੂ ਢੰਗ ਨਾਲ ਸੰਪੂਰਨ ਕਰਨ ਦੀ ਇੱਛਾ। ਹਰ ਰਸਮ ਨਾਲ ਨਿਜੀ ਤੌਰ 'ਤੇ ਜੁੜਿਆ ਹਰ ਬਾਸ਼ਿੰਦਾ। ਸਵੇਰੇ ਸਵੇਰੇ ਪਿੰਡ 'ਚੋਂ ਦੁੱਧ ਤੇ ਲੱਸੀ ਇਕੱਠੇ ਕਰਦੇ ਚੋਬਰ। ਸ਼ਾਮ ਨੂੰ ਪ੍ਰਾਹੁਣਿਆਂ ਤੇ ਬਰਾਤੀਆਂ ਲਈ ਮੰਜੇ ਬਿਸਤਰੇ ਇਕੱਠੇ ਕਰਦੇ। ਲਾਗੀਆਂ ਦੀਆਂ ਮੌਜਾਂ। ਵਾਰਨੇ ਤੇ ਚੱਕਵੀਂ ਰੋਟੀ। ਅੱਧੀ ਅੱਧੀ ਰਾਤ ਤੀਕ ਪੈਂਦਾ ਗਿੱਧਾ ਅਤੇ ਨਾਨਕਾ ਮੇਲ ਵੱਲੋਂ ਕਿਸੇ ਦੀ ਉਲਟਾਈ ਮੰਜੀ, ਕਿਲਿਆਂ ਤੋਂ ਡੰਗਰ ਖੋਲ੍ਹਣਾ ਅਤੇ ਪਿੰਡ ਦੀ ਹਰ ਨੁੱਕਰ 'ਚ ਗਿੱਧੇ ਦੀ ਧਮਾਲ। ਸਾਂਝਾ ਕਾਰਜ, ਸਾਂਝੇ ਚਾਅ, ਸਭ ਦੇ ਸਾਹੀਂ ਮਿਆਉਂਦੇ।

ਸ਼ਾਮੀਂ ਘੁਸਮੁਸੇ 'ਚ ਕਿਸੇ ਨੇ ਘਰ ਦੀ ਬੈੱਲ ਵਜਾਈ। ਬਾਹਰ ਆਇਆ ਤਾਂ ਸਕੂਟਰ 'ਤੇ ਆਇਆ ਢੋਲ ਵਾਲਾ ਮੇਰੇ ਕੋਲੋਂ ਪੁੱਛੇ ਕਿ ਇਥੇ ਤੁਹਾਡੇ ਗੁਆਂਢ ਕਿਨ੍ਹਾਂ ਦੀ ਬਰਾਤ ਵਿਆਹੁਣ ਗਈ ਏ? ਮੈਂ ਬਥੇਰਾ ਸੋਚਾਂ ਕਿ ਸਵੇਰ ਦਾ ਤਾਂ ਮੈਂ ਘਰ ਹੀ ਹਾਂ ਫਿਰ ਇਥੋਂ ਕਿਹੜੀ ਬਰਾਤ ਵਿਆਹੁਣ ਗਈ ਏ? ਕੋਈ ਪਤਾ ਨਾ ਲੱਗਾ। ਗੁਆਂਢ 'ਚ ਕਿਸੇ ਨੂੰ ਕੋਈ ਪਤਾ ਨਹੀਂ। ਕੋਈ ਵਾਜਾ ਨਹੀਂ, ਕੋਈ ਰੌਣਕ ਜਾਂ ਰੌਲਾ-ਰੱਪਾ ਨਹੀਂ। ਢੋਲ ਵਾਲਾ ਵੀ ਹੈਰਾਨ। ਉਸ ਨੇ ਦੁਬਾਰਾ ਮੋਬਾਇਲ 'ਤੇ ਫੋਨ ਕਰਕੇ ਪਤਾ ਕੀਤਾ ਤਾਂ ਮੈਨੂੰ ਪਤਾ ਲੱਗਾ ਕਿ ਅੱਜ ਮੇਰੇ ਹੀ ਗੁਆਂਢੀਆਂ ਦਾ ਮੁੰਡਾ ਵਿਆਹੁਣ ਗਿਆ ਏ। ਕਿਹੋ ਜਿਹਾ ਸਮਾਂ ਆ ਗਿਆ ਏ ਕਿ ਸਾਂਝੀ ਕੰਧ ਵਾਲੇ ਨੂੰ ਵੀ ਵਿਆਹ ਦਾ ਪਤਾ ਨਹੀਂ।

ਮਨੁੱਖ ਨੂੰ ਵਹਿਮ ਹੋ ਗਿਆ ਏ ਆਪਣੀ ਸਮਰੱਥਾ ਦਾ, ਆਪਣੇ ਸਾਧਨਾਂ ਦਾ ਅਤੇ ਆਪਣੀ ਹਿੰਮਤ ਦਾ; ਤਾਹੀਓਂ ਤਾਂ ਮੈਰਿਜ ਪੈਲਸਾਂ ਵਿਚ ਹੁੰਦੇ ਵਿਆਹਾਂ ਵਿਚ ਲੋਕ ਹਾਜ਼ਰੀ ਲਗਵਾਉਣ ਜਾਂ ਖਾਣ-ਪੀਣ ਹੀ ਜਾਂਦੇ ਨੇ। ਉਨ੍ਹਾਂ ਦੀ ਕਾਰਜ ਵਿਚ ਕੋਈ ਸ਼ਮੂਲੀਅਤ ਨਹੀਂ ਹੁੰਦੀ। ਭਾਵੇਂ ਨਵੇਂ ਰਿਸ਼ਤੇਦਾਰਾਂ ਨੂੰ ਮਾਣ-ਸਨਮਾਨ ਦੇਣ ਦੀ ਗੱਲ ਹੋਵੇ, ਅਨੰਦ ਕਾਰਜ ਦੀ ਪਵਿੱਤਰ ਰਸਮ ਹੋਵੇ ਜਾਂ ਡੋਲੀ ਦੀ ਵਿਦਾਈ ਦਾ ਵਕਤ ਹੋਵੇ।

ਮਨੁੱਖੀ ਸਾਧਨਾਂ ਦੀ ਗਿਣਤੀ ਵਧ ਰਹੀ ਏ, ਸੁੱਖ ਸੁਵਿਧਾਵਾਂ ਵੱਧ ਰਹੀਆਂ ਨੇ ਪਰ ਮਨੁੱਖ ਸੁੰਘੜ ਰਿਹਾ ਏ।

ਕੇਹੇ ਵਕਤ ਆ ਗਏ ਨੇ ਕਿ ਅਸੀਂ ਖੁਸ਼ੀ ਦੇ ਪਲ ਸਾਂਝੇ ਕਰਨਾ ਵੀ ਮੁਨਾਸਬ ਨਹੀਂ ਸਮਝਦੇ ਜਦ ਕਿ ਖੁਸ਼ੀ ਵੰਡਿਆਂ ਦੂਣ ਸਵਾਈ ਹੁੰਦੀ ਏ। ਫਿਰ ਕੌਣ ਦੁੱਖ ਸਾਂਝੇ ਕਰਨ ਦਾ ਹੀਆ ਕਰੇਗਾ?

ਗਵਾਚ ਗਏ ਨੇ ਸਾਡੇ ਸੰਸਕਾਰ, ਮਨਫੀ ਹੋ ਗਿਆ ਏ ਆਪਸੀ ਸਤਿਕਾਰ, ਅਲੋਪ ਹੋ ਗਿਆ ਏ ਰੋਜ਼ਾਨਾ ਜੀਵਨ ਦਾ ਵਿਧੀ-ਵਿਹਾਰ ਅਤੇ ਗੁੰਮ ਹੋ ਰਿਹਾ ਏ ਸਾਡਾ ਸਮਾਜਿਕ ਕਿਰਦਾਰ।

ਮਨੁੱਖੀ ਗਿਆਨ ਫੈਲਣ ਨਾਲ ਪ੍ਰਦੂਸ਼ਣ ਫੈਲ ਰਿਹਾ ਏ, ਸਾਰੀ ਧਰਤ ਅਤੇ ਇਸ ਦੇ ਖਜ਼ਾਨਿਆਂ ਨੂੰ ਹੜੱਪਣ ਦੀਆਂ ਲਾਲਸਾਵਾਂ ਫੈਲ ਰਹੀਆਂ ਨੇ, ਪਰ ਮਨੁੱਖ ਆਪਣੇ ਮੁਫਾਦ ਦੇ ਦਾਇਰੇ 'ਚੋਂ ਬਾਹਰ ਆਉਣ ਦੀ ਲੋੜ ਹੀ ਨਹੀਂ ਸਮਝਦਾ। ਉਸ ਦੀ ਦੁਨੀਆਂ ਉਸ ਦੇ ਆਪੇ ਦੀਆਂ ਭੁੱਲ-ਭੁਲਈਆਂ 'ਚ ਗਵਾਚ ਗਈ ਏ।

ਆਪੇ 'ਚ ਗਵਾਚੇ ਹੋਏ ਮਨੁੱਖ ਨੂੰ ਭੁੱਲ ਗਿਆ ਏ ਘਰ ਪਰਿਵਾਰ। ਆਪਣੇ ਕਾਰ-ਵਿਹਾਰ, ਵਿਉਪਾਰ ਜਾਂ ਰਾਂਗਲੇ ਸੰਸਾਰ 'ਚ ਗਵਾਚੇ ਬੰਦੇ ਨੂੰ ਕਈ ਵਾਰ, ਆਪਣੇ ਬੱਚੇ ਦਾ ਨਾਂ ਅਤੇ ਉਹ ਕਿਸ ਕਾਲਜ/ਸਕੂਲ ਵਿਚ ਪੜ੍ਹਦਾ ਹੈ, ਬਾਰੇ ਜਾਣਨ ਲਈ ਦਿਮਾਗ 'ਤੇ ਭਾਰ ਪਾਉਣਾ ਪੈਂਦਾ ਏ।

ਆਪੇ ਵਿਚ ਸੁੰਗੜਿਆ ਮਨੁੱਖ, ਆਪਣੀਆਂ ਖੁਸ਼ੀਆਂ ਸੰਤਾਪ ਰਿਹਾ ਏ, ਗਮਾਂ ਦੀ ਭੱਠੀ ਵਿਚ ਸੜ ਰਿਹਾ ਏ, ਹਉਕਿਆਂ ਦੇ ਸੇਕ 'ਚ ਝੁਲਸ ਰਿਹਾ ਏ।

ਸੁੰਗੜਿਆ ਮਨੁੱਖ ਕਿਵੇ ਫੈਲੇਗਾ? ਕਿਵੇਂ ਹੋਵੇਗਾ ਉਸ ਦੀ ਸੋਚ ਦੇ ਸੁਪਨਿਆਂ ਦਾ ਵਿਸਥਾਰ? ਕਿਵੇਂ ਉਸਾਰੇਗਾ ਆਪਣੇ ਆਲੇ ਦੁਆਲੇ 'ਚ ਜਿਉਣ ਜੋਗਾ ਸੰਸਾਰ? ਕਿੰਜ ਸ਼ਬਦਾਂ 'ਚ ਉਸਾਰੇਗਾ ਪਿਆਰ ਅਤੇ ਕਿਹੜੇ ਸਮਿਆਂ ਦੇ ਖਲਾਅ 'ਚੋਂ ਭਾਲੇਗਾ ਸੂਰਜਾਂ ਦਾ ਅੰਬਾਰ?

ਜਦੋਂ ਮਨੁੱਖੀ ਸਰੋਕਾਰਾਂ 'ਚੋਂ ਸਮੂਹਕ ਬਿਰਤੀ ਖੁਰ ਜਾਵੇ ਤਾਂ ਤਿੜਕਦੇ ਨੇ ਰਿਸ਼ਤੇ, ਟੁੱਟਦਾ ਏ ਪਰਿਵਾਰ, ਬਿਖਰਦਾ ਏ ਸਮਾਜ ਅਤੇ ਨਸ਼ਿਆਂ ਦੀ ਅਲਾਮਤ 'ਚ ਡੁੱਬ ਜਾਂਦਾ ਏ ਆਪਣੇ ਵਕਤ ਦਾ ਸ਼ਾਹ-ਅਸਵਾਰ।

ਇਕ ਬਿੰਦੂ 'ਤੇ ਸਿਮਟਿਆ ਮਨੁੱਖ, ਬਿੰਦੂ ਤੋਂ ਬਿੰਦੂ ਤੀਕ ਦਾ ਸਫਰ ਤੈਅ ਕਰਨ ਲਈ ਕਿਥੋਂ ਲਿਆਏਗਾ ਹੌਸਲਾ, ਕਿਹੜੀ ਬਣੇਗੀ ਦ੍ਰਿੜਤਾ ਅਤੇ ਕਿਨ੍ਹਾਂ ਪੈਂਡਿਆਂ ਦਾ ਬਣੇਗਾ ਰਾਹੀ?


ਛੱਪੜੀ ਦਾ ਪਾਣੀ ਹਮੇਸ਼ਾ ਬੋਅ ਮਾਰਦਾ ਏ। ਪਾਣੀ ਪੀਣ ਲਈ ਛੱਪੜੀ 'ਚ ਵੜੀ ਮੱਝ ਵੀ ਚਿੱਕੜ ਨਾਲ ਲਿੱਬੜ ਜਾਂਦੀ ਏ ਅਤੇ ਸੋਕਿਆਂ 'ਚ ਉਸ ਦੀ ਹੋਂਦ ਹੀ ਅਲੋਪ ਹੋ ਜਾਂਦੀ ਏ। ਮਨੁੱਖ ਨੂੰ ਕੱਸੀ ਜਾਂ ਸੂਆ ਬਣਨ ਦੀ ਲੋੜ ਏ।

ਕਿਥੇ ਗੁੰਮ ਗਿਆ ਏ ਮਨੁੱਖ ਜਿਸ ਦੀਆਂ ਲੋੜਾਂ ਤੇ ਥੁੜ੍ਹਾਂ ਸਾਂਝੀਆਂ ਸਨ, ਖੁਸ਼ੀ ਤੇ ਗਮੀ ਦੌਰਾਨ ਭਾਈਵਾਲੀ ਸੀ। ਸਾਂਝੇ ਸਨ ਚਾਅ ਤੇ ਰੋਸੇ, ਰੋਣ ਤੇ ਹਾਸੇ, ਦਰਦ ਤੇ ਦਿਲਾਸੇ ਸਾਉਣ ਤੇ ਚੌਮਾਸੇ ਅਤੇ ਘੱਗਰੇ ਤੇ ਦੰਦਾਸੇ। ਸਾਂਝੀਆਂ ਹੁੰਦੀਆਂ ਸਨ ਵਾਹੀਆਂ, 'ਕੱਠੇ ਵਗਦੇ ਸੀ ਫਲ੍ਹੇ, ਸਭ ਲਈ ਹੁੰਦੇ ਸੀ ਲਵੇਰੇ। ਚਾਚੀਆਂ-ਤਾਈਆਂ ਦੇ ਚੌਂਕੇ 'ਚੋਂ ਖਾਣਾ-ਪੀਣਾ ਨਿੱਤ ਦਾ ਵਰਤਾਰਾ ਸੀ। ਹਰ ਕੋਈ ਮੋਹ ਕਰਦਾ ਸੀ। ਸਭ ਦੀ ਸਲਾਮਤੀ ਦਾ ਦਮ ਭਰਦਾ ਸੀ। ਇਕ ਦੂਜੇ ਉਪਰ ਨਿਰਭਰਤਾ ਕਾਰਨ, ਮਨੁੱਖੀ ਸਾਂਝ ਤੇ ਪਿਆਰ ਦਾ ਦਾਇਰਾ ਬੜਾ ਵਸੀਹ ਸੀ। ਵਸੀਲਿਆਂ ਦੀ ਬਹੁਤਾਤ ਕਾਰਨ, ਪਾਟੀ ਹੋਈ ਨਿਰਭਰਤਾ ਨੇ ਮਨੁੱਖ ਨੂੰ ਸੰਗੋੜਿਆ ਏ ਅਤੇ ਉਹ ਇਕੱਲ ਹੰਢਾਉਂਦਾ, ਉਦਾਸ ਪਲਾਂ ਦਾ ਕਲਾਮ ਪੜ੍ਹਨ ਲਈ ਮਜ਼ਬੂਰ ਏ।

ਸਾਂਝੇ ਪਰਿਵਾਰਾਂ ਦੇ ਤਿੜਕੇ ਸੰਦਰਭ ਨੇ ਸਾਡੇ ਨਾਂਵੇਂ ਕੀਤੀ ਏ, ਹਰ ਜੀਅ ਲਈ ਆਪੋ-ਆਪਣੇ ਕਮਰਿਆਂ ਦੀ ਕੈਦ। ਘਰ ਦੇ ਵਡੇਰਿਆਂ ਕੋਲੋਂ ਮੱਤਾਂ ਲੈਣ ਦੀ ਉਮਰ ਵਿਹਾ ਗਈ ਏ।

'ਉਹ ਆਪਣੀ ਲਾਸ਼ 'ਤੇ ਕੀਰਨੇ ਪਾਉਂਦਾ ਰਿਹਾ, ਪਰ ਨਾਲ ਦਾ ਕਮਰਾ ਗੁਣਗੁਣਾਉਂਦਾ ਰਿਹਾ' ਵਰਗਾ ਕਰੂਰ ਸੱਚ, ਕੀ ਸਾਡੇ ਪੱਲੇ ਦਾ ਨਸੀਬ ਹੀ ਬਣਨਾ ਸੀ?

ਸਿਮਟ ਰਿਹਾ ਮਨੁੱਖ, ਹਉਕਾ ਏ ਮਾਨਵਤਾ ਲਈ, ਗਮ ਦਾ ਗੋਲਾ ਏ ਇਨਸਾਨੀਅਤ ਲਈ



ਬੱਚਿਆਂ ਨੂੰ ਚੰਗੀਆਂ ਨਹੀਂ ਲਗਦੀਆਂ ਦਾਦੀ ਦੀਆਂ ਕਹਾਣੀਆਂ ਜਾਂ ਨਾਨੀ ਦੀਆਂ ਬਾਤਾਂ। ਟੀ.ਵੀ., ਵੀਡੀਓ ਗੇਮਾਂ, ਕੰਪਿਊਟਰ ਨੇ ਬੱਚੇ ਦੀ ਸਮਾਜਿਕ ਤੇ ਪਰਿਵਾਰਕ ਸੋਚ ਨੂੰ ਵਿਕਸਿਤ ਹੋਣ ਤੋਂ ਵਰਜ ਦਿੱਤਾ ਏ।

ਕਿਸੇ ਦਾ ਦਰਦ ਵੰਡਾਉਣ ਦੀ ਫਿਤਰਤ ਮਰ ਚੁਕੀ ਏ। ਹੁਣ ਅਸੀਂ ਸੋਗ ਦੇ ਸਮੇਂ ਜਾ ਕੇ ਵੀ ਅਹਿਸਾਨ ਜਤਾਉਂਦੇ ਹਾਂ। ਜੇ ਕਿਧਰੇ ਮ੍ਰਿਤਕ ਦੀ ਲਾਸ਼ ਨੂੰ ਰਾਤ ਰੱਖਣਾ ਪੈ ਜਾਵੇ ਤਾਂ ਕੋਈ ਰਾਤ ਕਟਾਉਣ ਲਈ ਤਿਆਰ ਨਹੀਂ ਹੋਵੇਗਾ। ਹਰ ਕੋਈ ਆਪਣੇ ਰੁਝੇਵਿਆਂ ਦਾ ਬਹਾਨਾ ਪਾ ਕੇ ਖਿਸਕਣ ਦੀ ਤਿਆਰੀ ਕਰੇਗਾ।

ਅਤੇ ਪ੍ਰਸ਼ਨ ਚਿੰਨ੍ਹ ਏ ਆਦਮੀਅਤ ਦੀ ਸਦੀਵਤਾ 'ਤੇ। ਮਨੁੱਖ ਦੇ ਸੁੰਗੜਨ ਨਾਲ ਸੁੰਗੜ ਰਹੇ ਨੇ ਜੰਗਲ ਤੇ ਬੇਲੇ, ਡਰ ਦੀ ਮਾਰੀ ਲੁਕਦੀ ਫਿਰਦੀ ਏ ਕਾਇਨਾਤ। ਕੁਦਰਤ ਦੀਆਂ ਰਹਿਮਤਾਂ ਦੀ ਬੇਅਦਬੀ 'ਚੋਂ ਅਸੀਂ ਝੋਲੀ 'ਚ ਪਵਾ ਲਏ ਨੇ ਰੋਗ ਤੇ ਸੋਗ।

ਸੁੰਗੜਿਆ ਮਨੁੱਖ, ਸੁੰਗੜੀ ਸੋਚ ਨੂੰ ਮਨ 'ਚ ਪਾਲਦਾ, ਸੁੰਗੜੀ ਸ਼ਖਸੀਅਤ ਦੀ ਘਾੜਤ ਬਣਦਾ ਏ ਜਿਸ 'ਚੋਂ ਸਮੁੱਚੇ ਸਰੋਕਾਰਾਂ ਦੀ ਨਿਸ਼ਾਨਦੇਹੀ ਤੁਸੀਂ ਕਿੰਜ ਕਰੋਗੇ? ਤਲਾਕਾਂ ਦੀ ਵਧ ਰਹੀ ਗਿਣਤੀ, ਖੁਦਕੁਸ਼ੀਆਂ ਦਾ ਆਮ ਹੋ ਰਿਹਾ ਰੁਝਾਨ, ਘਰੋਂ ਦੌੜ ਜਾਣ ਦੀ ਬਿਰਤੀ ਜਾਂ ਨਸ਼ਿਆਂ ਦਾ ਲਿਆ ਜਾ ਰਿਹਾ ਆਸਰਾ-ਮਨੁੱਖ ਦੀ ਟੁੱਟ-ਭੱਜ ਦੇ ਗਵਾਹ ਹਨ।

ਮਾਰੂਥਲ ਫੈਲ ਰਿਹਾ ਏ, ਸ਼ਹਿਰ ਵੱਡਾ ਹੋ ਰਿਹਾ ਏ, ਮਹਿਲ ਉਸਰ ਰਹੇ ਨੇ ਪਰ ਘਰ ਸੁੰਗੜ ਰਿਹਾ ਏ, ਪਰਿਵਾਰ ਨਿੱਕਾ ਹੋ ਰਿਹਾ ਏ ਅਤੇ ਮਨੁੱਖ ਬੌਣਾ।

ਗਮਲਿਆਂ 'ਚ ਉਗਾਏ ਪਿੱਪਲਾਂ 'ਤੇ ਪੀਂਘਾਂ ਕਿੰਜ ਪੈਣਗੀਆਂ? ਕੌਣ ਮੌਲੀ ਬੰਨ ਕੇ ਮੰਨਤਾਂ ਮੰਗਦਿਆਂ ਪਾਣੀ ਪਾਵੇਗਾ? ਕਿੰਜ ਇਹ ਪਿੱਪਲ ਆਦਮੀ ਦੀ ਖੈਰ ਮੰਨਾਏਗਾ? ਕਿਹੜਾ ਪੰਛੀ ਪਾਏਗਾ ਆਲ੍ਹਣਾ ਅਤੇ ਕਿਹੜੀਆਂ ਸੱਥਾਂ ਜੁੜਨਗੀਆਂ ਇਨ੍ਹਾਂ ਹੇਠਾਂ?

ਜਦੋਂ ਮਨੁੱਖ ਸੁੰਗੜਦਾ ਏ ਤਾਂ ਸੁੰਗੜਦਾ ਏ ਉਸ ਦਾ ਦਾਇਰਾ, ਸੁੱਕ ਜਾਂਦਾ ਏ ਮੋਹ, ਮੁਹੱਬਤ ਤੇ ਅਪਣੱਤ ਦਾ ਭਰ ਵਗਦਾ ਦਰਿਆ, ਮੂਕ ਹੋ ਜਾਂਦਾ ਏ ਹੋਠਾਂ 'ਤੇ ਗੁਣਗੁਣਾਉਂਦਾ ਚਾਅ ਅਤੇ ਧਰਿਆ ਜਾਂਦਾ ਏ ਜੀਵਨ-ਪੈੜ 'ਚ ਗਹਿਰ ਸਦਮਾ।

ਜੇ ਮਨੁੱਖ ਦਾ ਸੁੰਗੜਨਾ ਇਸੇ ਰਫਤਾਰ ਨਾਲ ਹੀ ਜਾਰੀ ਰਿਹਾ ਤਾਂ ਮਨੁੱਖ ਦੇ ਸਰੀਰਕ, ਸਮਾਜਿਕ ਤੇ ਸ਼ਖਸੀ ਵਿਨਾਸ਼ ਨੂੰ ਕੋਈ ਨਹੀਂ ਰੋਕ ਸਕਦਾ।

ਬਿਰਧ ਆਸ਼ਰਮਾਂ 'ਚ ਪੋਤੇ-ਪੋਤਰੀਆਂ ਦੇ ਤੋਤਲੇ ਬੋਲਾਂ ਨੂੰ ਭਾਲਦੇ, ਘਰ ਦੀ ਛੱਤ ਤੋਂ ਵਿਰਵੇ, ਦੁੱਖ-ਸੁੱਖ ਸਾਵਾਂ ਕਰਨ ਨੂੰ ਤਰਸ ਗਏ ਬਜ਼ੁਰਗਾਂ ਦੀ ਤ੍ਰਾਸਦੀ ਦਾ ਕੌਣ ਜ਼ਿੰਮੇਵਾਰ ਏ? ਕੀ ਸਾਡੀਆਂ ਕਦਰਾਂ-ਕੀਮਤਾਂ ਇਸ ਦੀ ਹਾਮੀ ਭਰਦੀਆਂ ਨੇ? ਬਜ਼ੁਰਗਾਂ ਦੀ ਸੇਵਾ 'ਚੋਂ ਪੁੰਨ ਖੱਟਣ ਵਾਲੇ ਵਿਰਸੇ ਨੂੰ ਵਿਸਾਰ ਕੇ, ਕੀ ਖੱਟਿਆ ਏ ਅਸੀਂ? ਕੀ ਏ ਸਾਡੀ ਪ੍ਰਾਪਤੀ? ਬਜ਼ੁਰਗਾਂ ਦੀ ਅਸੀਸ ਤੋਂ ਵਿਰਵਾ ਮਨੁੱਖ ਆਪਣੀ ਹੋਂਦ ਦਾ ਮਰਸੀਆ ਪੜ੍ਹਨ 'ਚ ਮਗਨ ਏ।

ਜ਼ਰਾ ਸੋਚੋ! ਜੇ ਸਾਡੇ ਸੰਤ-ਮਹਾਤਮਾ ਹੀ ਸੁੰਗੜੀ ਫਿਤਰਤ ਦੀ ਮਾਰ ਹੇਠ ਆ ਜਾਂਦੇ ਤਾਂ ਕਿਵੇਂ ਫੈਲਦਾ ਉਨ੍ਹਾਂ ਦੀ ਸੋਚ ਦਾ ਚਾਨਣ, ਕੌਣ ਕਰਦਾ ਦੂਰ ਅੰਧਿਆਰਾ ਅਤੇ ਕੌਣ ਕਰਦਾ ਵਹਿਮਾਂ-ਭਰਮਾਂ 'ਚ ਫਸੇ ਜੀਵਾਂ ਦਾ ਪਾਰ-ਉਤਾਰਾ।

ਅਜੋਕੇ ਸਮਿਆਂ ਅੰਦਰ ਕੋਈ ਨਹੀਂ ਨਜ਼ਰ ਆਉਂਦਾ ਦਰਦ ਵੰਡਾਉਣ ਵਾਲਾ, ਕਿਸੇ ਦੇ ਅੱਥਰੂਆਂ ਨੂੰ ਪੂੰਝਣ ਵਾਲਾ ਜਾਂ ਕਿਸੇ ਦੇ ਹਟਕੋਰਿਆਂ ਨੂੰ ਆਪਣੀ ਹਿੱਕ 'ਚ ਸਮਾਉਣ ਵਾਲਾ। ਇਕੱਲਾ ਮਨੁੱਖ, ਇਕਹਿਰੀ ਜ਼ਿੰਦਗੀ ਜਿਉਣ ਲਈ ਲਾਚਾਰ ਹੋਇਆ ਪਿਆ ਏ।

ਗਿਆਨ-ਵਿਗਿਆਨ ਦੇ ਖੇਤਰ 'ਚ ਨਵੀਆਂ ਬੁਲੰਦੀਆਂ ਛੋਹਣ ਵਾਲੀ ਮਨੁੱਖੀ ਫਿਤਰਤ ਲਈ ਜ਼ਰੂਰੀ ਹੈ ਕਿ ਸਮੁੱਚਾ ਮਨੁੱਖ ਵੀ ਵਿਸਤਾਰ ਕਰੇ, ਫੈਲੇ ਉਸ ਦੀ ਨਰੋਈ ਸੋਚ। ਮਨ 'ਚ ਮੌਲਣ ਨਰੋਈਆਂ ਕਦਰਾਂ-ਕੀਮਤਾਂ ਤੇ ਸਮਾਜਿਕ ਸਾਂਝਾ। ਆਦਮੀ ਤੇ ਆਦਮੀਅਤ ਨੂੰ ਨਵੇਂ ਮਾਨਵੀ ਸਰੋਕਾਰਾਂ ਰਾਹੀਂ ਪਰਿਭਾਸ਼ਤ ਕਰਨਾ ਪਵੇਗਾ ਤਾਂ ਹੀ ਅਸੀਂ ਇਸ ਦੀ ਸਦੀਵੀ ਹੋਂਦ ਦੇ ਜਸ਼ਨ ਮਨਾਉਣ ਦੇ ਸਮਰੱਥ ਹੋ ਸਕਾਂਗੇ। ਪਸਰ ਰਹੇ ਹਨੇਰ 'ਚ ਦੀਵਾ ਬਾਲਣ ਦੀ ਕੋਸ਼ਿਸ਼ ਤਾਂ ਕਰੋ, ਦੀਵਾਲੀ ਤੁਹਾਡੇ ਬਨੇਰਿਆਂ 'ਤੇ ਜ਼ਰੂਰ ਦਸਤਕ ਦੇਵੇਗੀ ਕਿਉਂਕਿ ਦੀਵੇ ਨਾਲ ਹੀ ਦੀਵਾ ਬਲਦਾ ਏ।

***ਕਿਥੇ ਗੁੰਮ ਗਿਆ ਏ ਮਨੁੱਖ ਜਿਸ ਦੀਆਂ ਲੋੜਾਂ ਤੇ ਥੁੜ੍ਹਾਂ ਸਾਂਝੀਆਂ ਸਨ, ਖੁਸ਼ੀ ਤੇ ਗਮੀ ਦੌਰਾਨ ਭਾਈਵਾਲੀ ਸੀ। ਸਾਂਝੇ ਸਨ ਚਾਅ ਤੇ ਰੋਸੇ, ਰੋਣ ਤੇ ਹਾਸੇ, ਦਰਦ ਤੇ ਦਿਲਾਸੇ ਸਾਉਣ ਤੇ ਚੌਮਾਸੇ ਅਤੇ ਘੱਗਰੇ ਤੇ ਦੰਦਾਸੇ। ਸਾਂਝੀਆਂ ਹੁੰਦੀਆਂ ਸਨ ਵਾਹੀਆਂ, 'ਕੱਠੇ ਵਗਦੇ ਸੀ ਫਲ੍ਹੇ, ਸਭ ਲਈ ਹੁੰਦੇ ਸੀ ਲਵੇਰੇ। ਚਾਚੀਆਂ-ਤਾਈਆਂ ਦੇ ਚੌਂਕੇ 'ਚੋਂ ਖਾਣਾ-ਪੀਣਾ ਨਿੱਤ ਦਾ ਵਰਤਾਰਾ ਸੀ। ਹਰ ਕੋਈ ਮੋਹ ਕਰਦਾ ਸੀ। ਸਭ ਦੀ ਸਲਾਮਤੀ ਦਾ ਦਮ ਭਰਦਾ ਸੀ। ਇਕ ਦੂਜੇ ਉਪਰ ਨਿਰਭਰਤਾ ਕਾਰਨ, ਮਨੁੱਖੀ ਸਾਂਝ ਤੇ ਪਿਆਰ ਦਾ ਦਾਇਰਾ ਬੜਾ ਵਸੀਹ ਸੀ। ਵਸੀਲਿਆਂ ਦੀ ਬਹੁਤਾਤ ਕਾਰਨ, ਪਾਟੀ ਹੋਈ ਨਿਰਭਰਤਾ ਨੇ ਮਨੁੱਖ ਨੂੰ ਸੰਗੋੜਿਆ ਏ ਅਤੇ ਉਹ ਇਕੱਲ ਹੰਢਾਉਂਦਾ, ਉਦਾਸ ਪਲਾਂ ਦਾ ਕਲਾਮ ਪੜ੍ਹਨ ਲਈ ਮਜ਼ਬੂਰ ਏ।***

## ਇਕ ਟੋਟਾ ਜੰਨਤ

***(ਪਿਛਲੇ ਸਫੇ ਦੀ ਬਾਕੀ)***

"ਭਾਈ ਸਾਹਿਬ ਕੀ ਹੋਇਐ!" ਸਵੇਰ ਦੀ ਸੈਰ ਪਿਛੋਂ ਘਰ ਪਰਤੇ ਇਕ ਸੱਜਣ ਨੇ ਨਾਲ ਦੇ ਘਰ ਅੱਗੇ ਆਂਢੀਆਂ-ਗੁਆਂਢੀਆਂ ਦੀ ਭੀੜ ਦੇਖ ਸੁਭਾਵਕ ਹੀ ਪੁੱਛਿਆ।

"ਕਿਉਂ ਤੁਹਾਨੂੰ ਨਹੀਂ ਪਤਾ?"

"ਨਹੀਂ, ਜਦੋਂ ਗਿਆ ਸਾਂ ਤਾਂ ਚੁੱਪ-ਚਾਨ ਸੀ ਪਰ ਹੁਣ ਇਥੇ ਏਨੀ ਭੀੜ?"

"ਮਿਸਟਰ ਸਵਰਾਜ ਨਹੀਂ ਰਹੇ।"

"ਜੀ, ਉਹ ਤਾਂ ਚੰਗੇ ਭਲੇ ਸਨ, ਅਜੇ ਕਲ੍ਹ ਈ ਤਾਂ ਮੇਰੀ ਦੁਆ ਸਲਾਮ ਹੋਈ ਸੀ।"

"ਤੁਹਾਡੀ ਦੁਆ ਸਲਾਮ ਦਿਨੇ ਕਿਸੇ ਸਮੇਂ ਹੋਈ ਹੋਵੇਗੀ, ਪਰ ਮੈਂ ਤਾਂ ਰਾਤ ਕੋਈ ਗਿਆਰਾਂ ਵਜੇ ਇਥੋਂ ਗਿਆ ਸਾਂ। ਗੱਲਾਂ ਮਾਰਦਿਆਂ ਸਮੇਂ ਦਾ ਪਤਾ ਹੀ ਨਾ ਲੱਗਾ। ਏਨਾ ਖੁਸ਼ ਉਨ੍ਹਾਂ ਨੂੰ ਮੈਂ ਕਦੇ ਨਹੀਂ ਸੀ ਤੱਕਿਆ। ਇਕ ਵਾਰ ਤਾਂ ਸਵੀਟੀ ਦੀ ਕਿਸੇ ਗੱਲ 'ਤੇ ਉਹ ਜੋਰ ਜੋਰ ਦੀ ਹੱਸਣ ਲੱਗ ਪਏ, ਹੱਸਦਿਆਂ ਢਿਡ ਵਿਚ ਵੱਲ ਪੈ ਗਏ, ਮੈਂ ਖੈਰ ਮਨਾਉਣ ਲੱਗਾ, 'ਰੱਬਾ ਮਿਹਰ ਕਰੀਂ, ਇਹ ਇਸੇ ਤਰ੍ਹਾਂ ਹੱਸਦੇ ਰਹਿਣ, ਕਿਸੇ ਦੀ ਨਜ਼ਰ ਨਾ ਲੱਗੇ ਇਨ੍ਹਾਂ ਨੂੰ।' ਦੇਰ ਬਹੁਤ ਹੋ ਗਈ ਸੀ, ਸੁੱਖੀ ਭੈਣ ਨੇ ਕਿਹਾ 'ਹੁਣ ਤੁਸੀਂ ਜਾਓ, ਇਹ ਵੀ ਕਲ੍ਹ ਰਾਤ ਦੇ ਉਨੀਂਦਰੇ ਨੇ।' ਫੇਰ ਤਾਂ ਇਨ੍ਹਾਂ ਨੂੰ ਸੌਣਾ ਚਾਹੀਦੈ, ਇਹ ਆਪ ਸੌਣ ਤੇ ਮੈਨੂੰ ਵੀ ਸੌਣ ਦੇਣ, ਪਰ ਨਹੀਂ! ਉਨ੍ਹਾਂ 'ਤੇ ਇਸ ਗੱਲ ਦਾ ਕੋਈ ਅਸਰ ਹੀ ਨਾ ਹੋਇਆ। ਕਹਿਣ ਲੱਗੇ, 'ਲੈ ਅਜੇ ਤਾਂ ਆਪਾਂ ਬਹੁਤ ਗੱਲਾਂ ਕਰਨੀਆਂ ਨੇ, ਤੂੰ ਬਹਿ ਜਾ ਇਥੇ, ਖਬਰਦਾਰ ਜੇ ਜਾਣ ਦਾ ਨਾਂ ਲਿਆ।' ਉਹ ਬਹੁਤ ਘੱਟ ਬੋਲਦੇ ਸਨ, ਪਰ ਅੱਜ ਪਤਾ ਨਹੀਂ ਕੀ ਗੱਲਾਂ ਕਰਨੀਆਂ ਸੂ ਉਨ੍ਹਾਂ ਨੇ, ਕਦੇ ਅੱਗੇ ਨਾ ਪਿੱਛੇ। ਬੜੀ ਮੁਸ਼ਕਲ ਨਾਲ ਉਨ੍ਹਾਂ ਨੂੰ ਮਨਾਇਆ ਤੇ ਘਰ ਜਾ ਕੇ ਲੰਮਾ ਪਿਆ, ਸਵੇਰੇ ਉਠਦਿਆਂ ਹੀ ਇਹ ਮਨਹੂਸ ਖਬਰ ਮਿਲ ਗਈ। ਕੀ ਪਤਾ ਸੀ, ਆਪਣੇ ਯਾਰ ਨਾਲ ਇਹ ਆਖਰੀ ਮਿਲਣੀ ਏ, ਮੁੜ ਕਦੇ ਨਹੀਂ ਮਿਲਣਾ। ਚੰਗਾ ਹੁੰਦਾ ਉਸ ਦਾ ਕਹਿਣਾ ਮੰਨ ਲੈਂਦਾ, ਅੱਗੇ ਕਿਹੜਾ ਜਗਰਾਤੇ ਨਹੀਂ ਕੱਟੇ।" ਦੱਸਣ ਵਾਲੇ ਸੱਜਣ ਦਾ ਗੱਚ ਭਰ ਗਿਆ। ਇਸ ਤੋਂ ਅੱਗੇ ਉਹ ਕੁਝ ਬੋਲ ਨਾ ਸਕਿਆ।

"ਭਲਿਆ ਲੋਕਾ ਇਹੋ ਤਾਂ ਬੰਦੇ ਦੇ ਹੱਥ ਨਹੀਂ।" ਕੋਲ ਖਲੋਤੇ ਇਕ ਬਜ਼ੁਰਗ ਨੇ ਉਸ ਦੀ ਪਿੱਠ ਪਲੋਸਦਿਆਂ ਕਿਹਾ।

---

ਸਵਰਾਜ ਜੋਬਨ ਰੁੱਤੇ ਚਲਾ ਗਿਆ। ਸੁੱਖੀ ਨੇ ਖਬਰ ਸੁਣੀ ਤਾਂ ਅਸਹਿ ਧੱਕਾ ਲੱਗਾ, ਉਹ ਸਦਮੇ ਦੀ ਹਾਲਤ ਵਿਚ ਚਲੀ ਗਈ ਪਰ ਉਸ ਦੀਆਂ ਸੁੰਨੀਆਂ ਅੱਖਾਂ ਵਿਚੋਂ ਕੋਈ ਹੰਝੂ ਨਾ ਕਿਰਿਆ। ਉਹ ਅਡੋਲ ਸੀ, ਉਸ ਦੇ ਚਿਹਰੇ 'ਤੇ ਇਕ ਅਜੀਬ ਜਿਹੀ ਸ਼ਾਂਤੀ ਸੀ। ਇਸ ਦੁਖਦਾਈ ਘੜੀ ਵਿਚ ਸਵਰਾਜ ਨਾਲ ਬਿਤਾਇਆ ਇਕ-ਇਕ ਪਲ ਉਸ ਦੇ ਚੇਤੇ ਦੀ ਚੰਗੇਰ ਵਿਚੋਂ ਨਿਕਲਦਾ, ਕੁਝ ਚਿਰ ਉਸ ਕੋਲ ਬਹਿੰਦਾ ਤੇ ਅੱਗੇ ਤੁਰ ਜਾਂਦਾ। ਜਦ ਕੋਈ ਪਲ ਨੇੜੇ ਨਾ ਬਹੁੜਦਾ ਤਾਂ ਉਹ ਆਪਣੇ ਆਲੇ-ਦੁਆਲੇ ਝਾਤ ਮਾਰਦੀ, ਜਾਣੋਂ ਕੁਝ ਲੱਭਣ ਦਾ ਯਤਨ ਕਰ ਰਹੀ ਹੋਵੇ। ਉਸ ਨੂੰ ਕੁਝ ਦਿਖਾਈ ਨਾ ਦਿੰਦਾ, ਥੋੜ੍ਹਾ ਪ੍ਰੇਸ਼ਾਨ ਹੁੰਦੀ ਪਰ ਛੇਤੀ ਸਹਿਜ ਅਵਸਥਾ ਵਿਚ ਆ ਕੇ ਇਕ ਵਾਰ ਫੇਰ ਹੱਡੀਂ ਹੰਢਾਈ ਹਸੀਨ ਖਵਾਬਾਂ ਦੀ ਦੁਨੀਆਂ ਵਿਚ ਗੁਆਚ ਜਾਂਦੀ। ਇਹ ਖਵਾਬ ਉਸ ਇਕ ਟੋਟਾ ਜੰਨਤ ਦੇ ਸਨ ਜਿਸ ਵਿਚ ਉਹ ਵਿਚਰਦੀ ਸੀ, ਆਪਣੇ ਸਵਰਾਜ ਦੀਆਂ ਬਾਹਾਂ ਵਿਚ ਬਾਹਾਂ ਪਾਈ।

---

*I-263, Karampura,
New Delhi-110015

# ਨਾਨਕਾ ਮੇਲ ਰੇਲ ਗੱਡੀ

***ਵਲੈਤ ਵਸਦੇ ਲਿਖਾਰੀ ਸੁਖਦੇਵ ਸਿੱਧੂ ਨੇ ਇਸ ਲੇਖ ਵਿਚ ਆਪਣੇ ਬਚਪਨ ਦੀਆਂ ਯਾਦਾਂ ਫਰੋਲਦਿਆਂ ਰੇਲ ਸਫਰ ਦੀ ਕਹਾਣੀ ਪਾਈ ਹੈ। ਇਸ ਲਿਖਤ ਦੀ ਖੂਬਸੂਰਤੀ ਇਹ ਹੈ ਕਿ ਇਸ ਵਿਚ ਰੇਲ ਸਫਰ ਦੇ ਨਾਲ ਨਾਲ ਜੀਵਨ ਸਫਰ ਦੀਆਂ ਅਣਗਿਣਤ ਤੰਦਾਂ ਬੜੇ ਸਹਿਜ ਨਾਲ ਜੁੜਦੀਆਂ ਜਾਂਦੀਆਂ ਹਨ, ਐਨ ਰੇਲ ਦੀ ਪਟੜੀ ਵਾਂਗ ਹੀ। ਉਹਨੂੰ ਬਾਤ ਸੁਣਾਉਣ ਦਾ ਵੱਲ ਹੈ, ਇਸੇ ਕਰ ਕੇ ਸਾਧਾਰਨ ਕੀਤੀਆਂ ਗੱਲਾਂ ਵੀ ਆਸਾਧਰਨ ਜਾਪਣ ਲਗਦੀਆਂ ਹਨ। -ਸੰਪਾਦਕ***

ਆਪਣੇ ਕਹਿੰਦੇ ਹੁੰਦੇ ਸੀ- ਨਾਨਕੇ ਨਾਨੇ ਨਾਨੀਆਂ ਨਾਲ ਹੀ ਹੁੰਦੇ ਆ ਤੇ ਪੇਕੇ ਮਾਂ ਪਿਓ ਨਾਲ। ਮੈਂ ਸੋਚਦੇ ਰਹਿਣਾ, ਬਈ ਛੇਤੀ ਛੇਤੀ ਛੁੱਟੀਆਂ ਹੋਣ ਤਾਂ ਨਾਨਕੀਂ ਜਾਈਏ। ਜਾਂ ਕੋਈ ਵਿਆਹ ਸ਼ਾਦੀ ਆਵੇ, ਤਾਂ ਮੌਕਾ ਮੇਲ ਬਣੇ। ਮਾਂ ਨੂੰ ਪੇਕੇ ਦੇਖਣ ਦੀ ਤਾਂਘ ਹੁੰਦੀ ਸੀ, ਮੈਨੂੰ ਨਾਨਕੇ। ਉਹਨੇ ਬੜੀ ਬੇਸਬਰੀ ਨਾਲ ਉਡੀਕ ਕਰਨੀ। ਕਬੀਲਦਾਰੀਆਂ ਵਾਲੇ ਘਰਾਂ ਵਿਚੋਂ ਨਿਕਲਣਾ ਕਿਹੜਾ ਸੌਖਾ ਹੁੰਦਾ। ਮੇਰੇ ਵੱਡੇ ਮਾਮੇ ਦਾ ਪੁੱਤ ਸਤਨਾਮ ਸਿੰਘ ਮੇਰਾ ਹਾਣੀ ਪਰਵਾਣੀ ਈ ਸੀ। ਇਹਦੇ ਨਾਲ ਮੇਰਾ ਬੜਾ ਨੇਹੁ ਸੀ। ਇਹ ਸਾਲ ਦੋ ਸਾਲ ਛੋਟਾ ਹੋਊ ਮੈਥੋਂ। ਸਾਡੇ ਸੁਭਾਅ ਵੀ ਰਲਦੇ ਮਿਲਦੇ ਸੀ। ਇਹ ਵੀ ਸਰਫ਼ੇ ਦਾ ਹੀ ਸੀ, ਤੇ ਮੈਂ ਵੀ। ਸਾਡੀ ਮੀਚਾ ਮਿਲ ਗਈ। ਲਾਡ ਨਾਲ ਸਾਰੇ



ਸੁਖਦੇਵ ਸਿੱਧੂ

ਇਹਨੂੰ ਬਿੱਲਾ ਕਹਿੰਦੇ ਸੀ। ਮੇਰਾ ਇਹਨੂੰ ਮਿਲਣ ਨੂੰ ਮਨ ਰਹਿੰਦਾ ਸੀ।

ਪਹਿਲਾਂ ਪਹਿਲ ਬੱਸਾਂ ਗੱਡੀਆਂ ਆਮ ਨਹੀਂ ਸੀ। ਸਾਡੇ ਪਿੰਡ ਨੂੰ ਬੱਸ ਤਾਂ ਲੱਗੀ ਹੋਈ ਸੀ, ਪਰ ਇਹ ਸਵੇਰੇ ਨੌਂ ਵਜੇ ਤੋਂ ਪਹਿਲਾਂ ਹੀ ਜਲੰਧਰ ਨੂੰ ਨਿਕਲ ਜਾਂਦੀ ਸੀ ਤੇ ਸ਼ਾਮ ਨੂੰ ਮੁੜਦੀ ਸੀ। ਸਾਰੀ ਦਿਹਾੜੀ ਵਿਚ ਇਕੋ ਗੋੜਾ ਹੀ ਲਾਉਂਦੀ ਸੀ। ਇਹਦੇ ਟਾਈਮ ਨਾਲ ਤਾਂ ਘਰਾਂ ਦੇ ਕੰਮ ਕਾਰ ਹੀ ਨਹੀਂ ਸੀ ਮੁੱਕਦੇ। ਬੀਬੀਆਂ ਰੋਟੀ ਪਾਣੀ ਤੋਂ ਵੀ ਵਿਹਲੀਆਂ ਨਹੀਂ ਸੀ ਹੁੰਦੀਆਂ।

ਪਹਿਲਾਂ ਤਾਂ ਅਸੀਂ ਮੰਡੀ ਵਾਲੇ ਖੂਹ ਕੋਲ ਦੀ ਮਹਿਤਪੁਰ ਤਾਈਂ ਦੋ ਢਾਈ ਮੀਲ ਤੁਰਦੇ ਜਾਣਾ। ਅੱਗਿਓਂ ਮਹਿਤਪੁਰੋਂ ਦੇਖਣਾ, ਬਈ ਨਕੋਦਰ ਨੂੰ ਟਾਂਗਾ ਕਦੋਂ ਤੁਰੂਗਾ। ਏਥੇ ਇਕ ਦੋ ਹੀ ਤਾਂਗੇ ਹੁੰਦੇ ਸਨ। ਏਥੇ ਮੂਰਤੀ ਦਾ ਯੱਕਾ ਮਸ਼ਹੂਰ ਸੀ। ਇਹ ਮਹਿਤਪੁਰ ਦਾ ਈ ਬਸ਼ਿੰਦਾ ਸੀ। ਇਹਦੀ ਘੋੜੀ ਵੀ ਵੱਤੇ ਈ ਸੀ। ਇਹਦੇ ਆਵਦੇ ਵਰਗੀ ਹੀ ਸੀ। ਵਿਚਾਰੀ। ਪੂਰਾ ਚਾਰਾ ਨਹੀਂ ਸੀ ਪਾ ਹੁੰਦਾ ਹੁਣਾ। ਉਤੋਂ ਇਹਨੇ ਸਵਾਰੀਆਂ ਦਾ ਲਾਲਚ ਕਰ ਲੈਣਾ, ਪਰ ਇਹ ਵੱਡਾ ਗਾਲੜੀ ਸੀ। ਇਹਨੂੰ ਗੱਲ ਲਮਕਾਉਣ ਦਾ ਵੱਲ ਸੀ। ਬੱਸ ਸਵਾਰੀਆਂ ਨੂੰ ਐਸਾ ਗੱਲੀਂ ਪਾਉਣਾ, ਉਨ੍ਹਾਂ ਨੂੰ ਪਤਾ ਈ ਨਾ ਲੱਗਣ ਦੇਣਾ, ਬਈ ਇਹਨੇ ਰੇਲ ਗੱਡੀ ਦੇ ਟਾਈਮ ਨਾਲ ਨਕੋਦਰ ਤਾਂ ਪਹੁੰਚਾਣਾ ਈ ਨਹੀਂ। ਇਹ ਇਹਦੀ ਵੱਡੀ ਜੁਗਤ ਹੁੰਦੀ ਸੀ। ਹਰ ਵਾਰ ਕੰਮ ਕਰ ਜਾਂਦੀ ਸੀ।

ਮੂਰਤੀ ਨੂੰ ਸਾਰੇ ਇਲਾਕੇ ਦੇ ਬੰਦਿਆਂ ਦੀ ਜਾਣ ਪਛਾਣ ਸੀ। ਮੱਲੋ ਜ਼ੋਰੀਂ ਜਾਣ-ਸਿਆਣ ਕੱਢ ਲੈਣੀ। ਸਭ ਤੋਂ ਪੁੱਛ ਪੁਛਾ ਕੇ ਇਹਨੇ ਹਿਸਾਬ ਲੈਣਾ, ਬਈ ਸਵਾਰੀਆਂ ਕਿਹੜੇ ਪਿੰਡਾਂ ਦੀਆਂ ਹਨ। ਜਿਹੜੇ ਪਿੰਡ ਦੀ ਸਵਾਰੀ ਨਾ ਹੋਣੀ, ਉਥੋਂ ਦੇ ਕਿਸੇ ਬੰਦੇ ਦੀ ਐਸੀ ਗੱਲ ਸ਼ੁਰੂ ਕਰਨੀ, ਐਸੀ ਗੱਲ ਸ਼ੁਰੂ ਕਰਨੀ, ਬਈ ਅਗਲੇ ਦੀ ਅਈ੍ਹ ਤਈ੍ਹ ਫੇਰ ਦੇਣੀ। ਐਸੀ ਛੇੜੀ ਗੱਲ ਏਨੀ ਲਮਕਾ ਲੈਣੀ ਕਿ ਉਹ ਨਕਦੋਰ ਅਪੜਨ ਤੱਕ ਮੁਕਣੀ ਈ ਨਾ। ਅਗਲੇ ਦਾ ਅੱਗਾ ਪਿੱਛਾ ਸਭ ਫਰੋਲ ਦੇਣਾ। ਵਿਚ ਵਿਚਾਲੇ ਘੋੜੀ ਦੀ ਲਗਾਮ ਖਿੱਚਦੇ ਨੇ ਚਟਕਾਰੀ ਮਾਰੀ ਜਾਣੀ। ਇਹਨੇ ਕਹਿਣਾ: ਦੇਖ ਕੇ ਜੀਣ ਜੋਗੀਏ... ਓਅ ਜੀਂਦੀ ਰਹਿ... ਭਲਾ ਹੋਵੇ... ਓ ਸਦਕੇ ਤੇਰੇ ਜਣਦਿਆਂ ਦੇ... ਓਅ ਤੇਰੇ ਮਾਲਕਾਂ ਦਾ ਸੁਰਗੀਂ ਵਾਸਾ...। ਵਿਚ ਵਿਚਾਲੇ ਮੂਰਤੀ ਨੇ ਘੋੜੀ ਦੇ ਸਹਿੰਦਾ ਸਹਿੰਦਾ ਚਾਬਕ ਮਾਰਨਾ, ਖੜਾਕ ਬਹੁਤਾ ਕਰਨਾ। ਬਹੁਤੀ ਵਾਰ ਤਾਂ ਛੈਂਟਾ ਤਾਂਗੇ ਦੇ ਪਹੀਏ 'ਤੇ ਹੀ ਮਾਰਨਾ। ਜਦ ਕਿਤੇ ਘੋੜੀ ਕੋਲੋਂ ਤਾਂਗਾ ਨਾ ਈ ਖਿੱਚਿਆ ਜਾਣਾ, ਤਾਂ ਇਹਨੇ ਗੱਲ ਵਧਾ ਲੈਣੀ। ਸਵਾਰੀਆਂ ਦਾ ਧਿਆਨ ਹੋਰ ਦੀ ਹੋਰ ਪਾਸੇ ਪਾ ਲੈਣਾ। ਆਪ ਮੋਹਰਿਓਂ ਉਤਰ ਜਾਣਾ, ਲਗਾਮ ਫੜ ਕੇ ਘੋੜੀ ਨੂੰ ਖਿੱਚਣ ਲੱਗ ਪੈਣਾ ਤੇ ਜ਼ੋਰ ਨਾਲ ਗੱਲ ਸ਼ੁਰੂ ਕਰ ਦੇਣੀ: ਧੁਆਨੂੰ ਪਤਾ, ਫਲਾਨਾ ਪਰਸੋਂ ਪੂਰਾ ਹੋ ਗਿਆ। ਭਲਾ ਬੰਦਾ ਸੀ। ਬੱਸ ਬੈਠਾ ਹੀ ਸੌਂ ਗਿਆ। ਕੋਈ ਹਾਏ ਨਹੀਂ, ਬਹੁੜੀ ਨਹੀਂ। ਨੂੰਹ ਪੁੱਤ ਚਾਹ ਦੇਣ ਆਏ ਤਾਂ ਪਤਾ ਲੱਗਾ, ਬਈ ਰੂਹ ਤਾਂ ਉਡ ਗਈ। ਬੱਸ ਸਰੀਰ ਪਿਆ ਸੀ। ਜਿੱਦਾਂ 'ਰਾਮ ਨਾਲ ਸੁੱਤਾ ਹੋਵੇ। ਦੇਵਤਿਆਂ ਵਾਲੀ ਮੌਤ ਆਈ ਉਹਨੂੰ। ਭਲਾ ਬੰਦਾ ਸੀ। ਮੈਂ ਕਹਿਨਾਂ, ਸਿੱਧਾ ਸੁਰਗਾਂ ਨੂੰ ਗਿਆ ਹੋਊ। ਏਦਾਂ ਦਾ ਈ ਸੀ ਉਹ।

ਮੂਰਤੀ ਨੇ ਘਾਟ ਘਾਟ ਦਾ ਪਾਣੀ ਪੀਤਾ ਹੋਇਆ ਸੀ। ਨਿੱਤ ਦਿਹਾੜੀ ਇਹਦਾ ਵੰਨ ਸੁਵੰਨਿਆਂ ਨਾਲ ਵਾਹ ਪੈਂਦਾ ਸੀ। ਇਹਨੂੰ ਜਿਹੜੀ ਸਵਾਰੀ 'ਤੇ ਗੱਲ ਚੁੱਕਣ ਦੀ ਸ਼ੱਕ ਹੋਣੀ, ਉਹਨੂੰ ਸਿੱਧਾ ਗੱਲੀਂ ਪਾ ਲੈਣਾ। ਬਹੁਤੀ ਵਾਰ ਅਸੀਂ ਰੇਲਵੇ ਫਾਟਕ ਕੋਲ ਪਹੁੰਚ ਕੇ ਗੱਡੀ ਤੁਰੀ ਜਾਂਦੀ ਦੇਖ ਲੈਣੀ। ਫਿਰ ਡੇਢ ਦੋ ਘੰਟੇ ਬੜੇ ਔਖੇ ਹੋ ਕੇ ਕੱਢਣੇ। ਲੱਕੜ ਦੇ ਬੈਂਚਾਂ 'ਤੇ ਬਹਿ ਬਹਿ ਕੇ ਸਰੀਰ ਆਕੜ ਜਾਣਾ। ਮੂੰਹ ਚੁੱਕ ਚੁੱਕ ਅਗਲੀ ਗੱਡੀ ਦੀ ਉਡੀਕ ਕਰਨੀ। ਮਨੋਂ-ਮਨੀਂ ਮੂਰਤੀ ਨੂੰ ਕੋਸਣਾ। ਮੂਰਤੀ ਦੇ ਯੱਕੇ 'ਤੇ ਨਾ ਚੜ੍ਹਨ ਦਾ ਅਹਿਦ ਕਰਨਾ, ਪਰ ਇਹਦੇ ਬਿਨਾ ਸਰਨਾ ਨਾ। ਗੰਜੀ ਨਹਾਵੇ ਕੀ ਤੇ ਨਚੋੜੇ ਕੀ! ਪਾ ਲਾ ਕੇ ਮਹਿਤਪੁਰ ਨੂੰ ਚਲਦੇ ਯੱਕੇ ਹੀ ਦੋ ਸੀ। ਗੱਡੀ ਦੀ ਕੂਕ ਦੀ ਉਡੀਕ ਕਰਨੀ। ਜਦੋਂ ਇੰਜਣ ਦਾ ਧੂੰਆਂ ਦਿਸਣਾ ਜਾਂ ਛੱਕ ਛੱਕ ਕਰਦਾ ਸੁਣਨਾ ਤਾਂ ਮਨ ਹੁਲਾਸ ਹੋਣਾ। ਚਾਅ ਚੜ੍ਹ ਜਾਣਾ, ਬਈ ਸਮਝੋ ਹੁਣ ਨਾਨਕੀਂ ਪਹੁੰਚੇ ਹੀ ਪਹੁੰਚੇ। ਕਈ ਵਾਰ ਇੰਜਣ ਨੇ ਨਕੋਦਰੋਂ ਪਾਣੀ ਲੈਣ ਜਾਂ ਕੋਲਾ ਚੁੱਕਣਾ, ਜਾਂ ਸ਼ੰਟਿੰਗ ਕਰਨੀ। ਫਿਰ ਨਾਨਕਾ ਮੇਲ, ਚਲ ਸੋ ਚਲ। ਨਕੋਦਰ ਦੇ ਜੰਕਸ਼ਨ ਹੋਣ ਦਾ ਚੇਤਾ ਆਉਣਾ ਤਾਂ ਗੀਤ ਗਾਉਣਾ:

ਇਹ ਜੰਕਸ਼ਨ ਰੇਲਾਂ ਦਾ
ਇਕ ਗੱਡੀ ਆਵੇ ਤੇ ਇਕ ਜਾਵੇ।

ਅੰਗਰੇਜ਼ਾਂ ਵੱਲੋਂ 1856 ਵਿਚ ਭਾਰਤ ਵਿਚ ਸ਼ੁਰੂ ਕੀਤੀਆਂ ਰੇਲਾਂ ਦਾ ਵਿਰੋਧ ਕਈ ਪਾਸਿਓਂ ਹੋਇਆ ਸੀ। ਕਈ ਦੰਦ ਕਥਾਵਾਂ ਤੁਰੀਆਂ। ਇਹਦੇ ਤੋਂ ਡਰਦੇ ਲੋਕ ਦੌੜ ਤੁਰਦੇ ਸੀ ਕਿ ਖਵਰੇ ਕੋਈ ਭੂਤ ਆ ਗਿਆ। ਕੋਈ ਕਿਹਾ ਕਰੇ, ਅੰਗਰੇਜ਼ਾਂ ਨੇ ਰੇਲ ਗੱਡੀ ਬੰਦਿਆਂ ਨੂੰ ਇਹਦੇ ਥੱਲੇ ਦੇ ਕੇ ਮਾਰਨ ਨੂੰ ਚਲਾਈ ਆ। ਕੋਈ ਕਿਹਾ ਕਰੇ, ਗੋਰਿਆਂ ਇਨ੍ਹਾਂ ਰੇਲਾਂ ਵਿਚ ਭਾਰਤ ਦਾ ਸਾਰਾ ਧਨ ਵਲੈਤ ਨੂੰ ਢੋਹ ਕੇ ਲੈ ਜਾਣਾ ਹੈ। ਇਹ ਵੀ ਸੋਚਣ ਵਾਲੀ ਗੱਲ ਹੈ ਕਿ ਇਹਨੇ ਭਾਰਤ ਨੂੰ ਕਿੰਨਾ ਕੁ ਇਕਮੁਠ ਕੀਤਾ।



*ਨਕੋਦਰ ਜੰਕਸ਼ਨ ਦੀ ਇਕ ਝਲਕ।*

ਇਹ ਸਵਾਲ ਔਖਾ ਹੈ ਕਿ ਰੇਲ ਗੱਡੀ ਮੇਲ ਮਿਲਾਪ ਦਾ ਸਬੱਬ ਪਹਿਲਾਂ ਬਣੀ ਕਿ ਵਿਛੋੜੇ ਦਾ। ਆਪਣੇ ਕਹਿੰਦੇ ਆ, ਬਈ ਕਿਸੇ ਲਈ ਮਾਂਹ ਬਾਦੀ, ਕਿਸੇ ਲਈ ਸੁਆਦੀ। ਪਹਿਲਾਂ ਪਹਿਲ ਵਿਛਾਈਆਂ ਰੇਲਵੇ ਲਾਈਨਾਂ ਨੇ ਤਾਂ ਮੇਲ ਈ ਬਹੁਤੇ ਕਰਵਾਏ ਹੋਣੇ ਆਂ; ਜਾਂ ਇਨ੍ਹਾਂ ਕਰ ਕੇ ਮੇਲ ਛੇਤੀ ਹੋ ਗਏ, ਉਦਾਂ ਦੇਰ ਨਾਲ ਹੋਣੇ ਸੀ। ਵਿਛੋੜੇ ਦਾ ਸੰਕਲਪ ਤਾਂ ਬਾਅਦ ਦਾ ਹੋਣਾ ਹੈ, ਬਈ ਇਹ ਭਲੀ ਰੇਲ ਵਿਛੋੜੇ ਵੀ ਪਾਉਂਦੀ ਹੈ। ਮਸ਼ਹੂਰ ਤਰੀਨ ਪੁਰਾਣਾ ਫਿਲਮੀ ਗੀਤ ਵੀ ਹੈ:

ਨੀ ਟੁੱਟ ਜਾਏਂ ਰੇਲ ਗੱਡੀਏ,
ਨੀ ਤੈਂ ਰੋਕ ਲਿਆ ਚੰਨ ਮੇਰਾ।

ਸੰਨ 1913 ਵਿਚ ਜਲੰਧਰੋਂ ਨਕੋਦਰ ਨੂੰ ਵਿਛਾਈ ਏਸ ਰੇਲ ਲਾਈਨ ਨੇ ਵੱਡੇ ਫਾਇਦੇ ਕੀਤੇ ਸੀ। ਨਾਨਕਿਆਂ ਦਾਦਕਿਆਂ ਵਿਚਲੀ ਦੂਰੀ ਘਟਾ ਦਿਤੀ ਸੀ। ਕੰਮਾਂ ਕਾਰਾਂ ਵਾਲਿਆਂ ਨੂੰ ਮੌਜਾਂ ਹੋ ਗਈਆਂ ਸੀ। ਪਹਿਲਾਂ ਲੋਕ ਜਾਂ ਤਾਂ ਟਾਂਗਿਆਂ 'ਤੇ ਜਾਂਦੇ ਸੀ ਜਾਂ ਤੁਰ ਕੇ। ਸਰਦਿਆਂ ਪੁੱਜਦਿਆਂ ਦੀਆਂ ਬੱਘੀਆਂ ਹੁੰਦੀਆਂ ਸੀ। ਹਮਾਤੜਾਂ ਦੀਆਂ ਲੱਤਾਂ। ਨਕੋਦਰੋਂ ਜਲੰਧਰ ਦੇ ਰਾਹ ਵਿਚ ਤਿੰਨ ਸਟੇਸ਼ਨ ਪੈਂਦੇ ਸੀ। ਸ਼ੰਕਰ, ਥਾਬਲਕੇ ਤੇ ਜਮਸ਼ੇਰ। ਖਾਲਸਾ ਕਾਲਜ ਵਾਲਾ ਹਾਲਟ ਕਿਤੇ ਬਾਅਦ ਵਿਚ ਬਣਿਆ, ਕਾਲਜ ਦੇ ਪਾੜ੍ਹਿਆਂ ਦੀ ਸੌਖ ਲਈ। ਪਿੰਡਾਂ ਦੇ ਬਹੁਤੇ ਮੁੰਡੇ ਏਥੇ ਹੀ ਪੜ੍ਹਦੇ ਸੀ। ਪਲੇਟਫਾਰਮ ਤੋਂ ਸਿਰਫ਼ ਜਮਸ਼ੇਰ ਦਾ ਸਟੇਸ਼ਨ ਹੀ ਸੱਖਣਾ ਹੈ। ਇਕੱਲੇ ਸ਼ੰਕਰ ਵਾਲੇ ਟੇਸ਼ਨ ਦੇ ਪਲੇਟਫ਼ਾਰਮ 'ਤੇ ਹੀ ਸ਼ੈਡ ਹੈ। ਸ਼ੰਕਰੀਆ ਸਵਰਨ ਸਿੰਘ ਉਦੋਂ ਰੇਲ ਮੰਤਰੀ ਹੁੰਦਾ ਸੀ। ਸਟੇਸ਼ਨਾਂ 'ਤੇ ਪਹਿਲੇ ਨਲਕਿਆਂ ਦਾ ਢਿੱਡ ਢੋਲਕੀ ਵਰਗਾ ਹੁੰਦਾ ਸੀ। ਇਨ੍ਹਾਂ ਦੇ ਗੱਭਿਓਂ ਪਾਣੀ ਨਿਕਲਣਾ। ਇਹਨੂੰ ਗੇੜਨ ਲਈ ਦੋਹੀਂ ਪਾਸੀਂ ਹੈਂਡਲ ਲੱਗੇ ਹੁੰਦੇ ਸੀ, ਪੱਠੇ ਕੁਤਰਨ ਵਾਲੀ ਮਸ਼ੀਨ ਵਰਗੇ। ਇਨ੍ਹਾਂ ਨੂੰ ਗੇੜਨ ਲਈ ਵਾਹਵਾ ਜ਼ੋਰ ਲਗਦਾ ਹੁੰਦਾ ਸੀ। ਨਿਆਣਿਆਂ ਤੋਂ ਪੂਰਾ ਗੇੜ ਵੀ ਨਹੀਂ ਸੀ ਨਿਕਲਦਾ। ਇਨ੍ਹਾਂ ਨਲਕਿਆ ਦਾ ਅੰਗਰੇਜ਼ੀ ਨਾਂ ਡੀਪਵੈੱਲ ਹੈਂਡਪੰਪ ਸੀ। ਫਿਰ ਕੁੱਤਾ ਨਲਕੇ ਆ ਗਏ। ਹੁਣ ਆਮ ਨਲਕੇ ਲੱਗੇ ਹੋਏ ਨੇ, ਜਾਂ ਮੋਟਰਾਂ। ਦੱਸਦੇ ਨੇ ਕਿ ਰੌਲਿਆਂ ਤੋਂ ਪਹਿਲਾਂ ਸਟੇਸ਼ਨਾਂ ਉਤੇ ਪਾਣੀ ਵੀ ਵੰਡੇ ਹੁੰਦੇ ਸੀ। ਹਿੰਦੂਆਂ ਲਈ ਹਿੰਦੂ ਪਾਣੀ; ਮੁਸਲਮਾਨਾਂ ਲਈ ਮੁਸਲਮਾਨ ਪਾਣੀ।

ਹੁਣ ਵਾਲਾ ਜਮਸ਼ੇਰ ਦਾ ਸਟੇਸ਼ਨ ਕਿਤੇ ਬਾਅਦ ਵਿਚ ਬਣਿਆ, ਉਨੀ ਸੌ ਸੱਠ ਦੇ ਗੇੜ ਵਿਚ। ਪਹਿਲੇ ਸਟੇਸ਼ਨ ਵਿਚ ਅੱਜ ਕੱਲ੍ਹ ਸਟੇਸ਼ਨ ਮਾਸਟਰ ਨੇ ਵਸੋਂ ਕੀਤੀ ਹੋਈ ਹੈ। ਸਟੇਸ਼ਨ ਦੀ ਸਫ਼ਾਈ ਦਾ ਕੋਈ ਪ੍ਰਬੰਧ ਨਹੀਂ। ਹੁਣ ਪੱਕਾ ਸਫ਼ਾਈ ਕਰਮਚਾਰੀ ਹੈ ਈ ਨਹੀਂ। ਇਹ ਕੰਮ 'ਬਟੌਟ' ਸਵਾਰੀਆਂ ਨੂੰ ਫੜ ਕੇ ਉਨ੍ਹਾਂ ਤੋਂ ਕਰਵਾ ਲਿਆ ਜਾਂਦਾ ਹੈ। ਸਰਕਾਰ ਸਫ਼ਾਈ ਦੇ ਉਕੇ ਪੁੱਕੇ ਪੈਸੇ ਦੇ ਦਿੰਦੀ ਹੈ, ਸਾਲ ਦੇ ਪੰਦਰਾਂ ਸੌ ਰੁਪਈਏ। ਹੁਣ ਇਹ ਵਾਟ ਵੀ ਬਹੁਤੀ ਨਹੀਂ ਲਗਦੀ; ਉਦੋਂ ਏਦਾਂ ਲੱਗਣਾ, ਬਈ ਵਾਟ ਨਿਬੜਦੀ ਹੀ ਨਹੀਂ!

ਰੇਲ ਨੇ ਸਪਰਾਵਾਂ ਨੂੰ ਉਧੋਵਾਲ ਦੇ ਹੋਰ ਨੇੜੇ ਕਰ ਦਿੱਤਾ। ਨਾਨਕੇ ਦਾਦਕਿਆਂ ਦਾ ਸਫ਼ਰ ਘਟ ਗਿਆ। ਸਪਰਾਵਾਂ ਦਾ ਕਾਗਜ਼ਾਂ ਵਿਚ ਨਾਂ ਭੋਡੇ ਸਪਰਾਏ ਹੈ, ਡਾਕਖਾਨਾ ਜਮਸ਼ੇਰ ਖਾਸ, ਤਹਿਸੀਲ ਤੇ ਜ਼ਿਲ੍ਹਾ ਜਲੰਧਰ। ਮਾਸਕ 'ਮਾਂ' ਦੀ ਸੰਪਾਦਕ ਕਾਮਰੇਡ ਕੇਵਲ ਕੌਰ ਏਸੇ ਪਿੰਡ ਦੀ ਸੀ। ਇਹ ਨਕਸਲਬਾੜੀ ਲਹਿਰ ਦੀ ਲਾਡਲੀ ਸੀ। ਏਥੋਂ ਦੇ ਹਕੀਮ ਵੀ ਬੜੇ ਨਾਂ ਵਾਲੇ ਹੋਏ। ਏਡੇ ਸਾਰੇ ਪਿੰਡ ਵਿਚ ਡਾਕਖਾਨਾ ਵੀ ਹੈ ਨਹੀਂ, ਪਰ ਦੁਸਹਿਰਾ ਇਥੇ ਲੱਗਦਾ ਹੈ।

ਰੇਲ ਪਟੜੀ ਪਹਿਲਾਂ ਸਪਰਾਵਾਂ ਮੂਢ ਦੀ ਨਿਕਲਣੀ ਸੀ। ਸਟੇਸ਼ਨ ਵੀ ਏਥੇ ਹੀ ਬਣਨਾ ਸੀ। ਜਿਹਦੀ ਜ਼ਮੀਨ ਵਿਚ ਦੀ ਇਹ ਪਟੜੀ ਬਣਨੀ ਸੀ, ਉਹ ਜੱਟ ਸਰਵੇਅਰ ਨੂੰ ਗਾਲ੍ਹੋ-ਗਾਲੀ ਹੋ ਪਿਆ; ਬਈ ਉਹ ਇਹਦੀ ਜ਼ਮੀਨ ਵਿਚ ਦੀ ਪਟੜੀ ਕਿਉਂ ਕੱਢਦਾ ਹੈ! ਸਰਵੇਅਰ ਨੇ ਸਟੇਸ਼ਨ ਤਾਂ ਜਮਸ਼ੇਰ ਤੇ ਸਪਰਾਵਾਂ ਦੇ ਗੱਭੇ (ਵਿਚਕਾਰ) ਬਣਾ ਦਿੱਤਾ, ਸਟੇਸ਼ਨ ਦਾ ਨਾਂ ਵੀ ਜਮਸ਼ੇਰ ਦੇ ਖਾਤੇ ਪਾ ਦਿੱਤਾ, ਪਰ ਜ਼ਿਦ ਵਿਚ ਰੇਲਵੇ ਪਟੜੀ ਉਹਦੇ ਖੂਹ ਦੇ ਐਨ ਉਤੋਂ ਦੀ ਕੱਢ ਦਿੱਤੀ। ਅੱਧਾ ਖੂਹ ਇਧਰ, ਅੱਧਾ ਉਧਰ। ਨਾਨਕੇ ਪਿੰਡ ਦੇ ਲੋਕ ਦੱਸਦੇ ਹਨ ਕਿ ਮੀਂਹ ਜਾਂ ਹੜ੍ਹਾਂ ਨਾਲ ਜਦੋਂ ਵੀ ਪਟੜੀ ਟੁੱਟਦੀ, ਇਸੇ ਖੂਹ ਵਾਲੇ ਥਾਂ ਤੋਂ ਹੀ ਟੁੱਟਦੀ।

ਮੈਂ ਗੱਡੀ ਦੀ ਬਾਰੀ ਵਿਚਦੀ ਸਿਰ ਬਾਹਰ ਕੱਢਣਾ। ਗੱਡੀ ਭੱਜੀ ਜਾਣੀ ਤੇ ਨਾਲੋ-ਨਾਲ ਰੁੱਖ ਘੁੰਮੀ ਜਾਣੇ। ਮੈਂ ਕਿਸੇ ਦੂਰ ਦੇ ਰੁੱਖ 'ਤੇ ਨਿਗ੍ਹਾ ਟਿਕਾਉਣੀ। ਉਹਨੇ ਹੌਲੀ ਹੌਲੀ ਘੁੰਮਦੇ ਘੁੰਮਦੇ ਨੇ ਨੇੜੇ ਆਈ ਜਾਣਾ ਤੇ ਕੋਲ ਦੀ ਸ਼ੂੰਅ ਕਰ ਕੇ ਨਿਕਲ ਜਾਣਾ। ਨਾਲੋ-ਨਾਲ ਗੱਡੀ ਦੇ ਪਹੀਆਂ ਤੇ ਰੇਲ ਪਟੜੀ ਨੇ ਰਲ ਕੇ ਸੰਗੀਤ ਸੁਣਾਉਣਾ- ਠੱਕ ਠਕਾ ਠੱਕ ਠੱਕ। ਠੱਕ ਠਕਾ ਠੱਕ ਠੱਕ। ਬਸ ਏਸੇ ਖੇਲ ਵਿਚ ਲੰਘੇ ਦਾ ਅੱਧਾ ਸਫਰ ਬੰਨੇ ਹੋ ਜਾਣਾ। ਮਾਂ ਨੇ ਟੋਕਣਾ, ਕਹਿਣਾ: ਸਿਰ ਅੰਦਰ ਕਰ ਲੈ, ਜਾਂ ਮੂੰਹ ਪਿਛੇ ਨੂੰ ਕਰ ਕੇ ਬੈਠ, ਇੰਜਣ ਵੱਲ ਨਾ ਕਰ, ਅੱਖ ਵਿਚ ਕੋਲਾ ਪੈ ਜਾਊਗਾ। ਉਹੋ ਗੱਲ ਹੋਣੀ। ਨਾਲੇ ਮੂੰਹ ਸਿਰ ਕਾਲਾ ਹੋ ਜਾਣਾ, ਨਾਲੇ ਅੱਖਾਂ ਵਿਚ ਕੋਲੇ ਦੇ ਨਿਕ-ਨਿਕੇ ਕੰਕਰ ਪੈ ਜਾਣੇ। ਇਹ ਬੜੇ ਰੜਕਣੇ। ਮੈਂ ਅੱਖਾਂ ਚੁੰਨ੍ਹੀਆਂ ਕਰ ਕੇ ਦੇਖੀ ਜਾਣਾ, ਪਰ ਮੂੰਹ ਉਧਰ ਹੀ ਰੱਖਣਾ। ਅੱਖਾਂ ਮਲ ਮਲ ਲਾਲ ਕਰ ਲੈਣੀਆਂ। ਮਾਂ ਨੇ ਕਹਿਣਾ: ਹੁਣ ਮਲੀ ਨਾ ਜਾਹ, ਜ਼ਖਮ ਹੋ ਜਾਣਗੇ, ਸਟੇਸ਼ਨ ਉਤੇ ਉਤਰ ਕੇ ਠੰਢੇ ਪਾਣੀ ਦੇ ਛਿਟੇ ਮਾਰੀਂ। ਅਰਸੇ ਬਾਅਦ ਇਹਦੀ ਜੁਗਤ ਵੀ ਆ ਗਈ। ਜਾਂ ਤਾਂ ਮਾਂ ਦੀ ਚੁੰਨੀ ਦਾ ਪੱਲਾ ਮੂੰਹ 'ਤੇ ਲੈ ਲੈਣਾ ਜਾਂ ਪੱਗ ਦਾ ਲੜ ਖੋਲ੍ਹ ਕੇ ਮੂੰਹ ਢਕ ਲੈਣਾ। ਬਹਿਣਾ ਮੂੰਹ ਇੰਜਣ ਵਲ ਕਰ ਕੇ ਹੀ! ਕੋਲੇ ਤੇ ਕਾਲੋਂ ਤੋਂ ਵੀ ਬਚ ਜਾਣਾ ਤੇ ਨਜ਼ਾਰਾ ਵੀ ਮਾਣ ਲੈਣਾ। ਬਣੇ ਸੁਆਰੇ ਪਾੜ੍ਹੇ ਮੁੰਡੇ ਜੁਆਨੀ ਦਾ ਸਬੂਤ ਦਿਸਦੇ। ਇਹ ਆਪਸ ਵਿਚ ਟਿੱਚਰਾਂ ਮਖੌਲ ਕਰਦੇ। ਖਰੂਦ ਕਰਦੇ। ਗੱਡੀ ਭਾਵੇਂ ਖਾਲੀ ਹੁੰਦੀ, ਪੜ੍ਹਾਕੂ ਮੁੰਡੇ ਦਰਵਾਜ਼ਿਆਂ ਵਿਚ ਖੜ੍ਹੇ ਹੀ ਰਹਿੰਦੇ।

ਰੇਲਵੇ ਪਟੜੀ ਦੇ ਆਲੇ ਦੁਆਲੇ ਪਿੰਡਾਂ ਵਿਚ ਵਸਦੇ ਲੋਕਾਂ ਦਾ ਆਵਾਜਾਈ ਤੋਂ ਬਿਨਾਂ ਵੀ ਰੇਲ ਗੱਡੀਆਂ ਨਾਲ ਬੜਾ ਕੁਝ ਸਾਂਝਾ ਸੀ। ਸਵੇਰੇ ਪੰਜ ਵਜੇ ਵਾਲੀ ਗੱਡੀ ਨਾਲ ਉਠਣਾ। ਕੰਮੀਂ-ਕਾਰੀਂ ਜੁਟਣਾ; ਜਾਂ ਕਹਿਣਾ: ਸਾਢੇ ਅੱਠ ਦੀ ਗੱਡੀ ਆ ਗਈ, ਚਲੋ ਨਿਆਣਿਓਂ ਤੁਰੋ ਸਕੂਲਾਂ ਨੂੰ; ਜਾਂ ਫਿਰ- ਲੈ ਬਈ ਸਾਢੇ ਗਿਆਰਾਂ ਵਾਲੀ ਆ ਗਈ, ਹੱਲਾ ਮਾਰ ਲਓ। ਬੀਬੀਆਂ ਨੇ ਕਹਿਣਾ: ਛੇਤੀ ਛੇਤੀ ਕੰਮ ਨਿਬੇੜ ਲਓ, ਨੌਂ ਦੀ ਗੱਡੀ ਆਉਣ ਵਾਲੀ ਆ। ਬੰਦਿਆਂ ਕਹਿਣਾ: ਲੈ ਬਈ, ਆਹ ਕੰਮ ਡੇਢ ਵਾਲੀ ਗੱਡੀ ਤੋਂ ਪਹਿਲਾਂ ਪਹਿਲਾਂ ਕਰ ਲਈਏ, ਫਿਰ ਰੋਟੀ ਖਾਵਾਂਗੇ। ਨਿਆਣਿਆਂ ਨੂੰ ਉਡੀਕਦੀਆਂ ਮਾਵਾਂ ਨੇ ਕਹਿਣਾ: ਚਾਰ ਦੀ ਗੱਡੀ ਆ ਗਈ ਆ, ਨਿਆਣੇ ਘਰ ਮੁੜ ਕੇ ਆਏ ਨਹੀਂ ਅਜੇ! ਕਦੇ ਕਦੇ ਕਿਸੇ ਦੁਖੀਏ ਨੇ ਜੀਵਨ ਲੀਲਾ ਮੁਕਾ ਲੈਣੀ। ਰੇਲ ਗੱਡੀ ਮੋਹਰੇ ਸਿਰ ਨਿਵਾ ਦੇਣਾ। ਜੇ ਮੈਂ ਨਾਲ ਨਾ ਜਾਣਾ ਤਾਂ ਮਾਂ ਬਾਪ ਨੇ ਗੱਡੀ ਦੇ ਟਿਕਟ ਲਿਆ ਕੇ ਮੈਨੂੰ ਦੇਣੇ- ਨਿਸ਼ਾਨੀ ਵਜੋਂ। ਨਿੱਕੇ ਹੁੰਦਿਆਂ ਇਹ ਗੱਲ ਵੱਡੀ ਲੱਗਣੀ, ਬਈ ਮੇਰੇ ਕੋਲ ਰੇਲ ਗੱਡੀ ਦਾ ਟਿਕਟ ਹੈ। ਸਮੇਂ ਸਮੇਂ ਦੀ ਗੱਲ ਹੈ। ਹੁਣ ਸੋਚੀਦਾ ਹੈ, ਬਈ ਅਸੀਂ ਚੱਲੀ ਹੋਣੀ ਟਿਕਟ ਨਾਲ ਹੀ ਵਰਚ ਜਾਈਦਾ ਸੀ!

ਪਹਿਲੀਆਂ 'ਚ ਆਸ਼ਕਾਂ-ਮਸ਼ੂਕਾਂ ਲਈ ਗੱਡੀਆਂ ਦੇ ਟਾਈਮਾਂ ਦਾ ਵੱਡਾ ਆਸਰਾ ਹੁੰਦਾ ਸੀ। ਇਨ੍ਹਾਂ ਦੇ ਹਿਸਾਬ ਨਾਲ ਮਿਲਿਆ ਜਾਂਦਾ ਸੀ। ਅਗਲੇ ਨੇ ਕਹਿਣਾ: ਚਾਰ ਦੀ ਗੱਡੀ ਨਾਲ ਮੈਂ ਫਲਾਨੀ ਥਾਂ ਮਿਲੂੰਗਾ, ਤੂੰ ਵੀ ਉਥੇ ਆ ਜਾਈਂ। ਵਸਲ ਦੀਆਂ ਗੱਲਾਂ ਹੋਣੀਆਂ ਜਾਂ ਵਸਲ। ਨਾਨਕਿਆਂ ਦੀ ਮੰਨੀ ਹੋਈ ਗੱਲ ਹੈ ਕਿ ਕੋਈ ਪ੍ਰੇਮੀ ਜੋੜਾ ਰਾਤ ਨੂੰ ਬੁੱਕਲ ਦੇ ਨਿੱਘ ਵਿਚ ਗੁਆਚ ਗਿਆ। ਸਵੇਰੇ ਚਾਰ ਦੀ ਗੱਡੀ ਨੇ ਕੂਕ ਮਾਰੀ ਤਾਂ ਭਾਈ ਨੂੰ ਜਾਗ ਆਈ। ਉਹ ਡਰਿਆ ਉਠ ਕੇ ਭੱਜਿਆ ਰੇਲ ਦਾ ਧੰਨਵਾਦ ਕਰੇ: ਬਚਾ ਲਏ ਈ ਗੱਡੀਏ, ਚਾਰ ਵਾਲੀਏ, ਨਹੀਂ ਤਾਂ ਇਕ ਹੋਰ ਮਿਰਜ਼ਾ ਸੁੱਤਾ ਹੀ ਮਾਰਿਆ ਜਾਣਾ ਸੀ!

ਥਾਬਲਕੇ ਟੱਪ ਕੇ ਵੇਈਂ ਉਤੋਂ ਦੀ ਲੰਘਣਾ ਤਾਂ ਬੜਾ ਆਸਰਾ ਹੋ ਜਾਣਾ। ਲੈ ਬਈ... ਨਾਨਕਿਆਂ ਦੀ ਹੱਦ ਸ਼ੁਰੂ ਹੋ ਗਈ। ਮਾਂ ਨੇ ਕੋਈ ਪੈਸਾ ਦੇਣਾ, ਖਵਾਜੇ ਖਿਜ਼ਰ ਨੂੰ ਮੱਥਾ ਟੇਕਣ ਲਈ। ਵੇਈਂ ਦਾ ਪਾਣੀ ਬੜਾ ਸਾਫ਼ ਹੁੰਦਾ ਸੀ, ਇੰਨਾ ਸਾਫ਼, ਬਈ ਗੱਡੀ ਵਿਚ ਬੈਠਿਆਂ ਨੂੰ ਮੱਛੀਆਂ, ਕੱਛੂ ਤਰਦੇ ਦਿਸ ਜਾਣੇ। ਉਤੇ ਬੈਠਿਆਂ ਨੂੰ ਹੇਠਾਂ ਪਾਣੀ ਵਿਚ ਸੁੱਟੇ ਪੈਸੇ ਚਿਲਕਦੇ ਦਿਸਣੇ। ਲਿਸ਼ਕੋਰਾਂ ਮਾਰਦੇ। ਕਿਸੇ ਕਿਸੇ ਭਲੇ ਰੇਲ ਡਰਾਈਵਰ ਨੇ ਗੱਡੀ ਰੋਕ ਦੇਣੀ ਜਾਂ ਬਿਲਕੁਲ ਹੌਲੀ ਕਰ ਦੇਣੀ। ਸਵਾਰੀਆਂ ਨੇ ਮਾਰੋ ਮਾਰ ਵੇਈਂ ਵਿਚ ਪੈਸੇ ਸੁੱਟਣੇ। ਇਕ ਦੂਜੇ ਦੇ ਉਤੋਂ ਦੀ ਹੋ ਹੋ ਕੇ। ਕਈ ਬੀਬੀਆਂ ਨੇ ਗੱਡੀ ਵਿਚ ਬੈਠਿਆਂ ਹੀ ਖਵਾਜ਼ੇ ਨੂੰ ਨਮਸਕਾਰੀ ਕਰ ਲੈਣੀ। ਰੌਲਿਆਂ ਤੋਂ ਪਹਿਲਾਂ ਇਹ ਪੁਲ ਵੀ ਟੁੱਟ ਗਿਆ ਸੀ। ਭਲੀ ਕਿਸਮਤ ਨੂੰ ਇਹ ਛੇਤੀ ਬਣ ਗਿਆ। ਉਦੋਂ ਵੇਈਂ ਦਾ ਪਾਣੀ ਇੰਨਾ ਸਾਫ਼ ਹੁੰਦਾ ਸੀ ਕਿ ਲੋਕ ਪੀ ਵੀ ਲੈਂਦੇ ਸੀ। ਹੁਣ ਇਹੀ ਵੇਈਂ ਜਲੰਧਰ ਤੇ ਫਗਵਾੜੇ ਦੇ ਗੰਦ ਨਾਲ ਭਰੀ ਹੋਈ ਹੈ। ਗੰਦਾ ਪਾਣੀ ਦੂਰ ਦੂਰ ਤਾਈਂ ਬੋਅ ਮਾਰਦਾ ਹੈ। ਉਤੇ ਗਾੜ੍ਹੀ ਹਰੀ ਬੂਟੀ ਜੰਮੀ ਰਹਿੰਦੀ ਹੈ। ਕੋਲ ਦੀ ਲੰਘਣਾ ਔਖਾ ਹੈ।

ਜਦੋਂ ਸਾਉਣ ਭਾਦੋਂ ਦੇ ਮੀਂਹ ਪੈਣੇ, ਵੇਈਂ ਚੜ੍ਹ ਜਾਣੀ। ਕਈ ਵਾਰੀ ਕੰਢਿਆਂ ਤੱਕ ਆ ਜਾਣੀ। ਪੁਲਾਂ ਤੋਂ ਬਿਨਾਂ ਨਾ ਸਰਨਾ। ਇਨ੍ਹਾਂ ਦਿਨਾਂ ਵਿਚ ਹਿਰਨਾਂ ਦੀਆਂ ਡਾਰਾਂ ਕਿਤਿਓਂ ਆ ਜਾਣੀਆਂ। ਇਨ੍ਹਾਂ ਟਿੱਬਿਆਂ ਵਿਚ ਹਿਰਨਾਂ ਨੇ ਕਾਹੀ ਖਾਣੀ, ਮਸਤੀਆਂ ਕਰਨੀਆਂ, ਚੁੰਗੀਆਂ ਭਰਨੀਆਂ। ਕਿਤੇ ਕਿਤੇ ਖੜ੍ਹੀ ਫਸਲ ਨੂੰ ਵੀ ਮੂੰਹ ਮਾਰਨਾ। ਜਦੋਂ ਗੱਡੀ ਆਉਣੀ, ਹਿਰਨਾਂ ਨੇ ਚੌਕਸ ਹੋ ਜਾਣਾ। ਖੜ੍ਹੇ ਹੋ ਜਾਣਾ।

*(ਬਾਕੀ ਅਗਲੇ ਸਫੇ 'ਤੇ)*



***ਥਾਬਲਕੇ ਟੱਪ ਕੇ ਵੇਈਂ ਉਤੋਂ ਦੀ ਲੰਘਣਾ ਤਾਂ ਬੜਾ ਆਸਰਾ ਹੋ ਜਾਣਾ। ਲੈ ਬਈ... ਨਾਨਕਿਆਂ ਦੀ ਹੱਦ ਸ਼ੁਰੂ ਹੋ ਗਈ। ਮਾਂ ਨੇ ਕੋਈ ਪੈਸਾ ਦੇਣਾ, ਖਵਾਜੇ ਖਿਜ਼ਰ ਨੂੰ ਮੱਥਾ ਟੇਕਣ ਲਈ। ਵੇਈਂ ਦਾ ਪਾਣੀ ਬੜਾ ਸਾਫ਼ ਹੁੰਦਾ ਸੀ, ਇੰਨਾ ਸਾਫ਼, ਬਈ ਗੱਡੀ ਵਿਚ ਬੈਠਿਆਂ ਨੂੰ ਮੱਛੀਆਂ, ਕੱਛੂ ਤਰਦੇ ਦਿਸ ਜਾਣੇ। ਉਤੇ ਬੈਠਿਆਂ ਨੂੰ ਹੇਠਾਂ ਪਾਣੀ ਵਿਚ ਸੁੱਟੇ ਪੈਸੇ ਚਿਲਕਦੇ ਦਿਸਣੇ। ਲਿਸ਼ਕੋਰਾਂ ਮਾਰਦੇ। ਕਿਸੇ ਕਿਸੇ ਭਲੇ ਰੇਲ ਡਰਾਈਵਰ ਨੇ ਗੱਡੀ ਰੋਕ ਦੇਣੀ ਜਾਂ ਬਿਲਕੁਲ ਹੌਲੀ ਕਰ ਦੇਣੀ। ਸਵਾਰੀਆਂ ਨੇ ਮਾਰੋ ਮਾਰ ਵੇਈਂ ਵਿਚ ਪੈਸੇ ਸੁੱਟਣੇ। ਇਕ ਦੂਜੇ ਦੇ ਉਤੋਂ ਦੀ ਹੋ ਹੋ ਕੇ। ਕਈ ਬੀਬੀਆਂ ਨੇ ਗੱਡੀ ਵਿਚ ਬੈਠਿਆਂ ਹੀ ਖਵਾਜ਼ੇ ਨੂੰ ਨਮਸਕਾਰੀ ਕਰ ਲੈਣੀ।***

## ਸਾਡੀਆਂ ਰਸਮਾਂ ਸਾਡੇ ਗੀਤ



ਨੀਲਮ ਸੈਣੀ
ਫੋਨ: 510-502-0551

# ਜੰਞ ਚੜ੍ਹਨ ਦੀ ਰਸਮ ਅਤੇ ਗੀਤ

*ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੁੱਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਇਸ ਵਾਰ ਲਿਖਾਰੀ ਨੇ ਜੰਞ ਚੜ੍ਹਨ ਸਮੇਂ ਦੀਆਂ ਰਸਮਾਂ ਅਤੇ ਗੀਤਾਂ ਬਾਰੇ ਚਰਚਾ ਛੋਹੀ ਹੈ। -ਸੰਪਾਦਕ*

ਪਹਿਲਾਂ-ਪਹਿਲ ਸਵੇਰੇ ਤੜਕੇ ਘੋੜੀ ਨੂੰ ਛੋਲਿਆਂ ਦੀ ਦਾਲ ਚਾਰ ਕੇ, ਲਾੜੇ ਨੂੰ ਘੋੜੀ ਚਾੜ੍ਹਿਆ ਜਾਂਦਾ ਸੀ। ਜੋੜਾ ਜਾਮਾ ਪਹਿਨਾਉਣ ਤੋਂ ਬਾਅਦ ਮਾਂ, ਭੈਣ ਜਾਂ ਭਰਜਾਈ ਵਲੋਂ ਮੁੰਡੇ ਨੂੰ ਰੰਗ ਦਾਰ ਕੱਪੜਾ ਦਿੱਤਾ ਜਾਂਦਾ ਸੀ ਜਿਸ ਦੇ ਇਕ ਸਿਰੇ ਨੂੰ ਵਿਆਹ ਵਾਲੇ ਮੁੰਡੇ ਦੇ ਹੱਥ ਫੜਾ ਦਿੱਤਾ ਜਾਂਦਾ ਸੀ ਅਤੇ ਦੂਜਾ ਸਿਰਾ ਉਸ ਦੇ ਮੋਢੇ ਤੋਂ ਪਿੱਛੇ ਵੱਲ ਸੁੱਟ ਦਿੱਤਾ ਜਾਂਦਾ ਸੀ। ਉਸ ਦੇ ਸਿਰ ਤੋਂ ਵਾਰਨੇ ਕਰ ਕੇ ਸਲਾਮੀਆਂ ਝੋਲੀ ਵਿਚ ਪਾਈਆਂ ਜਾਂਦੀਆਂ ਸਨ। ਮਾਂ ਸਭ ਤੋਂ ਪਹਿਲੀ ਸਲਾਮੀ ਝੋਲੀ ਵਿਚ ਲਲੇਰ (ਸੁੱਕਾ ਨਾਰੀਅਲ) ਰੱਖ ਕੇ ਪਾਉਂਦੀ ਸੀ।

ਵਿਆਹੁਣ ਤੁਰਦੇ ਵਕਤ ਉਹ ਇਸ ਕੱਪੜੇ ਨੂੰ ਮੋਢੇ ਤੇ ਸੁੱਟ ਕੇ ਆਪਣੇ ਹੱਥਾਂ ਨਾਲ ਫੜਦਾ ਸੀ ਅਤੇ ਪਿੱਛਿਓਂ ਭੈਣਾਂ ਇਸ ਨੂੰ ਫੜ ਕੇ ਗਾਉਂਦੀਆਂ ਤੁਰਦੀਆਂ ਜਾਂਦੀਆਂ ਸਨ। ਇਸ ਨੂੰ ਇੰਜੜੀ ਜਾਂ ਇੰਜੜਾ ਫੜਨਾ ਕਿਹਾ ਜਾਂਦਾ ਸੀ। ਇਸ ਵੇਲੇ ਮਾਂ ਵੱਲੋਂ ਭੈਣਾਂ ਨੂੰ ਇੰਜੜਾ ਫੜਾਈ ਦਾ ਲਾਗ ਦਿੱਤਾ ਜਾਂਦਾ ਸੀ। ਜੰਞ ਚੜ੍ਹਦੇ ਵਕਤ ਲਾਗੀਆਂ ਵਲੋਂ ਬੂਹੇ ਵਿਚ ਤੇਲ ਚੋ ਕੇ, ਪਾਣੀ ਦੀ ਭਰੀ ਗੜਵੀ ਅੱਗੇ ਰੱਖ ਕੇ ਕੁੰਭ ਦੀ ਰਸਮ ਅਦਾ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਨੂੰ ਬਣਦਾ ਲਾਗ ਦਿੱਤਾ ਜਾਂਦਾ ਸੀ। ਇਨ੍ਹਾਂ ਸਭ ਰਸਮਾਂ ਤੋਂ ਬਾਅਦ ਜੰਞ ਵਾਜਿਆਂ-ਗਾਜਿਆਂ ਨਾਲ ਘਰੋਂ ਰਵਾਨਾ ਹੁੰਦੀ ਸੀ।

ਬਾਬਾ ਅਤੇ ਬਾਬਲ, ਪੈਸਿਆਂ ਦੀਆਂ ਮੁੱਠਾਂ ਭਰ-ਭਰ ਕੇ ਲਾੜੇ ਦੇ ਸਿਰ ਉਪਰੋਂ ਸੁੱਟਦੇ ਜਾਂਦੇ ਸਨ ਜੋ ਬੱਚਿਆਂ ਅਤੇ ਲਾਗੀਆਂ ਵਲੋਂ ਚੁਗ ਲਏ ਜਾਂਦੇ ਸਨ। ਇਸ ਨੂੰ 'ਸੁੱਟ ਕਰਨੀ' ਕਿਹਾ ਜਾਂਦਾ ਸੀ। ਸਰਬਾਲੇ ਨੂੰ ਲਾੜੇ ਦੇ ਨਾਲ ਹੀ ਘੋੜੀ ਤੇ ਬਿਠਾਇਆ ਜਾਂਦਾ ਸੀ। ਘਰੋਂ ਬਾਹਰ ਪੈਰ ਧਰਦੇ ਹੀ ਇੰਜੜਾ ਫੜੀ ਤੁਰੀਆਂ ਜਾਂਦੀਆਂ ਭੈਣਾਂ, ਭਰਜਾਈਆਂ, ਚਾਚੀਆਂ, ਤਾਈਆਂ, ਮਾਸੀਆਂ ਫ਼ੁੱਫੀਆਂ ਮਿਲ ਕੇ ਜੰਞ ਦੀ ਸਲਾਹੁਤਾ ਦੇ ਗੀਤ ਗਾਉਂਦੀਆਂ ਹੋਈਆਂ ਪਿੰਡ ਦੇ ਧਰਮ ਸਥਾਨ 'ਤੇ ਮੱਥਾ ਟੇਕਣ ਪਹੁੰਚਦੀਆਂ ਸਨ। ਪਰਦੇਸਾਂ ਵਿਚ ਜੰਞ ਦੀ ਤਿਆਰੀ ਤੋਂ ਬਾਅਦ ਲਿਮੋਜ਼ੀਨ ਘਰ ਦੇ ਦਰਵਾਜ਼ੇ ਅੱਗੇ ਹੀ ਖੜੀ ਹੁੰਦੀ ਹੈ:

ਜੁੱਤੀ ਵੇ ਤੇਰੀ ਮੈਂ ਕੱਢੀ ਵੀਰਾ,
ਸੁੱਚੀ ਜ਼ਰੀ ਦੇ ਨਾਲ।
ਖੜੀਆਂ ਦੇਖਣ ਸਾਲੀਆਂ,
ਤੇਰੀ ਲੁਕ ਲੁਕ ਦੇਖੇ ਨਾਰ।

ਇਕ ਜੀ ਘੋੜੀ ਰਾਵਲੀ,
ਯਮੁਨਾ ਜੀ ਤੋਂ ਆਈ।
ਆਣ ਬੰਨੀ ਬਾਬਲ ਬਾਰ ਮੇਂ,
ਕੁੱਲ ਹੋਈ ਐ ਵਧਾਈ।
ਵਾਗ ਪਕੜ ਵੀਰਨ ਚੜ੍ਹ ਗਿਆ,
ਆਪਣੀ ਚਤੁਰਾਈ।
ਅਟਣ ਬਟਣ ਉਹਦੇ ਕੱਪੜੇ,
ਕੇਸਰ ਹੋਈ ਛਿੜਕਾਈ।

ਬੜੀ ਖੁਸ਼ੀ ਮਨਾਈ ਜੀ,
ਵੀਰ ਦਾ ਇੰਜੜਾ ਭੈਣ ਨੇ ਫੜਿਆ।
ਊਚ ਅਪਾਰ ਬੇਅੰਤ ਸੁਆਮੀ,
ਕੌਣ ਜਾਣੇ ਗੁਣ ਤੇਰੇ।
ਵੀਰ ਦਾ ਇੰਜੜਾ ਭੈਣ ਨੇ ਫੜਿਆ।

ਇਨ੍ਹੀਂ ਰਾਹੀਂ ਚੰਬਾ ਅੱਜ ਖਿੜਿਆ,
ਇਨ੍ਹੀਂ ਰਾਹੀਂ ਬਾਬਲ ਅੱਜ ਤੁਰਿਆ।
ਇਨ੍ਹਾਂ ਰਾਹਾਂ ਦਾ ਰੇਤਾ ਖੰਡ ਬਣਿਆਂ,
ਇਨ੍ਹੀਂ ਰਾਹੀਂ ਚੰਬਾ ਅੱਜ ਖਿੜਿਆ।
ਇਨ੍ਹੀਂ ਰਾਹੀਂ ਚੰਬਾ ਅੱਜ ਖਿੜਿਆ,
ਇਨ੍ਹੀਂ ਰਾਹੀਂ ਮਾਮਾ ਅੱਜ ਤੁਰਿਆ।
ਇਨ੍ਹਾਂ ਰਾਹਾਂ ਦਾ ਰੇਤਾ ਖੰਡ ਬਣਿਆਂ,
ਇਨ੍ਹੀਂ ਰਾਹੀਂ ਚੰਬਾ ਅੱਜ ਖਿੜਿਆ।
ਇਨ੍ਹੀਂ ਰਾਹੀਂ ਚੰਬਾ ਅੱਜ ਖਿੜਿਆ,
ਇਨ੍ਹੀਂ ਰਾਹੀਂ ਚਾਚਾ ਅੱਜ ਤੁਰਿਆ।
ਇਨ੍ਹਾਂ ਰਾਹਾਂ ਦਾ ਰੇਤਾ ਖੰਡ ਬਣਿਆਂ,
ਇਨ੍ਹੀਂ ਰਾਹੀਂ ਚੰਬਾ ਅੱਜ ਖਿੜਿਆ।

ਝੂਲੀਂ ਝੂਲੀਂ ਅੰਬੇ ਡਾਲੜੀਏ,
ਕੀਕਣ ਝੂਲਾਂ ਲਾੜੇ ਦਾ ਮਾਮਾ ਰੁੱਸਾ।
ਵੇ ਮਨਾ ਵੇ ਮਨਾ ਦੰਮਾਂ ਬੋਰੀ ਫੜੇ,
ਵੇ ਮਨਾ ਵੇ ਮਨਾ ਜੰਞ ਸੁਹਣੀ ਬਣੇ।
ਮਾਮਾ ਆਇਆ ਜੰਞ ਸੁਹਣੀ ਬਣੀ,
ਚਾਚਾ ਆਇਆ ਜੰਞ ਵਿਗੜ ਗਈ।
ਝੂਲੀਂ ਝੂਲੀਂ ਅੰਬੇ ਡਾਲੜੀਏ,
ਕੀਕਣ ਝੂਲਾਂ ਲਾੜੇ ਦਾ ਚਾਚਾ ਰੁੱਸਾ।
ਵੇ ਮਨਾ ਵੇ ਮਨਾ ਦੰਮਾਂ ਬੋਰੀ ਫੜੇ,
ਵੇ ਮਨਾ ਵੇ ਮਨਾ ਜੰਞ ਸੁਹਣੀ ਬਣੇ।
ਚਾਚਾ ਆਇਆ ਜੰਞ ਸੁਹਣੀ ਬਣੀ,
ਮਾਮਾ ਆਇਆ ਜੰਞ ਵਿਗੜ ਗਈ।

ਸਰਬਾਲੇ ਦੇ ਹੱਥ ਵਿਚ ਦੋਹਣਾ ਵੀਰਾ,
ਤੂੰ ਤਾਂ ਸ਼ੈਲ ਸਿਪਾਹੀ ਸੁਹਣਾ ਵੀਰਾ।

ਸਰਬਾਲੇ ਦੇ ਹੱਥ ਵਿਚ ਪਹੁੰਚੀ ਵੀਰਾ,
ਤੂੰ ਤਾਂ ਸ਼ੈਲ ਸਿਪਾਹੀ ਸ਼ੌਕੀ ਵੀਰਾ।

ਸਰਬਾਲੇ ਦੇ ਹੱਥ ਵਿਚ ਗੰਨਾ ਵੀਰਾ,
ਤੂੰ ਤਾਂ ਸ਼ੈਲ ਸਿਪਾਹੀ ਲੰਮਾ ਵੀਰਾ।

ਵੱਜ ਨਗਾਰਾ ਚੜ੍ਹ ਚੱਲਿਆ,
ਜੀ ਪੋਤਾ ਕਿਹਦਾ ਕਹੀਏ।
ਵੱਜ ਨਗਾਰਾ ਚੜ੍ਹ ਚੱਲਿਆ,
ਜੀ ਪੋਤਾ 'ਦਲੀਪ ਚੰਦ' ਦਾ ਕਹੀਏ।
ਹੱਥ ਸੋਨੇ ਦੀਆਂ ਛਮਕਾਂ,
ਜੀ ਚੋਟੀ ਛਤਰ ਝਲੇਂਦਾ।
ਵੱਜ ਨਗਾਰਾ ਚੜ੍ਹ ਚੱਲਿਆ,
ਜੀ ਦੋਹਤਾ ਕਿਹਦਾ ਕਹੀਏ।
ਵੱਜ ਨਗਾਰਾ ਚੜ੍ਹ ਚੱਲਿਆ,
ਜੀ ਦੋਹਤਾ 'ਵੀਰ ਚੰਦ' ਦਾ ਕਹੀਏ।
ਹੱਥ ਸੋਨੇ ਦੀਆਂ ਛਮਕਾਂ,
ਜੀ ਚੋਟੀ ਛਤਰ ਝਲੇਂਦਾ।
ਵੱਜ ਨਗਾਰਾ ਚੜ੍ਹ ਚੱਲਿਆ,
ਜੀ ਬੇਟਾ ਕਿਹਦਾ ਕਹੀਏ।
ਵੱਜ ਨਗਾਰਾ ਚੜ੍ਹ ਚੱਲਿਆ,
ਜੀ ਬੇਟਾ 'ਆਤਮਾ ਰਾਮ' ਦਾ ਕਹੀਏ।
ਹੱਥ ਸੋਨੇ ਦੀਆਂ ਛਮਕਾਂ,
ਜੀ ਚੋਟੀ ਛਤਰ ਝਲੇਂਦਾ।
ਵੱਜ ਨਗਾਰਾ ਚੜ੍ਹ ਚੱਲਿਆ,
ਜੀ ਭਾਣਜਾ ਕਿਹਦਾ ਕਹੀਏ।
ਵੱਜ ਨਗਾਰਾ ਚੜ੍ਹ ਚੱਲਿਆ,
ਜੀ ਭਾਣਜਾ 'ਰਾਮ ਪਿਆਰੇ' ਦਾ ਕਹੀਏ।
ਹੱਥ ਸੋਨੇ ਦੀਆਂ ਛਮਕਾਂ,
ਜੀ ਚੋਟੀ ਛਤਰ ਝਲੇਂਦਾ।

ਵੇ ਤੂੰ ਕਿਹੜਾ ਵੀਰਾ, ਘੋੜਾ ਭਜਾਈ ਜਾਨੈ।
ਵੇ ਤੂੰ ਕਿਹੜਾ ਵੀਰਾ, ਘੋੜਾ ਭਜਾਈ ਜਾਨੈ।
ਨੀ ਮੈਂ ਰਤਿੰਦਰ ਭੈਣੇਂ, ਘੋੜਾ ਭਜਾਈ ਜਾਨੈਂ।
ਨੀ ਮੈਂ ਰਤਿੰਦਰ ਭੈਣੇਂ, ਘੋੜਾ ਭਜਾਈ ਜਾਨੈਂ।
ਵੇ ਸੁਣ ਰਤਿੰਦਰ ਵੀਰਾ,
ਕਿਹੜੇ ਕੰਮਾਂ ਨੂੰ ਜਾਨੈ।
ਵੇ ਸੁਣ ਰਤਿੰਦਰ ਵੀਰਾ,
ਕਿਹੜੇ ਕੰਮਾਂ ਨੂੰ ਜਾਨੈ।
ਨੀ ਮੈਂ ਜਾਨੈਂ ਭੈਣੇਂ, ਬੰਨੋ ਵਿਆਹਵਣ ਜਾਨੈਂ।
ਨੀ ਮੈਂ ਜਾਨੈਂ ਭੈਣੇਂ, ਬੰਨੋ ਵਿਆਹਵਣ ਜਾਨੈਂ।

ਜਿਨ੍ਹੀਂ ਰਾਹੀਂ ਮੇਰਾ ਵੀਰ ਜੰਞ ਚੜ੍ਹਿਆ,
ਓਨ੍ਹਾਂ ਰਾਹਾਂ ਦਾ ਰੇਤਾ ਖੰਡ ਬਣਿਆ।
ਜਿਨ੍ਹੀਂ ਰਾਹੀਂ ਮੇਰਾ ਵੀਰ ਜੰਞ ਚੜ੍ਹਿਆ,
ਓਨ੍ਹੀਂ ਰਾਹੀਂ ਚੰਬਾ ਅੱਜ ਖਿੜਿਆ।

ਤੇਰੇ ਅੱਗੇ ਨਗਾਰਾ,
ਤੇਰੇ ਪਿੱਛੇ ਨਗਾਰਾ।
ਤੇਰੇ ਸਿਰ ਪੁਰ ਕਲਗ਼ੀ ਸਜਦੀ ਵੇ,
ਸੁੱਖ ਵਸਦੀ-ਸੁੱਖ ਵਸਦੀ।
ਵੀਰਾ ਤੇਰੀ ਨਗਰੀ ਵੇ,
ਸੁੱਖ ਵਸਦੀ!
ਤੇਰੇ ਅੱਗੇ ਜਲੇਬੀ,
ਤੇਰੇ ਪਿੱਛੇ ਜਲੇਬੀ।
ਤੇਰੇ ਸਿਰ 'ਤੇ ਜ਼ੋਰੋ ਨੱਚਦੀ ਵੇ।
ਸੁੱਖ ਵਸਦੀ-ਸੁੱਖ ਵਸਦੀ।
ਵੀਰਾ ਤੇਰੀ ਨਗਰੀ ਵੇ, ਸੁੱਖ ਵੱਸਦੀ!

ਧਾਰਮਿਕ ਅਸਥਾਨ ਤੇ ਸੀਸ ਨਿਵਾਉਣ ਤੋਂ ਬਾਅਦ ਲਾੜਾ ਮਾਂ-ਮਾਸੀਆਂ-ਚਾਚੀਆਂ-ਤਾਈਆਂ ਦੇ ਪੈਰੀਂ ਹੱਥ ਲਾ ਕੇ ਅਸੀਸਾਂ ਲੈਂਦਾ ਵਿਆਹੁਣ ਤੁਰ ਪੈਂਦਾ ਸੀ। ਉਹ ਮੁੜ ਗਾਉਂਦੀਆਂ ਘਰਾਂ ਨੂੰ ਤੁਰ ਪੈਂਦੀਆਂ ਸਨ। ਅੱਜ ਜਦੋਂ ਵਿਆਹ ਮੈਰਿਜ ਪੈਲਿਸਾਂ ਵਿਚ ਹੋਣ ਲੱਗ ਪਏ ਹਨ ਤਾਂ ਪਿੱਛੇ ਰਹਿ ਕੇ ਮਨਾਏ ਜਾਣ ਵਾਲੇ ਸ਼ਗਨ ਅਤੇ ਗੀਤ ਲੋਪ ਹੋ ਰਹੇ ਹਨ ਕਿਉਂਕਿ ਔਰਤਾਂ ਵੀ ਜੰਞ ਨਾਲ ਹੀ ਚਲੀਆਂ ਜਾਂਦੀਆਂ ਹਨ। ਪਰਦੇਸਾਂ ਵਿਚ ਇੰਜੜਾ ਘਰ ਦੀਆਂ ਬਰੂਹਾਂ ਤੋਂ ਬਾਹਰ ਲਿਮੋਜ਼ੀਨ ਕੋਲ ਜਾਣ ਤੱਕ ਹੀ ਫੜਿਆ ਜਾਂਦਾ ਹੈ। ਜੰਞ ਕਾਰਾਂ ਰਾਹੀਂ ਸਿੱਧੀ ਧਰਮ ਅਸਥਾਨ ਲਈ ਹੀ ਰਵਾਨਾ ਹੁੰਦੀ ਹੈ।

ਤੋਰ ਆਈ ਆਂ ਨੀ
ਵੀਰਾ ਲਾਹੇ ਦੀ ਖੱਟੀ ਨੂੰ,
ਲਾਹੇ ਦੀ ਖੱਟੀ ਨੂੰ
ਵੀਰਾ ਮਾਝੇ ਦੀ ਜੱਟੀ ਨੂੰ।

ਮੇਰੇ ਹੋ ਗਏ ਮਨੋਰਥ ਪੂਰੇ,
ਲੱਪ-ਲੱਪ ਵੰਡੋ ਸੀਰਨੀ।

ਇਨ੍ਹਾਂ ਮਹਿਲਾਂ ਦੇ ਅੰਦਰ ਪੱਖੀ।
ਜਿਥੇ ਵਸਦੀ ਆ ਸਰਿੰਦਰ ਖੱਖੀ,
ਗੋਕਲ ਖਿੜ ਰਹੀ ਆ।
ਕੱਚਾ ਕੋਟ ਪੱਕਾ ਦਰਵਾਜ਼ਾ।
ਜਿੱਥੇ ਵਸਦਾ ਆ ਮੂਰਤੀ ਰਾਜਾ,
ਗੋਕਲ ਖਿੜ ਰਹੀ ਆ।
ਇਨ੍ਹਾਂ ਮਹਿਲਾਂ ਦੇ ਅੰਦਰ ਮੋਰੀ।
ਜਿੱਥੇ ਵਸਦੀ ਆ ਸੁਰਿੰਦਰ ਗੋਰੀ,
ਗੋਕਲ ਖਿੜ ਰਹੀ ਆ।
ਇਨ੍ਹਾਂ ਮਹਿਲਾਂ ਦੇ ਅੰਦਰ ਪੱਖੀ।
ਸਾਡੀ ਲਾਜ ਗੁਰਾਂ ਨੇ ਰੱਖੀ।
ਗੋਕਲ ਖਿੜ ਰਹੀ ਆ।
ਗੋਕਲ ਖਿੜ ਰਹੀ ਆ
ਫੁੱਲ ਖਿੜ ਰਹੇ ਨੇ।

ਪਹਿਲਾਂ ਘਰ ਆ ਕੇ ਸਭ ਦਾ ਮੂੰਹ ਮਿੱਠਾ ਕਰਵਾਇਆ ਜਾਂਦਾ ਸੀ। ਦਿਨ ਵਿਚ ਕਈ ਵਾਰੀ ਗਿੱਧੇ ਦਾ ਪਿੜ ਬੱਝਦਾ ਸੀ। ਕੋਠਿਆਂ 'ਤੇ ਚੜ੍ਹ ਕੇ ਛੱਜ ਭੰਨੇ ਜਾਂਦੇ ਸਨ। ਇਹ ਚਾਵਾਂ ਲੱਦੀਆਂ ਰਸਮਾਂ ਸਮੇਂ ਦੀ ਭੇਟ ਚੜ੍ਹ ਗਈਆਂ ਹਨ।

#



*ਵਿਆਹ ਲਈ ਘੋੜੀ ਚੜ੍ਹਿਆ ਲਾੜਾ (ਖੱਬੇ) ਅਤੇ (ਸੱਜੇ) ਅੱਜ ਦੇ ਜ਼ਮਾਨੇ ਵਿਚ ਘੋੜੀ ਦੀ ਥਾਂ ਬੂਹੇ ਬਾਹਰ ਖੜ੍ਹੀ ਲਿਮੋਜ਼ੀਨ।*

# ਨਾਨਕਾ ਮੇਲ ਰੇਲ ਗੱਡੀ

*(ਪਿਛਲੇ ਸਫੇ ਦੀ ਬਾਕੀ)*

ਬੂਥੀਆਂ ਤਾਂਹ ਨੂੰ ਚੁੱਕ ਲੈਣੀਆਂ। ਕੰਨ ਖੜ੍ਹੇ ਕਰ ਲੈਣੇ। ਕਈ ਵਾਰ ਐਵੇਂ ਹੀ ਭੱਜ ਤੁਰਨਾ। ਹਿਰਨਾਂ ਦੇ ਝੁੰਡ ਥਾਬਲਕਿਆਂ ਵਾਲੇ ਪਾਸੇ ਹੀ ਰਹਿੰਦੇ ਸੀ। ਪਾਣੀ ਟੱਪ ਕੇ ਦੂਜੇ ਪਾਸੇ ਕਦੇ ਨਾ ਜਾਂਦੇ। ਜੇ ਕੋਈ ਭੁੱਲ ਕੇ ਚਲਿਆ ਜਾਂਦਾ ਤਾਂ ਪਿੰਡਾਂ ਦੇ ਕੁੱਤੇ ਪਾੜ ਸੁੱਟਦੇ, ਤੇ ਜਾਂ ਸ਼ਿਕਾਰੀ ਫੁੰਡ ਲੈਂਦੇ।

ਲੰਮੇ ਸਾਰੇ ਪੁਲ ਦੇ ਐਨ ਵਿਚਾਰਲੇ ਕਰ ਕੇ ਇਸ ਪਾਸੇ ਨੂੰ ਵਾਧਰਾ ਕਰ ਕੇ ਥੜ੍ਹਾ ਬਣਾਇਆ ਹੋਇਆ ਸੀ। ਇਹ ਹਿਫ਼ਾਜ਼ਤੀ ਪ੍ਰਬੰਧ ਸੀ। ਪੰਜ ਸੱਤ ਬੰਦਿਆਂ ਦੇ ਖੜੋਣ ਨੂੰ। ਰੇਲਵੇ ਦੇ ਕਾਮਿਆਂ ਜਾਂ ਪੁਲ ਪਾਰ ਕਰਦਿਆਂ ਕਰਦਿਆਂ ਨੂੰ ਗੱਡੀ ਆ ਜਾਣੀ, ਤਾਂ ਇਨ੍ਹਾਂ ਨੇ ਇਸ ਵਾਧਰੇ ਵਿਚ ਵੜ ਜਾਣਾ। ਗੱਡੀ ਲੰਘ ਜਾਣੀ ਤਾਂ ਫਿਰ ਪੁਲ ਪੈ ਕੇ ਲੰਘ ਜਾਣਾ। ਵਾਗੀ ਮੁੰਡਿਆਂ ਲਈ ਇਹ ਖੇਡ ਹੁੰਦੀ ਸੀ। ਇਨ੍ਹਾਂ ਦੂਰੋਂ ਗੱਡੀ ਆਉਂਦੀ ਦੇਖ ਲੈਣੀ। ਇਹਦੇ ਪੁਲ 'ਤੇ ਪਹੁੰਚਣ ਤੋਂ ਪਹਿਲਾਂ ਪਹਿਲਾਂ ਭੱਜ ਕੇ ਵਾਧਰੇ ਵਿਚ ਜਾ ਵੜਨਾ। ਡਰਾਈਵਰਾਂ ਨੂੰ ਵੀ ਪਤਾ ਸੀ ਕਿ ਮੁੰਡੇ ਇੱਲਤੀ ਆ, ਉਨ੍ਹਾਂ ਵੀ ਸੀਟੀ ਤੇ ਸੀਟੀ ਮਾਰੀ ਆਉਣੀ; ਬਈ ਕਿਤੇ ਕੋਈ ਚੰਗੀ ਮਾੜੀ ਨਾ ਹੋ ਜਾਵੇ। ਇਕ ਵਾਰੀ ਮਿਸਤਰੀਆਂ ਦਾ ਮੁੰਡਾ ਪੱਠਿਆਂ ਦੀ ਭਰੀ ਚੱਕੀ ਆਉਂਦਾ ਵੇਈਂ ਵਾਲੇ ਪੁਲ 'ਤੇ ਘੇਰਿਆ ਗਿਆ ਸੀ। ਪਿਛਿਓਂ ਆਉਂਦੀ ਗੱਡੀ ਨਾ ਇਹਨੂੰ ਦਿਸੀ, ਨਾ ਇਹਨੇ ਸੁਣੀ। ਗੱਡੀ ਉਪਰ ਦੀ ਲੰਘ ਗਈ। ਸਰੀਰ ਦੇ ਚੀਥੜੇ ਕਰ ਸੁੱਟੇ। ਘਰਦਿਆਂ ਨੇ ਅੰਗ 'ਕੱਠੇ ਕਰ ਕੇ ਸਸਕਾਰ ਕੀਤਾ।

ਨਾਨਕੀ ਗਿਆਂ ਹਾਣ ਪਰਵਾਣ ਛੱਡ ਕੇ ਆਉਣ ਨੂੰ ਚਿਤ ਨਾ ਕਰਨਾ। ਵੱਡੇ ਮਾਮੇ ਦੇ ਪੁੱਤ ਨਾਲ ਮੇਰੀ ਜੁਜ਼ ਰਲਦੀ ਸੀ। ਸਾਡਾ ਮਨ ਇਕ ਦੂਜੇ ਤੋਂ ਵਿਛੜਣ ਨੂੰ ਨਾ ਕਰਨਾ। ਅਸੀਂ ਦੋਵੇਂ ਨਿਆਣਪੁਣੇ ਦੀਆਂ ਗੱਲਾਂ ਕਰਦੇ ਕਰਦੇ ਜੁਆਨ ਹੋ ਗਏ। ਸਿਨਮੇ ਵਿਚ ਪਹਿਲੀ ਫਿਲਮ ਵੀ ਮੈਂ ਅਤੇ ਬਿੱਲੇ ਨੇ ਇਕੱਠਿਆਂ ਦੇਖੀ ਸੀ। ਪੈਸੇ ਵੱਡੇ ਮਾਮੇ ਗੁਰਮੇਜ ਨੇ ਦਿੱਤੇ ਸੀ। ਮਾਮਾ ਕਹਿੰਦਾ: ਜਾਓ ਦੋਵੇਂ ਜਣੇ ਫਿਲਮ ਦੇਖ ਆਓ, ਪਰ ਦਿਨੇ ਦਿਨੇ ਮੁੜ ਕੇ ਘਰ ਆਇਓ। ਅਸੀਂ ਦੋਵੇਂ ਸਾਈਕਲ 'ਤੇ ਜਲੰਧਰ ਛਾਉਣੀ ਦੇ ਕਿਸੇ ਸਿਨਮੇ ਗਏ। ਮੇਰੇ ਲਈ ਇਹ ਅਜਬ ਨਜ਼ਾਰਾ ਸੀ। ਪਹਿਲੀ ਵਾਰੀ ਡਿੱਠਾ। ਬੜੀ ਚਿਰ ਮਨ ਹੁਲਾਸ ਵਿਚ ਰਿਹਾ।

ਮਾਂ ਨੂੰ ਘਰ ਦਾ ਵੀ ਫਿਕਰ ਹੁੰਦਾ ਸੀ। ਨਾਲ ਮੈਨੂੰ ਚੇਤੇ ਕਰਾਈ ਜਾਣਾ: ਤੈਂ ਸਕੂਲੇ ਵੀ ਜਾਣਾ, ਜਾਂ ਤੈਂ ਸਕੂਲ ਦਾ ਕੰਮ ਵੀ ਕਰਨਾ। ਨਾਨੀ ਨੇ ਕਹੀ ਜਾਣਾ: ਕੋਈ ਨਹੀਂ ਚਲੇ ਜਾਇਓ, ਕਿਹੜਾ ਰੋਜ਼ ਰੋਜ਼ ਘਰੋਂ ਨਿਕਲ ਹੁੰਦਾ। ਸਾਲ ਬਾਅਦ ਤਾਂ ਅੱਗੇ ਆਏ ਆਂ। ਮਾਂ ਦਾ ਮਨ ਆਪ ਵੀ ਬਹੁਤਾ ਕਾਹਲਾ ਨਹੀਂ ਸੀ ਹੁੰਦਾ। ਫਿਰ ਬੱਸਾਂ ਤੁਰ ਪਈਆਂ। ਭੀਂ ਭੀਂ ਕਰਦੀਆਂ। ਲੋਕਾਂ ਨੂੰ ਇਨ੍ਹਾਂ ਦਾ ਭੁਸ ਪੈ ਗਿਆ। ਰੇਲ ਗੱਡੀ ਦੀ ਸ਼ਾਹੀ ਸਵਾਰੀ ਨਕਾਰ ਦਿੱਤੀ। ਬੱਸਾਂ ਵਿਚ ਧੱਕੇ ਖਾਣੇ ਸ਼ੁਰੂ ਕਰ ਦਿੱਤੇ। ਇਸ ਲਾਈਨ 'ਤੇ ਗੱਡੀ ਵਿਚ ਹੁਣ ਮੁਫ਼ਤਖੋਰੇ ਸਾਧ ਚੜ੍ਹਦੇ ਨੇ ਜਾਂ ਦੋਧੀ। ਕੋਈ ਵਿਰਲੀ ਵਿਰਲੀ ਲੋੜਵੰਦ ਸਵਾਰੀ।

ਨਾਨਾ ਤੇ ਨਾਨੀ ਕੰਮ ਵਾਲੇ ਜੀਅ ਸੀ। ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ। ਨਾਨਾ ਮਧਰਾ ਸੀ। ਕਣਕ ਵੰਨੇ ਰੰਗ ਦਾ। ਨਾਨੀ ਗੋਰੀ ਨਿਛੋਹ ਸੀ। ਪਤਲੀ, ਲੰਮੀ-ਝੰਮੀ। ਕਦੋਂ ਦੇ ਤੁਰ ਗਏ ਹਨ। ਮਾਂ ਦਾ ਜੀ ਪੇਕਿਓਂ ਤੁਰਨ ਨੂੰ ਨਾ ਕਰਨਾ। ਸਿਆਣਿਆਂ ਗੱਲ ਬਣਾਈ ਹੋਈ ਹੈ ਕਿ ਪੇਕੀਂ ਗਈ ਤੀਵੀਂ ਅਤੇ ਛੱਪੜ ਵੜੀ ਮੱਝ ਮਰਜ਼ੀ ਨਾਲ ਹੀ ਨਿਕਲਦੀਆਂ ਹੁੰਦੀਆਂ। ਜੇ ਅਣਚਾਹੇ ਮਨ ਨਾਲ ਨਾਨਕੇ ਘਰੋਂ ਤੁਰ ਹੀ ਪੈਣਾ ਤਾਂ ਬਹੁਤੀ ਵਾਰ ਨਾਨਕ ਪਿੰਡੀ ਕੋਲ ਜਾਂਦਿਆਂ ਨੂੰ ਗੱਡੀ ਨਿਕਲ ਜਾਣੀ। ਕਈ ਵਾਰੀ ਕਿਸੇ ਭਲੇ ਡਰਾਈਵਰ ਨੇ ਲਾਗੇ ਆਉਂਦਿਆਂ ਨੂੰ ਦੇਖ ਗੱਡੀ ਰੋਕ ਵੀ ਲੈਣੀ। ਕਈ ਵਾਰੀ ਪਿਛੇ ਨਾਨਕੀਂ ਮੁੜ ਜਾਣਾ ਤੇ ਕਦੇ ਕਦੇ ਮਸੋਸੇ ਮਨ ਨਾਲ ਸਟੇਸ਼ਨ 'ਤੇ ਜਾ ਬਹਿਣਾ।

ਨਾਨਕਿਆਂ ਦਾ ਚਾਅ ਕਿਤੇ ਲੁਕਿਆ ਹੋਇਆ ਹੈ- ਵਿਚ ਵਿਚ ਹੱਲਾ ਮਾਰ ਕੇ ਉਠਦਾ ਹੈ, ਫਿਰ ਹਉਕੇ ਜਿਹਾ ਬਹਿ ਜਾਂਦਾ ਹੈ।

## ਲਤੀਫਾ

ਇਕ ਮੁੰਡਾ ਰਾਤ ਦਾ ਸਿਨਮਾ ਸ਼ੋਅ ਦੇਖਣ ਚੱਲਿਆ ਤਾਂ ਪਿਤਾ ਨੂੰ ਕਹਿਣ ਲੱਗਾ, "ਬਾਪੂ, ਮੈਂ ਸਿਨਮਾ ਦੇਖ ਕੇ ਲੇਟ ਆਵਾਂਗਾ ਤਾਂ ਤੂੰ ਘਰ ਦਾ ਦਰਵਾਜ਼ਾ ਖੋਲ੍ਹ ਦੇਵੀਂ।"

ਬਾਪੂ ਬੋਲਿਆ, "ਜੇ ਤਾਂ ਮੈਂ ਜਾਗਦਾ ਹੋਇਆ ਤਾਂ ਖੋਲ੍ਹ ਦਿਆਂਗਾ, ਨਹੀਂ ਤਾਂ ਤੂੰ ਜਿੱਥੇ ਮਰਜੀ ਰਾਤ ਰਹੀਂ।"

ਮੁੰਡਾ ਰਾਤ ਨੂੰ ਦੋ ਕੁ ਵਜੇ ਆਇਆ ਅਤੇ ਆਪਣੇ ਗੁਆਂਢੀ ਇਕ ਬੁੱਢੇ ਵਰਗੀ ਭਾਰੀ ਜਿਹੀ ਆਵਾਜ਼ ਵਿਚ ਬੋਲਿਆ, "ਓ ਭਾਈ ਰਾਮ ਸਿਆਂ, ਜਾਗਦਾ ਏਂ?"

"ਹਾਂ ਭਾਈ, ਕੀ ਗੱਲ! ਐਸ ਵੇਲੇ ਤੂੰ 'ਵਾਜ ਮਾਰੀ ਏ?"

"ਉਠ ਦਰਵਾਜ਼ਾ ਖੋਲ੍ਹ।" ਇਹ ਮੁੰਡੇ ਦੀ ਆਵਾਜ਼ ਸੀ।

**-ਵਾਸਦੇਵ ਸਿੰਘ ਪਰਹਾਰ**
**ਫੋਨ: 206-434-1155**




# ਸੋਨਾਕਸ਼ੀ ਦਾ 'ਇਤਫਾਕ'

**ਗੁਰਜੰਟ ਸਿੰਘ**

ਸੋਨਾਕਸ਼ੀ ਸਿਨਹਾ ਦਾ ਕਰੀਅਰ ਅੱਜ ਕੱਲ੍ਹ ਡਾਵਾਂ ਡੋਲ ਹੈ। ਇਸੇ ਸਾਲ ਅਪਰੈਲ ਵਿਚ ਰਿਲੀਜ਼ ਹੋਈ ਉਸ ਦੀ ਫ਼ਿਲਮ 'ਨੂਰ' ਬਹੁਤੀ ਕਮਾਈ ਕਰਨ ਵਿਚ ਅਸਫ਼ਲ ਰਹੀ ਹੈ। ਇਸ ਫਿਲਮ ਵਿਚ ਉਸ ਨੇ ਪੱਤਰਕਾਰ ਦਾ ਕਿਰਦਾਰ ਨਿਭਾਇਆ ਸੀ ਅਤੇ ਇਹ ਫਿਲਮ ਪਾਕਿਸਤਾਨੀ ਲਿਖਾਰੀ ਸਬਾ ਇਮਤਿਆਜ਼ ਦੇ ਨਾਵਲ 'ਕਰਾਚੀ, ਯੂ ਆਰ ਕਿਲਿੰਗ ਮੀ!' ਉਤੇ ਆਧਾਰਤ ਸੀ। ਹੁਣ ਉਸ ਦੀਆਂ ਸਾਰੀਆਂ ਆਸਾਂ ਫਿਲਮ 'ਇਤਫ਼ਾਕ' ਉਤੇ ਹਨ। ਇਹ ਫਿਲਮ 1969 ਵਿਚ ਆਈ ਰਾਜੇਸ਼ ਖੰਨਾ ਅਤੇ ਨੰਦਾ ਦੀ ਫਿਲਮ ਦੀ ਕਹਾਣੀ ਉਤੇ ਆਧਾਰਤ ਹੈ।

ਸੋਨਾਕਸ਼ੀ ਦਾ ਕਹਿਣਾ ਹੈ ਕਿ ਉਹ ਆਪਣਾ ਕੰਮ ਲਗਨ ਅਤੇ ਹਿਮਨਤ ਨਾਲ ਕਰਦੀ ਹੈ, ਇਸ ਤੋਂ ਬਾਅਦ ਜੇ ਕੋਈ ਫਿਲਮ ਅਸਫਲ ਰਹਿੰਦੀ ਹੈ ਤਾਂ ਇਸ ਵਿਚ ਉਸ ਦਾ ਕੋਈ ਕਸੂਰ ਨਹੀਂ ਹੈ। ਯਾਦ ਰਹੇ ਕਿ ਸੋਨਾਕਸ਼ੀ ਨੇ ਆਪਣਾ ਕਰੀਅਰ ਫਿਲਮ 'ਦਬੰਗ' ਨਾਲ ਆਰੰਭ ਕੀਤਾ ਸੀ। ਇਸ ਵਿਚ ਉਸ ਦੀ ਜੋੜੀ ਸਲਮਾਨ ਖਾਨ ਨਾਲ ਬਣੀ ਸੀ। ਇਸ ਤੋਂ ਬਾਅਦ ਉਸ ਨੇ 'ਲੁਟੇਰਾ', 'ਜੋਕਰ', 'ਰਾਊਡੀ ਰਾਠੌਰ' ਤੋਂ ਲੈ ਕੇ 'ਜੋਕਰ', 'ਐਕਸ਼ਨ ਜੈਕਸਨ', 'ਅਕੀਰਾ', 'ਫੋਰਸ-2' ਜਿਹੀਆਂ ਕਈ ਫ਼ਿਲਮਾਂ ਕੀਤੀਆਂ, ਪਰ ਉਸ ਦਾ ਕੈਰੀਅਰ ਵਧਣ-ਫੁਲਣ ਦੀ ਥਾਂ ਨਿਵਾਣ ਵੱਲ ਹੀ ਗਿਆ। ਫਿਲਮ 'ਤੇਵਰ' ਫੇਲ੍ਹ ਹੋਣ ਨਾਲ ਉਹ ਟੁੱਟ ਹੀ ਗਈ ਅਤੇ ਉਸ ਨੇ ਸ਼ਾਇਦ ਇਸੇ ਕਰ ਕੇ 'ਮੁਬਾਰਕਾਂ' ਲੈਣ ਤੋਂ ਵੀ ਨਾਂਹ ਕਰ ਦਿੱਤੀ। ਇਕ ਹੋਰ ਫ਼ਿਲਮ 'ਹੁਸੀਨਾ' ਵੀ ਉਹ ਨਹੀਂ ਕਰ ਰਹੀ। ਇਸ ਦੇ ਬਾਵਜੂਦ ਸੋਨਾਕਸ਼ੀ ਨੇ ਧਾਰ ਲਿਆ ਹੈ ਕਿ ਉਸ ਨੇ ਜਿਸਮ ਨਹੀਂ ਦਿਖਾਉਣਾ, ਬਹੁਤੀ ਖੁੱਲ੍ਹ-ਦਿਲੀ ਨਹੀਂ ਵਰਤਣੀ, ਬੱਸ ਦਾਇਰੇ ਵਿਚ ਹੀ ਰਹਿਣਾ ਹੈ। ਪਰਿਵਾਰਕ ਕਦਰਾਂ-ਕੀਮਤਾਂ ਨਾਲ ਉਹ ਕਦੀ ਸਮਝੌਤਾ ਨਹੀਂ ਕਰੇਗੀ।




*ਸੰਨ 2017 ਅਤੇ 1969 ਵਿਚ ਬਣੀਆਂ ਫਿਲਮਾਂ 'ਇਤਫਾਕ' ਦੇ ਪੋਸਟਰ।*

# ਨਹੀਂ ਰੀਸਾਂ ਬਈ ਓ 'ਲਹੌਰੀਏ' ਦੀਆਂ




**ਆਮਨਾ ਕੌਰ**

ਪੰਜਾਬੀ ਫਿਲਮ 'ਲਹੌਰੀਏ' ਨੇ ਦਰਸ਼ਕਾਂ ਅਤੇ ਆਲੋਚਕਾਂ ਦਾ ਦਿਲ ਜਿੱਤ ਲਿਆ ਹੈ। ਫਿਲਮਸਾਜ਼ ਅੰਬਰਦੀਪ ਸਿੰਘ ਦੀ ਇਹ ਪਲੇਠੀ ਫਿਲਮ ਦੋਹਾਂ ਪੰਜਾਬਾਂ ਦੀਆਂ ਮੁਹੱਬਤਾਂ ਦੀ ਕਹਾਣੀ ਛੇੜਦੀ ਹੈ। ਫਿਲਮ ਉਸ ਵਕਤ ਆਈ ਹੈ ਜਦੋਂ ਭਾਰਤ ਤੇ ਪਾਕਿਸਤਾਨ ਵਿਚਕਾਰ ਸਬੰਧ ਸੁਖਾਵੇਂ ਨਹੀਂ, ਪਰ ਅੰਬਰਦੀਪ ਸਿੰਘ ਨੇ ਇਸ ਫਿਲਮ ਦੀ ਕਹਾਣੀ ਇਸ ਢੰਗ ਨਾਲ ਬੁਣੀ ਹੈ ਕਿ ਦਰਸ਼ਕ ਦੋਵਾਂ ਮੁਲਕਾਂ ਦੇ ਸ਼ਾਸਕਾਂ ਅਤੇ ਆਮ ਲੋਕਾਂ ਵਿਚਕਾਰ ਸਪਸ਼ਟ ਨਿਖੇੜਾ ਕਰ ਲੈਂਦਾ ਹੈ: ਦੋਵਾਂ ਮੁਲਕਾਂ ਦੇ ਆਮ ਲੋਕ ਇਕ ਦੂਜੇ ਨੂੰ ਮਿਲਣਾ ਚਾਹੁੰਦੇ ਸਨ, ਜਦਕਿ ਸ਼ਾਸਕ ਆਪਣੀ ਸੌੜੀ ਸਿਆਸਤ ਕਾਰਨ ਤਣਾਅ ਨੂੰ ਲਗਾਤਾਰ ਵਧਾਈ ਜਾਂਦੇ ਹਨ। ਫਿਲਮ ਦੇ ਕਈ ਭਾਵੁਕ ਦ੍ਰਿਸ਼ਾਂ ਉਤੇ ਦਰਸ਼ਕਾਂ ਦੀਆਂ ਤਾੜੀਆਂ ਸੁਨੇਹਾ ਦਿੰਦੀਆਂ ਹਨ ਕਿ ਲੋਕ ਤਣਾਅ ਨਹੀਂ, ਮੁਹੱਬਤ ਦੇ ਹੱਕ ਵਿਚ ਹਨ।

ਇਸ ਫਿਲਮ ਵਿਚ ਮੁਖ ਭੂਮਿਕਾ ਅਮਰਿੰਦਰ ਗਿੱਲ ਅਤੇ ਸਰਗੁਣ ਮਹਿਤਾ ਨੇ ਨਿਭਾਈ ਹੈ। ਇਸ ਤੋਂ ਪਹਿਲਾਂ ਇਹ ਜੋੜੀ 'ਅੰਗਰੇਜ਼' ਅਤੇ 'ਲਵ ਪੰਜਾਬ' ਫਿਲਮਾਂ ਵਿਚ ਵੀ ਆਪੋ-ਆਪਣੀ ਕਲਾ ਦਾ ਮੁਜ਼ਾਹਰਾ ਕਰ ਚੁੱਕੇ ਹਨ। 'ਲਹੌਰੀਏ' ਵਿਚ ਵੀ ਇਹ ਜੋੜੀ ਖੂਬ ਜਚੀ ਹੈ। ਇਨ੍ਹਾਂ ਤੋਂ ਇਲਾਵਾ ਗਾਇਕਾ ਨਿਮਰਤ ਖਹਿਰਾ ਨੇ ਆਪਣੀ ਪਲੇਠੀ ਫਿਲਮ ਵਿਚ ਹੀ ਸਭ ਦਾ ਧਿਆਨ ਖਿਚਿਆ ਹੈ। ਫਿਲਮ ਵਿਚ ਉਸ ਦੀ ਜੋੜੀ ਯੁਵਰਾਜ ਹੰਸ ਨਾਲ ਹੈ। ਸਰਦਾਰ ਸੋਹੀ, ਨਿਰਮਲ ਰਿਸ਼ੀ, ਗੁੱਗੂ ਗਿੱਲ, ਹੌਬੀ ਧਾਲੀਵਾਲ ਅਤੇ ਖੁਦ ਫਿਲਮਸਾਜ਼ ਅੰਬਰਦੀਪ ਦੀਆਂ ਵੀ ਫਿਲਮ ਵਿਚ ਅਹਿਮ ਭੂਮਿਕਾਵਾਂ ਹਨ। ਫ਼ਿਲਮ ਦਾ ਸੰਗੀਤ ਜਤਿੰਦਰ ਸ਼ਾਹ ਨੇ ਤਿਆਰ ਕੀਤਾ ਹੈ ਅਤੇ ਫਿਲਮ ਦੇ ਸਾਰੇ, ਸੱਤ ਗੀਤ ਧਿਆਨ ਖਿਚਦੇ ਹਨ।










ਇਹ ਫਿਲਮ ਬਹੁਤ ਚੰਗੀ ਬਣੀ ਹੋਣ ਦੇ ਬਾਵਜੂਦ ਅੰਬਰਦੀਪ ਇਕ ਦੋ ਥਾਈਂ ਕੋਤਾਹੀ ਕਰ ਗਿਆ ਜਾਪਦਾ ਹੈ। ਜਦੋਂ ਫਿਲਮ ਦੇ ਨਾਇਕ ਅਮਰਿੰਦਰ ਗਿੱਲ ਨੂੰ ਆਪਣੀ ਭੈਣ ਦੇ ਪਾਕਿਸਤਾਨੀ ਨੌਜਵਾਨ ਨੂੰ ਪਿਆਰ ਕਰਨ ਦਾ ਪਤਾ ਲੱਗਦਾ ਹੈ ਤਾਂ ਉਹ ਆਪਣੀ ਭੈਣ ਨੂੰ ਸਮਝਾਉਣਾ ਸ਼ੁਰੂ ਕਰ ਦਿੰਦਾ ਹੈ; ਹਾਲਾਂਕਿ ਉਹ ਖੁਦ ਵੀ ਪਾਕਿਸਤਾਨੀ ਮੁਟਿਆਰ ਨੂੰ ਉਸੇ ਤਰ੍ਹਾਂ ਹੀ ਪਿਆਰ ਕਰ ਰਿਹਾ ਹੁੰਦਾ ਹੈ। ਅਸਲ ਵਿਚ ਇਥੇ ਨਾਇਕ ਅੰਦਰਲਾ ਮਰਦ ਖੁੱਲ੍ਹ ਕੇ ਸਾਹਮਣੇ ਆ ਜਾਂਦਾ ਹੈ। ਇਥੇ ਅੰਬਰਦੀਪ ਮਰਦ ਪ੍ਰਧਾਨ ਸਮਾਜ ਅਤੇ ਸੋਚ ਉਤੇ ਤਿੱਖੀ ਟਿੱਪਣੀ ਕਰ ਸਕਦਾ ਸੀ, ਇਸ ਨਾਲ ਫਿਲਮ ਹੋਰ ਵੀ ਜਾਨਦਾਰ ਹੋ ਜਾਣੀ ਸੀ, ਪਰ ਉਸ ਨੇ ਇਸ ਮੌਕੇ ਨੂੰ ਅਜਾਈਂ ਜਾਣ ਦਿੱਤਾ। ਇਕ ਹੋਰ ਥਾਂ ਜਦੋਂ ਵਿਆਹ ਬਾਰੇ ਰੱਫੜ ਪੈਣ 'ਤੇ ਅਮਰਿੰਦਰ ਗਿੱਲ ਦੋਹਾਂ ਪਾਸਿਆਂ ਨੂੰ ਲਲਕਾਰਦਾ ਹੈ ਤੇ ਭਾਵੁਕ ਭਾਸ਼ਣ ਦਿੰਦਾ ਹੈ, ਉਥੇ ਵੀ ਅੰਬਰਦੀਪ ਤੋਂ ਰੜਕ ਰਹਿ ਗਈ ਹੈ। ਉਂਜ ਇਥੇ ਬਹੁਤੀ ਰੜਕ ਅੰਬਰਦੀਪ ਤੋਂ ਨਹੀਂ, ਅਮਰਿੰਦਰ ਤੋਂ ਰਹੀ ਹੈ ਕਿਉਂਕਿ ਜਿੰਨਾ ਚੰਗਾ ਉਹ ਗਾਇਕ ਹੈ, ਉਨ੍ਹਾਂ ਚੰਗਾ ਅਦਾਕਾਰ ਉਸ ਨੇ ਅਜੇ ਬਣਨਾ ਹੈ। ਉਸ ਦੇ ਮੁਕਾਬਲੇ ਸਰਗੁਣ ਮਹਿਤਾ ਅਦਾਕਾਰੀ ਵਿਚ ਉਸ ਤੋਂ ਦੋ ਕਦਮ ਅਗਾਂਹ ਜਾਪਦੀ ਹੈ। ਫਿਰ ਵੀ ਇਨ੍ਹਾਂ ਕਮੀਆਂ ਦੇ ਬਾਵਜੂਦ 'ਲਹੌਰੀਏ' ਕਾਮਯਾਬ ਫਿਲਮ ਹੈ।


# 'ਸਿਟੀਲਾਈਟਸ' ਵਾਲੇ ਫਿਰ ਇਕੱਠੇ

ਸੰਨ 2014 ਵਿਚ ਆਈ ਬਿਲਕੁਲ ਵੱਖਰੀ ਤਰ੍ਹਾਂ ਦੀ ਫ਼ਿਲਮ 'ਸਿਟੀਲਾਈਟਸ' ਵਾਲੀ ਟੀਮ ਇਕ ਨਵੇਂ ਪ੍ਰੋਜੈਕਟ ਲਈ ਫਿਰ ਇਕੱਠੀ ਹੋ ਗਈ ਹੈ। ਇਸ ਵੈੱਬ ਸੀਰੀਜ਼ ਦਾ ਨਾਂ ਅਜੇ ਰੱਖਣਾ ਹੈ; ਇਹ ਸੀਰੀਜ਼ ਨੇਤਾ ਜੀ ਸੁਭਾਸ਼ ਚੰਦਰ ਬੋਸ ਬਾਰੇ ਹੋਵੇਗੀ। ਇਸ ਵਿਚ ਫਿਲਮਸਾਜ਼ ਹੰਸਲ ਮਹਿਤਾ, ਅਦਾਕਾਰ ਰਾਜ ਕੁਮਾਰ ਰਾਓ ਅਤੇ ਅਦਾਕਾਰਾ ਪੱਤ੍ਰਲੇਖਾ ਦਾ ਮੁਖ ਕਾਰਜ ਹੋਵੇਗਾ। ਰਾਜ ਕੁਮਾਰ ਰਾਓ ਇਸ ਸੀਰੀਜ਼ ਵਿਚ ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਕਿਰਦਾਰ ਨਿਭਾਏਗਾ ਅਤੇ ਪੱਤ੍ਰਲੇਖਾ ਧਨਾਢ ਬੰਗਾਲੀ ਕੁੜੀ ਦੀ ਭੂਮਿਕਾ ਵਿਚ ਨਜ਼ਰ ਆਵੇਗੀ। ਪੱਤ੍ਰਲੇਖਾ ਇਹ ਪ੍ਰੋਜੈਕਟ ਮਿਲਣ 'ਤੇ ਬਾਗੋਬਾਗ ਹੈ। ਉਸ ਨੂੰ ਖੁਸ਼ੀ ਹੈ ਕਿ ਉਸ ਨੂੰ ਬੋਸ ਨਾਲ ਜੁੜੇ ਅਹਿਮ ਪ੍ਰੋਜੈਕਟ ਦਾ ਹਿੱਸਾ ਬਣਾਇਆ ਗਿਆ ਹੈ। ਉਹ ਇਸ ਕਰ ਕੇ ਵੀ ਖੁਸ਼ ਹੈ ਕਿ ਇਸ ਪ੍ਰੋਜੈਕਟ ਵਿਚ ਉਹ ਬੰਗਲਾ ਔਰਤ ਦਾ ਕਿਰਦਾਰ ਨਿਭਾਅ ਰਹੀ ਹੈ। ਇਹ ਸੀਰੀਜ਼ ਛੇਤੀ ਹੀ ਲੋਕਾਂ ਲਈ ਨਸ਼ਰ ਕਰ ਦਿੱਤੀ ਜਾਵੇਗੀ।









# ਝੰਗ ਦੇ ਗਾਉਣਾਂ ਦੀ ਬੁਣਤੀ

***ਲਾਹੌਰ ਦੀ ਪੰਜਾਬ ਯੂਨੀਵਰਸਿਟੀ ਦੇ ਓਰੀਐਂਟਲ ਕਾਲਜ ਵਿਚ ਪੰਜਾਬੀ ਦਾ ਪ੍ਰੋਫੈਸਰ ਸਈਅਦ ਖਾਵਰ ਭੁੱਟਾ ਲੋਕ ਸਾਹਿਤ ਅਤੇ ਮੌਖਿਕ ਇਤਿਹਾਸ ਦੀ ਖਬਰ ਰੱਖਣ ਵਾਲਾ ਜਿਊੜਾ ਹੈ। ਝੰਗ ਦੀ ਰਹਿਤਲ ਅਤੇ ਬੋਲੀ ਨਾਲ ਉਸ ਦਾ ਲਗਾਓ ਦੀਵਾਨਗੀ ਦੀ ਹੱਦ ਤੱਕ ਹੈ। ਹਾਲ ਹੀ ਵਿਚ ਉਸ ਦੀ ਕਿਤਾਬ 'ਨੈਣ ਨਾ ਰਹਿੰਦੇ ਤੱਕਣੋਂ' ਲੁਧਿਆਣੇ ਵਾਲੀ ਪੰਜਾਬੀ ਸਾਹਿਤ ਅਕਾਦਮੀ ਨੇ ਛਾਪੀ ਹੈ। ਇਸ ਵਿਚ ਪ੍ਰੋ. ਭੁੱਟਾ ਵੱਲੋਂ ਇਕੱਤਰ ਕੀਤੇ ਝੰਗ ਦੇ 111 ਗੀਤ ਸ਼ਾਮਲ ਹਨ ਜਿਨ੍ਹਾਂ ਤੋਂ ਝੰਗ ਦੇ ਜੀਵਨ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਇਸ ਲੇਖ ਵਿਚ ਪ੍ਰੋ. ਭੁੱਟਾ ਨੇ ਝੰਗ ਦੇ ਗੀਤਾਂ ਦੀ ਬੁਣਤੀ ਬਾਰੇ ਗੱਲ ਤੋਰੀ ਹੈ ਅਤੇ ਇਹ ਚਰਚਾ ਵੀ ਕੀਤੀ ਹੈ ਕਿ ਹੋਰ ਸ਼ਾਇਰਾਂ ਉਤੇ ਇਸ ਲੋਕ ਅਦਬ ਦੇ ਕੀ ਕੀ ਅਸਰ ਪਏ। -ਸੰਪਾਦਕ***

ਪੰਜਾਬੀ ਲੋਕ ਅਦਬ ਪੰਜਾਬ ਦਾ ਛੇਵਾਂ ਦਰਿਆ ਹੈ ਜਿਹੜਾ ਹਜ਼ਾਰਾਂ ਵਰ੍ਹਿਆਂ ਤੋਂ ਲੋਕਾਈ ਦੇ ਸੀਨਿਆਂ ਵਿਚ ਵਗ ਰਿਹਾ ਹੈ ਤੇ ਜਦੋਂ ਤੀਕਰ ਛੇਕੜਲਾ ਪੰਜਾਬੀ ਜਿਉਂਦਾ ਹੈ, ਉਦੋਂ ਤੀਕਰ ਵਗਦਾ ਰਹਿਸੀ। ਪੰਜਾਬੀ ਲੋਕ ਅਦਬ ਦੀ ਤਾਰੀਖ਼ ਤਾਂ ਸਦੀਆਂ ਤੀਕਰ ਪਿਛਾਂਹ ਜਾਂਦੀ ਹੈ। ਇਹਦੀ ਸਾਂਭ ਦਾ ਮੁਢ ਉਨ੍ਹੀਵੀਂ ਸਦੀ ਵਿਚ ਅੰਗਰੇਜ਼ ਖੋਜੀਆਂ ਹੱਥੋਂ ਬੱਝਾ। ਉਨ੍ਹਾਂ ਦੇ ਮਗਰੋਂ ਦੇਸੀ ਖੋਜੀ ਪਿੜ ਵਿਚ ਨਿਤਰੇ। ਹੁਣ ਤੀਕਰ ਦੇ ਸਾਂਭੇ ਲੋਕ ਅਦਬ (ਸਾਹਿਤ) ਦੀ ਮਿਸਾਲ ਵਗਦੇ ਦਰਿਆਉਂ ਬੁਕ ਭਰਨ ਵਾਲੀ ਈ ਏ। ਅੱਜ ਵੀ ਇਕ ਇਕ ਜੂਹ ਵਿਚੋਂ ਬੇਅੰਤ ਕਿਤਾਬਾਂ ਦਾ ਮਵਾਦ ਸਾਂਭਿਆ ਜਾ ਸਕਦਾ ਹੈ। ਲੋਕ ਗੀਤਾਂ ਨੂੰ ਭਾਵੇਂ ਕਲਮ ਦੀ ਨੋਕ



**ਪ੍ਰੋ. ਸਈਅਦ ਖਾਵਰ ਭੁੱਟਾ**

ਤੀਕਰ ਅਪੜਾਉਣ ਦਾ ਕੰਮ ਚਿਰਕਾ ਈ ਸ਼ੁਰੂ ਹੋਇਆ, ਪਰ ਜੋ ਕੁਝ ਹੁਣ ਸਾਹਮਣੇ ਏ, ਏਸ ਤੋਂ ਪੰਜਾਬ ਦੀ ਵਸੋਂ, ਵਸੇਬ, ਮਨੁੱਖ ਦੇ ਜੀਵਨ ਤੇ ਅਦਬ ਉਤੇ ਇਹਦੇ ਪਰਛਾਵੇਂ ਸਹਿਜ ਸੁਭਾ ਵੇਖੇ ਜਾ ਸਕਦੇ ਹਨ।

ਪੰਜਾਬੀ ਵਸੇਬ ਦਾ ਵੱਡਾ ਮੋੜ ਮੁਸਲਮਾਨਾਂ ਦਾ ਪੰਜਾਬ ਵਿਚ ਆਉਣ ਹੈ। ਇਨ੍ਹਾਂ ਦੇ ਵੀ ਦੋ ਧੜੇ ਸਨ: ਇਕ ਬਾਦਸ਼ਾਹਾਂ ਦਾ ਤੇ ਦੂਜਾ ਸੂਫੀਆਂ ਦਾ। ਉਦੋਂ ਦੇ ਬਾਦਸ਼ਾਹ ਲੋਕਾਈ ਤੋਂ ਉਚਿਆਂ ਹੋਵਣ ਲਈ ਆਪਣੇ ਨਸਬ-ਵਸਤ (ਖ਼ਾਨਦਾਨੀ ਪਿਛੋਕੜ) ਏਸ਼ੀਆ ਦੇ ਮਿਥਾਲੋਜੀਕਲ ਬਾਦਸ਼ਾਹਾਂ ਨਾਲ ਜੋੜਦੇ ਸਨ। ਉਨ੍ਹਾਂ ਦੇ ਨਾਲ ਕਸੀਦਾ-ਖਵਾਨਾਂ ਦੀਆਂ ਲੰਮੀਆਂ ਕਤਾਰਾਂ ਹੁੰਦੀਆਂ ਸਨ, ਜਿਹੜੀਆਂ ਉਨ੍ਹਾਂ ਦੇ ਜ਼ਿਹਨਾਂ ਵਿਚ ਨਿਤ ਨਵੇਂ ਭੁਲੇਖੇ ਪਾ ਕੇ ਇਨਾਮ ਤੇ ਦਰਬਾਰੀ ਨੇੜਤਾ ਪਾਉਂਦੀਆਂ ਸਨ। ਇਨਸਾਨੀ ਤਾਰੀਖ ਵਿਚ ਜਿਵੇਂ ਸ਼ਾਹੀ ਪੈਂਤਰੇ ਬਦਲਦੇ ਰਹੇ, ਕਸੀਦਾ-ਖਵਾਨ ਵੀ ਆਪਣੇ ਰੱਛ ਵਟਾਉਂਦੇ ਰਹੇ ਹਨ, ਹਰ ਸਮੇਂ ਨਵੇਂ ਤੋਂ ਨਵੇਂ ਰੂਪ ਵਿਚ। ਇਨ੍ਹਾਂ ਜ਼ਿਹਨਾਂ ਵਿਚ ਲੋਕ-ਸਜਣਾਈ ਦਾ ਬੀ ਪੁੰਗਰ ਈ ਨਹੀਂ ਸੀ ਸਕਦਾ। ਦੂਜਾ ਧੜਾ ਸੂਫੀਆਂ ਦਾ ਹੈ। ਪੰਜਾਬ ਵਿਚ ਆਉਣ ਵਾਲੇ ਸੂਫੀਆਂ ਦੀ ਸੋਚ ਲੋਕ ਪੱਖੀ ਰਹੀ ਹੈ। ਇਨ੍ਹਾਂ ਦੇਸੀ ਵਸੇਬ ਤੇ ਲੋਕ ਜੀਵਨ ਨੂੰ ਮਨੋਂ ਕਬੂਲਿਆ। ਜਿਨ੍ਹਾਂ ਸੂਫੀਆਂ ਦਾ ਤਖਲੀਕ ਵੱਲ ਉਲਾਰ ਸੀ, ਉਨ੍ਹਾਂ ਏਥੋਂ ਦੀਆਂ ਅਦਬੀ ਰੀਤਾਂ ਨਾਲ ਈ ਨਿਭਾ ਕੀਤਾ ਤੇ ਫੇਰ ਏਥੋਂ ਦੇ ਜੰਮਪਲ ਸੂਫੀ ਵੀ ਏਸੇ ਰਾਹੇ ਟੁਰੇ। ਬੱਰਿ-ਸਗੀਰ ਵਿਚ ਮੁਸਲਮਾਨਾਂ ਦੇ ਜ਼ਵਾਲ (ਪਤਨ) ਸਮੇਂ ਕੁਝ ਕਲਾਕਾਰਾਂ ਨੇ ਬਦੇਸ਼ੀ ਰੀਤਾਂ ਨੂੰ ਵੀ ਨਿਭਾਇਆ, ਪਰ ਇਹ ਤਾਂ ਬਹੁਤ ਚਿਰ ਪਿਛੇ ਦੀ ਗੱਲ ਹੈ।

ਮੂਹਰਲੇ ਸਮੇਂ ਦੇ ਇਨ੍ਹਾਂ ਕਲਾਕਾਰਾਂ ਦੀ ਇਕ ਤਾਂ ਸੋਚ ਲੋਕ ਪੱਖੀ ਸੀ ਤੇ ਦੂਜਾ ਦੇਸੀ ਲੋਕ ਬੁਣਤਰਾਂ ਦਾ ਸੁਭਾ ਏਨਾ ਖੁਲ੍ਹਾ ਡੁਲ੍ਹਾ ਸੀ ਕਿ ਇਹ ਹਰ ਮੌਜ਼ੂ (ਵਿਸ਼ੇ) ਨੂੰ ਆਪਣੇ ਕਲਾਵੇ ਵਿਚ ਲਿਆ ਸਕਦੀਆਂ ਸਨ। ਇਹੋ ਕਾਰਨ ਹੈ ਕਿ ਕਲਾਸਿਕੀ ਅਦਬ ਦੀਆਂ ਬਹੁਤੀਆਂ ਬੁਣਤਰਾਂ, ਲੋਕ ਅਦਬ ਦੇ ਉਘੜਵੇਂ ਰੂਪ ਹਨ।

ਝੰਗ ਦੇ ਬਹੁਤੇ ਗਾਉਣਾਂ ਦੀ ਬੁਣਤਰ ਏਸ ਤਰ੍ਹਾਂ ਹੈ ਕਿ ਪਹਿਲਾਂ ਟੀਪ ਦਾ ਮਿਸਰਾ ਆਉਂਦਾ ਹੈ ਤੇ ਇਹਦੇ ਮਗਰੋਂ ਟੱਪਾ ਆਉਂਦਾ ਹੈ ਤੇ ਫੇਰ ਟੱਪੇ ਤੋਂ ਪਿਛੋਂ ਟੀਪ ਦਾ ਮਿਸਰਾ ਦੁਹਰਾਇਆ ਵੈਂਦਾ ਹੈ। ਸਿਆਣੇ ਗਵੱਈਏ ਟੀਪ ਦੇ ਮਿਸਰੇ ਮਗਰੋਂ ਮਾਅਨਵੀ ਜੋੜ ਵਾਲੇ ਟੱਪੇ ਗਾਉਂਦੇ ਨੇ, ਪਰ ਅਨਾੜੀ ਗਾਇਕ ਟੀਪ ਦੇ ਮਿਸਰੇ ਤੇ ਟੱਪੇ ਵਿਚ ਮਾਅਨਵੀ ਜੋੜ ਦਾ ਖਿਆਲ ਨਹੀਂ ਰੱਖਦੇ। ਕੁਝ ਗਾਉਣਾਂ ਵਿਚ ਟੀਪ ਦੇ ਮਿਸਰੇ ਮਗਰੋਂ ਅੰਤਰਾ ਤਿੰਨ ਜਾਂ ਚਾਰ ਸਤਰੀ ਵੀ ਹੋਂਦਾ ਏ, ਪਰ ਉਨ੍ਹਾਂ ਦਾ ਜੋੜ ਟੀਪ ਦੇ ਮਿਸਰੇ ਨਾਲ ਜ਼ਰੂਰ ਹੁੰਦਾ ਏ। ਝੰਗ ਦੀ ਜੂਹ ਵਿਚ ਏਸ ਬੁਣਤਰ ਨੂੰ ਲੈਅ ਦਾ ਨਾਂ ਦਿੱਤਾ ਜਾਂਦਾ ਹੈ। ਗਾਵਣਾਂ ਦੀ ਇਹ ਬੁਣਤਰ ਹੋਰ ਜੂਹਾਂ ਵਿਚ ਵੀ ਪ੍ਰਚਲਤ ਹੈ। ਅਜੋਕਾ ਫਿਲਮੀ ਗੀਤ ਇਨ੍ਹਾਂ ਬੁਣਤਰਾਂ ਵਿਚੋਂ ਈ ਨਿਸਰਿਆ ਹੈ। ਪੰਜਾਬੀ ਦੀਆਂ ਕਲਾਸਿਕੀ ਬੁਣਤਰਾਂ ਵਿਚੋਂ ਕਾਫੀ ਦੀ ਉਚੇਚਤਾ ਹੈ ਤੇ ਕਈ ਉਚ ਕੋਟੀ ਦੇ ਸ਼ਾਇਰਾਂ ਏਸ ਬੁਣਤਰ ਨੂੰ ਅਦਬੀ ਵਰਤੋਂ ਵਿਚ ਲਿਆਂਦਾ ਹੈ। ਕਾਫੀ ਦੀ ਸਿਨਫੀ ਪਛਾਣ ਵੀ ਇਹੋ ਹੈ ਕਿ ਇਹਦੇ ਵਿਚ ਅਸਥਾਈ ਦੀ ਹੋਂਦ ਜ਼ਰੂਰੀ ਹੋਂਦੀ ਹੈ ਤੇ ਅਸਥਾਈ ਨੂੰ ਅੰਤਰੇ ਨਾਲ ਮਿਲਾ ਕੇ ਪੜ੍ਹਿਆ ਜਾਵੇ, ਤਦੋਂ ਈ ਅੰਤਰੇ ਦਾ ਸੱਚਾ ਗਿਆਨ ਹੋਂਦਾ ਹੈ। ਕਾਫੀ ਤਾਂ ਉਕਾ ਹੀ ਏਸੇ ਗਾਵਣ ਦਾ ਈ ਸੁਚੱਜਾ ਰੰਗ ਹੈ। ਕਲਾਸਿਕੀ ਸ਼ਾਇਰਾਂ ਆਪਣੀ ਕਲਾ ਮਰੋੜੀ ਤੇ ਕਿਰਤ ਗੁਣ ਨਾਲ ਇਹਨੂੰ ਕਲਾਸਿਕੀ ਸਿਨਫ ਬਣਾ ਦਿੱਤਾ। ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਸਚਲ ਸਮਰਸਤ ਤੇ ਖਵਾਜਾ ਫਰੀਦ ਦੀਆਂ ਕਾਫੀਆਂ ਦਾ ਮੁਹਾਂਦਰਾ ਲੋਕ ਗੀਤਾਂ ਵਿਚੋਂ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਕੁਝ ਖੋਜੀ ਕਾਫੀ ਦਾ ਸਿਰਾ ਭਜਨ ਨਾਲ ਜੋੜਦੇ ਹਨ, ਪਰ ਘਰ ਦਿਆਂ ਖਜ਼ਾਨਿਆਂ ਨੂੰ ਨਹੀਂ ਗੌਲਦੇ। ਅਸੀਂ ਭਜਨ ਤੇ ਕਾਫੀ ਦੀ ਹਈਅਤੀ ਸਾਂਝ ਤੋਂ ਮੁਨਕਰ ਨਹੀਂ ਆਂ, ਪਰ ਭਜਨ ਆਪੂੰ ਵੀ ਤਾਂ ਲੋਕ ਗੀਤ ਦੀ ਕੁੱਖੋਂ ਫੁੱਟੇ ਹਨ। ਏਸ ਲਈ ਭਜਨ ਦਾ ਖੁਰਾ ਨਪਿਆਂ ਵੀ ਇਹ ਦਾ ਮੁਹਾੜ ਲੋਕ ਰਹਿਤਲ ਤੇ ਲੋਕ ਅਦਬ ਵਲ ਈ ਮੁੜਦਾ ਹੈ।

ਅਦਬੀ ਬੁਣਤਰਾਂ ਦਾ ਪੈਂਡਾ ਏਨਾ ਸੁਖਾਲਾ ਨਹੀਂ ਹੋਂਦਾ ਜਿੰਨੀ ਸੌਖ ਨਾਲ ਕਢ ਲਿਆ ਜਾਂਦਾ ਹੈ। ਸਿੰਧ ਵਾਦੀ ਦੀਆਂ ਇੰਤਜ਼ਾਮੀ ਹੱਦਾਂ ਅਡੋ-ਅਡ ਸਮਿਆਂ ਵਿਚ ਵਟੀਜਦੀਆਂ ਰਹੀਆਂ ਹਨ ਤੇ ਇੰਜ ਇਕ ਜੂਹ ਦਾ ਦੂਜੀ ਨਾਲ ਵਨਵੇਰ (ਵਾਹ-ਵਰਤਣ) ਘਟਣ ਮਗਰੋਂ ਬੋਲੀਆਂ ਵਿਚ ਵੀ ਉਪਰੇਵਾਂ ਆਉਂਦਾ ਰਿਹਾ। ਪੰਜਾਬੀ, ਸਿੰਧੀ ਤੇ ਹਿੰਦੀ ਵਸੋਂ ਪਿਛੇ ਇਕੋ ਈ ਵਸੇਬ ਹਾਈ, ਜਿਹੜਾ ਹਜ਼ਾਰਾਂ ਵਰ੍ਹਿਆਂ ਦਾ ਪੈਂਡਾ ਕਰਦਿਆਂ ਹੁਣ ਵਖੋ-ਵੱਖ ਮੁਹਾਂਦਰੇ ਬਣਾਈ ਬੈਠਾ ਹੈ। ਲੋਕ ਬੁਣਤਰਾਂ ਏਸੇ ਸਾਂਝੇ ਵਸੇਬ ਦਾ ਈ ਸਤ ਹਨ ਤੇ ਅੱਜ ਲੋਕ ਅਦਬ ਦੀ ਕੁਖੋਂ ਫੁਟੀਆਂ ਸਿਨਫਾਂ ਹਰ ਜੂਹ ਵਿਚ ਵਖਰੀ ਨੁਹਾਰ ਰਖਦੀਆਂ ਹਨ।



*ਝੰਗ ਵਿਚ ਸੂਫੀ ਸ਼ਾਇਰ ਸੁਲਤਾਨ ਬਾਹੂ (ਇਨਸੈਟ) ਦੀ ਦਰਗਾਹ।*

ਕਾਫੀ ਵਾਂਗੂੰ ਸੀਹਰਫੀ ਤੇ ਬਾਰਾਂਮਾਹ ਵੀ ਦੇਸੀ ਅਦਬੀ ਰੀਤਾਂ ਦੀ ਦੇਣ ਹਨ ਜਿਨ੍ਹਾਂ ਨੂੰ ਮੁਸਲਮਾਨਾਂ ਦੇ ਸਮੇਂ ਅਰੂਜ (ਉਛਾਲ) ਮਿਲਿਆ। ਇਨ੍ਹਾਂ ਸਿਨਫਾਂ ਦੇ ਪਿਛੋਕੜ ਨੂੰ ਭਾਲਣ ਲਈ ਅਸਾਡੇ ਪਾਰਖੂ ਅਰਬੀ-ਫਾਰਸੀ ਦੇ ਖਾਤੇ ਫੋਲ ਬੈਠੇ ਹਨ ਤੇ ਅਖੀਰ ਏਸ ਸਿੱਟੇ ਉਤੇ ਅਪੜੇ ਹਨ ਕਿ ਇਹ ਬੁਣਤਰਾਂ ਲੋਕ ਅਦਬ ਵਿਚੋਂ ਈ ਨਿਸਰੀਆਂ ਹਨ। ਪ੍ਰੋਫੈਸਰ ਸ਼ਰੀਫ ਕੁੰਜਾਹੀ ਹੋਰਾਂ ਤਾਂ ਬਾਬਾ ਫਰੀਦ ਦੇ ਸਲੋਕਾਂ ਦੀ ਵੇਤਰ ਗੀਤਾਂ ਵਾਂਗੂੰ ਹੀ ਰੱਖੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਅਰਜਨੀ ਤਰਜ਼ ਦੇ ਲਿਖੇ ਦੋਹੜਿਆਂ ਦੀ ਕਮੀ ਦਾ ਮਸਲਾ ਹਾਈ। ਗੁਰੂ ਅਰਜਨ ਥੋੜੇ ਕਾਗਜ਼ਾਂ ਉਤੇ ਬਾਣੀ ਦਾ ਬਹੁਤਾ ਪਚਾ ਚਾਹੁੰਦੇ ਸਨ। ਦੋਹੜਾ, ਕਾਫੀ, ਸੀਹਰਫੀ ਤੇ ਬਾਰਾਂਮਾਹ ਮਗਰੋਂ ਪੰਜਾਬੀ ਦਾ ਵੱਡਾ ਸਰਮਾਇਆ ਕਿੱਸਾ ਅਦਬ ਹੈ। ਪੰਜਾਬੀ ਦੇ ਮੁਢਲੇ ਸਮਿਆਂ ਦੇ ਕਿੱਸਿਆਂ ਦੀ ਬੁਣਤਰ ਵੀ ਚਹੁੰ ਮਿਸਰਿਆਂ ਦੇ ਬੰਦ ਵਾਲੀ ਹੈ ਤੇ ਪੰਜਾਬੀ ਨੂੰ ਮਸਨਵੀ ਦਾ ਤੜਕਾ ਤਾਂ ਪਿਛੇ ਆ ਕੇ ਲੱਗਾ ਹੈ। ਝਨ੍ਹਾਂ ਦੀ ਜੂਹ ਵਿਚ ਮਿਰਜ਼ਾ ਸਾਹਿਬਾਂ ਦੇ ਕਈ ਗਾਉਣ ਪ੍ਰਚਲਿਤ ਹਨ। ਪੀਲੂ ਤੇ ਹਾਫਿਜ਼ ਬਰਖੁਰਦਾਰ ਦੇ ਕਿੱਸੇ ਮਿਰਜ਼ਾ ਸਾਹਿਬਾਂ ਤਾਂ ਉਕਾ ਈ ਲੋਕ ਗਾਉਣਾਂ ਦੇ ਨੇੜੇ ਵੇ। ਅਸਾਨੂੰ ਝਨ੍ਹਾਂ ਦੇ ਗਾਉਣਾਂ ਦੀ ਖੋਜ ਕਰਦਿਆਂ ਅਜਿਹਾ ਗਾਉਣ ਲੱਭਿਆ ਏ ਜੀਹਦੇ ਵਿਚੋਂ ਪੀਲੂ ਤੇ ਹਾਫਿਜ਼ ਬਰਖੁਰਦਾਰ ਦੀ ਕਲਾ ਦਾ ਰੰਗ ਝਲਕਦਾ ਹੈ। 'ਮਿਰਜ਼ਾ ਸਾਹਿਬਾਂ' ਦੇ ਲੋਕ ਗੀਤ ਦੀਆਂ ਨਮੂਨੇ ਕਾਣ ਸਤਰਾਂ:

ਖਾਨ ਖੀਵੇ ਦੀਆਂ ਟਾਹਲੀਆਂ ਮਾਹੀ ਵੇ
ਵਧ ਵਧ ਹੋਈਆਂ ਝੰਗ ਜਾਨੀ
ਹੇਠ ਬੱਝਣ ਪੰਜ ਤਾਜ਼ ਨੀ ਮਾਹੀ ਵੇ,
ਕੱਕੇ ਜਿਨ੍ਹਾਂ ਦੇ ਰੰਗ ਜਾਨੀ
ਘਤਣ ਨਾ ਦੇਂਦੀਆਂ ਕਾਠੀਆਂ ਮਾਹੀ ਵੇ,
ਛਿਕਣ ਦਾ ਦੇਂਦੀਆਂ ਤੰਗ ਜਾਨੀ
ਵਗਣ ਨਾ ਦੇਂਦੀਆਂ ਢੋਲ ਮਾਹੀ ਵੇ
ਢੁਕਣ ਨਾ ਦੇਂਦੀਆਂ ਜੰਞ ਜਾਨੀ।

ਲੋਕ ਵਿਰਸੇ ਵੱਲੋਂ ਛਪੀ ਹਾਫਿਜ਼ ਬਰਖੁਰਦਾਰ ਦੀ 'ਮਿਰਜ਼ਾ ਸਾਹਿਬਾਂ' ਵਿਚ ਇਹ ਬੰਦ ਇੰਜ ਏ:

ਵੇਖ ਉਸ ਜੇ ਦਿਸਦੀਆਂ ਟਾਹਲੀਆਂ
ਵਧ ਵਧ ਹੋਈਆਂ ਝੰਗ
ਉਨ੍ਹਾਂ ਦੇ ਹੇਠ ਕਲੀਆਂ ਤਾਜ਼ਨੀ
ਭੂਰ ਜਿਨ੍ਹਾਂ ਦੇ ਰੰਗ
ਘਤਣ ਨਹੀਂ ਦੇਂਦੀਆਂ ਕਾਠੀਆਂ
ਲੈਣ ਨਾ ਦੇਂਦੀਆਂ ਤੰਗ
ਸਾਹਿਬਾਂ ਖੇਡੇ ਵਿਚ ਸਹੇਲੀਆਂ
ਰਾਜੇ ਦੀ ਧੀ ਮਲੰਗ
ਉਹ ਨਜ਼ਰ ਕਰੇ ਵਿਚ ਭੋਛਣਾਂ
ਉਹਦੇ ਹੱਥ ਸੋਨੇ ਦੀ ਵੰਗ।

ਗਾਉਣ (ਲੋਕ ਗੀਤ) ਤੇ ਹਾਫਿਜ਼ ਬਰਖੁਰਦਾਰ ਦੀ ਫਿਕਰ ਵਿਚ ਸਾਂਝ ਦੇ ਵੇਰਵੇ ਦੀ ਲੋੜ ਨਹੀਂ। ਉਤਲੀਆਂ ਮਿਸਾਲਾਂ ਆਪਣੇ ਮੂੰਹੋਂ ਪਈਆਂ ਬੋਲਦੀਆਂ ਹਨ। ਜਿਥੋਂ ਤੀਕਰ ਇਨ੍ਹਾਂ ਦੀ ਬੁਣਤਰੀ ਸਾਂਝ ਦਾ ਸਾਂਗਾ ਹੈ, ਤਾਂ ਦਮੋਦਰ, ਹਾਫਿਜ਼ ਬਰਖੁਰਦਾਰ ਤੇ ਹਾਸ਼ਮ ਸ਼ਾਹ ਚਹੁੰ ਸਤਰੀ ਬੰਦਾਂ ਵਿਚ ਕਿੱਸੇ ਜੋੜੇ ਸਨ, ਜਿਹੜੇ ਕੁਝ ਚਿਰਕੀ ਸਾਂਭ ਪਾਰੋਂ ਤੇ ਕੁਝ ਸੋਧਣਹਾਰਾਂ ਦੀ ਅਣਗਹਿਲੀ ਪਾਰੋਂ ਮਧੋਲੇ ਗਏ। ਇਨ੍ਹਾਂ ਕਿੱਸਿਆਂ ਵਿਚ ਕੁਝ ਬੰਦ ਚਹੁੰ ਸਤਰਾਂ ਤੋਂ ਵੱਧ ਦੇ ਵੀ ਹਨ ਤੇ ਅਜਿਹੀਆਂ ਚਪਰਾਂ ਸ਼ਾਇਰਾਂ ਦੇ ਅਕੀਦਤਮੰਦਾਂ (ਸ਼ਰਧਾਲੂਆਂ) ਹੱਥੋਂ ਲੱਗੀਆਂ ਜਾਪਦੀਆਂ ਹਨ। ਚੇਤੇ ਦਾ ਮੁਹਾੜ ਏਧਰ ਹੀ ਜਾਂਦਾ ਹੈ ਕਿ ਇਹ ਬੁਣਤਰ ਵੀ ਲੋਕ ਅਦਬ ਦੀ ਝੋਲੀ ਵਿਚ ਈ ਵਧੀ ਪਲੀ ਹੈ। ਇਨ੍ਹਾਂ ਗਾਉਣਾਂ ਨੂੰ ਸਾਂਭਣ ਪਿਛੇ ਇਹੋ ਸੋਚ ਹਾਈ ਕਿ ਪੰਜਾਬ ਦੀ ਵਸੋਂ, ਵਸੇਬ ਤੇ ਅਦਬ ਬਾਰੇ ਨਿਰੋਲ ਲਿਖਣਹਾਰਾਂ ਨੂੰ ਆਪਣੀ ਜੂਹ ਦੇ ਵਾਸੀਆਂ ਦੇ ਸੁਭਾਅ ਨੂੰ ਸਮਝਣ ਕਾਰਨ ਕਾਈ ਤੰਦ ਹਥੀਂ ਆ ਜਾਵੇ ਤਾਂ ਲੱਖ ਵਟਿਆ ਜੱਟੀ ਘਰ ਆਇਆ ਜੱਟ।

## ਝੰਗ ਦੇ ਗਾਉਣਾਂ ਦੀ ਵੰਨਗੀ

### *ਕਿਉਂ ਚਿਰ ਲਾਇਆ ਈ ਪੁੰਨਣ ਖਾਨਾ*

ਕਿਉਂ ਚਿਰ ਲਾਇਆ ਈ ਪੁੰਨਣ ਖਾਨਾ
ਜਾ ਵਸਾਇਆ ਈ ਮੁਲਕ ਬੇਗਾਨਾ।
ਵਹਿੰਦੇ ਦੀ ਮਣ 'ਤੇ ਲਾਈਆਂ ਮੂੰ ਖਟੀਆਂ
ਮਿਲਣ ਗਿਓਸੇ ਬੰਦ ਪਈਆਂ ਨੀ ਹਟੀਆਂ
ਕਿਉਂ ਚਿਰ ਲਾਇਆ ਈ ਪੁੰਨਣ ਖਾਨਾ
ਜਾ ਵਸਾਇਆ ਈ ਮੁਲਕ ਬੇਗਾਨਾ।
ਵਹਿੰਦੇ ਦੀ ਮਣ 'ਤੇ ਗਡਿਆ ਗਵਾਰਾ
ਸੁੱਟੀਂ ਨਾ ਢੋਲਾ ਮੈਨੂੰ ਤੇਰਾ ਸਹਾਰਾ
ਕਿਉਂ ਚਿਰ ਲਾਇਆ ਈ ਪੁੰਨਣ ਖਾਨਾ
ਜਾ ਵਸਾਇਆ ਈ ਮੁਲਕ ਬੇਗਾਨਾ।
ਵਹਿੰਦੇ ਦੀ ਮਣ 'ਤੇ ਗਡਿਆ ਗਵਾਰਾ
ਮੈਂ ਸ਼ਹਿਜ਼ਾਦੀ ਮੇਰਾ ਢੋਲ ਕਵਾਰਾ
ਕਿਉਂ ਚਿਰ ਲਾਇਆ ਈ ਪੁੰਨਣ ਖਾਨਾ
ਜਾ ਵਸਾਇਆ ਈ ਮੁਲਕ ਬੇਗਾਨਾ।
ਵਹਿੰਦੇ ਦੀ ਮਣ 'ਤੇ ਸਾਵਾ ਸ਼ਰੀਂਹ ਹੈ
ਚੜ੍ਹ ਚੜ੍ਹ ਵੇਖਾਂ ਤੇਰੇ ਦੇਸ਼ਾਂ 'ਤੇ ਮੀਂਹ ਹੈ
ਕਿਉਂ ਚਿਰ ਲਾਇਆ ਈ ਪੁੰਨਣ ਖਾਨਾ
ਜਾ ਵਸਾਇਆ ਈ ਮੁਲਕ ਬੇਗਾਨਾ।
ਵਹਿੰਦੇ ਦੀ ਮਣ 'ਤੇ ਗਡੀ ਜਵਾਰ ਹੈ
ਕੋਈ ਨਾ ਝਿੜਕੇ ਮੇਰਾ ਸਾਂਵਲ ਯਾਰ ਹੈ
ਕਿਉਂ ਚਿਰ ਲਾਇਆ ਈ ਪੁੰਨਣ ਖਾਨਾ
ਜਾ ਵਸਾਇਆ ਈ ਮੁਲਕ ਬੇਗਾਨਾ।
ਵਹਿੰਦੇ ਦੀ ਮਣ 'ਤੇ ਵੀਟੀ ਆ ਖੰਡ ਵੇ
ਪਹਿਲੇ ਵੰਞਾ ਕੇ ਹੁਣ ਕਰਨਾ ਏਂ ਕੰਡ ਵੇ
ਕਿਉਂ ਚਿਰ ਲਾਇਆ ਈ ਪੁੰਨਣ ਖਾਨਾ
ਜਾ ਵਸਾਇਆ ਈ ਮੁਲਕ ਬੇਗਾਨਾ।
ਵਹਿੰਦੇ ਦੀ ਮਣ 'ਤੇ ਪਈਆਂ ਮੂੰ ਕਿੜਕਾਂ
ਤੇਰੇ ਓ ਜੀਂਦਿਆਂ ਦੇਂਦੇ ਮੂੰ ਝਿੜਕਾਂ
ਕਿਉਂ ਚਿਰ ਲਾਇਆ ਈ ਪੁੰਨਣ ਖਾਨਾ
ਜਾ ਵਸਾਇਆ ਈ ਮੁਲਕ ਬੇਗਾਨਾ।
ਵਹਿੰਦੇ ਦੀ ਮਣ 'ਤੇ ਮਿਰਚਾਂ ਚੁਣਾਈਆਂ
ਸੁਣ ਮੈਂ ਲਿਆ ਤੂੰਹੇਂ ਅਗਾਂਹ ਚਾ ਲਾਈਆਂ
ਕਿਉਂ ਚਿਰ ਲਾਇਆ ਈ ਪੁੰਨਣ ਖਾਨਾ
ਜਾ ਵਸਾਇਆ ਈ ਮੁਲਕ ਬੇਗਾਨਾ।
ਵਹਿੰਦੇ ਦੀ ਮਣ 'ਤੇ ਸੜ ਗਈਆਂ ਪਖੀਆਂ
ਨਾਂਹ ਮੈਂ ਲਾਈਆਂ, ਲਗ ਗਈਆਂ ਅਖੀਆਂ
ਕਿਉਂ ਚਿਰ ਲਾਇਆ ਈ ਪੁੰਨਣ ਖਾਨਾ
ਜਾ ਵਸਾਇਆ ਈ ਮੁਲਕ ਬੇਗਾਨਾ।
ਵਹਿੰਦੇ ਦੀ ਮਣ 'ਤੇ ਆਵਾਂ ਤੇ ਜਾਵਾਂ
ਵੇ ਅੱਲਾ ਗਵਾਹ ਹੈ ਤੇਰੇ ਰਲੇ ਨਿਭਾਵਾਂ
ਕਿਉਂ ਚਿਰ ਲਾਇਆ ਈ ਪੁੰਨਣ ਖਾਨਾ
ਜਾ ਵਸਾਇਆ ਈ ਮੁਲਕ ਬੇਗਾਨਾ।
ਵਹਿੰਦੇ ਦੀ ਮਣ 'ਤੇ ਡੁਬ ਗਿਆ ਤੀਲਾ
ਅੱਲਾ ਤੋਂ ਬਾਝ ਕੌਣ ਵਸੀਲਾ
ਕਿਉਂ ਚਿਰ ਲਾਇਆ ਈ ਪੁੰਨਣ ਖਾਨਾ
ਜਾ ਵਸਾਇਆ ਈ ਮੁਲਕ ਬੇਗਾਨਾ।

### *ਅਸਾਂ ਲਾਈਆਂ ਅੱਖੀਆਂ ਜਲ ਭਰੀਆਂ*

ਅਸਾਂ ਲਾਈਆਂ ਅੱਖੀਆਂ ਜਲ ਭਰੀਆਂ
ਅਸਾਂ ਬੇਕਦਰੇ ਨਾਲ ਲਾਈਆਂ...
ਵੇ ਬਨੇਰਾ
ਨਵਾਂ ਚੰਨ ਰੋਜ਼ ਚੜ੍ਹੇ
ਮੈਨੂੰ ਸੱਜਣਾਂ ਬਾਝ ਹਨੇਰਾ
ਅਸਾਂ ਲਾਈਆਂ ਅੱਖੀਆਂ ਜਲ ਭਰੀਆਂ
ਅਸਾਂ ਬੇਕਦਰੇ ਨਾਲ ਲਾਈਆਂ...
ਏਹੇ ਧਾਈਆਂ
ਬਦੀਆਂ ਢੋਲ ਦੀਆਂ
ਅਸੀਂ ਬੰਨ੍ਹ ਗਢੜੀ ਸਿਰ ਚਾਈਆਂ
ਅਸਾਂ ਲਾਈਆਂ ਅੱਖੀਆਂ ਜਲ ਭਰੀਆਂ
ਅਸਾਂ ਬੇਕਦਰੇ ਨਾਲ ਲਾਈਆਂ...
ਏਹੋ ਤੋਤਾ
ਕੱਲ੍ਹ ਮੈਂ ਵੇਖ ਆਈ ਆਂ
ਗੈਰਾਂ ਕੋਲ ਖਲੋਤਾ
ਅਸਾਂ ਲਾਈਆਂ ਅੱਖੀਆਂ ਜਲ ਭਰੀਆਂ
ਅਸਾਂ ਬੇਕਦਰੇ ਨਾਲ ਲਾਈਆਂ...

### *ਮੈਂ ਬੁਲਾਵਾਂ ਤੂੰ ਨਾ ਬੋਲੇਂ ਸੋਹਣਾ ਢੋਲ ਵੇ*

ਮੈਂ ਬੁਲਾਵਾਂ ਤੂੰ ਨਾ ਬੋਲੇਂ ਸੋਹਣਾ ਢੋਲ ਵੇ
ਦੁਖੀ ਜਿੰਦੜੀ ਨੂੰ ਚੰਨਾ ਦਿੱਤਾ ਈ ਰੋਲ ਵੇ
ਬਾਗੇ ਤੇਰੇ ਵਿਚ ਬੋਲੇ ਲਾਲੀ
ਪਾਣੀ ਦੇਵਾਂ ਮੈਂ ਤੇਰਾ ਬਣ ਕੇ ਮਾਲੀ
ਮੈਂ ਬੁਲਾਵਾਂ ਤੂੰ ਨਾ ਬੋਲੇਂ ਸੋਹਣਾ ਢੋਲ ਵੇ
ਦੁਖੀ ਜਿੰਦੜੀ ਨੂੰ ਚੰਨਾ ਦਿੱਤਾ ਈ ਰੋਲ ਵੇ
ਬਾਗੇ ਤੇਰੇ ਵਿਚ ਬੋਲੇ ਲਾਲੀ
ਨਿਭਦੀ ਨਹੀਂ ਰਾਤ ਮਾਹੀਆ ਦੁੱਖਾਂ ਵਾਲੀ
ਮੈਂ ਬੁਲਾਵਾਂ ਤੂੰ ਨਾ ਬੋਲੇਂ ਸੋਹਣਾ ਢੋਲ ਵੇ
ਦੁਖੀ ਜਿੰਦੜੀ ਨੂੰ ਚੰਨਾ ਦਿੱਤਾ ਈ ਰੋਲ ਵੇ
ਬਾਗੇ ਤੇਰੇ ਵਿਚ ਵੰਗ ਭਨੇਸਾਂ
ਮਾਰ ਭੰਵਾਲੀ ਘੜਾ ਭੰਨ ਸੁਟੇਸਾਂ
ਮੈਂ ਬੁਲਾਵਾਂ ਤੂੰ ਨਾ ਬੋਲੇਂ ਸੋਹਣਾ ਢੋਲ ਵੇ
ਦੁਖੀ ਜਿੰਦੜੀ ਨੂੰ ਚੰਨਾ ਦਿੱਤਾ ਈ ਰੋਲ ਵੇ
ਬਾਗੇ ਤੇਰੇ ਵਿਚ ਭਿੰਡੀਆਂ ਤੋਰੀਆਂ
ਮਹਿੰਦੀ ਵਾਲੇ ਹੱਥ ਨਾਲ ਬਾਹਵਾਂ ਗੋਰੀਆਂ
ਮੈਂ ਬੁਲਾਵਾਂ ਤੂੰ ਨਾ ਬੋਲੇਂ ਸੋਹਣਾ ਢੋਲ ਵੇ
ਦੁਖੀ ਜਿੰਦੜੀ ਨੂੰ ਚੰਨਾ ਦਿੱਤਾ ਈ ਰੋਲ ਵੇ

### *ਜੋਗੀਆ ਚੋਲਾ ਕਾਲੀ ਪਸ਼ਮ ਪਰਾਂਦੇ ਦੀ*

ਜੋਗੀਆ ਚੋਲਾ ਕਾਲੀ ਪਸ਼ਮ ਪਰਾਂਦੇ ਦੀ
ਕੰਡ ਪਈ ਵੇਖਾਂ ਢੋਲੇ ਘਰ ਪੇ ਜਾਂਦੇ ਦੀ।
ਬਾਜ਼ਾਰ ਵਿਕਾਂਦੀ ਤਰ ਵੇ
ਨਾਜ਼ਕ ਜਿੰਦੜੀ ਜ਼ੁਲਮ ਨਾ ਕਰ ਵੇ
ਜੋਗੀਆ ਚੋਲਾ ਕਾਲੀ ਪਸ਼ਮ ਪਰਾਂਦੇ ਦੀ
ਕੰਡ ਪਈ ਵੇਖਾਂ ਢੋਲੇ ਘਰ ਪੇ ਜਾਂਦੇ ਦੀ।
ਬਾਜ਼ਾਰ ਵਿਕਾਂਦੀ ਭੂਈਂ ਵੇ
ਇਹ ਮੈਨੂੰ ਗੱਲਾਂ ਕਰਾਈਆਂ ਤੂੰਹੀਂ ਵੇ
ਜੋਗੀਆ ਚੋਲਾ ਕਾਲੀ ਪਸ਼ਮ ਪਰਾਂਦੇ ਦੀ
ਕੰਡ ਪਈ ਵੇਖਾਂ ਢੋਲੇ ਘਰ ਪੇ ਜਾਂਦੇ ਦੀ।
ਢੋਲਾ ਤੇ ਮੈਂ ਹਾਣੀ
ਢੋਲੇ ਦੁੱਧ ਮੰਗਿਆ ਤੇ ਪਾਣੀ
ਜੋਗੀਆ ਚੋਲਾ ਕਾਲੀ ਪਸ਼ਮ ਪਰਾਂਦੇ ਦੀ
ਕੰਡ ਪਈ ਵੇਖਾਂ ਢੋਲੇ ਘਰ ਪੇ ਜਾਂਦੇ ਦੀ।
ਬਾਜ਼ਾਰ ਵਿਕਾਂਦੀ ਨਿਸਰੀ
ਨਵੀਂ ਹੁਣ ਲਗੀ ਪੁਰਾਣੀ ਵਿਸਰੀ
ਜੋਗੀਆ ਚੋਲਾ ਕਾਲੀ ਪਸ਼ਮ ਪਰਾਂਦੇ ਦੀ
ਕੰਡ ਪਈ ਵੇਖਾਂ ਢੋਲੇ ਘਰ ਪੇ ਜਾਂਦੇ ਦੀ।


IT'S CRICKET TIME!
vivo IPL
ON WILLOW HD
PUNJABI MEGA PACK
$19.99 /mo
FOR 24 MONTHS
Save $120 over 2 years
1-800-898-2681
Dish.com/Punjabi
dish
YOUR CULTURE AT HOME
WILLOW
PTC PUNJABI
jus punjabi
PTC NEWS
JUS one
+5 CHANNELS
All offers require credit qualification, 2-Year commitment with early termination fee and eAutoPay. Requires subscription to a qualifying American or DishLATINO package starting at $29.99/mo.Offer for new and qualifying former customers only. Important Terms and Conditions: Qualification: Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 6/21/17. 2-Year Commitment: Early termination fee of $20/mo. remaininga applies if you cancel early. $120 Savings Offer: Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). NOT included in advertised price (and subject to change): Taxes & surcharges, add-on programming (including premium channels), Protection Plan, and transactional fees. Other: All packages, programming, features, and functionality are subject to change without notice. After 6 mos., you will be billed $8.99/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only. © 2017 DISH Network L.L.C. All rights reserved.